**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

**Hardeep S.Rai**
ਇੰਮੀਗ੍ਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 12, Issue 47, November 19, 2011
20451 N Plum Grove Rd. Palatine, IL 60074
Ph:847-359-0746, Fax:847-705-9388

# ਪੰਜਾਬ ਵਿਚ ਅਡਵਾਨੀ ਦੀ ਜਨ ਚੇਤਨਾ ਯਾਤਰਾ ਠੁੱਸ

## ਅਕਾਲੀ ਦਲ (ਅ) ਨੇ ਥਾਂ-ਥਾਂ ਵੰਗਾਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਜਪਾ ਦੇ ਸੀਨੀਅਰ ਆਗੂ ਐਲ. ਕੇ. ਅਡਵਾਨੀ ਵੱਲੋਂ ਦੇਸ਼ ਭਰ 'ਚ ਸ਼ੁਰੂ ਕੀਤੀ ਗਈ ਜਨ ਚੇਤਨਾ ਯਾਤਰਾ ਨੂੰ ਪੰਜਾਬ 'ਚ ਵੱਡੀ ਵੰਗਾਰ ਦਾ ਸਾਹਮਣਾ ਕਰਨ ਪਿਆ ਹੈ। ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਅਡਵਾਨੀ ਦੀ ਯਾਤਰਾ ਦਾ ਥਾਂ-ਥਾਂ ਵਿਰੋਧ ਕੀਤੇ ਜਾਣ ਕਰਕੇ ਭਾਜਪਾ ਦੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ (ਬ) ਨੇ ਵੀ ਪਾਸਾ ਵੱਟ ਲਿਆ ਜਿਸ ਕਾਰਨ ਇਸ ਯਾਤਰਾ ਨੂੰ ਪੰਜਾਬ 'ਚ ਕੋਈ ਬਹੁਤਾ ਹੁੰਗਾਰਾ ਨਹੀਂ ਮਿਲਿਆ। ਅੰਮ੍ਰਿਤਸਰ ਵਿਚ ਹੋਏ ਵਿਰੋਧ ਅਤੇ ਅਪ੍ਰੇਸ਼ਨ ਨੀਲਾ ਤਾਰਾ ਬਾਰੇ ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਨਾਲ ਤਾਂ ਅਡਵਾਨੀ ਜੀ ਬੁਖਲਾ ਹੀ ਗਏ ਤੇ ਉਨ੍ਹਾਂ ਨੇ ਪੱਤਰਕਾਰਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ 'ਇਕੱਲਾ ਛੱਡ ਦਿਓ।'



ਅਡਵਾਨੀ ਖਿਲਾਫ ਕੀਤੇ ਰੋਸ ਵਿਖਾਵੇ ਵਿਚ ਹਿੱਸਾ ਲੈ ਰਹੇ ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੇ ਸਾਥੀ।

ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਤੁਰੰਤ ਪੱਤਰ ਦੇ ਕੇ ਸਿਮਰਨਜੀਤ ਸਿੰਘ ਮਾਨ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਮਰਿਆਦਾ ਭੰਗ ਕੀਤੇ ਜਾਣ ਬਾਰੇ ਸ਼ਿਕਾਇਤ ਕੀਤੀ ਜਾਵੇਗੀ। ਉਂਜ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕੀਤੇ ਗਏ ਸ੍ਰੀ ਅਡਵਾਨੀ ਦੇ ਵਿਰੋਧ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੱਚਖੰਡ ਵਿਖੇ ਭਾਜਪਾ ਆਗੂ ਨੂੰ ਸਿਰੋਪਾਓ ਦੇਣ ਤੋਂ ਟਾਲਾ ਵੱਟ ਗਈ ਅਤੇ ਸੂਚਨਾ ਕੇਂਦਰ ਵਿਖੇ ਸਿਰੋਪਾਓ ਤੇ ਪੁਸਤਕਾਂ ਦਾ ਸੈਟ ਦੇ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਕਮਲਾ ਅਡਵਾਨੀ, ਬੇਟੀ ਪ੍ਰਤਿਭਾ ਅਡਵਾਨੀ ਸਮੇਤ ਜੈਯੰਤ ਅਡਵਾਨੀ ਤੇ ਗੀਤਿਕਾ ਅਡਵਾਨੀ ਤੇ ਭਾਜਪਾ ਦੇ ਹੋਰ ਸੀਨੀਅਰ ਆਗੂ ਹਾਜ਼ਰ ਸਨ।


ਇਸ ਮੌਕੇ ਸ੍ਰੀ ਅਡਵਾਨੀ ਨੇ ਮੀਡੀਆ ਨਾਲ ਕੋਈ ਵੀ ਗੱਲਬਾਤ ਕਰਨ ਤੋਂ ਗੁਰੇਜ਼ ਕੀਤਾ ਅਤੇ ਆਪਣੀ ਪੁਸਤਕ 'ਮਾਈ ਕੰਟਰੀ ਮਾਈ ਲਾਈਫ' ਵਿਚ ਦਿੱਤੇ ਗਏ ਤੱਥਾਂ ਕਾਰਨ ਹੋ ਰਹੇ ਵਿਰੋਧ

(ਬਾਕੀ ਸਫਾ 6 'ਤੇ)

# ਵਿਸ਼ਵ ਕਬੱਡੀ ਕੱਪ ਨੂੰ ਡੋਪਿੰਗ ਦਾ ਡੰਗ

## ਅਮਰੀਕਾ ਤੇ ਆਸਟਰੇਲੀਆ ਦੀਆਂ ਟੀਮਾਂ ਬਾਹਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਡੋਪਿੰਗ ਦੇ ਡੰਗ ਕਾਰਨ ਅਮਰੀਕਾ ਤੇ ਆਸਟਰੇਲੀਆ ਦੀਆਂ ਟੀਮਾਂ ਬਾਹਰ ਹੋਣ ਨਾਲ ਵਿਸ਼ਵ ਕਬੱਡੀ ਕੱਪ-2011 ਦਾ ਰੰਗ ਫਿੱਕਾ ਹੋ ਗਿਆ ਹੈ। ਦੋਵਾਂ ਟੀਮਾਂ ਦੇ ਵਿਸ਼ਵ ਕੱਪ 'ਚੋਂ ਬਾਹਰ ਹੋਣ ਅਤੇ ਕਈ ਖਿਡਾਰੀਆਂ ਦੇ ਫੱਟੜ ਹੋਣ ਨਾਲ ਕਈ ਤਕਨੀਕੀ ਸਮੱਸਿਆਵਾਂ ਵੀ ਖੜ੍ਹੀਆਂ ਹੋ ਗਈਆਂ ਹਨ। ਡੋਪਿੰਗ ਕੰਟਰੋਲ ਕਮੇਟੀ ਵੱਲੋਂ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਦੇ ਸਹਿਯੋਗ ਨਾਲ ਹਰ ਮੈਚ ਉਪਰੰਤ ਖਿਡਾਰੀਆਂ ਦਾ ਡੋਪ ਟੈਸਟ ਲਿਆ ਜਾਂਦਾ ਹੈ ਜਿਸ ਦੇ ਸੈਂਪਲਾਂ ਨੂੰ ਜਾਂਚ ਲਈ ਨਵੀਂ ਦਿੱਲੀ ਦੀ ਨੈਸ਼ਨਲ ਡੋਪਿੰਗ ਕੰਟਰੋਲ ਲੈਬਾਰਟਰੀ ਭੇਜਿਆ ਜਾਂਦਾ ਹੈ। ਵਿਸ਼ਵ ਕੱਪ ਵਿਚ ਹੁਣ ਤੱਕ 150 ਤੋਂ ਵੱਧ ਖਿਡਾਰੀਆਂ ਦਾ ਡੋਪ ਟੈਸਟ ਹੋ ਚੁੱਕਾ ਹੈ ਜਦੋਂ ਕਿ ਦੋ ਦਰਜਨ ਦੇ ਕਰੀਬ ਡੋਪਿੰਗ ਵਿਚ ਦੋਸ਼ੀ ਪਾਏ ਜਾ ਚੁੱਕੇ ਹਨ।




ਪੂਲ ਬੀ ਵਿਚ ਅਮਰੀਕਾ ਦੀ ਟੀਮ ਹੁਣ ਤੱਕ ਆਪਣੇ ਸਾਰੇ ਮੈਚ ਜਿੱਤ ਕੇ ਚੋਟੀ 'ਤੇ ਸੀ ਪਰ ਅਮਰੀਕੀ ਟੀਮ ਦੇ 4 ਖਿਡਾਰੀਆਂ ਵੱਲੋਂ ਡੋਪ ਟੈਸਟ ਕਰਵਾਉਣ ਤੋਂ ਇਨਕਾਰ ਕਰਨ 'ਤੇ ਪ੍ਰਬੰਧਕਾਂ ਨੇ ਟੀਮ ਨੂੰ ਟੂਰਨਾਮੈਂਟ 'ਚੋਂ ਬਾਹਰ ਕਰ ਦਿੱਤਾ ਹੈ। ਇਸ ਦਾ ਲਾਹਾ ਪਾਕਿਸਤਾਨ ਨੂੰ ਮਿਲਿਆ ਹੈ। ਅਮਰੀਕਾ ਦੇ ਟੂਰਨਾਮੈਂਟ 'ਚੋਂ ਬਾਹਰ ਹੋਣ ਕਾਰਨ ਨਾਰਵੇ ਦੀ ਟੀਮ ਨੂੰ ਜੇਤੂ ਅੰਕ ਮਿਲ ਗਏ ਤੇ ਉਹ ਵੀ ਪਾਕਿਸਤਾਨ ਦੇ ਬਰਾਬਰ ਪਹੁੰਚ ਗਈ। ਅਮਰੀਕੀ ਟੀਮ ਨੇ ਵਿਸ਼ਵ ਕੱਪ 'ਚ ਲਗਾਤਾਰ ਛੇ ਜਿੱਤਾਂ ਹਾਸਲ ਕੀਤੀਆਂ ਤੇ ਕੋਈ ਵੀ ਮੈਚ ਨਹੀਂ ਸੀ ਹਾਰੀ।

ਖੇਡ ਵਿਭਾਗ ਪੰਜਾਬ ਦੇ ਨਿਰਦੇਸ਼ਕ ਤੇ ਵਿਸ਼ਵ ਕੱਪ ਦੇ ਪ੍ਰਬੰਧਕੀ ਸਕੱਤਰ ਪ੍ਰਗਟ ਸਿੰਘ ਨੇ ਦੱਸਿਆ ਕਿ ਵਿਸ਼ਵ ਕੱਪ ਦੇ ਹੁਸ਼ਿਆਰਪੁਰ ਵਿਖੇ ਹੋਏ ਮੈਚਾਂ ਦੌਰਾਨ ਅਮਰੀਕਾ ਦੀ ਟੀਮ ਦੇ ਚਾਰ ਖਿਡਾਰੀਆਂ ਨੂੰ ਡੋਪ ਟੈਸਟਾਂ ਲਈ ਨਮੂਨੇ ਦੇਣ ਲਈ ਕਿਹਾ ਗਿਆ ਸੀ ਪਰ ਉਨ੍ਹਾਂ ਨੇ ਇਨਕਾਰ ਕਰਕੇ ਅਨੁਸ਼ਾਸਨਹੀਣਤਾ ਕੀਤੀ ਸੀ। ਉਨ੍ਹਾਂ ਕਿਹਾ ਕਿ ਵਰਲਡ ਐਂਟੀ ਡੋਪਿੰਗ ਏਜੰਸੀ ਦੇ ਨਿਯਮ 7 ਅਨੁਸਾਰ ਜੇਕਰ ਕਿਸੇ ਟੀਮ ਦੇ ਦੋ ਤੋਂ ਵਧੇਰੇ ਖਿਡਾਰੀਆਂ ਦੇ ਡੋਪ ਟੈਸਟ ਪਾਜੇਟਿਵ ਪਾਏ ਜਾਣ ਤਾਂ ਉਸ ਟੀਮ ਦੇ ਟਾਰਗੈਟ ਸੈਂਪਲਿੰਗ ਤਹਿਤ ਇਕਦਮ ਵੱਡੀ ਗਿਣਤੀ 'ਚ ਡੋਪ ਟੈਸਟਾਂ ਲਈ ਨਮੂਨੇ ਲਏ ਜਾ ਸਕਦੇ ਹਨ।

ਵਿਸ਼ਵ ਕੱਪ ਦੌਰਾਨ ਅਮਰੀਕਾ ਦੇ ਚਾਰ ਖਿਡਾਰੀਆਂ ਦੇ ਪਹਿਲਾ ਹੀ ਡੋਪ ਟੈਸਟ ਪਾਜੇਟਿਵ ਪਾਏ ਜਾ ਚੁੱਕੇ ਹਨ। ਇਸ ਤਰ੍ਹਾਂ ਅਮਰੀਕਾ ਦੇ ਖਿਡਾਰੀਆਂ ਦੇ ਦੋ ਤੋਂ ਵਧੇਰੇ ਡੋਪ ਟੈਸਟ ਪਾਜੇਟਿਵ ਜਾਣ ਕਾਰਨ ਵਾਡਾ ਦੇ ਨਿਯਮਾਂ ਅਨੁਸਾਰ ਅਮਰੀਕਾ ਦੇ ਚਾਰ ਖਿਡਾਰੀਆਂ ਨੂੰ ਡੋਪ ਟੈਸਟਾਂ ਲਈ ਬੁਲਾਇਆ ਗਿਆ ਸੀ। ਸ. ਪ੍ਰਗਟ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਖਿਡਾਰੀਆਂ ਵੱਲੋਂ ਟੈਸਟ ਦੇਣ ਤੋਂ ਨਾਂਹ ਕਰਨ 'ਤੇ ਵਾਡਾ ਦੇ ਨਿਯਮਾਂ ਅਨੁਸਾਰ ਉਨ੍ਹਾਂ ਦੇ ਟੈਸਟਾਂ ਨੂੰ ਪਾਜੇਟਿਵ ਮੰਨਿਆ

(ਬਾਕੀ ਸਫਾ 2 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗ੍ਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਚੋਣ ਪ੍ਰਕਿਰਿਆ ਵਿਚ ਗਲਤ ਹਰਬੇ ਵਰਤਣ ਵਾਲੇ ਭਾਰਤੀ ਸ਼ਿਕੰਜੇ 'ਚ

**ਯੂਬਾ ਸਿਟੀ (ਬਿਊਰੋ):** ਸੁੱਖ-ਸੁਖੀਲੀ ਨੇਪਰੇ ਚੜ੍ਹੇ ਇਥੋਂ ਦੇ ਸਾਲਾਨਾ ਨਗਰ ਕੀਰਤਨ ਦੀਆਂ ਖਬਰਾਂ ਦੀ ਸਿਆਹੀ ਅਜੇ ਸੁੱਕੀ ਵੀ ਨਹੀਂ ਸੀ ਕਿ ਯੂਬਾ ਸਿਟੀ ਦੀ ਮੁੱਖ ਧਾਰਾ ਦੀ ਸਿਆਸਤ 'ਚ ਭੂਚਾਲ ਆ ਗਿਆ। ਮੁੱਖ ਧਾਰਾ ਦੀ ਸਿਆਸਤ 'ਚ ਹੋਏ ਸਕੈਂਡਲ ਦਾ ਸਿੱਧਾ ਸਬੰਧ ਯੂਬਾ ਸਿਟੀ 'ਚ ਵਸਦੀ ਪੰਜਾਬੀ ਵਸੋਂ ਨਾਲ ਹੈ ਜਿਸ ਕਰਕੇ ਇਸ ਰਾਜਸੀ ਸਕੈਂਡਲ ਕਾਰਨ ਕੌਮੀ ਪੱਧਰ 'ਤੇ ਸ਼ਹਿਰ ਦੀ ਪੂਰੀ ਪੰਜਾਬੀ ਵਸੋਂ ਨੂੰ ਨਮੋਸ਼ੀ ਝੱਲਣੀ ਪੈ ਸਕਦੀ ਹੈ। ਸ਼ਹਿਰ ਦੇ ਇਕ ਗੁਰਦੁਆਰੇ ਦੇ ਪ੍ਰਬੰਧਕਾਂ ਦੀਆਂ ਬੇਸਮਝ ਨੀਤੀਆਂ ਕਾਰਨ ਗੁਰਦੁਆਰੇ ਦਾ ਨਾਂ ਵੀ ਇਸ ਸਕੈਂਡਲ ਨਾਲ ਜੁੜ ਰਿਹਾ ਹੈ।

ਅਮਰੀਕੀ ਕਾਨੂੰਨ ਮੁਤਾਬਕ ਕੋਈ ਧਾਰਮਕ ਜਾਂ ਸਮਾਜਕ ਗ਼ੈਰ-ਵਪਾਰਕ ਸਮਾਜ ਸੇਵੀ ਸਭਾ ਸੁਸਾਇਟੀ ਕਿਸੇ ਕਿਸਮ ਦੀ ਰਾਜਸੀ ਪ੍ਰਕਿਰਿਆ ਵਿਚ ਸਿੱਧਾ ਹਿੱਸਾ ਨਹੀਂ ਲੈ ਸਕਦੀ ਪਰ ਪਿਛਲੀ ਵਾਰ ਸਿਟੀ ਕੌਂਸਲ ਦੀਆਂ ਹੋਈਆਂ ਚੋਣਾਂ ਨੂੰ ਕੁਝ ਬੰਦਿਆਂ ਨੇ ਗੁਰੂਘਰ ਦੀ ਸਿਆਸਤ ਨਾਲ ਜੋੜ ਲਿਆ। ਚੋਣਾਂ ਦੌਰਾਨ ਗੁਰੂਘਰ ਦੇ ਪ੍ਰਬੰਧ ਨਾਲ ਜੁੜੇ ਕੁਝ ਬੰਦਿਆਂ ਨੇ ਆਪਣੇ ਇਕ ਚਹੇਤੇ ਉਮੀਦਾਵਰ ਨੂੰ ਹੀ ਵੋਟਾਂ ਪਵਾਉਣ ਲਈ ਗ਼ਲਤ ਢੰਗ ਨਾਲ ਗੁਰੂਘਰ ਦੇ ਪ੍ਰਬੰਧਕ ਹੋਣ ਦਾ ਅਸਰ-ਰਸੂਖ਼ ਹੀ ਨਹੀਂ ਵਰਤਿਆ, ਸਗੋਂ ਚੋਣ ਪ੍ਰਕਿਰਿਆ ਦੌਰਾਨ ਗੁਰੂਘਰ ਦਾ ਫ਼ੋਨ ਵਰਤੇ ਜਾਣ ਦਾ ਖ਼ਦਸ਼ਾ ਵੀ ਹੈ। ਅਜੇ ਇਹ ਸਭ ਕੁਝ ਜਾਂਚ ਅਧੀਨ ਹੈ। ਯਾਦ ਰਹੇ ਕਿ ਇਸ ਚੋਣ ਵਿਚ ਸ਼ਹਿਰ ਦੇ ਸਾਬਕਾ ਮੇਅਰ ਕਸ਼ਮੀਰ ਸਿੰਘ ਗਿੱਲ ਉਰਫ਼ ਕੈਸ਼ ਗਿੱਲ ਅਤੇ ਪਹਿਲਾਂ ਤੋਂ ਹੀ ਕੌਂਸਲਰ ਤੇਜਿੰਦਰ ਸਿੰਘ ਮਾਨ ਉਰਫ਼ ਤੇਜ ਮਾਨ ਸਮੇਤ ਚਾਰ ਉਮੀਦਵਾਰ ਚੋਣ ਮੈਦਾਨ ਵਿਚ ਸਨ।

ਚਾਰ ਉਮੀਦਵਾਰਾਂ ਵਿਚੋਂ ਕੁਲ ਤਿੰਨ ਉਮੀਦਵਾਰਾਂ ਦੀ ਚੋਣ ਹੋਣੀ ਸੀ। ਸਬੰਧਤ ਗੁਰੂਘਰ ਦੇ ਕੁਝ ਪ੍ਰਬੰਧਕਾਂ ਨੇ ਲੋਕਾਂ ਨੂੰ ਗੁੰਮਰਾਹ ਕਰਕੇ ਕੇਵਲ ਇਕ ਵੋਟ ਆਪਣੇ ਚਹੇਤੇ ਉਮੀਦਵਾਰ ਨੂੰ ਹੀ ਪਾਉਣ ਲਈ ਉਤਸ਼ਾਹਿਤ ਕੀਤਾ ਅਤੇ ਦੂਸਰੇ ਉਮੀਦਵਾਰਾਂ ਦੇ ਨਾਂ ਵਾਲਾ ਖਾਨਾ ਖਾਲੀ ਛੱਡਣ ਲਈ ਕਿਹਾ। ਵੋਟਰ ਦੇ ਤੌਰ 'ਤੇ ਇਹ ਕੋਈ ਗਲਤ ਗੱਲ ਨਹੀਂ, ਕਿਉਂਕਿ ਵੋਟਰ ਦੀ ਆਪਣੀ ਮਰਜ਼ੀ ਹੈ ਕਿ ਉਸ ਨੇ ਆਪਣੇ ਵੋਟ ਦਾ ਹੱਕ ਕਿਵੇਂ ਵਰਤਣਾ ਹੈ ਤੇ ਕਿੰਨੇ ਉਮੀਦਵਾਰਾਂ ਨੂੰ ਵੋਟ ਪਾਉਣੀ ਹੈ ਪਰ ਕਿਸੇ ਧਾਰਮਕ ਸੰਸਥਾ ਦੇ ਪ੍ਰਬੰਧਕਾਂ ਦੇ ਤੌਰ 'ਤੇ ਕਿਸੇ ਖਾਸ ਮਕਸਦ ਨਾਲ ਕੇਵਲ ਇਕ ਹੀ ਉਮੀਦਵਾਰ ਨੂੰ ਵੋਟਾਂ ਪਾਉਣ ਅਤੇ ਪਵਾਉਣ ਲਈ ਉਤਸ਼ਾਹਿਤ ਕਰਨਾ ਗੈਰ-ਇਖ਼ਲਾਕੀ ਤਾਂ ਹੈ ਹੀ, ਇਸ ਉਤੇ ਕੁਝ ਕਾਨੂੰਨੀ ਧਾਰਾਵਾਂ ਦੇ ਪ੍ਰਛਾਵੇਂ ਵੀ ਪੈ ਸਕਦੇ ਹਨ। ਇਹੋ ਹੀ ਨਹੀਂ, ਪ੍ਰਬੰਧਕਾਂ ਨੇ ਘਰੋ-ਘਰੀ ਜਾ ਕੇ ਲੋਕਾਂ ਨੂੰ ਡਾਕ ਰਾਹੀਂ ਵੋਟ ਪਾਉਣ ਵਾਸਤੇ ਬੈਲਟ ਘਰ ਮੰਗਵਾਉਣ ਲਈ ਕਿਹਾ ਅਤੇ ਫਿਰ ਘਰ ਆਏ ਬੈਲਟ ਪੇਪਰਾਂ ਨੂੰ ਲੋਕਾਂ ਦੇ ਘਰੋਂ ਚੁੱਕ ਕੇ ਆਪਣੇ ਇਕ ਖ਼ਾਸ ਉਮੀਦਵਾਰ ਦੇ ਹੱਕ 'ਚ ਵੋਟ ਕਰਕੇ ਡਾਕ 'ਚ ਪਾਇਆ। ਬੈਲਟ ਪੇਪਰ ਘਰਾਂ ਤੋਂ ਚੁੱਕਣ ਲਈ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ। ਇਹ ਵੀ ਪਤਾ ਲੱਗਾ ਹੈ ਕਿ ਕਈਆਂ ਨੂੰ ਸ਼ਹਿਰ ਜਾਂ ਕਾਊਂਟੀ ਵਿਚ ਨੌਕਰੀ ਦੇਣ ਦਾ ਝਾਂਸਾ ਵੀ ਦਿੱਤਾ ਗਿਆ। ਪੰਜਾਬੀ ਮਸਲੇ ਹੱਲ ਕਰਨ ਦੀਆਂ ਗੱਲਾਂ ਕੀਤੀਆਂ ਗਈਆਂ ਪਰ ਮੁੱਖ ਧਾਰਾ ਦੇ ਅੰਗਰੇਜ਼ੀ ਮਾਧਿਅਮ ਵਿਚ ਇਹ ਗੱਲ ਕਦੇ ਵੀ ਨਹੀਂ ਦੱਸੀ ਗਈ ਕਿ ਉਹ ਕਿਹੜੇ ਪੰਜਾਬੀ ਮਸਲੇ ਹਨ ਜਿਹੜੇ ਬਾਕੀ ਸਮਾਜ ਤੋਂ ਵੱਖਰੇ ਹਨ। ਘਰਾਂ ਤੋਂ ਚੁੱਕੇ ਬੈਲਟ ਪੇਪਰਾਂ 'ਤੇ ਕਿਸੇ ਖ਼ਾਸ ਉਮੀਦਵਾਰ ਦੇ ਹੱਕ ਵਿਚ ਵੋਟ ਪਾਉਣ ਦਾ ਨਿਸ਼ਾਨ ਗੁਰੂਘਰ 'ਚ ਬੈਠ ਕੇ ਲਾਇਆ ਗਿਆ ਜਿਹੜਾ ਪੂਰੀ ਤਰ੍ਹਾਂ ਗੈਰ-ਕਾਨੂੰਨੀ ਤੇ ਗੈਰ-ਇਖ਼ਲਾਕੀ ਹੈ।

ਇਸ ਤੋਂ ਅੱਗੇ ਗੁਰੂਘਰ ਨਾਲ ਜੁੜੇ ਕੁਝ ਜ਼ਿੰਮੇਵਾਰ ਬੰਦਿਆਂ ਨੇ ਆਪਣੇ ਚਹੇਤੇ ਉਮੀਦਵਾਰ ਨੂੰ ਜਿਤਾਉਣ ਲਈ ਚੋਣ ਪ੍ਰਚਾਰ 'ਚ ਵਰਤੇ ਜਾਂਦੇ ਗ਼ਲਤ ਕਿਸਮ ਦੇ ਹਰਬੇ ਵਰਤੇ। ਸਾਬਕਾ ਮੇਅਰ ਕੈਸ਼ ਗਿੱਲ ਇਕ ਬੈਂਕ ਦੇ ਸੀਨੀਅਰ ਵਾਇਸ ਪ੍ਰੈਜ਼ੀਡੈਂਟ ਸਨ ਪਰ ਚੋਣਾਂ ਤੋਂ ਪਹਿਲਾਂ ਉਹ ਜਿਸ ਬੈਂਕ ਦੇ ਵਾਇਸ ਪ੍ਰੈਜ਼ੀਡੈਂਟ ਸਨ, ਉਸ ਬੈਂਕ ਦੀ ਬੈਂਕਰਪਸੀ ਹੋ ਗਈ। ਉਸ ਦੇ ਇਕ ਵਿਰੋਧੀ ਉਮੀਦਵਾਰ ਨੇ ਚੋਣਾਂ ਤੋਂ ਕੁਝ ਦਿਨ ਪਹਿਲਾਂ ਵੋਟਰਾਂ ਨੂੰ ਇਕ ਵਿਸ਼ੇਸ਼ ਪੱਤਰ ਭੇਜਿਆ ਜਿਸ ਦਾ ਸਾਰ ਅੰਸ਼ ਇਹੋ ਬਣਦਾ ਹੈ ਕਿ ਜਿਹੜਾ ਬੰਦਾ ਬੈਂਕ ਨਹੀਂ ਚਲਾ ਸਕਦਾ, ਉਹ ਸ਼ਹਿਰ ਕਿਵੇਂ ਚਲਾਵੇਗਾ? ਇਹ ਪੱਤਰ ਜਿਸ ਤਰੀਕੇ ਨਾਲ ਅਤੇ ਜਿਸ ਤਰ੍ਹਾਂ ਚੋਣ ਫੰਡ ਖਰਚ ਕੇ ਭੇਜਿਆ ਗਿਆ ਸੀ, ਉਹ ਸਰਾਸਰ ਗੈਰ-ਕਾਨੂੰਨੀ ਤੇ ਗੈਰ-ਇਖ਼ਲਾਕੀ ਸੀ ਜਿਸ ਕਾਰਨ ਚੋਣ ਪ੍ਰਕਿਰਿਆ ਨਾਲ ਜੁੜੇ ਵਿਭਾਗਾਂ ਨੇ ਇਸ ਦੀ ਜਾਂਚ-ਪੜਤਾਲ ਕਰਨੀ ਸ਼ੁਰੂ ਕਰ ਦਿੱਤੀ।

ਸ਼ੱਕ ਸੀ ਕਿ ਇਹ ਪੱਤਰ ਕਥਿਤ ਤੌਰ 'ਤੇ ਕੌਂਸਲਰ ਤੇਜ ਮਾਨ ਨੇ ਭਿਜਵਾਇਆ ਹੈ ਤੇ ਇਹ ਪੱਤਰ ਤਿਆਰ ਕਰਨ ਵਿਚ ਇਕ ਗੁਰਦੁਆਰੇ ਦੇ ਕੁਝ ਪ੍ਰਬੰਧਕਾਂ ਦਾ ਹੱਥ ਹੈ। ਸੂਤਰਾਂ ਅਨੁਸਾਰ ਲੰਬੇ ਸਮੇਂ ਤੋਂ ਹੁੰਦੀ ਆ ਰਹੀ ਸਰਕਾਰੀ ਜਾਂਚ ਰਾਹੀਂ ਇਹ ਪਤਾ ਲਾ ਲਿਆ ਗਿਆ ਹੈ ਕਿ ਇਹ ਪੱਤਰ ਕਿੱਥੇ ਛਪੇ ਅਤੇ ਕਿੱਥੋਂ ਇਨ੍ਹਾਂ ਨੂੰ ਫਾਈਨਾਂਸ ਕੀਤਾ ਗਿਆ ਸੀ ਪਰ ਅਜੇ ਜਾਂਚ ਜਾਰੀ ਹੈ। ਕਿਹਾ ਜਾਂਦਾ ਹੈ ਕਿ ਜਾਂਚ ਕਰਤਾਵਾਂ ਦੇ ਹੱਥ ਅਜਿਹੀ ਜਾਣਕਾਰੀ ਲੱਗੀ ਹੈ, ਜਿਸ ਰਾਹੀਂ ਗੁਰੂਘਰ ਦੇ ਉਹ ਪ੍ਰਬੰਧਕ ਵੀ ਕਸੂਤੇ ਫਸ ਸਕਦੇ ਹਨ ਜਿਨ੍ਹਾਂ ਦਾ ਨਾਂ ਇਸ ਚੋਣ ਸਕੈਂਡਲ ਨਾਲ ਜੁੜਦਾ ਹੈ। ਪਤਾ ਲੱਗਾ ਹੈ ਕਿ ਸਬੰਧਤ ਗੁਰੂਘਰ ਦੇ ਜਿਨ੍ਹਾਂ ਪ੍ਰਬੰਧਕਾਂ ਦਾ ਨਾਂ ਚੋਣ ਸਕੈਂਡਲ ਨਾਲ ਜੁੜਦਾ ਹੈ, ਉਨ੍ਹਾਂ 'ਤੇ ਪਹਿਲਾਂ ਹੀ ਧੋਖਾਧੜੀ, ਗਬਨ ਅਤੇ ਇਸ਼ੋਰੈਂਸ ਸਮੇਤ ਕਈ ਤਰ੍ਹਾਂ ਦੇ ਫਰਾਡ ਕਰਨ ਦੇ ਦੋਸ਼ ਹਨ। ਚੋਣ ਸਕੈਂਡਲ ਦਾ ਕੇਸ ਸਾਹਮਣੇ ਆਉਣ 'ਤੇ ਕਈ ਇਸ਼ੋਰੈਂਸ ਕੰਪਨੀਆਂ ਮੁੜ ਸਰਗਰਮ ਹੋ ਗਈਆਂ ਹਨ ਤੇ ਉਹ ਮਿਲੀ ਨਵੀਂ ਜਾਣਕਾਰੀ ਦੇ ਆਧਰ 'ਤੇ ਕੇਸ ਮੁੜ ਖੋਲ੍ਹਣ ਬਾਰੇ ਸੋਚ ਰਹੀਆਂ ਹਨ। ਜਿਨ੍ਹਾਂ ਪੰਜਾਬੀਆਂ 'ਤੇ ਚੋਣ ਪ੍ਰਕਿਰਿਆ ਵਿਚ ਵਿਘਨ ਪਾਉਣ ਦੇ ਦੋਸ਼ ਲੱਗ ਰਹੇ ਹਨ, ਉਨ੍ਹਾਂ 'ਤੇ ਜਾਅਲੀ ਐਕਸੀਡੈਂਟ ਸ਼ੋਅ ਕਰਨ ਤੋਂ ਲੈ ਕੇ ਆਪਣੇ ਟਰੱਕ ਟਰੇਲਰ ਆਪੇ ਚੋਰੀ ਕਰਵਾ ਕੇ ਇਸ਼ੋਰੈਂਸ ਤੋਂ ਪੈਸੇ ਵਸੂਲਣ ਵਰਗੇ ਦੋਸ਼ ਹਨ। ਜ਼ਿਕਰਯੋਗ ਹੈ ਕਿ ਯੂਬਾ ਸਿਟੀ ਇਲਾਕੇ ਦਾ ਟਰੱਕ ਚੋਰੀ ਹੋਣ ਦਾ ਰੇਟ ਕੌਮੀ ਪੱਧਰ 'ਤੇ ਕਾਫ਼ੀ ਉੱਚਾ ਹੈ। ਕਿਸੇ ਛੋਟੇ ਜਿਹੇ ਸ਼ਹਿਰ ਅਤੇ ਖੇਤੀ ਖੇਤਰ ਵਾਲੇ ਇਸ ਇਲਾਕੇ ਵਿਚ ਟਰੱਕ ਚੋਰੀ ਰੇਟ ਕਾਫ਼ੀ ਉੱਚਾ ਹੋਣ ਬਾਰੇ ਵੀ ਜਾਂਚ ਚੱਲ ਰਹੀ ਹੈ।

ਚੋਣ ਪ੍ਰਕਿਰਿਆ 'ਚ ਵਿਘਨ ਪਾਉਣਾ ਜਾਂ ਚੋਣਾਂ 'ਚ ਚੋਣ ਸਾਧਨਾਂ ਦੀ ਦੁਰਵਰਤੋਂ ਕਰਨਾ ਫੈਡਰਲ ਜੁਰਮ ਹੈ। ਦੋਸ਼ੀ ਸਾਬਤ ਹੋਣ ਵਾਲਿਆਂ ਨੂੰ ਜੁਰਮਾਨਾ ਤੇ ਸਜ਼ਾ, ਦੋਵੇਂ ਹੋ ਸਕਦੇ ਹਨ। ਇਸ ਕੇਸ ਦੀ ਭਾਵੇਂ ਜਾਂਚ ਅਜੇ ਚੱਲ ਰਹੀ ਹੈ ਪਰ ਸਮਝਿਆ ਜਾਂਦਾ ਹੈ ਕਿ ਇਸ ਕੇਸ ਵਿਚ ਕੁਝ ਲੋਕਾਂ ਨੂੰ ਭਾਰੀ ਜੁਰਮਾਨੇ ਹੋਣਗੇ। ਕੌਂਸਲਰ ਤੇਜ ਮਾਨ ਦੀ ਚੋਣ ਪ੍ਰਚਾਰ ਕਮੇਟੀ ਦੀ ਮੈਨੇਜਰ ਕ੍ਰਿਸਟਲ ਮਾਰਟਿਨ ਨੇ ਬੀਤੇ ਦਿਨੀਂ ਬੈਂਕਰਪਸੀ ਕਰ ਦਿੱਤੀ ਹੈ। ਉਸ ਨੇ ਆਪਣੇ-ਆਪ ਨੂੰ ਦਿਵਾਲੀਆ ਐਲਾਨਣ ਵਾਲੀਆਂ ਮੱਦਾਂ ਵਿਚ ਇਹ ਵੀ ਆਖਿਆ ਹੈ ਕਿ ਜੇਕਰ ਤੇਜ ਮਾਨ ਵਾਲੇ ਰਾਜਸੀ ਸਕੈਂਡਲ ਵਿਚ ਉਸ ਨੂੰ ਕਿਸੇ ਕਿਸਮ ਦਾ ਜੁਰਮਾਨਾ ਹੋਇਆ ਤਾਂ ਉਹ ਜੁਰਮਾਨਾ ਉਸ ਦੀ ਬੈਂਕਰਪਸੀ ਨਾਲ ਜੋੜ ਕੇ ਦੇਖਿਆ ਜਾਵੇ। ਉਸ ਦੇ ਇਸ ਐਲਾਨ ਨੇ ਪੂਰੀ ਅਮਰੀਕਨ ਸਿਆਸਤ 'ਚ ਹਲਚਲ ਪੈਦਾ ਕਰ ਦਿਤੀ ਹੈ।

ਯੂਬਾ ਸਿਟੀ ਇਲਾਕੇ ਦੇ ਬਹੁਤ ਸਾਰੇ ਗੈਰ-ਭਾਰਤੀ ਲੋਕ ਭਾਰਤੀਆਂ ਵਲੋਂ ਚੋਣਾਂ ਵਿਚ ਗ਼ਲਤ ਹਰਬੇ ਵਰਤਣ ਨੂੰ ਭਾਰਤੀਆਂ ਦਾ ਮਾਨਸਿਕ ਅਤੇ ਰਾਜਸੀ ਦਿਵਾਲੀਆਪਣ ਕਹਿ ਰਹੇ ਹਨ। ਖ਼ੈਰ, ਜੇਕਰ ਜਾਂਚ ਮੁਕੰਮਲ ਹੋਣ 'ਤੇ ਇਸ ਕੇਸ 'ਚ ਕੁਝ ਲੋਕਾਂ ਨੂੰ ਜੁਰਮਾਨਾ ਜਾਂ ਸਜ਼ਾ ਹੋ ਗਈ ਤਾਂ ਇਹ ਅਮਰੀਕਾ ਦੇ ਨਿਵੇਕਲੇ ਰਾਜਸੀ ਕੇਸਾਂ ਵਿਚੋਂ ਇਕ ਕੇਸ ਹੋਵੇਗਾ ਅਤੇ ਸ਼ਾਇਦ ਭਾਰਤੀ ਜਾਂ ਪੂਰੇ ਦੱਖਣੀ ਏਸ਼ੀਆਈ ਲੋਕਾਂ ਦਾ ਪਹਿਲਾਂ ਰਾਜਸੀ ਸਕੈਂਡਲ ਬਣੇਗਾ।

ਇਸੇ ਦੌਰਾਨ ਸਟਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਆਫਿਸ ਵਲੋਂ ਇਸ ਮਾਮਲੇ ਦੀ ਜਾਂਚ ਜਾਰੀ ਹੈ। ਅਟਾਰਨੀ ਆਫਿਸ ਦੇ ਸੂਤਰਾਂ ਅਨੁਸਾਰ ਸਟਾਫ ਦੀ ਕਮੀ ਕਾਰਨ ਜਾਂਚ ਵਿਚ ਦੇਰ ਹੋ ਰਹੀ ਹੈ। ਸ੍ਰੀ ਕੈਸ਼ ਗਿੱਲ ਦਾ ਕਹਿਣਾ ਹੈ ਕਿ ਉਨ੍ਹਾਂ ਲਈ ਇਹ ਬਹੁਤ ਜਰੂਰੀ ਹੈ ਕਿ ਜਾਂਚ ਕਿਸੇ ਨਤੀਜੇ 'ਤੇ ਪਹੁੰਚੇ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਅਗਲੇ ਕੁਝ ਮਹੀਨਿਆਂ ਵਿਚ ਇਹ ਪੂਰੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਪਿਛਲੀ ਚੋਣ ਤੋਂ ਹੀ ਜਾਂਚ ਦੇ ਮੁਕੰਮਲ ਹੋਣ ਦੀ ਉਡੀਕ ਕਰ ਰਹੇ ਹਨ। ਚੋਣ ਹੋਈ ਨੂੰ ਕਰੀਬ ਸਾਲ ਗੁਜ਼ਰ ਚੁਕਾ ਹੈ।

ਕੌਂਸਲਰ ਤੇਜ ਮਾਨ ਚੋਣ ਤੋਂ 18 ਦਿਨ ਬਾਅਦ 49 ਵੋਟਾਂ ਦੇ ਫਰਕ ਨਾਲ ਜੇਤੂ ਕਰਾਰ ਦਿਤੇ ਗਏ ਸਨ। ਸ੍ਰੀ ਗਿੱਲ ਦਾ ਕਹਿਣਾ ਹੈ ਕਿ ਭੇਜੀ ਗਈ ਚਿੱਠੀ ਦਾ ਚੋਣ ਦੇ ਨਤੀਜਿਆਂ ਉਤੇ ਨਿਸ਼ਚਿਤ ਤੌਰ 'ਤੇ ਅਸਰ ਪਿਆ ਹੈ। ਇਸੇ ਦੌਰਾਨ ਸਿਟੀ ਕੌਂਸਲ ਦੀ ਚੋਣ ਨਾਲ ਸਬੰਧਤ ਹੋਰ ਮਾਮਲਿਆਂ ਦਾ ਹੌਲੀ ਹੌਲੀ ਨਿਪਟਾਰਾ ਹੋ ਰਿਹਾ ਹੈ। ਯੂਬਾ ਸਿਟੀ ਵਾਸੀ ਸੁਖਦੇਵ ਸਿੰਘ ਮੁੰਡੀ ਅਤੇ ਨਵਜੋਤ ਸਿੰਘ ਥਿਆੜਾ, ਜਿਨ੍ਹਾਂ ਨੂੰ ਕਿ ਚੋਣਾਂ ਤੋਂ ਪਹਿਲੀ ਰਾਤ ਚੋਣਾਂ ਕਰਕੇ ਲੜਾਈ-ਝਗੜਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਨੇ ਪਿਛਲੇ ਹਫਤੇ ਅਮਨ ਭੰਗ ਕਰਨ ਸਬੰਧੀ ਦੋਸ਼ਾਂ ਦਾ ਇਕਬਾਲ ਕਰ ਲਿਆ ਹੈ।

# ਆਪਣੀਆਂ ਜੜ੍ਹਾਂ ਨਾਲ ਜੁੜੇ ਪਾਕਿਸਤਾਨੀ ਕਬੱਡੀ ਖਿਡਾਰੀ

**ਚੰਡੀਗੜ੍ਹ:** ਦੂਜੇ ਪਰਲਜ਼ ਵਿਸ਼ਵ ਕੱਪ ਕਬੱਡੀ 2011 ਦੇ ਪੁਰਸ਼ ਤੇ ਮਹਿਲਾ ਵਰਗ ਵਿਚ ਹਿੱਸਾ ਲੈਣ ਵਾਲੀਆਂ 15 ਮੁਲਕਾਂ ਦੀਆਂ ਟੀਮਾਂ



ਪਾਕਿਸਤਾਨੀ ਖਿਡਾਰੀ ਲਾਲਾ, ਮੁਨਸ਼ਾ ਗੁੱਜਰ, ਪਾਕਿਸਤਾਨੀ ਕੋਚ ਆਸਿਫ ਅਲੀ, ਸਦੀਕ ਬੱਟ ਅਤੇ ਰਸ਼ੀਦ ਇਸਮਾਇਲ

ਵਿਚੋਂ ਸਭ ਤੋਂ ਵੱਧ ਖੁਸ਼ੀ ਪਾਕਿਸਤਾਨੀ ਟੀਮ ਨੂੰ ਹੋਈ ਹੈ। ਪਾਕਿਸਤਾਨੀ ਕਬੱਡੀ ਟੀਮ ਦੇ ਕੋਚ ਤੇ ਕਪਤਾਨ ਸਮੇਤ 8 ਖਿਡਾਰੀਆਂ ਦਾ ਪਿਛੋਕੜ ਚੜ੍ਹਦੇ ਪੰਜਾਬ ਦਾ ਹੈ ਤੇ ਉਨ੍ਹਾਂ ਨੂੰ ਆਪਣੇ ਪੁਰਖਿਆਂ ਦੀ ਧਰਤੀ 'ਤੇ ਆ ਕੇ ਬਹੁਤ ਸਕੂਨ ਤੇ ਖੁਸ਼ੀ ਮਿਲੀ ਹੈ। ਇਨ੍ਹਾਂ ਅੱਠ ਖਿਡਾਰੀਆਂ ਵਿਚੋਂ ਚਾਰ ਦਾ ਪਿਛੋਕੜ ਹੁਸ਼ਿਆਰਪੁਰ ਨਾਲ ਹੈ ਜਦੋਂਕਿ ਅੰਮ੍ਰਿਤਸਰ ਤੇ ਲੁਧਿਆਣਾ ਜ਼ਿਲ੍ਹੇ ਦੇ ਪਿਛੋਕੜ ਵਾਲੇ ਖਿਡਾਰੀ ਦੋ-ਦੋ ਹਨ।

ਪਾਕਿਸਤਾਨੀ ਖਿਡਾਰੀ ਚੜ੍ਹਦੇ ਪੰਜਾਬ ਵਿਚ ਮੈਚ ਖੇਡਣ ਤੋਂ ਬਾਅਦ ਲਹਿੰਦੇ ਪੰਜਾਬ ਵਿਚ ਰਹਿੰਦੇ ਆਪਣੇ ਵੱਡੇ ਵਡੇਰਿਆਂ ਨਾਲ ਫੋਨ 'ਤੇ ਗੱਲ ਕਰ ਕੇ ਉਨ੍ਹਾਂ ਦੀ ਜਨਮ ਭੂਮੀ ਦੱਸਦੇ ਹਨ। ਇਨ੍ਹਾਂ ਖਿਡਾਰੀਆਂ ਦੇ ਦਿਲਾਂ ਵਿਚ ਹਾਲੇ ਵੀ ਸੰਤਾਲੀ (1947) ਦੀ ਵੰਡ ਦੀ ਚੀਸ ਹੈ ਜਿਸ ਨਾਲ ਇਨ੍ਹਾਂ ਦੇ ਵੱਡੇ ਵਡੇਰਿਆਂ ਨੂੰ ਆਪਣੀ ਜਨਮ ਭੂਮੀ ਛੱਡਣ ਲਈ ਮਜਬੂਰ ਹੋਣਾ ਪਿਆ। ਇਨ੍ਹਾਂ ਖਿਡਾਰੀਆਂ ਨੇ ਦੱਸਿਆ ਕਿ ਜਦੋਂ ਉਹ ਫੋਨ 'ਤੇ ਚੜ੍ਹਦੇ ਪੰਜਾਬ ਦੇ ਸ਼ਹਿਰਾਂ ਅੰਮ੍ਰਿਤਸਰ, ਗੁਰਦਾਸਪੁਰ, ਬਠਿੰਡਾ ਤੇ ਜਲੰਧਰ ਬਾਰੇ ਦੱਸਦੇ ਹਨ ਤਾਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਸੁਣ ਕੇ ਯਕੀਨ ਨਹੀਂ ਆਉਂਦਾ ਕਿ 64 ਸਾਲਾਂ ਵਿਚ ਇਹ ਸ਼ਹਿਰ ਇੰਨੇ ਬਦਲ ਗਏ ਹਨ।

ਪਾਕਿਸਤਾਨ ਦੇ ਕੋਚ ਮੁਹੰਮਦ ਹੁਸੈਨ ਦਾ ਪਿਛੋਕੜ ਹੁਸ਼ਿਆਰਪੁਰ ਦੇ ਪਿੰਡ ਡੱਲਿਆਂ ਵਾਲਾ ਦਾ ਹੈ। ਟੀਮ ਦੇ ਕਪਤਾਨ ਸਦੀਕ ਬੱਟ ਦੇ ਵੱਡੇ ਵਡੇਰਿਆਂ ਦਾ ਪਿਛਕੋੜ ਲੁਧਿਆਣਾ ਜ਼ਿਲ੍ਹੇ ਨਾਲ ਹੋਣ ਕਾਰਨ ਉਸ ਨੂੰ ਸਦੀਕ ਬੱਟ ਲੁਧਿਆਣਵੀ ਕਹਿ ਕੇ ਪੁਕਾਰਿਆ ਜਾਂਦਾ ਹੈ। ਪਾਕਿਸਤਾਨ ਦੀ ਟੀਮ ਵਿਚ ਦੋ ਇਸਮਾਇਲ ਭਰਾ ਖੇਡ ਰਹੇ ਜਿਨ੍ਹਾਂ ਦੇ ਵਾਲਦ ਹੁਸ਼ਿਆਰਪੁਰ ਜ਼ਿਲ੍ਹੇ ਤੋਂ ਸਨ। ਇਨ੍ਹਾਂ ਵਿਚੋਂ ਆਮਿਰ ਇਸਮਾਇਲ ਧਾਵੀ ਹੈ ਤੇ ਰਾਸ਼ਿਦ ਇਸਮਾਇਲ ਜਾਫੀ ਹੈ।

ਪਾਕਿਸਤਾਨ ਟੀਮ ਦਾ ਸਭ ਤੋਂ ਤਾਕਤਵਰ ਜਾਫੀ ਮੁਹੰਮਦ ਮੁਨਸ਼ਾ ਗੁੱਜਰ ਹੈ ਜਿਹੜਾ ਨਾਮੀ ਧਾਵੀਆਂ ਨੂੰ ਡੱਕਣ ਵਿਚ ਮਸ਼ਹੂਰ ਹੈ। ਮੁਹੰਮਦ ਮੁਨਸ਼ਾ ਦਾ ਪਰਿਵਾਰ 1947 ਤੋਂ ਪਹਿਲਾਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕਾਲਸਾ ਰਹਿੰਦਾ ਸੀ। ਇਸੇ ਤਰ੍ਹਾਂ ਪਾਕਿਸਤਾਨ ਦਾ ਧੱਕੜ ਧਾਵੀ ਲਾਲਾ ਉਬੈਦਉਲਾ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੂਹੀਆ ਜ਼ੈਲਦਾਰ ਵਾਲੀਆਂ ਦੇ ਪਿਛੋਕੜ ਦਾ ਹੈ। ਜਾਫੀ ਆਸਿਫ ਅਲੀ ਦਾ ਪਿਛੋਕੜ ਇਸੇ ਜ਼ਿਲ੍ਹੇ ਦੇ ਪਿੰਡ ਭੋਲੇਵਾਲ ਦਾ ਹੈ ਤੇ ਇਕ ਹੋਰ ਜਾਫੀ ਕਾਸਿਫ ਪਠਾਨ ਦਾ ਪਰਿਵਾਰ ਵੰਡ ਤੋਂ ਪਹਿਲਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਰੁੜਕੀ ਰਹਿੰਦਾ ਸੀ।

ਪਾਕਿਸਤਾਨ ਦੇ ਇਨ੍ਹਾਂ ਖਿਡਾਰੀਆਂ ਦਾ ਕਹਿਣਾ ਹੈ ਕਿ ਵਿਸ਼ਵ ਕੱਪ ਦੇ ਬਹਾਨੇ ਉਹ ਆਪਣੇ ਪੁਰਖਿਆਂ ਦੀ ਧਰਤੀ ਨੂੰ ਸਿਜਦਾ ਕਰਨ ਆਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਜਨਮੀ ਕਬੱਡੀ ਖੇਡ ਨੇ ਜੇ ਤਰੱਕੀ ਕਰਨੀ ਹੈ ਤਾਂ ਦੋਵਾਂ ਮੁਲਕਾਂ ਦੀਆਂ ਹਕੂਮਤਾਂ ਨੂੰ ਮਿਲ ਕੇ ਚਲਣਾ ਹੋਵੇਗਾ। ਇਨ੍ਹਾਂ ਖਿਡਾਰੀਆਂ ਦੀ ਦਿਲੀ ਇੱਛਾ ਹੈ ਕਿ ਕਬੱਡੀ ਦਾ ਆਲਮੀ ਕੱਪ ਲਹਿੰਦੇ ਪੰਜਾਬ ਵਿਚ ਵੀ ਖੇਡਿਆ ਜਾਵੇ।

## ਪੂਲ 'ਏ' 'ਚ ਭਾਰਤ ਤੇ ਕੈਨੇਡਾ ਸੈਮੀ ਫਾਈਨਲ ਵਿਚ

**ਚੰਡੀਗੜ੍ਹ:** ਮਾਨਸਾ 'ਚ 15 ਨਵੰਬਰ ਨੂੰ ਦੂਜੇ ਪਰਲਜ਼ ਵਿਸ਼ਵ ਕੱਪ ਕਬੱਡੀ-2011 ਦੇ ਪੁਰਸ਼ ਵਰਗ ਦੇ ਪੂਲ 'ਏ' ਦੇ ਆਖਰੀ ਲੀਗ ਮੈਚ ਖੇਡੇ ਗਏ ਜਿਨ੍ਹਾਂ ਵਿਚ ਇੰਗਲੈਂਡ ਨੇ ਨੇਪਾਲ ਨੂੰ 63-18, ਭਾਰਤ ਨੇ ਅਫਗਾਨਿਸਤਾਨ ਨੂੰ 50-17 ਤੇ ਕੈਨੇਡਾ ਨੇ ਜਰਮਨੀ ਨੂੰ 58-19 ਨਾਲ ਹਰਾਇਆ। ਮਹਿਲਾ ਵਰਗ ਵਿਚ ਅਮਰੀਕਾ ਨੇ ਇੰਗਲੈਂਡ ਨੂੰ ਬਰਾਬਰੀ 'ਤੇ ਡੱਕਦਿਆਂ ਮਹਿਲਾ ਵਰਗ ਵਿਚ ਫਾਈਨਲ ਦੀ ਦੌੜ ਨੂੰ ਹੋਰ ਜਬਰਦਸਤ ਬਣਾ ਦਿੱਤਾ। ਪੂਲ 'ਏ' ਵਿਚ ਭਾਰਤ ਨੇ ਸਾਰੇ 6 ਮੈਚ ਜਿੱਤ ਕੇ ਪਹਿਲਾ ਤੇ ਕੈਨੇਡਾ ਨੇ 6 ਵਿਚੋਂ 5 ਮੈਚ ਜਿੱਤ ਕੇ ਦੂਜਾ ਸਥਾਨ ਹਾਸਲ ਕਰ ਕੇ ਸੈਮੀ ਫਾਈਨਲ ਵਿਚ ਜਗ੍ਹਾ ਪੱਕੀ ਕਰ ਲਈ।

## ਭਾਰਤੀ ਮੂਲ ਦੇ ਅਮਰੀਕੀ ਕਮਾਂਡਰ ਦਾ ਦੇਹਾਂਤ

**ਵਾਸ਼ਿੰਗਟਨ:** ਅਮਰੀਕਾ ਦੀ ਜਲ ਸੈਨਾ ਦੇ ਪਰਮਾਣੂ ਊਰਜਾ ਨਾਲ ਲੈਸ ਏਅਰਕਰਾਫਟ ਕੈਰੀਅਰ ਯੂ. ਐਸ. ਐਸ. ਹੈਰੀ ਐਸ. ਟਰੂਮੈਨ ਦੇ ਭਾਰਤੀ ਮੂਲ ਦੇ ਕਪਤਾਨ ਤੁਸ਼ਾਰ ਤਾਂਬੇ ਦੀ ਅਚਾਨਕ ਮੌਤ ਹੋ ਗਈ। 49 ਸਾਲਾ ਤਾਂਬੇ ਜੋ ਕਮਾਂਡਿੰਗ ਆਫੀਸਰ ਸਨ, ਨੇ ਇਸ ਜਹਾਜ਼ ਦੀ ਕਮਾਂਡ ਤਿੰਨ ਮਹੀਨੇ ਪਹਿਲਾਂ ਹੀ ਸੰਭਾਲੀ ਸੀ। ਉਹ ਬਚਪਨ 'ਚ ਮੁੰਬਈ ਤੋਂ ਅਮਰੀਕਾ ਆਏ ਸਨ।

# ਵਿਸ਼ਵ ਕਬੱਡੀ ਕੱਪ ਨੂੰ ਡੋਪਿੰਗ ਦਾ ਡੰਗ

ਜਾਂਦਾ ਹੈ। ਇਸ ਤਰ੍ਹਾਂ ਅਮਰੀਕਾ ਦੀ ਟੀਮ ਦੇ 14 'ਚੋਂ 8 ਖਿਡਾਰੀ ਬਾਹਰ ਹੋ ਗਏ ਹਨ।

ਟੂਰਨਾਮੈਂਟ ਦੇ ਨਿਯਮਾਂ ਅਨੁਸਾਰ ਅਮਰੀਕਾ ਦੇ ਸਿਰਫ਼ 6 ਖਿਡਾਰੀ ਖੇਡਣ ਯੋਗ ਰਹਿ ਗਏ ਸਨ। ਇਸ ਕਰਕੇ ਇਸ ਟੀਮ ਨੂੰ ਵਿਸ਼ਵ ਕੱਪ 'ਚੋਂ ਬਾਹਰ ਕਰ ਦਿੱਤਾ ਗਿਆ ਹੈ। ਅਮਰੀਕਾ ਦੀ ਟੀਮ ਦੇ ਕਪਤਾਨ ਤੀਰਥ ਸਿੰਘ ਗਾਖਲ ਨੇ ਕਿਹਾ ਹੈ ਕਿ ਉਨ੍ਹਾਂ ਨਾਲ ਜੋ ਵਰਤਾਉ ਹੋਇਆ ਉਹ ਠੀਕ ਨਹੀਂ ਹੈ। ਇਸ ਕਰ ਕੇ ਉਨ੍ਹਾਂ ਨੇ ਡੋਪਿੰਗ ਮਾਮਲੇ 'ਚ ਦੋ ਤੋਂ ਵੱਧ ਖਿਡਾਰੀਆਂ ਦੇ ਇਕਦਮ ਟੈਸਟ ਕਰਨ ਦੇ ਫ਼ੈਸਲੇ ਦਾ ਵਿਰੋਧ ਕੀਤਾ ਜਿਸ ਕਾਰਨ ਉਨ੍ਹਾਂ ਨੂੰ ਇਹ ਖਮਿਆਜ਼ਾ ਭੁਗਤਣਾ ਪਿਆ।

ਇਸੇ ਦੌਰਾਨ ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਪੰਜਾਬ ਵਿਚ ਖੇਡੇ ਜਾ ਰਹੇ ਵਿਸ਼ਵ ਕਬੱਡੀ ਕੱਪ ਦੌਰਾਨ ਪਾਬੰਦੀਸ਼ੁਦਾ ਦਵਾਈਆਂ ਦੀ ਵਰਤੋਂ ਕਰਨ ਦੇ ਦੋਸ਼ ਵਿਚ ਅਮਰੀਕਾ ਦੀ ਟੀਮ ਨੂੰ ਕੱਪ 'ਚੋਂ ਬਾਹਰ ਕੱਢੇ ਜਾਣ ਉਤੇ ਅਫਸੋਸ ਜਾਹਰ ਕਰਦਿਆਂ ਕਿਹਾ ਹੈ ਕਿ ਇਸ ਨਾਲ ਜਿਥੇ ਕਬੱਡੀ ਖਿਡਾਰੀਆਂ ਦੇ ਨਾਂ ਨੂੰ ਸੱਟ ਵਜੀ ਹੈ, ਉਥੇ ਖੇਡ ਪ੍ਰਬੰਧਕਾਂ ਨੂੰ ਵੀ ਡੂੰਘਾ ਸਦਮਾ ਲੱਗਾ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਤੀਰਥ ਗਾਖਲ ਜਿਹੇ ਸਾਫ-ਸੁਥਰੀ ਖੇਡ ਖੇਡਣ ਵਾਲੇ ਕਬੱਡੀ ਖਿਡਾਰੀਆਂ ਲਈ ਵੀ ਡੂੰਘੇ ਸਦਮੇ ਵਾਲੀ ਹੈ, ਜਿਨ੍ਹਾਂ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਖੇਡ ਦਾ ਸਿੱਕਾ ਜਮਾਇਆ ਹੈ। ਚੇਤੇ ਰਹੇ, ਵਿਸ਼ਵ ਕੱਪ ਦੌਰਾਨ ਡੋਪਿੰਗ ਟੈਸਟ ਵਿਚ ਫੇਲ੍ਹ ਹੋਣ ਕਰ ਕੇ ਚਾਰ ਖਿਡਾਰੀ ਪਹਿਲਾਂ ਹੀ ਬਾਹਰ ਕਰ ਦਿਤੇ ਗਏ ਸਨ ਅਤੇ ਹੁਣ ਹੁਸ਼ਿਆਰਪੁਰ ਵਿਚ ਸ੍ਰੀਲੰਕਾ ਵਿਰੁਧ ਮੈਚ ਜਿੱਤਣ ਤੋਂ ਬਾਅਦ ਖਿਡਾਰੀਆਂ ਦੇ ਡੋਪਿੰਗ ਟੈਸਟ ਦੇਣ ਤੋਂ ਇਨਕਾਰੀ ਹੋਣ ਪਿਛੋਂ ਅਮਰੀਕੀ ਟੀਮ ਨੂੰ ਵਿਸ਼ਵ ਕੱਪ 'ਚੋਂ ਬਾਹਰ ਕਰ ਦਿਤਾ ਗਿਆ। ਇਸ ਟੀਮ ਵਿਚ ਮੁਖ ਤੌਰ 'ਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਨਾਂ ਹੇਠ ਖੇਡਦੇ ਖਿਡਾਰੀ ਸ਼ਾਮਲ ਸਨ।

ਸ੍ਰੀ ਗਾਖਲ ਨੇ ਕਿਹਾ ਹੈ ਕਿ ਖਿਡਾਰੀਆਂ ਵਿਚ ਨਸ਼ੇ ਅਤੇ ਵਰਜਿਤ ਦਵਾਈਆਂ ਦੀ ਵਰਤੋਂ ਨੂੰ ਰੋਕਣ ਲਈ ਇਹ ਸਹੀ ਦਿਸ਼ਾ ਵਿਚ ਚੁਕਿਆ ਗਿਆ ਕਦਮ ਹੈ। ਸਮੂਹ ਕਬੱਡੀ ਖਿਡਾਰੀਆਂ, ਖੇਡ ਪ੍ਰਬੰਧਕਾਂ ਅਤੇ ਖੇਡ ਪ੍ਰੇਮੀਆਂ ਨੂੰ ਇਸ ਘਟਨਾਕ੍ਰਮ 'ਤੇ ਆਪਣੇ ਦਿਲ ਢਾਹੁਣ ਦੀ ਥਾਂ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ ਅਤੇ ਅਗੋਂ ਤੋਂ ਨਸ਼ਿਆਂ ਤੇ ਵਰਜਿਤ ਦਵਾਈਆਂ ਤੋਂ ਤੌਬਾ ਕਰਨ ਲਈ ਤੱਹਈਆ ਕਰਨਾ ਚਾਹੀਦਾ ਹੈ।



ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੌਰਾਨ ਲੜਕੀਆਂ ਦੇ ਮੈਚ ਦਾ ਇਕ ਦ੍ਰਿਸ਼

# ਦਰਬਾਰ ਸਾਹਿਬ ਦੇ ਵਿੱਤੀ ਘਾਟੇ ਬਾਰੇ ਕਾਂਗਰਸੀ ਤੇ ਅਕਾਲੀ ਭਿੜੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕਰੋੜਾਂ ਰੁਪਏ ਦੇ ਵਿੱਤੀ ਘਾਟੇ ਨੂੰ ਲੈ ਕੇ ਕਾਂਗਰਸੀ ਅਤੇ ਅਕਾਲੀ ਆਹਮੋ-ਸਾਹਮਣੇ ਹੋ ਗਏ ਹਨ। ਕਾਂਗਰਸ ਇਸ ਮੁੱਦੇ ਨੂੰ ਵਿਧਾਨ ਸਭਾ ਚੋਣਾਂ ਦੌਰਾਨ ਵਰਤਣ ਦੇ ਰੌਂਅ ਵਿਚ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀਆਂ ਜਾ ਰਹੀਆਂ ਰੈਲੀਆਂ ਦੌਰਾਨ ਜਿਥੇ ਅਕਾਲੀ-ਭਾਜਪਾ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕੀਤਾ ਜਾ ਰਿਹਾ ਹੈ, ਉਥੇ ਸਿੱਖਾਂ ਦੇ ਧਾਰਮਿਕ ਮਸਲਿਆਂ ਨੂੰ ਲੈ ਕੇ ਵੀ ਸੱਤਾਧਾਰੀ ਧਿਰ ਨੂੰ ਘੇਰਿਆ ਜਾ ਰਿਹਾ ਹੈ। ਯਾਦ ਰਹੇ ਕਿ ਪਿਛਲੇ ਲੰਮੇ ਸਮੇਂ ਤੋਂ ਅਕਾਲੀ ਦਲ (ਬ) ਹੀ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਉਤੇ ਸ੍ਰੀ ਦਰਬਾਰ ਸਾਹਿਬ ਦੇ ਖਾਤਿਆਂ 'ਚ ਘਾਟੇ ਦੇ ਮਾਮਲੇ 'ਚ ਝੂਠ ਬੋਲਣ ਅਤੇ ਤੱਥ ਛੁਪਾਉਣ ਦਾ ਦੋਸ਼ ਲਾਉਂਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਦੀ ਚੁਣੌਤੀ ਦਿੱਤੀ ਹੈ। ਕੈਪਟਨ ਦਾ ਕਹਿਣਾ ਹੈ ਕਿ ਸ੍ਰੀ ਦਰਬਾਰ ਸਾਹਿਬ ਬਾਰੇ ਵਾਰ-ਵਾਰ ਵਿੱਤੀ ਘਾਟੇ ਦੀਆਂ ਖਬਰਾਂ ਆ ਰਹੀਆਂ ਹਨ। ਇਸ ਲੜੀ ਹੇਠ 2010 'ਚ 23 ਕਰੋੜ ਦਾ ਘਾਟਾ ਦਰਸਾਉਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਅਗਲੇ ਸਾਲ ਵਾਸਤੇ ਵੀ 13 ਕਰੋੜ ਦੇ ਘਾਟੇ ਦਾ ਅਨੁਮਾਨ ਲਾ ਰਹੀ ਹੈ।

ਕਾਂਗਰਸ ਪ੍ਰਧਾਨ ਦਾ ਦਾਅਵਾ ਹੈ ਕਿ ਸਾਲ 2010-2011 ਸ੍ਰੀ ਦਰਬਾਰ ਸਾਹਿਬ ਦੀ ਸਿਰਫ 122, 11,20,000 ਰੁਪਏ ਦੀ ਆਮਦਨ ਦੇ ਮੁਕਾਬਲੇ ਕੁੱਲ ਖਰਚੇ 145,25,00,000 ਰੁਪਏ ਸਨ ਜੋ ਸਾਫ ਤੌਰ 'ਤੇ ਤਕਰੀਬਨ 23 ਕਰੋੜ ਦਾ ਘਾਟਾ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਨੇ ਅਗਲੇ ਸਾਲ 2011-2012 ਲਈ ਵੀ 13 ਕਰੋੜ ਦੇ ਘਾਟੇ ਦਾ ਅਨੁਮਾਨ ਲਾਇਆ ਹੈ। ਇਸ ਨੇ 132,10,00000 ਰੁਪਏ ਦੀ ਆਮਦਨ ਦੇ ਮੁਕਾਬਲੇ 145,15,00000 ਰੁਪਏ ਦੇ ਖਰਚੇ ਦਰਸਾਉਂਦਿਆਂ ਤਕਰੀਬਨ 13 ਕਰੋੜ ਦਾ ਘਾਟਾ ਹੋਣ ਦਾ ਅੰਦਾਜ਼ਾ ਲਾਇਆ ਹੈ।

ਉਨ੍ਹਾਂ ਹੈਰਾਨੀ ਪ੍ਰਗਟਾਈ ਹੈ ਕਿ ਸ਼੍ਰੋਮਣੀ ਕਮੇਟੀ ਆਮਦਨ ਦਾ ਅਡਵਾਂਸ 'ਚ ਹੀ ਕਿਵੇਂ ਅਨੁਮਾਨ ਲਾ ਸਕਦੀ ਹੈ ਜੋ ਸਿੱਧੇ ਤੌਰ 'ਤੇ ਸੰਗਤਾਂ ਦੇ ਚੜ੍ਹਾਵੇ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਦਾ ਕੰਮਕਾਜ ਅਤੇ ਖਾਤੇ ਚਲਾਉਣ ਵਾਲੇ ਹਰ ਵਿਅਕਤੀ ਨੂੰ ਉਨ੍ਹਾਂ ਵੱਲੋਂ ਹੜੱਪੇ ਇਕ-ਇਕ ਸਿੱਕੇ ਖਾਤਰ ਜਵਾਬਦੇਹ ਬਣਾਉਣ ਲਈ ਕਾਨੂੰਨੀ ਬਦਲ ਲੱਭ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਘਾਟਾ ਸਿਰੋਪਿਆਂ ਅਤੇ ਲੰਗਰ ਦੇ ਰੂਪ 'ਚ ਖਰਚਿਆਂ ਨੂੰ ਵਧਾ ਕੇ ਕੀਤੀ ਘਪਲੇਬਾਜ਼ੀ ਕਰਕੇ ਸਾਹਮਣੇ ਆਇਆ ਹੈ।

ਦੂਜੇ ਪਾਸੇ, ਕਾਂਗਰਸ ਦੇ ਇਸ ਪ੍ਰਚਾਰ ਤੋਂ ਅਕਾਲੀ ਡਾਢੇ ਔਖੇ ਹਨ ਅਤੇ ਕੈਪਟਨ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਬੇਬੁਨਿਆਦ ਤੇ ਨਿਰਮੂਲ ਸਾਬਤ ਕਰਨ ਲਈ ਉਨ੍ਹਾਂ ਮੁਹਿੰਮ ਵਿੱਢ ਦਿੱਤੀ ਹੈ। ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਬਜਟ ਜਨਵਰੀ ਦੇ ਮਹੀਨੇ ਤਿਆਰ ਹੁੰਦਾ ਹੈ ਤੇ ਫਰਵਰੀ ਮਹੀਨੇ 'ਚ ਅੰਤਮ ਰੂਪ ਦੇ ਕੇ ਮਾਰਚ ਮਹੀਨੇ 'ਚ ਜਨਰਲ ਹਾਊਸ ਵਿਚ ਪੇਸ਼ ਕੀਤਾ ਜਾਂਦਾ ਹੈ। ਬਜਟ ਤਿਆਰ ਕਰਦੇ ਸਮੇਂ ਦਸੰਬਰ ਮਹੀਨੇ ਤੱਕ ਆਮਦਨ ਤੇ ਖਰਚ ਦੇ ਅਸਲ ਅੰਕੜੇ ਲਏ ਜਾਂਦੇ ਹਨ ਤੇ ਅਗਲੇ ਤਿੰਨ ਮਹੀਨੇ ਦਾ ਅਨੁਮਾਨਤ ਖਰਚਾ ਲਿਆ ਜਾਂਦਾ ਹੈ।

2010-11 ਵਿਚ ਜੋ ਬਜਟ ਪੇਸ਼ ਕੀਤਾ ਗਿਆ, ਉਸ ਵਿਚ 145 ਕਰੋੜ 25 ਲੱਖ ਦਾ ਖਰਚ ਦਿਖਾਇਆ ਗਿਆ ਸੀ ਜਿਸ ਵਿਚੋਂ 31 ਕਰੋੜ 51 ਲੱਖ 15 ਹਜ਼ਾਰ ਦੇ ਪੂੰਜੀਗਤ ਖਰਚੇ ਰੱਖੇ ਗਏ ਸਨ ਪਰ ਉਸ ਵਿਚੋਂ ਸਿਰਫ਼ 8 ਕਰੋੜ 32 ਲੱਖ ਰੁਪਏ ਦਾ ਹੀ ਖਰਚ ਹੋਇਆ ਸੀ। ਉਨ੍ਹਾਂ ਕਿਹਾ ਕਿ ਇਸ ਬਾਰੇ ਅੰਕੜੇ ਦੇਖਣ ਤੋਂ ਬਾਅਦ ਸਾਰਿਆਂ ਨੂੰ ਸਪੱਸ਼ਟ ਹੋ ਜਾਵੇਗਾ ਕਿ ਸਾਲ 2010-2011 ਵਿਚ 11 ਕਰੋੜ 22 ਲੱਖ 63 ਹਜ਼ਾਰ 732 ਦੀ ਨਿਰੋਲ ਬਚਤ ਹੋਈ ਹੈ। ਇਸੇ ਤਰ੍ਹਾਂ ਸਾਲ 2011-2012 ਵਿਚ 26 ਕਰੋੜ 30 ਲੱਖ ਰੁਪਏ ਦੇ ਪੂੰਜੀਗਤ ਖਰਚੇ ਦਰਸਾਏ ਗਏ ਹਨ ਜੋ ਪਿਛਲੀਆਂ ਬਚਤਾਂ ਵਿਚੋਂ 13 ਕਰੋੜ 25 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾ ਵਜੋਂ ਰੱਖੇ ਗਏ ਸਨ ਤੇ 13 ਕਰੋੜ 5 ਲੱਖ ਰੁਪਏ ਸਾਲ 2011-2012 ਦੀ ਬਚਤ ਵਿਚੋਂ ਹੀ ਖਰਚ ਹੋਣਾ ਹੈ। ਅਸਲ ਖਰਚ ਸਾਲ 2011-2012 ਦੇ ਅਖੀਰ ਵਿਚ ਹੀ ਪਤਾ ਲੱਗੇਗਾ।

ਜਥੇਦਾਰ ਮੱਕੜ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੀ ਆਮਦਨ ਦੋ ਹਿੱਸਿਆਂ ਵਿਚ ਵੰਡੀ ਗਈ ਹੈ। ਪਹਿਲੀ ਆਮਦਨ ਸੰਗਤ ਵੱਲੋਂ ਭੇਟ ਕੀਤੇ ਗਏ ਚੜ੍ਹਾਵੇ ਹਨ। ਦੂਜੇ ਹਿੱਸੇ ਵਿਚ ਬੈਂਕਾਂ 'ਚ ਜਮ੍ਹਾਂ ਕਰਾਈ ਰਕਮ ਦਾ ਵਿਆਜ, ਕਿਰਾਇਆ, ਸਹਾਇਤਾ ਇਮਾਰਤ ਤੇ ਜਾਇਦਾਦ ਆਮਦਨ ਹਨ ਪਰ ਸੰਗਤ ਨਾਲ ਜੁੜੀ ਹੋਈ ਸਿੱਧੀ ਆਮਦਨ ਵਿਚ ਕੋਈ ਫਰਕ ਨਹੀਂ ਹੈ ਤੇ ਉਹ ਲਗਾਤਾਰ ਵਧ ਰਹੀ ਹੈ ਜਦੋਂਕਿ ਬੈਂਕਾਂ ਵੱਲੋਂ ਵਿਆਜ ਦੀ ਦਰ ਘੱਟ ਕੀਤੇ ਜਾਣ ਕਾਰਨ ਵਿਆਜ ਖਾਤੇ ਦੀ ਆਮਦਨ ਘਟੀ ਹੈ। ਉਨ੍ਹਾਂ ਸਿਰਪਾਓ ਖਰਚ ਤੇ ਲੰਗਰ ਖਰਚ ਵਧਣ ਬਾਰੇ ਕਿਹਾ ਕਿ ਸਾਲ 2009-2010 ਦੌਰਾਨ ਸੰਗਤਾਂ ਵੱਲੋਂ ਆਪਣੇ ਖਰਚ 'ਤੇ ਲੰਗਰ ਲਾਉਣ ਦੀ ਪ੍ਰਥਾ ਸ਼ੁਰੂ ਕੀਤੀ ਗਈ ਸੀ ਜਿਸ ਦਾ ਭਰਵਾਂ ਹੁੰਗਾਰਾ ਮਿਲਿਆ ਸੀ। ਇਸ ਬਾਰੇ ਸੰਗਤਾਂ ਨੂੰ ਲੈ ਕੇ ਆਉਣ ਵਾਲੇ ਪਤਵੰਤੇ ਸੱਜਣਾਂ ਤੇ ਸੰਗਤਾਂ ਦੇ ਸਨਮਾਨ ਲਈ ਸਿਰਪਾਓ ਤੇ ਤਸਵੀਰਾਂ ਵੱਡੀ ਗਿਣਤੀ ਵਿਚ ਦਿੱਤੇ ਗਏ ਸਨ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਸੰਗਤ ਵੱਲੋਂ ਭੇਟ ਕੀਤੀਆਂ ਗਈਆਂ ਰਸਦਾਂ ਕਾਰਨ ਲੰਗਰ ਦਾ ਖਰਚਾ ਵੀ ਘਟਿਆ ਹੈ।

## ਵਿਸਟਾ ਟੀ ਵੀ ਵਲੋਂ ਤਕਨਾਲੋਜੀ ਦੇ ਖੇਤਰ ਵਿਚ ਇਕ ਹੋਰ ਮਾਅਰਕਾ

**ਬੇਕਰਜ਼ਫੀਲਡ (ਬਿਊਰੋ):** ਕਲੋਜ਼ ਸਰਕਟ ਟੀ ਵੀ ਕੈਮਰਿਆਂ ਰਾਹੀਂ ਸੁਰੱਖਿਆ ਮੁਹੱਈਆ ਕਰਨ ਵਾਲੀ ਪੰਜਾਬੀਆਂ ਦੀ ਪਹਿਲੀ ਕੰਪਨੀ ਵਿਸਟਾ ਟੀ ਵੀ ਨੇ ਤਕਨਾਲੋਜੀ ਦੇ ਖੇਤਰ ਵਿਚ ਇਕ ਹੋਰ ਪੁਲਾਂਘ ਪੁੱਟਦਿਆਂ ਅਤਿ ਆਧੁਨਿਕ ਤਕਨੀਕ ਥਰਡ ਜਨਰੇਸ਼ਨ ਐਰੇ ਸ਼ੁਰੂ ਕਰ ਦਿੱਤੀ ਹੈ। ਇਸ ਤਕਨੀਕ ਰਾਹੀਂ ਸਟੋਰਾਂ ਜਾਂ ਘਰਾਂ ਉਤੇ ਲੱਗੇ ਕੈਮਰਿਆਂ ਰਾਹੀਂ ਬਿਲਕੁਲ ਹਨੇਰੇ ਵਿਚ ਵੀ ਸਾਫ ਰਿਕਾਰਡਿੰਗ ਕੀਤੀ ਜਾ ਸਕੇਗੀ।

Vista CCTV TECHNOLOGY A leader of worldwide CCTV surveillance

ਇਥੇ ਜਾਰੀ ਇਕ ਬਿਆਨ ਵਿਚ ਕੰਪਨੀ ਦੇ ਮੁੱਖ ਅਧਿਕਾਰੀ ਸੁਖਪਾਲ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਪਣੇ ਖੇਤਰ ਵਿਚ ਭਰੋਸੇਯੋਗ ਸੇਵਾਵਾਂ ਮੁਹੱਈਆ ਕਰਨ ਦੇ ਜ਼ਰੀਏ ਇਹ ਕੰਪਨੀ ਪੂਰੇ ਅਮਰੀਕਾ ਵਿਚ ਬੜੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਇਕੋ ਇਕੱਲੀ ਕੰਪਨੀ ਹੈ ਜੋ ਆਪਣੇ ਸਾਜ਼ੋ ਸਾਮਾਨ 'ਤੇ ਦੋ ਸਾਲ ਦੀ ਗਾਰੰਟੀ ਦਿੰਦੀ ਹੈ ਜਦਕਿ ਬਾਕੀ ਕੰਪਨੀਆਂ ਸਿਰਫ ਇਕ ਸਾਲ ਦੀ ਗਾਰੰਟੀ ਦਿੰਦੀਆਂ ਹਨ। ਹੋਰ ਜਾਣਕਾਰੀ ਲਈ ਸ੍ਰੀ ਸੁਖਪਾਲ ਸਿੰਘ ਨਾਲ ਫੋਨ 661-586-5080 ਜਾਂ ਉਨ੍ਹਾਂ ਦੀ ਵੈਬਸਾਈਟ www.ezchase.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਨੋਬਲ ਪੁਰਸਕਾਰ ਜੇਤੂ ਹਰਗੋਬਿੰਦ ਖੁਰਾਣਾ ਦਾ ਦਿਹਾਂਤ

**ਵਾਸ਼ਿੰਗਟਨ:** ਪ੍ਰਸਿੱਧ ਜੀਵ ਵਿਗਿਆਨੀ ਹਰਗੋਬਿੰਦ ਖੁਰਾਣਾ, ਜਿਨ੍ਹਾਂ ਨੂੰ 1968 ਵਿਚ ਦਵਾਈਆਂ ਦੇ ਖੇਤਰ ਵਿਚ ਪ੍ਰਾਪਤੀਆਂ ਲਈ ਨੋਬਲ ਪੁਰਸਕਾਰ ਨਾਲ ਨਵਾਜਿਆ ਗਿਆ ਸੀ, ਦਾ ਦੇਹਾਂਤ ਹੋ ਗਿਆ। ਉਹ 89 ਸਾਲਾਂ ਦੇ ਸਨ। ਉਨ੍ਹਾਂ ਦੀ ਇਕ ਧੀ ਜੂਲੀਆ ਤੇ ਇਕ ਬੇਟਾ ਦੇਵ ਹੈ।

ਅਣਵੰਡੇ ਪੰਜਾਬ ਦੇ ਛੋਟੇ ਜਿਹੇ ਪਿੰਡ ਰਾਏਪੁਰ ਵਿਚ ਪੈਦਾ ਹੋਏ ਖੁਰਾਣਾ ਅਜਿਹੇ ਵਿਗਿਆਨੀ ਵਜੋਂ ਜਾਣੇ ਜਾਂਦੇ ਸਨ ਜਿਨ੍ਹਾਂ ਨੇ ਜੀਵ ਰਸਾਇਣ ਵਿਚ ਇਨਕਲਾਬ ਲਿਆਂਦਾ ਤੇ ਡੀ.ਐਨ.ਏ ਰਸਾਇਣ ਵਿਗਿਆਨ ਵਿਚ ਅਗਵਾਈ ਦਿੱਤੀ। ਸ੍ਰੀ ਖੁਰਾਣਾ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਜੀਵ ਤੇ ਰਸਾਇਣ ਵਿਗਿਆਨ ਦੇ ਪ੍ਰੋਫੈਸਰ ਸਨ।

## ਰੇਡੀਓ ਚੜ੍ਹਦੀ ਕਲਾ ਹੁਣ ਆਮ ਫੋਨ 'ਤੇ ਸੁਣਿਆ ਜਾ ਸਕੇਗਾ

**ਫਰੀਮਾਂਟ (ਬਿਊਰੋ):** ਦੁਨੀਆਂ ਭਰ ਵਿਚ ਸੁਣਿਆ ਜਾਣ ਵਾਲਾ ਰੇਡੀਓ ਚੜ੍ਹਦੀ ਕਲਾ ਹੁਣ ਸਰੋਤੇ ਆਪਣੇ ਘਰ ਸੈਲ ਫੋਨ, ਬਿਜਨਸ ਫੋਨ ਅਤੇ ਹੋਰ ਸਾਰੇ ਆਮ ਫੋਨਾਂ ਉਤੇ ਸੁਣ ਸਕਣਗੇ। ਇਸ ਲਈ ਇੰਟਰਨੈਟ ਦੀ ਵੀ ਜ਼ਰੂਰਤ ਨਹੀਂ ਹੋਵੇਗੀ।

RADIO CHARDI KALA

ਇਥੇ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਰੇਡੀਓ ਚੜ੍ਹਦੀ ਕਲਾ ਵਲੋਂ ਕਿਹਾ ਗਿਆ ਹੈ ਕਿ ਫੋਨ ਉਤੇ 832-551-5038 ਨੰਬਰ ਘੁਮਾ ਕੇ ਇਹ ਰੇਡੀਓ ਹਫਤੇ ਦੇ ਸੱਤੇ ਦਿਨ ਅਤੇ ਚੌਵੀ ਘੰਟੇ ਆਪਣੇ ਘਰ, ਕੰਮ, ਕਾਰ ਜਾਂ ਟਰੱਕ ਵਿਚ ਅਮਰੀਕਾ ਭਰ ਵਿਚ ਕਿਧਰੇ ਵੀ ਸੁਣਿਆ ਜਾ ਸਕਦਾ ਹੈ। ਹੋਰ ਜਾਣਕਾਰੀ ਗੁਰਚਰਨ ਸਿੰਘ ਮਾਨ ਫੋਨ 510-557-0061 ਜਾਂ ਲਖਵੀਰ ਸਿੰਘ ਫੋਨ 510-760-9882 ਰਾਹੀਂ ਜਾਂ ਵੈਬਸਾਈਟ www.radiock.com ਤੋਂ ਲਈ ਜਾ ਸਕਦੀ ਹੈ।



# ਰਹਿਮ ਦੀਆਂ ਅਪੀਲਾਂ ਸਬੰਧੀ ਸੁਪਰੀਮ ਕੋਰਟ ਦਿਸ਼ਾ-ਨਿਰਦੇਸ਼ ਤੈਅ ਕਰੇਗਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਰਕਾਰ ਨੂੰ ਹਦਾਇਤ ਦਿੱਤੀ ਹੈ ਕਿ ਮੌਤ ਦੀ ਸਜ਼ਾ ਵਾਲੇ ਸਾਰੇ ਦੋਸ਼ੀਆਂ ਦੀਆਂ ਰਹਿਮ ਦੀਆਂ ਅਪੀਲਾਂ ਦੇ ਵੇਰਵੇ ਮੁਹੱਈਆ ਕਰਾਏ ਜਾਣ ਤਾਂ ਕਿ ਇਨ੍ਹਾਂ ਬਾਰੇ ਦਿਸ਼ਾ-ਨਿਰਦੇਸ਼ ਤੈਅ ਕੀਤੇ ਜਾ ਸਕਣ। ਮੌਤ ਦੀ ਸਜ਼ਾ ਵਾਲੇ ਦੋਸ਼ੀਆਂ ਦੀਆਂ ਰਹਿਮ ਦੀਆਂ ਅਪੀਲਾਂ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਹੀ ਬਣਦੀ ਕਾਰਵਾਈ ਮਗਰੋਂ ਰਾਸ਼ਟਰਪਤੀ ਜਾਂ ਸੂਬਿਆਂ ਦੇ ਰਾਜਪਾਲਾਂ ਨੂੰ ਭੇਜੀਆਂ ਜਾਣਗੀਆਂ। ਜਸਟਿਸ ਜੀ.ਐਸ. ਸਿੰਘਵੀ ਤੇ ਐਸ.ਜੇ. ਮੁਖੋਪਧਿਆਏ ਨੇ ਵਧੀਕ ਸਾਲਿਸਿਟਰ ਜਨਰਲ ਹਰੀਨ ਰਾਵਲ ਨੂੰ ਕੇਂਦਰ ਤੇ ਰਾਜਾਂ ਤੋਂ ਜਾਣਕਾਰੀ ਲੈ ਕੇ ਚਾਰ ਹਫ਼ਤਿਆਂ ਦੇ ਅੰਦਰ ਅਦਾਲਤ 'ਚ ਦੇਣ ਲਈ ਕਿਹਾ ਹੈ।

ਬੈਂਚ ਨੇ ਇਹ ਹੁਕਮ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਦਿੱਤੇ। ਪ੍ਰੋ. ਭੁੱਲਰ ਨੇ ਆਪਣੀ ਪਟੀਸ਼ਨ 'ਚ ਕਿਹਾ ਹੈ ਕਿ ਪਿਛਲੇ ਅੱਠ ਸਾਲ ਉਸ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਅੱਗੇ ਪਈ ਰਹੀ ਜੋ ਪਿੱਛੇ ਜਿਹੇ ਰੱਦ ਕਰ ਦਿੱਤੀ ਗਈ। ਇਸ ਕਰ ਕੇ ਉਸ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕੀਤੀ ਜਾਵੇ। 10 ਸਤੰਬਰ 1993 ਨੂੰ ਉਸ ਵੇਲੇ ਦੇ ਯੂਥ ਕਾਂਗਰਸ ਦੇ ਆਗੂ ਮਨਿੰਦਰ ਸਿੰਘ ਬਿੱਟਾ 'ਤੇ ਬੰਬ ਹਮਲਾ ਕਰਨ ਦੇ ਦੋਸ਼ 'ਚ ਪ੍ਰੋ. ਭੁੱਲਰ ਨੂੰ 25 ਅਗਸਤ 2001 ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ।

ਇਕ ਘੰਟਾ ਚੱਲੀ ਦਲੀਲਬਾਜ਼ੀ ਦੌਰਾਨ ਬੈਂਚ ਨੇ ਇਹ ਜਾਣਕਾਰੀ ਵੀ ਮੰਗੀ ਕਿ ਮੌਤ ਦੀ ਸਜ਼ਾ ਵਾਲੇ ਦੋਸ਼ੀਆਂ ਦੀਆਂ ਰਹਿਮ ਦੀਆਂ ਅਪੀਲਾਂ ਦੇ ਹੱਕ 'ਚ ਦੇਸ਼ ਤੇ ਵਿਦੇਸ਼ ਦੇ ਕਿੰਨੇ ਤੇ ਕਿਹੜੇ ਸੰਗਠਨ ਤੇ ਏਜੰਸੀਆਂ ਆਏ ਹਨ। ਬੈਂਚ ਨੇ ਸਪਸ਼ਟ ਕੀਤਾ ਕਿ ਅਜਿਹੇ ਵੇਰਵੇ ਤਾਂ ਮੰਗੇ ਜਾ ਰਹੇ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਦੋਸ਼ੀਆਂ ਨਾਲ ਸਰਕਾਰ ਤੇ ਅਦਾਲਤਾਂ ਵੱਲੋਂ ਇਕੋ ਜਿਹਾ ਵਰਤਾਓ ਕੀਤਾ ਜਾਵੇ ਤੇ ਜੇਕਰ ਕੋਈ ਲਾਭ ਮਿਲਦਾ ਹੈ ਤਾਂ ਸਭ ਨੂੰ ਇਕਸਾਰ ਮਿਲੇ ਭਾਵੇਂ ਇਹ ਦੋਸ਼ੀ ਆਪਣੇ ਸਮਰਥਕਾਂ ਰਾਹੀਂ ਦਬਾਅ ਪਾਉਣ ਦੇ ਸਮਰੱਥ ਹੋਣ ਜਾਂ ਉਨ੍ਹਾਂ ਕੋਲ ਵਾਰ-ਵਾਰ ਨਿਆਂ ਪਾਲਿਕਾ ਤੱਕ ਪਹੁੰਚ ਕਰਨ ਜੋਗੇ ਸਾਧਨ ਹੋਣ।

ਬੈਂਚ ਨੇ ਨੋਟ ਕੀਤਾ ਕਿ ਮੌਤ ਦੀ ਸਜ਼ਾ ਵਾਲੇ ਵੱਡੀ ਗਿਣਤੀ ਦੋਸ਼ੀ ਤਾਂ ਵਕੀਲ ਦੀਆਂ ਸੇਵਾਵਾਂ ਲੈ ਸਕਣ ਦੀ ਵੀ ਹਾਲਤ 'ਚ ਨਹੀਂ ਤੇ ਜਾਂ ਉਨ੍ਹਾਂ ਨੂੰ ਰਹਿਮ ਦੀਆਂ ਅਪੀਲਾਂ ਕਰ ਕੇ ਮੁਆਫੀ ਲੈ ਸਕਣ ਦੇ ਆਪਣੇ ਅਧਿਕਾਰ ਬਾਰੇ ਹੀ ਜਾਣਕਾਰੀ ਨਹੀਂ। ਬੈਂਚ ਨੇ ਸਪਸ਼ਟ ਕੀਤਾ ਕਿ ਸਰਕਾਰ ਤੋਂ ਜੋ ਜਾਣਕਾਰੀ ਮੰਗੀ ਗਈ ਹੈ, ਉਸ 'ਚ ਦੋਸ਼ੀ ਕਰਾਰ ਦਿੱਤੇ ਜਾਣ ਦੀ ਮਿਤੀ, ਰਹਿਮ ਦੀ ਅਪੀਲ ਪਾਏ ਜਾਣ ਦੀ ਤਰੀਕ ਤੇ ਉਨ੍ਹਾਂ 'ਤੇ ਕਾਰਵਾਈ ਕੀਤੇ ਜਾਣ ਜਾਂ ਇਸ ਬਾਰੇ ਅਰਜ਼ੀ ਕਿਸ ਪੜਾਅ 'ਤੇ ਹੈ, ਜਿਹੇ ਵੇਰਵੇ ਹੋਣੇ ਚਾਹੀਦੇ ਹਨ। ਸੁਪਰੀਮ ਕੋਰਟ ਨੇ ਸੀਨੀਅਰ ਵਕੀਲਾਂ ਰਾਮ ਜੇਠਮਲਾਨੀ ਤੇ ਟੀ.ਆਰ. ਅੰਧਿਆਰੂਜੀਨਾ ਨੂੰ ਇਸ ਮੁੱਦੇ 'ਤੇ ਬੈਂਚ ਦੀ ਮਦਦ ਲਈ ਅਦਾਲਤ ਦੇ ਵਕੀਲ ਨਿਯੁਕਤ ਕੀਤਾ ਹੈ। ਇਹਦੇ ਨਾਲ ਹੀ ਅਦਾਲਤ ਨੇ ਅਗਲੀ ਸੁਣਵਾਈ ਜਨਵਰੀ 2012 ਦੇ ਦੂਜੇ ਹਫ਼ਤੇ 'ਤੇ ਪਾ ਦਿੱਤੀ।

## ਗੁਰੂ ਨਾਨਕ ਪੁਰਬ ਸਬੰਧੀ ਗੁਰਮਤਿ ਸਮਾਗਮ 18 ਤੋਂ

**ਫਰਿਜ਼ਨੋ (ਬਿਊਰੋ):** ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ ਸਬੰਧੀ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵਲੋਂ ਗੁਰਮਤਿ ਸਮਾਗਮ 18 ਤੋਂ 20 ਨਵੰਬਰ 2011 ਤੱਕ ਗੁਰਦੁਆਰਾ ਸਾਹਿਬ ਕਰਦਰਜ਼ ਵਿਖੇ ਕੀਤਾ ਜਾ ਰਿਹਾ ਹੈ। ਇਸ ਸਬੰਧੀ ਅਖੰਡ ਪਾਠ ਦਾ ਅਰੰਭ 18 ਨਵੰਬਰ, ਸ਼ੁਕਰਵਾਰ ਸਵੇਰੇ 10.00 ਵਜੇ ਹੋਵੇਗਾ। 19 ਨਵੰਬਰ ਸਨਿਚਰਵਾਰ ਨੂੰ ਵਿਦਿਆ ਸਬੰਧੀ ਸੈਮੀਨਾਰ ਕਰਵਾਇਆ ਜਾਵੇਗਾ ਜਿਸ ਵਿਚ ਪੰਜਾਬੀ ਪੜ੍ਹਾਉਣ ਦੀ ਲੋੜ ਬਾਰੇ ਵਿਚਾਰ ਕੀਤੀ ਜਾਏਗੀ।

ਸੰਸਥਾ ਦੇ ਇਕ ਸੇਵਾਦਾਰ ਪਸ਼ੌਰਾ ਸਿੰਘ ਢਿੱਲੋਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਖੰਡ ਪਾਠ ਦਾ ਭੋਗ 20 ਨਵੰਬਰ, ਐਤਵਾਰ ਨੂੰ ਸਵੇਰੇ 10.00 ਵਜੇ ਪਵੇਗਾ। ਉਪਰੰਤ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਸ਼ਬਦ ਕੀਰਤਨ ਹੋਵੇਗਾ। ਗੁਰਮਤਿ ਵਿਚਾਰਾਂ ਦੌਰਾਨ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਿਸ਼ੇ ਉਤੇ ਡਾ. ਅਮਰਜੀਤ ਸਿੰਘ ਸ ਵੇ ਰੇ 11.00 ਵਜੇ ਭਾਸ਼ਣ ਦੇਣਗੇ। ਇਸ ਪਿਛੋਂ ਕਵੀ ਦਰਬਾਰ ਹੋਵੇਗਾ ਅਤੇ ਅਖੀਰ ਵਿਚ ਕੰਬਲ ਦੇਣ ਦੀ ਰਸਮ ਹੋਵੇਗੀ।

ਪ੍ਰਬੰਧਕਾਂ ਵਲੋਂ ਸਕੂਲ ਜਾਣ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਖ਼ਾਸ ਤੌਰ 'ਤੇ ਬੇਨਤੀ ਕੀਤੀ ਗਈ ਹੈ ਕਿ ਸਨਿਚਰਵਾਰ ਦੇ ਸੈਮੀਨਾਰ ਵਿਚ ਜ਼ਰੂਰ ਹਾਜ਼ਰੀ ਭਰਨ। ਹੋਰ ਜਾਣਕਾਰੀ ਲਈ ਪਸ਼ੌਰਾ ਸਿੰਘ ਢਿਲੋਂ ਨਾਲ ਫੋਨ 559-451-7113 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਰਾਸ਼ਟਰਪਤੀ ਵੱਲੋਂ ਕਈ ਪੱਖ ਨਜ਼ਰਅੰਦਾਜ਼

**ਨਵੀਂ ਦਿੱਲੀ:** ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਉਸ ਦੀ ਰਹਿਮ ਦੀ ਅਪੀਲ ਬਾਰੇ ਫੈਸਲਾ ਕਰਨ ਲੱਗੇ ਰਾਸ਼ਟਰਪਤੀ ਨੇ ਇਸ ਕੇਸ ਦੇ ਕਈ ਪਹਿਲੂਆਂ ਨੂੰ ਬਿਲਕੁਲ ਨਜ਼ਰਅੰਦਾਜ਼ ਕੀਤਾ ਹੈ। ਸੁਪਰੀਮ ਕੋਰਟ ਦੇ ਜਸਟਿਸ ਜੀ.ਐਸ. ਸਿੰਘਵੀ ਤੇ ਐਸ.ਜੇ. ਗੁਖੋਪਾਧਿਆਏ 'ਤੇ ਆਧਾਰਤ ਬੈਂਚ ਸਾਹਮਣੇ ਪ੍ਰੋ. ਭੁੱਲਰ ਵੱਲੋਂ ਪੇਸ਼ ਹੁੰਦਿਆਂ ਸੀਨੀਅਰ ਵਕੀਲ ਕੇ.ਟੀ.ਐਸ. ਤੁਲਸੀ ਨੇ ਕਿਹਾ ਕਿ ਅਸਲ 'ਚ ਪ੍ਰੋ. ਭੁੱਲਰ ਨੂੰ ਇਕਬਾਲੀਆ ਬਿਆਨ ਦੇ ਆਧਾਰ 'ਤੇ ਸਜ਼ਾ ਸੁਣਾਈ ਗਈ ਹੈ ਤੇ ਸੁਪਰੀਮ ਕੋਰਟ ਵੱਲੋਂ ਇਸ ਸਜ਼ਾ ਨੂੰ ਬਰਕਰਾਰ ਰੱਖਣ ਵੇਲੇ ਵੀ ਜੱਜਾਂ ਦੀ ਇਕ ਰਾਇ ਨਹੀਂ ਸੀ ਪਰ ਰਾਸ਼ਟਰਪਤੀ ਨੇ ਰਹਿਮ ਦੀ ਅਪੀਲ ਰੱਦ ਕਰਨ ਵੇਲੇ ਇਸ ਤੱਥ ਨੂੰ ਨਜ਼ਰਅੰਦਾਜ਼ ਕੀਤਾ।

ਸ੍ਰੀ ਤੁਲਸੀ ਨੇ ਸੁਪਰੀਮ ਕੋਰਟ ਸਾਹਮਣੇ ਇਹ ਮੁੱਦਾ ਵੀ ਉਠਾਇਆ ਕਿ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ ਦੇ ਨਿਬੇੜੇ ਲਈ ਅੱਠ ਸਾਲ ਦਾ ਸਮਾਂ ਲਾ ਦਿੱਤਾ ਤੇ ਇਸ ਦੌਰਾਨ 'ਕਾਲ ਕੋਠੜੀ' 'ਚ ਰਹਿਣ ਕਰਕੇ ਉਹ ਮਾਨਸਿਕ ਰੋਗੀ ਬਣ ਗਿਆ। ਸ੍ਰੀ ਤੁਲਸੀ ਨੇ ਕਿਹਾ ਕਿ ਫੈਸਲੇ ਵੇਲੇ ਸੁਪਰੀਮ ਕੋਰਟ ਦੇ ਜੱਜਾਂ 'ਚ ਮੱਤਭੇਦ 'ਸ਼ੱਕ ਦੀ ਹਾਲਤ' ਪੈਦਾ ਕਰਦਾ ਹੈ।

## ਰਾਜਾਰਤਨਮ ਨੂੰ ਜੁਰਮਾਨਾ

**ਨਿਊ ਯਾਰਕ:** ਇਕ ਅਮਰੀਕੀ ਜੱਜ ਨੇ ਅਮਰੀਕਾ ਵਿਚ ਕੰਪਨੀਆਂ ਦੀ ਅੰਦਰੂਨੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਸ਼ੇਅਰਾਂ ਦੇ ਕਾਰੋਬਾਰ ਦੇ ਮਾਮਲੇ ਵਿਚ ਬਦਨਾਮ ਹੋ ਚੁੱਕੇ ਅਰਬਪਤੀ ਰਾਜ ਰਾਜਾਰਤਨਮ ਨੂੰ 9 ਕਰੋੜ 20 ਲੱਖ ਡਾਲਰ ਤੋਂ ਵੱਧ ਦਾ ਜੁਰਮਾਨਾ ਕੀਤਾ ਹੈ।

ਨਿਊ ਯਾਰਕ ਦੇ ਸਾਊਦਰਨ ਡਿਸਟ੍ਰਿਕਟ ਦੀ ਯੂ.ਐਸ. ਡਿਸਟ੍ਰਿਕਟ ਕੋਰਟ ਦੇ ਜੱਜ ਜੇਡ ਰੇਕੌਫ ਨੇ ਆਪਣਾ ਅੰਤਿਮ ਫੈਸਲਾ ਦਿੰਦਿਆਂ ਰਾਜਾਰਤਨਮ ਨੂੰ 92,805,705 ਡਾਲਰ ਦਾ ਜੁਰਮਾਨਾ ਭਰਨ ਲਈ ਕਿਹਾ ਹੈ।

# ਕੇਂਦਰ ਦਾ ਭੇਜਿਆ ਪੈਸਾ ਪੰਜਾਬ ਸਰਕਾਰ ਸਿਆਸੀ ਲਾਭਾਂ ਲਈ ਵਰਤ ਰਹੀ ਹੈ-ਸੰਤੋਸ਼ ਚੌਧਰੀ

**ਸੈਕਰਾਮੈਂਟੋ (ਬਿਊਰੋ):** ਕੇਂਦਰ ਸਰਕਾਰ ਵਲੋਂ ਪੰਜਾਬ ਵਿਚ ਸਕੂਲਾਂ ਦਾ ਸਿੱਖਿਆ ਪੱਧਰ ਸੁਧਾਰਨ ਅਤੇ ਗਰੀਬਾਂ ਦੀ ਭਲਾਈ ਲਈ ਜੋ ਪੈਸਾ ਭੇਜਿਆ ਜਾਂਦਾ ਹੈ, ਉਸ ਨੂੰ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵਲੋਂ ਆਪਣੇ ਸਿਆਸੀ ਮਨੋਰਥਾਂ ਲਈ ਬੜੀ ਬੇਰਹਿਮੀ ਨਾਲ ਇਸਤੇਮਾਲ ਕੀਤਾ ਜਾਂਦਾ ਹੈ। ਕਥਿਤ ਸੰਗਤ ਦਰਸ਼ਨ ਇਸ ਦਾ ਇਕ ਵੱਡਾ ਸਬੂਤ ਹੈ। ਇਹ ਦੋਸ਼ ਲਾਉਂਦਿਆਂ ਹੁਸ਼ਿਆਰਪੁਰ ਤੋਂ ਕਾਂਗਰਸ ਐਮ ਪੀ ਬੀਬੀ ਸੰਤੋਸ਼ ਚੌਧਰੀ ਨੇ ਗੁਰਦਾਸਪੁਰ ਜ਼ਿਲੇ ਦੇ ਇਕ ਸਕੂਲ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਸਕੂਲ ਵਿਚ ਅਜੇ ਤੱਕ ਵੀ 12ਵੀਂ ਕਲਾਸ ਵਿਚ ਪੜ੍ਹਦੀਆਂ ਲੜਕੀਆਂ ਨੂੰ ਜ਼ਮੀਨ ਉਤੇ ਘੱਟੇ-ਮਿਟੀ ਵਿਚ ਬੈਠਣਾ ਪੈਂਦਾ ਹੈ। ਬੀਬੀ ਸੰਤੋਸ਼ ਚੌਧਰੀ ਇਥੇ ਆਪਣੇ ਸਨਮਾਨ ਵਿਚ ਰੱਖੇ ਗਏ ਇਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਇਹ ਗੱਲ ਵੀ ਟੁਣਕਾ ਕੇ ਕਹੀ ਕਿ ਉਨ੍ਹਾਂ ਨੂੰ ਬਾਹਰਲੇ ਪੈਸੇ ਦੀ ਨਹੀਂ, ਸਗੋਂ ਪਰਵਾਸੀ ਪੰਜਾਬੀਆਂ ਦੇ ਸਹਿਯੋਗ ਦੀ ਲੋੜ ਹੈ। ਉਹ ਨਿਊ ਯਾਰਕ ਵਿਚ ਸੰਯੁਕਤ ਰਾਸ਼ਟਰ ਵਲੋਂ ਸਿੱਖਿਆ ਅਤੇ ਇਸਤਰੀ ਭਲਾਈ ਤੇ ਸਮਾਨਤਾ ਬਾਰੇ ਰੱਖੇ ਗਏ ਇਕ ਸਮਾਗਮ ਵਿਚ ਹਿੱਸਾ ਲੈਣ ਲਈ ਅਮਰੀਕਾ ਆਏ ਸਨ ਜਿਥੋਂ ਉਹ ਆਪਣੇ ਸਮਰਥਕਾਂ ਦੇ ਸੱਦੇ ਉਤੇ ਇਥੇ ਪਹੁੰਚੇ।

ਬੀਬੀ ਚੌਧਰੀ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਪੰਜਾਬ ਵਿਚ ਬਹੁਜਨ ਸਮਾਜ ਪਾਰਟੀ ਦਾ ਕੋਈ ਆਧਾਰ ਨਹੀਂ ਬਚਿਆ ਕਿਉਂਕਿ ਇਸ ਦੀ ਮੁਖੀ ਮਾਇਆਵਤੀ ਨੂੰ ਜਾਂ ਪੈਸੇ ਦਾ ਫਿਕਰ ਹੈ ਜਾਂ ਆਪਣੇ ਬੁੱਤ ਲਵਾਉਣ ਦਾ। ਉਨ੍ਹਾਂ ਦਾਅਵਾ ਕੀਤਾ ਕਿ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਨਿਸ਼ਚਿਤ ਤੌਰ 'ਤੇ ਕਾਂਗਰਸ ਦੀ ਹੀ ਜਿੱਤ ਹੋਵੇਗੀ। ਬੀਬੀ ਚੌਧਰੀ ਦੇ ਨਾਲ ਸੈਨ ਫਰਾਂਸਿਸਕੋ ਪੜ੍ਹਦੀ ਉਨ੍ਹਾਂ ਦੀ ਬੇਟੀ ਸੋਹਿਨੀ ਚੌਧਰੀ ਅਤੇ ਵੱਡੀ ਬੇਟੀ ਨਮਿਤਾ ਚੌਧਰੀ ਵੀ ਪਹੁੰਚੀਆਂ ਹੋਈਆਂ ਸਨ। ਇਥੇ ਜ਼ਿਕਰਯੋਗ ਹੈ ਕਿ ਬੀਬੀ ਚੌਧਰੀ 6 ਸਾਲ ਲਗਾਤਾਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਪਰਸਨ ਰਹਿ ਚੁਕੇ ਹਨ। ਉਨ੍ਹਾਂ ਦੇ ਸਹੁਰਾ ਸਾਹਿਬ ਸ. ਸੁੰਦਰ ਸਿੰਘ ਅਤੇ ਸਵਰਗੀ ਪਿਤਾ ਰੋਸ਼ਨ ਲਾਲ ਵੀ ਪੰਜਾਬ ਦੇ ਮੰਤਰੀ ਰਹਿ ਚੁਕੇ ਹਨ। ਉਨ੍ਹਾਂ ਦੇ ਪਤੀ ਸ੍ਰੀ ਰਾਮ ਲੁਭਾਇਆ ਵੀ ਪੰਜਾਬ ਦੇ ਵਿਧਾਇਕ ਰਹਿ ਚੁਕੇ ਹਨ।

ਸੈਕਰਾਮੈਂਟੋ ਵਿਚ ਬੀਬੀ ਚੌਧਰੀ ਦੇ ਸਨਮਾਨ ਵਿਚ ਕੀਤੇ ਗਏ ਸਮਾਗਮ ਸਮੇਂ ਗੁਰਦੀਪ ਭੁੱਟਾ, ਸ੍ਰੀਮਤੀ ਸੁਖਰਾਮ, ਸ੍ਰੀਮਤੀ ਆਗਿਆ ਰਾਮ, ਪਰਮਜੀਤ ਭੁੱਟਾ, ਰਾਕੇਸ਼ ਚੰਦਰ, ਹੰਸ ਰਾਜ ਕਾਜਲਾ, ਕੇਬਲ ਬੋਲੀਨਾ, ਦਵਿੰਦਰ ਕਾਜਲਾ, ਮੁਨਸ਼ੀ ਰਾਮ ਤਾਜਪੁਰ, ਨੀਰਜ ਕੁਮਾਰ, ਕਮਲ ਬੰਗਾ, ਸੰਨੀ, ਉਜਾਗਰ, ਦੀਪਇੰਦਰ ਸਿੰਘ, ਗੁਰਪ੍ਰੀਤ ਸਿੰਘ, ਸਵਰਨਾ ਰਾਮ ਫਗਵਾੜਾ ਅਤੇ ਰਾਮ ਕਿਸ਼ਨ ਬੁੱਟਰ ਹਾਜ਼ਰ ਸਨ। ਸਮਾਗਮ ਦੌਰਾਨ ਬੀਬੀ ਸੰਤੋਸ਼ ਚੌਧਰੀ ਦਾ ਉਚੇਚਾ ਮਾਣ ਸਨਮਾਨ ਵੀ ਕੀਤਾ ਗਿਆ।

## ਸੈਨ ਹੋਜ਼ੇ 'ਚ ਸੰਤ ਹਰਖੋਵਾਲ ਵਾਲਿਆਂ ਦੀ ਬਰਸੀ 'ਤੇ ਸਮਾਗਮ 23 ਨੂੰ

**ਸੈਨ ਹੋਜ਼ੇ (ਬਿਊਰੋ):** ਬ੍ਰਹਮ ਗਿਆਨੀ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੀ ਸਾਲਾਨਾ ਬਰਸੀ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਆਉਂਦੀ 21 ਤੋਂ 23 ਨਵੰਬਰ ਤੱਕ ਗੁਰਦੁਆਰਾ ਸੈਨ ਹੋਜ਼ੇ ਵਿਖੇ ਮਨਾਈ ਜਾ ਰਹੀ ਹੈ।

ਇਸ ਸਮਾਗਮ ਦੇ ਪ੍ਰਬੰਧਕਾਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 21 ਨਵੰਬਰ ਸੋਮਵਾਰ ਨੂੰ ਅਖੰਡ ਪਾਠ ਦਾ ਅਰੰਭ ਕੀਤਾ ਜਾਏਗਾ ਅਤੇ ਬੁੱਧਵਾਰ, 23 ਨਵੰਬਰ ਸ਼ਾਮ ਨੂੰ ਭੋਗ ਪਵੇਗਾ। ਉਪਰੰਤ ਪੰਥ ਪ੍ਰਸਿਧ ਰਾਗੀ-ਢਾਡੀ ਜਥਿਆਂ ਅਤੇ ਕਥਾਕਾਰਾਂ ਵਲੋਂ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਾਵੇਗਾ। ਹੋਰ ਜਾਣਕਾਰੀ ਲਈ ਫੋਨ 408-835-8399 ਅਤੇ 408-274-7134 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas
- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

Call for free initial consultation

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

**ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ**

**ਜਸਪ੍ਰੀਤ ਸਿੰਘ**

**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

**Law Offices Of Jaspreet Singh**

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ**

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਬਾਦਲ ਅਤੇ ਬ੍ਰਹਮਪੁਰਾ ਲੋਕਪਾਲ ਦੀ ਕੁੜਿੱਕੀ 'ਚ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲੋਕਪਾਲ ਅਤੇ ਨਿਆਇਕ ਜਾਂਚ ਦੇ ਜਾਲ 'ਚ ਘਿਰਦੇ ਜਾ ਰਹੇ ਹਨ। ਲੋਕਪਾਲ ਪੰਜਾਬ ਨੇ ਸ. ਬਾਦਲ ਅਤੇ ਕੈਬਨਿਟ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਵਿਰੁਧ ਦਾਇਰ ਜ਼ਮੀਨ ਘੁਟਾਲੇ ਦੀ ਸ਼ਿਕਾਇਤ 'ਤੇ ਜਾਂਚ ਦੇ ਆਦੇਸ਼ ਦੇ ਦਿੱਤੇ ਹਨ। ਇਸ ਤੋਂ ਇਲਾਵਾ ਟਰਾਂਸਪੋਰਟ ਘੁਟਾਲੇ ਤੇ ਬੀਬੀ ਜਗੀਰ ਕੌਰ ਨੂੰ ਸਰਕਾਰੀ ਜ਼ਮੀਨ ਦੇਣ ਦੇ ਮਾਮਲੇ 'ਚ ਵੀ ਸ. ਬਾਦਲ ਖਿਲਾਫ਼ ਜਾਂਚ ਸ਼ੁਰੂ ਹੋ ਚੁੱਕੀ ਹੈ। ਚੋਣਾਂ ਦੌਰਾਨ ਇਹ ਮਾਮਲੇ ਬਾਦਲ ਪਰਿਵਾਰ ਲਈ ਵੱਡੀ ਵੰਗਾਰ ਬਣ ਸਕਦੇ ਹਨ। ਜ਼ਿਕਰਯੋਗ ਹੈ ਕਿ ਇਕ ਐਨ.ਜੀ.ਓ. (ਗੈਰ ਸਰਕਾਰੀ ਸੰਗਠਨ) ਵੱਲੋਂ ਕੀਤੀ ਗਈ ਸ਼ਿਕਾਇਤ 'ਚ ਦੋਸ਼ ਲਾਇਆ ਗਿਆ ਸੀ ਕਿ ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਬੜਾ ਫੂਲ ਪਿੰਡ ਦੀ 282 ਏਕੜ ਸ਼ਾਮਲਾਟ ਜ਼ਮੀਨ ਉਕਤ ਦੋਵਾਂ ਆਗੂਆਂ ਨੇ ਗੈਰ-ਕਾਨੂੰਨੀ ਢੰਗ ਨਾਲ ਹਥਿਆ ਲਈ ਸੀ। ਐਨ.ਜੀ.ਓ. ਨੇ ਦੋਸ਼ ਲਾਇਆ ਸੀ ਕਿ ਸ. ਬਾਦਲ ਨੇ ਸ. ਬ੍ਰਹਮਪੁਰਾ ਦੀ ਮਿਲੀਭੁਗਤ ਨਾਲ ਰਾਜ ਸਰਕਾਰ ਦੇ 2007 ਦੇ ਨੋਟੀਫਿਕੇਸ਼ਨ ਦੀ ਵੀ ਅਣਦੇਖੀ ਕੀਤੀ ਸੀ ਜਿਸ ਅਨੁਸਾਰ ਪਿੰਡ ਦੀ ਸ਼ਾਮਲਾਟ ਜ਼ਮੀਨ ਕਿਸੇ ਨੂੰ ਵੇਚੀ ਨਾ ਜਾ ਸਕਣ ਤੇ ਨਾ ਹੀ ਕਿਸੇ ਦੇ ਨਾਂ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ ਸੀ।

ਐਨ.ਜੀ.ਓ. ਅਨੁਸਾਰ ਬਾਦਲ ਨੇ ਇਹ ਜ਼ਮੀਨ ਕਬਜ਼ੇ 'ਚ ਲੈ ਕੇ ਨੇਮਾਂ ਦੀ ਉਲੰਘਣਾ ਕਰਦਿਆਂ ਇਥੇ ਪੋਪੂਲਰ ਅਤੇ ਹੋਰ ਫਸਲਾਂ ਬਿਜਵਾਈਆਂ। ਲੋਕਪਾਲ ਨੇ ਐਨ.ਜੀ.ਓ. ਵੱਲੋਂ ਦਿੱਤੇ ਬਿਆਨ ਅਤੇ ਲਾਏ ਦੋਸ਼ਾਂ ਨੂੰ ਸਹੀ ਸਾਬਤ ਕਰਦੇ ਸਬੂਤ ਰਿਕਾਰਡ ਕਰ ਲਏ ਸਨ। ਲੋਕਪਾਲ ਕੋਲ ਦਾਇਰ ਕੇਸ ਮੁਤਾਬਕ ਪਿੰਡ ਬੜਾ ਫੂਲ ਦਾ ਕੁੱਲ ਰਕਬਾ 10,381 ਕਨਾਲ 05 ਮਰਲੇ ਹੈ ਜਿਸ ਵਿਚੋਂ 5073 ਕਨਾਲ 13 ਮਰਲੇ ਸ਼ਾਮਲਾਟ ਦਾ ਪੈਂਦਾ ਹੈ। ਸਾਲ 1960-61 ਦੀ ਜਮ੍ਹਾਂਬੰਦੀ ਅਨੁਸਾਰ ਸਾਰੀ ਸ਼ਾਮਲਾਟ ਥਾਂ ਗੈਰ-ਮੁਮਕਿਨ ਦਰਿਆ ਵਜੋਂ ਦਰਜ ਹੈ। ਸਾਲ 1980 ਦੌਰਾਨ ਇਸ ਜ਼ਮੀਨ ਉਤੇ ਨਜਾਇਜ਼ ਕਬਜ਼ੇ ਹੋਣੇ ਸ਼ੁਰੂ ਹੋ ਗਏ ਤੇ ਇਸ ਤੋਂ ਤੁਰੰਤ ਬਾਅਦ ਜ਼ਿਲ੍ਹਾ ਬਲਾਕ ਵਿਕਾਸ ਵਿਭਾਗ ਦੀ ਮਦਦ ਨਾਲ ਹੀ ਇਹ ਲੋਕ ਮਾਲਕ ਬਣ ਗਏ।

ਕਬਜ਼ਾਕਾਰਾਂ ਨੇ ਇਹ ਜ਼ਮੀਨ ਰੈਲ ਮਾਜਰਾ ਸਹਿਕਾਰੀ ਪਰਤਾਪ ਬੀਜ ਫਾਰਮ ਦੇ ਨਾਂ ਕਰਵਾ ਲਈ ਜਦੋਂਕਿ ਸਾਲ 2001 ਵਿਚ ਸਤਲੁਜ ਸਹਿਕਾਰੀ ਸਾਂਝੀ ਫਾਰਮਿੰਗ ਸੁਸਾਇਟੀ ਨੇ ਭਾਈਵਾਲੀ ਪਾ ਲਈ ਸੀ। ਇਸ ਵਿਚ ਪਿੰਡ ਦੇ ਕਈ ਪੰਚਾਇਤ ਮੈਂਬਰਾਂ ਦੀ ਕਥਿਤ ਸ਼ਮੂਲੀਅਤ ਦੱਸੀ ਗਈ ਹੈ। ਜ਼ਮੀਨ ਵਿਚ ਕਬਜ਼ਾਕਾਰਾਂ ਵੱਲੋਂ ਸਫੈਦੇ ਲਾ ਦਿੱਤੇ ਗਏ ਤੇ ਖੇਤੀ ਸ਼ੁਰੂ ਕਰ ਦਿੱਤੀ ਗਈ। ਸ਼ਿਕਾਇਤ ਮੁਤਾਬਕ ਸਹਿਕਾਰੀ ਸੁਸਾਇਟੀਆਂ ਦੇ ਮਾਲਕਾਂ ਵੱਲੋਂ ਸਾਲ 2006 ਵਿਚ ਜ਼ਮੀਨ ਦੀ ਵਿਕਰੀ ਲਈ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਦਿੱਤਾ ਗਿਆ।

ਜ਼ਮੀਨ ਵੇਚਣ ਦੀ ਭਿਣਕ ਪੈਂਦਿਆਂ ਹੀ ਪਿੰਡ ਦੇ ਕਰਮਜੀਤ ਸਿੰਘ ਨੇ ਹੋਰਾਂ ਨਾਲ ਮਿਲ ਕੇ ਬਲਾਕ ਵਿਕਾਸ ਅਫਸਰ ਕੋਲ ਸ਼ਿਕਾਇਤ ਕਰ ਦਿੱਤੀ ਜਿਸ ਨੇ ਇਸ ਉਤੇ ਰੋਕ ਲਾ ਦਿੱਤੀ। ਇਸ ਦੇ ਨਾਲ ਹੀ ਸਾਰਾ ਮਾਮਲਾ ਡਾਇਰੈਕਟਰ ਪੰਚਾਇਤ ਦੇ ਧਿਆਨ ਵਿਚ ਲਿਆ ਦਿੱਤਾ ਗਿਆ। ਵਿਭਾਗ ਦੇ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਕੋਲ ਜਦੋਂ ਮਾਮਲਾ ਪੁੱਜਿਆ ਤਾਂ ਉਨ੍ਹਾਂ ਇਸ ਬਾਰੇ ਕਾਨੂੰਨੀ ਰਿਪੋਰਟ ਪੰਜਾਬ ਦੇ ਉਸ ਸਮੇਂ ਦੇ ਐਡਵੋਕੇਟ ਜਨਰਲ ਐਚ.ਐਸ. ਮੱਤੇਵਾਲ ਤੋਂ ਮੰਗ ਲਈ। ਸ. ਮੱਤੇਵਾਲ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਸ਼ਾਮਲਾਟ ਜ਼ਮੀਨ ਨੂੰ ਸਹਿਕਾਰੀ ਸਭਾਵਾਂ ਦੇ ਨਾਂ ਕਰਨ ਦਾ ਸਾਰਾ ਮਾਮਲਾ ਗਿਣੀਮਿਥੀ ਸਾਜ਼ਿਸ਼ ਤਹਿਤ ਹੋਇਆ ਹੈ ਜਿਸ ਉਤੇ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਐਡਵੋਕੇਟ ਜਨਰਲ ਦੀ ਸਿਫਾਰਸ਼ ਉਤੇ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਸ. ਬ੍ਰਹਮਪੁਰਾ ਨੇ ਵੀ ਰਸਮੀ ਕਾਰਵਾਈ ਪਾ ਕੇ ਆਪਣਾ ਖਹਿੜਾ ਛੁਡਾ ਲਿਆ ਸੀ ਤੇ ਜੇ ਉਹ ਚਾਹੁੰਦੇ ਤਾਂ ਇਸ ਉਤੇ ਰੋਕ ਲਾ ਸਕਦੇ ਸਨ।

ਲੋਕਪਾਲ ਅੱਗੇ ਦਾਇਰ ਕੇਸ ਵਿਚ ਕਿਹਾ ਗਿਆ ਹੈ ਕਿ ਜ਼ਮੀਨ ਉਤੇ ਮੁੱਖ ਮੰਤਰੀ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਦਾ ਕਬਜ਼ਾ ਹੈ ਤੇ ਵਿਭਾਗ ਦੇ ਮੰਤਰੀ ਨੇ ਹਾਕਮਾਂ ਦੀ ਨਾਰਾਜ਼ਗੀ ਲੈਣ ਦੇ ਡਰੋਂ ਕਾਰਵਾਈ ਕਰਨ ਤੋਂ ਟਾਲਾ ਵੱਟ ਲਿਆ ਹੈ। ਇਹ ਜ਼ਮੀਨ ਰੋਪੜ ਦੀਆਂ ਜ਼ਿਲ੍ਹਾ ਕਚਹਿਰੀਆਂ ਤੇ ਸਤਲੁਜ ਦੇ ਪੁਲ ਵਿਚਕਾਰ ਪੈਂਦੀ ਹੈ ਤੇ ਅੱਜ ਕੱਲ੍ਹ ਇਸ ਵਿਚ ਕਲੋਨੀ ਕੱਟਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਹੈ ਕਿ ਪਿੰਡ ਦੀ 282 ਏਕੜ ਜ਼ਮੀਨ ਉਤੇ ਕਬਜ਼ਾ ਸਿਆਸੀ ਰਸੂਖ ਤੋਂ ਬਗੈਰ ਹੋਣਾ ਸੰਭਵ ਨਹੀਂ ਹੈ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਸਿਆਸੀ ਲੋਕਾਂ ਦੇ ਅੰਦਰਖਾਤੇ ਦਬਾਅ ਕਾਰਨ ਹੀ ਅਜਿਹੀਆਂ ਸੁਸਾਇਟੀਆਂ ਦੇ ਨਾਂ ਇਹ ਜ਼ਮੀਨ ਲਾ ਦਿੱਤੀ ਗਈ ਜਿਹੜੀ ਮਾਲ ਵਿਭਾਗ ਦੇ ਰਿਕਾਰਡ ਵਿਚ ਸ਼ਾਮਲਾਟ ਸੀ।

# ਯੂਬਾ ਸਿਟੀ ਨਗਰ ਕੀਰਤਨ ਦੀ ਸਫਲਤਾ ਲਈ ਸੰਗਤਾਂ ਦਾ ਧੰਨਵਾਦ

**ਯੂਬਾ ਸਿਟੀ (ਬਿਊਰੋ):** ਲੰਘੀ 6 ਨਵੰਬਰ ਨੂੰ ਇਥੇ ਹੋਏ ਸਾਲਾਨਾ ਨਗਰ ਕੀਰਤਨ ਦੀ ਅਪਾਰ ਸਫਲਤਾ ਲਈ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਗੁਰਦੁਆਰਾ ਟਾਇਰਾ ਬਿਊਨਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਵਿੰਦਰ ਸਿੰਘ ਕਰੀਹਾ ਨੇ ਕਿਹਾ ਹੈ ਕਿ ਇਸ ਲਈ ਪ੍ਰਬੰਧਕ ਕਮੇਟੀ, ਡਾਇਰੈਕਟਰ ਅਤੇ ਸਮੂਹ ਮੈਂਬਰ ਸੰਗਤਾਂ ਦੇ ਅਤੀ ਧੰਨਵਾਦੀ ਹਨ ਜਿਨ੍ਹਾਂ ਦੇ ਸਹਿਯੋਗ ਸਦਕਾ ਹੀ ਇਹ ਸਭ ਸੰਭਵ ਹੋ ਸਕਿਆ।

ਇਥੇ ਜਾਰੀ ਇਕ ਬਿਆਨ ਵਿਚ ਸ. ਕਰੀਹਾ ਨੇ ਆਖਿਆ ਕਿ ਉਹ ਯੂਬਾ ਸਿਟੀ ਇਲਾਕੇ ਦੀ ਸਮੂਹ ਸੰਗਤ ਦੇ ਵੀ ਦਿਲੋਂ ਧੰਨਵਾਦੀ ਹਨ ਜਿਨ੍ਹਾਂ ਆਪਸੀ ਪਿਆਰ ਅਤੇ ਸਾਂਝ ਨਾਲ ਇਹ ਕਾਰਜ ਨਿਰਵਿਘਨ ਨੇਪਰੇ ਚੜ੍ਹਿਆ। ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਅਜਿਹੀ ਭਾਈਚਾਰਕ ਸਾਂਝ ਦੁਨੀਆਂ ਭਰ ਦੇ ਸਿੱਖਾਂ ਵਿਚ ਬਣੀ ਰਹੇ। ਬਾਹਰੋਂ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਸ. ਕਰੀਹਾ ਨੇ ਆਖਿਆ ਕਿ ਅਜਿਹੇ ਸਮਾਗਮ ਸਮੂਹ ਸੰਗਤਾਂ ਦੇ ਸਾਂਝੇ ਹੁੰਦੇ ਹਨ ਅਤੇ ਰਲ ਮਿਲ ਕੇ ਮਨਾਉਣ ਨਾਲ ਹੀ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ ਅਤੇ ਜਗ ਦੀ ਸੋਭਾ ਮਿਲਦੀ ਹੈ। ਉਨ੍ਹਾਂ ਸਮੂਹ ਸੰਗਤਾਂ ਤੋਂ ਸੇਵਾ ਵਿਚ ਰਹਿ ਗਈ ਕਿਸੇ ਵੀ ਤਰੁਟੀ ਲਈ ਖਿਮਾ ਦੀ ਜਾਚਨਾ ਕਰਦਿਆਂ ਕਿਹਾ ਕਿ ਵਾਹਿਗੁਰੂ ਉਨ੍ਹਾਂ ਨੂੰ ਸਮਰਥਾ ਬਖਸ਼ੇ ਕਿ ਅਜਿਹੀਆਂ ਊਣਤਾਈਆਂ ਭਵਿੱਖ ਵਿਚ ਨਾ ਰਹਿਣ। ਸ. ਕਰੀਹਾ ਨਾਲ ਸੰਪਰਕ ਫੋਨ 530-923-6790 ਰਾਹੀਂ ਕੀਤਾ ਜਾ ਸਕਦਾ ਹੈ।

# ਖਹਿਰਾ ਦੀ ਅਗਵਾਈ ਹੇਠ ਕਾਂਗਰਸੀਆਂ ਵੱਲੋਂ ਐਸ.ਪੀ. ਦਫਤਰ ਅੱਗੇ ਮੁਜ਼ਾਹਰਾ

**ਚੰਡੀਗੜ੍ਹ:** ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਨਾਂ ਪੁਲੀਸ ਵੱਲੋਂ ਸ਼ੰਭੂ ਨੇੜਿਓਂ ਫੜੇ ਤਿੰਨ ਕਰੋੜ 64 ਲੱਖ ਰੁਪਏ ਦੇ ਮਾਮਲੇ ਵਿਚ ਜੋੜਨ ਵਿਰੁੱਧ ਸ੍ਰੀ ਖਹਿਰਾ ਨੇ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਰਾਜਪੁਰਾ ਵਿਚ ਐਸ.ਪੀ. ਦਫਤਰ ਦਾ ਘਿਰਾਓ ਕਰਕੇ ਸਰਕਾਰ, ਉਪ ਮੁੱਖ ਮੰਤਰੀ, ਪੁਲੀਸ ਅਤੇ ਇਕ ਟੀ.ਵੀ. ਚੈਨਲ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਮਾਮਲੇ ਦੀ ਤੁਰੰਤ ਜਾਂਚ ਦੀ ਮੰਗ ਕੀਤੀ।

ਇਸ ਤੋਂ ਪਹਿਲਾਂ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਥਾਣਾ ਸ਼ੰਭੂ ਦੀ ਪੁਲੀਸ ਵੱਲੋਂ ਦੋ ਸਫਾਰੀ ਗੱਡੀਆਂ ਵਿਚੋਂ ਫੜੇ ਤਿੰਨ ਕਰੋੜ 64 ਲੱਖ ਰੁਪਏ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਹਨ। ਸ੍ਰੀ ਖਹਿਰਾ ਨੇ ਇਸ ਬਾਰੇ ਕਿਹਾ ਸੀ ਕਿ ਇਹ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੇ ਵਿਰੋਧੀਆਂ ਨੂੰ ਬਦਨਾਮ ਕਰਨ ਦੀ ਵੱਡੀ ਸਾਜ਼ਿਸ਼ ਦਾ ਹੀ ਹਿੱਸਾ ਹੈ। ਯਾਦ ਰਹੇ ਕਿ ਕਿ ਥਾਣਾ ਸ਼ੰਭੂ ਵਿਖੇ ਐਸ.ਪੀ. ਮਨਮੋਹਨ ਸ਼ਰਮਾ ਨੇ ਦੱਸਿਆ ਸੀ ਕਿ ਥਾਣਾ ਸ਼ੰਭੂ ਦੇ ਐਸ.ਐਚ.ਓ. ਨੇ ਦੋ ਸਫਾਰੀ ਗੱਡੀਆਂ ਨੂੰ ਰੋਕ ਕੇ ਜਦੋਂ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਵਿਚੋਂ ਤਿੰਨ ਕਰੋੜ 64 ਲੱਖ ਰੁਪਏ ਬਰਾਮਦ ਹੋਏ। ਗੱਡੀਆਂ ਵਿਚ ਸਵਾਰ ਲੋਕਾਂ ਨੇ ਦੱਸਿਆ ਕਿ ਇਹ ਰਾਸ਼ੀ ਉਨ੍ਹਾਂ ਦੀ ਕੰਪਨੀ ਵੱਲੋਂ ਸੰਗਰੂਰ 'ਚ ਕੋਲਡ ਸਟੋਰ ਬਣਾਉਣ ਲਈ ਸ੍ਰੀ ਖਹਿਰਾ ਤੋਂ ਜ਼ਮੀਨ ਖਰੀਦਣ ਬਦਲੇ ਦਿੱਤੀ ਜਾਣੀ ਸੀ।

ਬਾਅਦ ਵਿਚ ਆਮਦਨ ਕਰ ਵਿਭਾਗ ਦੀ ਜੁਆਇੰਟ ਕਮਿਸ਼ਨਰ ਰਾਜਿੰਦਰ ਕੌਰ ਨੇ ਰਾਜਪੁਰਾ ਦੇ ਸਰਕਾਰੀ ਰੈਸਟ ਹਾਊਸ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਪੁਲਿਸ ਵੱਲੋਂ ਬਰਾਮਦ ਕੀਤੀ ਰਾਸ਼ੀ ਈ.ਟੀ.ਏ. ਇੰਜੀਨੀਅਰਿੰਗ ਪ੍ਰਾਈਵੇਟ ਲਿਮਟਿਡ, ਚੇਨੱਈ ਦੀ ਹੈ। ਪੁਲਿਸ ਵੱਲੋਂ ਕਾਬੂ ਕੀਤੇ ਵਿਅਕਤੀਆਂ ਨੇ ਦੱਸਿਆ ਕਿ ਉਹ ਇਹ ਰਾਸ਼ੀ ਕੰਪਨੀ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਪਿੰਡ ਹਰਦਿੱਤਪੁਰਾ ਵਿਚ ਖਰੀਦੀ ਗਈ 33 ਵਿੱਘੇ 19 ਬਿਸਵੇ ਜ਼ਮੀਨ ਦੀ ਰਜਿਸਟਰੀ ਕਰਵਾਉਣ ਲਈ ਲੈ ਕੇ ਆਏ ਸਨ।

ਵਿਧਾਇਕ ਸ੍ਰੀ ਖਹਿਰਾ ਨੇ ਮਾਮਲੇ ਨੂੰ ਮੁੱਢੋਂ ਰੱਦ ਕਰਦਿਆਂ ਆਖਿਆ ਕਿ ਉਸ ਦੇ ਨਾਮ ਹਰਦਿੱਤਪੁਰਾ ਵਿਚ ਇਕ ਇੰਚ ਵੀ ਜ਼ਮੀਨ ਨਹੀਂ। ਇਹ ਬਾਦਲਾਂ ਦੇ ਕਹਿਣ 'ਤੇ ਕੁਝ ਚੈਨਲਾਂ ਵੱਲੋਂ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਗਈ ਹੈ। ਸ੍ਰੀ ਖਹਿਰਾ, ਪੀ.ਪੀ.ਸੀ.ਸੀ. ਦੇ ਸਕੱਤਰ ਅਵਤਾਰ ਸਿੰਘ ਵਾਲੀਆ, ਰਸ਼ਪਾਲ ਸਿੰਘ ਬੇਗੋਵਾਲ ਅਤੇ ਸੈਂਕੜੇ ਕਾਂਗਰਸੀ ਵਰਕਰ ਰਾਜਪੁਰਾ ਦੇ ਐਸ.ਪੀ. ਸ਼ਰਮਾ ਦੇ ਦਫਤਰ ਮੂਹਰੇ ਪੁੱਜੇ ਅਤੇ ਫੜੀ ਗਈ ਰਾਸ਼ੀ ਦੇ ਮਾਮਲੇ ਵਿਚ ਸ੍ਰੀ ਖਹਿਰਾ ਦਾ ਨਾਂ ਜੋੜੇ ਜਾਣ 'ਤੇ ਐਸ.ਪੀ. ਦਫਤਰ ਦੇ ਬਾਹਰ ਜ਼ੋਰਦਾਰ ਨਾਅਰੇਬਾਜ਼ੀ ਕੀਤੀ।




Amardeep Singh
Ph:916-712-2735
DRE#01357217

**Buy a Home With Zero Cash! No Money Down!**

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242




**$149,000**
**Antelope – $604**
Great schools, separate family & living. Quite Street. Pvt. back yard. Walking distance to plazas. **FREE INFO: 1-888-450-6603,** ID#4212



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $2,750**
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
*-Mr. Sood.*



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$151,000**
**Antelope - $615**
Charming home. Excellent school district. Open lay out. Eat in Kitchen. Beautiful Neighborhood. **FREE INFO: 1-888-450-6603,** ID#4248



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California:**
Shiara Dhindsa
Photographer
661-703-6664
**Bay Area**
Charanjit Singh Pannu
408-608-4961
**Sacramento**
Gurbarinder Singh Raja
916-533-2678
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਵਿਚ ਅਡਵਾਨੀ ਦੀ ਜਨ ਚੇਤਨਾ ਯਾਤਰਾ ਠੁੱਸ

*(ਸਫਾ ਇਕ ਦੀ ਬਾਕੀ)*

ਬਾਰੇ ਵੀ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਵਿਰੋਧ ਕਾਰਨ ਸ੍ਰੀ ਅਡਵਾਨੀ ਤੇ ਉਨ੍ਹਾਂ ਦੇ ਪਰਿਵਾਰ ਦੇ ਜੀਅ ਕੁਝ ਤਣਾਅ ਵਿਚ ਦਿਖਾਈ ਦਿੱਤੇ। ਮੀਡੀਆ ਵੱਲੋਂ ਵਾਰ-ਵਾਰ ਸਵਾਲ ਪੁੱਛੇ ਜਾਣ 'ਤੇ ਪਰਿਵਾਰ ਦੇ ਜੀਆਂ ਨੇ ਖਿੱਝਦਿਆਂ ਆਖਿਆ, "ਕ੍ਰਿਪਾ ਕਰਕੇ ਸਾਨੂੰ ਇਕੱਲਾ ਛੱਡ ਦਿਓ।"



*ਐਲ.ਕੇ. ਅਡਵਾਨੀ ਦਾ ਸਵਾਗਤ ਕਰਨ ਪੁੱਜੀ ਹਰਸਿਮਰਤ ਕੌਰ ਬਾਦਲ।*

ਸ੍ਰੀ ਹਰਿਮੰਦਰ ਸਾਹਿਬ ਵਿਖੇ ਆਮਦ ਦੌਰਾਨ ਵੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਸ੍ਰੀ ਅਡਵਾਨੀ ਦਾ ਵਧੇਰੇ ਗਰਮਜੋਸ਼ੀ ਨਾਲ ਸਵਾਗਤ ਨਹੀਂ ਹੋਇਆ ਤੇ ਉਚ ਅਧਿਕਾਰੀ ਵੀ ਦੂਰ ਹੀ ਰਹੇ। ਇਸ ਬਾਰੇ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਹਰਬੰਸ ਸਿੰਘ ਮੱਲ੍ਹੀ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ। ਸ਼੍ਰੋਮਣੀ ਅਕਾਲੀ ਦਲ ਦਾ ਵੀ ਕੋਈ ਆਗੂ ਉਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਹਾਜ਼ਰ ਨਹੀਂ ਸੀ। ਇਕ ਰਾਤ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਠਹਿਰੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਤੇ ਪੁਲਿਸ ਕਮਿਸ਼ਨਰ ਰਾਹੀਂ ਸੁਨੇਹਾ ਭੇਜ ਦਿੱਤਾ ਸੀ ਕਿ ਜੇਕਰ ਸ੍ਰੀ ਅਡਵਾਨੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਨਮਾਨਤ ਕੀਤਾ ਗਿਆ ਤਾਂ ਉਨ੍ਹਾਂ ਦੀ ਜਥੇਬੰਦੀ ਇਸ ਦਾ ਵਿਰੋਧ ਕਰੇਗੀ।

ਸ. ਮਾਨ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਸਭ ਦਾ ਸਾਂਝਾ ਹੈ ਤੇ ਇਥੇ ਹਰ ਕੋਈ ਆ ਸਕਦਾ ਹੈ ਪਰ ਸ੍ਰੀ ਅਡਵਾਨੀ ਜੂਨ 1984 ਵਿਚ ਸਾਕਾ ਨੀਲਾ ਤਾਰਾ ਫੌਜੀ ਕਾਰਵਾਈ ਕਰਵਾਉਣ ਲਈ ਉਕਸਾਉਣ ਵਾਲਿਆਂ ਵਿਚੋਂ ਇਕ ਹਨ ਤੇ ਉਹ ਇਥੇ ਧਾੜਵੀ ਬਣ ਕੇ ਆਏ ਹਨ। ਇਸ ਲਈ ਉਨ੍ਹਾਂ ਦੀ ਜਥੇਬੰਦੀ ਕੀਤੇ ਐਲਾਨ ਮੁਤਾਬਕ ਪੰਜਾਬ ਵਿਚ ਹਰ ਥਾਂ ਉਨ੍ਹਾਂ ਦਾ ਵਿਰੋਧ ਕਰ ਰਹੀ ਹੈ। ਇਸ ਮੌਕੇ ਜਥੇਬੰਦੀ ਦੇ ਕਾਰਕੁਨਾਂ ਵੱਲੋਂ ਪਰਿਕਰਮਾ ਵਿਚ ਕਈ ਥਾਂਵਾਂ 'ਤੇ ਸ੍ਰੀ ਅਡਵਾਨੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਉਨ੍ਹਾਂ ਵੱਲੋਂ 'ਖਾਲਿਸਤਾਨ ਜ਼ਿੰਦਾਬਾਦ', 'ਅਡਵਾਨੀ ਮੁਰਦਾਬਾਦ' ਤੇ 'ਅਡਵਾਨੀ ਗੋ ਬੈਕ' ਦੇ ਨਾਅਰੇ ਲਾਏ ਗਏ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਤੇ ਚਿੱਟ ਕੱਪੜੀਏ ਪੁਲਿਸ ਵਾਲਿਆਂ ਵੱਲੋਂ ਸ੍ਰੀ ਮਾਨ ਤੇ ਉਨ੍ਹਾਂ ਦੇ ਕਾਰਕੁਨਾਂ ਨੂੰ ਸ੍ਰੀ ਅਡਵਾਨੀ ਤੋਂ ਦੂਰ ਰੱਖਣ ਲਈ ਯਤਨ ਕੀਤੇ ਗਏ ਜਿਸ ਕਾਰਨ ਕੁਝ ਖਿੱਚਧੂਹ ਵੀ ਹੋਈ। ਮਗਰੋਂ ਸੂਚਨਾ ਕੇਂਦਰ ਦੇ ਬਾਹਰ ਅਕਾਲੀ ਦਲ ਦਿੱਲੀ ਦੇ ਆਗੂ ਜਸਵਿੰਦਰ ਸਿੰਘ ਬਲੀਏਵਾਲ, ਹਰਦਿਆਲ ਸਿੰਘ, ਜਗਮੀਤ ਸਿੰਘ ਤੇ ਹੋਰਾਂ ਵੱਲੋਂ ਅਡਵਾਨੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਪਰ ਪੁਲਿਸ ਨੇ ਤੁਰੰਤ ਉਨ੍ਹਾਂ ਨੂੰ ਦੂਰ ਧੱਕ ਦਿੱਤਾ।

ਇਸ ਤੋਂ ਇਕ ਦਿਨ ਪਹਿਲਾਂ ਅੰਮ੍ਰਿਤਸਰ ਵਿਖੇ ਯਾਤਰਾ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅ) ਦੇ ਕਾਰਕੁਨਾਂ ਨੇ ਰੈਲੀ ਵਾਲੇ ਪੰਡਾਲ ਵਿਚ ਨਾਅਰੇਬਾਜ਼ੀ ਕੀਤੀ ਪਰ ਉਨ੍ਹਾਂ ਨੂੰ ਪੁਲਿਸ ਨੇ ਤੁਰੰਤ ਕਾਬੂ ਕਰ ਲਿਆ। ਇਸੇ ਦੌਰਾਨ ਸ਼ਹਿਰ ਵਿਚ ਕਈ ਥਾਂਵਾਂ 'ਤੇ ਜਥੇਬੰਦੀ ਬੱਬਰ ਖਾਲਸਾ ਵੱਲੋਂ ਸ੍ਰੀ ਅਡਵਾਨੀ ਦੀ ਯਾਤਰਾ ਦੇ ਵਿਰੋਧ ਵਿਚ ਪੋਸਟਰ ਲਾਏ ਗਏ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਕੁਨਾਂ ਨੇ ਸ੍ਰੀ ਅਡਵਾਨੀ ਵਿਰੁਧ ਰੋਸ ਪ੍ਰਦਰਸ਼ਨ ਕਰਨ ਦੇ ਆਪਣੇ ਐਲਾਨ ਨੂੰ ਪੂਰਾ ਕਰਦਿਆਂ ਪੰਡਾਲ ਵਿਚ ਜਾ ਕੇ 'ਅਡਵਾਨੀ ਵਾਪਸ ਜਾਓ' ਅਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ। ਉਨ੍ਹਾਂ ਰੋਸ ਪ੍ਰਗਟਾਉਂਦਿਆਂ ਕਾਲੀਆਂ ਝੰਡੀਆਂ ਵੀ ਸ੍ਰੀ ਅਡਵਾਨੀ ਵੱਲ ਸੁੱਟੀਆਂ। ਇਸ ਮੌਕੇ ਹਾਜ਼ਰ ਪੁਲਿਸ ਦੇ ਜਵਾਨਾਂ ਨੇ ਤੁਰੰਤ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕਰ ਲਿਆ ਤੇ ਉਨ੍ਹਾਂ ਦੀ ਮਾਰ ਕੁਟਾਈ ਕਰਦਿਆਂ ਬਾਹਰ ਲੈ ਗਏ। ਇਸ ਕਾਰਵਾਈ ਦੌਰਾਨ ਪ੍ਰਦਰਸ਼ਨਕਾਰੀਆਂ ਦੀਆਂ ਦਸਤਾਰਾਂ ਵੀ ਡਿੱਗ ਪਈਆਂ ਤੇ ਕਈ ਜ਼ਖ਼ਮੀ ਹੋ ਗਏ। ਇਸ ਦੌਰਾਨ ਰੋਸ ਵਿਖਾਵਾ ਕਰਨ ਲਈ ਜਥੇਬੰਦੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੀ ਇੱਥੇ ਪੁੱਜੇ ਹੋਏ ਸਨ।

ਈਸਾਈ ਭਾਈਚਾਰੇ ਨਾਲ ਸਬੰਧਤ ਜਥੇਬੰਦੀ ਨੇ ਵੀ ਸਥਾਨਕ ਹਾਲ ਗੇਟ ਵਿਖੇ ਸ੍ਰੀ ਅਡਵਾਨੀ ਦੀ ਰੱਥ ਯਾਤਰਾ ਦੇ ਵਿਰੋਧ ਵਿਚ ਪੁਤਲਾ ਸਾੜਿਆ। ਰੱਥ ਯਾਤਰਾ ਸਬੰਧੀ ਸ਼ਹਿਰ ਵਿਚ ਕਈ ਥਾਂਵਾਂ 'ਤੇ ਕੰਧਾਂ ਉਪਰ ਇਸ਼ਤਿਹਾਰ ਲਾਏ ਹੋਏ ਸਨ। ਇਸ਼ਤਿਹਾਰ ਵਿਚ ਅਡਵਾਨੀ ਨੂੰ ਵਾਪਸ ਜਾਣ ਲਈ ਕਹਿੰਦਿਆਂ ਸਿੱਖਾਂ ਦਾ ਹੱਤਿਆਰਾ ਕਿਹਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪ੍ਰਕਾਸ਼ ਚੰਦ ਬਾਦਲ ਲਿਖਿਆ ਹੋਇਆ ਸੀ ਤੇ ਅਕਾਲ ਤਖ਼ਤ ਸਾਹਿਬ ਤੇ ਸਿੱਖ ਕੌਮ ਦੇ ਦੁਸ਼ਮਣਾਂ ਵਿਚ ਸਵਰਗੀ ਇੰਦਰਾ ਗਾਂਧੀ, ਲਾਲ ਕ੍ਰਿਸ਼ਨ ਅਡਵਾਨੀ, ਪ੍ਰਕਾਸ਼ ਸਿੰਘ ਬਾਦਲ, ਲਕਸ਼ਮੀ ਕਾਂਤਾ ਚਾਵਲਾ ਤੇ ਇਕ ਪੁਲਿਸ ਅਧਿਕਾਰੀ ਦੀਆਂ ਫੋਟੋਆਂ ਸ਼ਾਮਲ ਸਨ। ਇਹ ਇਸ਼ਤਿਹਾਰ ਕਈ ਥਾਂਵਾਂ ਤੋਂ ਪੁਲਿਸ ਵੱਲੋਂ ਉਤਾਰੇ ਵੀ ਗਏ।

ਪਹਿਲਾਂ ਪੰਜਾਬ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ (ਅ) ਖ਼ਿਲਾਫ਼ ਸਖਤੀ ਵਰਤਣੀ ਚਾਹੀ ਪਰ ਸਿੱਖਾਂ 'ਚ ਇਸ ਦਾ ਉਲਟਾ ਪ੍ਰਭਾਵ ਜਾਣ ਦੇ ਡਰੋਂ ਸਰਕਾਰ ਕੁਝ ਖਾਮੋਸ਼ ਹੋ ਗਈ। ਸ਼ੁਰੂ 'ਚ ਬਠਿੰਡਾ ਪੁਲਿਸ ਨੇ ਅਡਵਾਨੀ ਦੀ ਯਾਤਰਾ ਤੋਂ ਕੁਝ ਸਮਾਂ ਪਹਿਲਾਂ ਹੀ ਅਕਾਲੀ ਦਲ (ਅ) ਦੇ ਢਾਈ ਦਰਜਨ ਦੇ ਕਰੀਬ ਆਗੂਆਂ ਤੇ ਵਰਕਰਾਂ ਨੂੰ ਚੁੱਕ ਲਿਆ ਤੇ ਜਦੋਂ ਰਿਹਾ ਕੀਤਾ ਤਾਂ ਉਦੋਂ ਤੱਕ ਅਡਵਾਨੀ ਦੀ ਯਾਤਰਾ ਬਠਿੰਡਾ ਜ਼ਿਲ੍ਹੇ ਦੀ ਹੱਦ ਪਾਰ ਕਰ ਚੁੱਕੀ ਸੀ।

ਪੁਲਿਸ ਨੇ ਵਿਰੋਧ ਦੇ ਡਰੋਂ ਅਡਵਾਨੀ ਦੀ ਯਾਤਰਾ ਦਾ ਰੂਟ ਵੀ ਬਦਲ ਦਿੱਤਾ। ਸ਼ੁਰੂ 'ਚ ਤਾਂ ਮਾਲਵੇ ਦੇ ਰਸਤੇ ਪੰਜਾਬ 'ਚ ਦਾਖਲ ਹੋਈ ਅਡਵਾਨੀ ਦੀ ਯਾਤਰਾ ਦਾ ਅਕਾਲੀ-ਭਾਜਪਾ ਗਠਜੋੜ ਵੱਲੋਂ ਢੋਲ-ਢਮੱਕੇ ਨਾਲ ਸਵਾਗਤ ਕੀਤਾ ਗਿਆ। ਪੰਜਾਬ ਦੇਸ਼ ਦਾ 21ਵਾਂ ਰਾਜ ਹੈ ਜਿਸ 'ਚ ਜਨ ਚੇਤਨਾ ਯਾਤਰਾ ਪੁੱਜੀ ਹੈ।

ਸ੍ਰੀ ਅਡਵਾਨੀ ਦੇ ਸਵਾਗਤ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤਾਂ ਹਾਜ਼ਰ ਨਹੀਂ ਸਨ ਪਰ ਬਾਦਲ ਪਰਿਵਾਰ ਦੀ ਨੂੰਹ ਬੀਬੀ ਹਰਸਿਮਰਤ ਕੌਰ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ ਹਾਜ਼ਰ ਸਨ। ਹਰਸਿਮਰਤ ਨੇ ਸ੍ਰੀ ਅਡਵਾਨੀ ਨੂੰ ਕਿਰਪਾਨ ਭੇਟ ਕੀਤੀ ਜਦੋਂਕਿ ਸ੍ਰੀ ਭੂੰਦੜ ਨੇ ਸਿਰੋਪਾਓ ਭੇਟ ਕੀਤਾ। ਅਕਾਲੀ ਦਲ ਤੇ ਭਾਜਪਾ ਵਰਕਰਾਂ ਨੇ ਚੇਤਨਾ ਯਾਤਰਾ ਵਾਲੀ ਬੱਸ 'ਤੇ ਫੁੱਲਾਂ ਦੀ ਵਰਖਾ ਵੀ ਕੀਤੀ।



*ਪੁਲਿਸ ਵੱਲੋਂ ਵਿਖਾਵਾ ਕਰਨ ਵਾਲਿਆਂ ਦੀ ਕੀਤੀ ਖਿੱਚ-ਧੂਹ ਦਾ ਦ੍ਰਿਸ਼।*

# ਮਨੀਲਾ 'ਚ 3 ਪੰਜਾਬੀ ਯੁਵਕਾਂ ਦੀ ਹੱਤਿਆ

**ਹੁਸ਼ਿਆਰਪੁਰ:** ਮਨੀਲਾ ਵਿਚ ਤਿੰਨ ਪੰਜਾਬੀ ਨੌਜਵਾਨਾਂ ਦੀ ਹੱਤਿਆ ਕਰ ਦਿੱਤੀ ਗਈ ਜਿਨ੍ਹਾਂ 'ਚ ਪਿੰਡ ਪਨਾਮ ਦੇ ਦੋ ਸਕੇ ਭਰਾ ਸ਼ਾਮਲ ਹਨ। ਹਾਸਲ ਜਾਣਕਾਰੀ ਅਨੁਸਾਰ ਪਿੰਡ ਪਨਾਮ ਦੇ ਵਾਸੀ ਸੁਖਵਿੰਦਰ ਸਿੰਘ (26) ਤੇ ਮਨਜੀਤ ਸਿੰਘ (28) ਪੁੱਤਰ ਦਰਸ਼ਨ ਸਿੰਘ ਤਕਰੀਬਨ ਚਾਰ ਕੁ ਸਾਲ ਤੋਂ ਰੋਜ਼ੀ ਰੋਟੀ ਲਈ ਮਨੀਲਾ ਗਏ ਹੋਏ ਸਨ। ਦੋਵੇਂ ਭਰਾ ਜਦੋਂ ਆਪਣੇ ਕੰਮ 'ਤੇ ਜਾ ਰਹੇ ਸਨ ਤਾਂ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਨੂੰ ਗੋਲੀਆਂ ਮਾਰ ਦਿੱਤੀਆਂ ਜਿਸ ਕਾਰਨ ਸੁਖਵਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਮਨਜੀਤ ਦੀ ਹਸਪਤਾਲ ਜਾਂਦਿਆਂ ਮੌਤ ਹੋ ਗਈ।

ਮ੍ਰਿਤਕਾਂ ਦੇ ਪਿਤਾ ਦਰਸ਼ਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਦੋ ਬੇਟੇ ਤੇ ਇਕ ਲੜਕੀ ਹੈ। ਲੜਕੀ ਵਿਆਹੀ ਹੋਈ ਹੈ ਤੇ ਲੜਕੇ ਅਜੇ ਕੁਆਰੇ ਸਨ। ਉਹੀ ਉਨ੍ਹਾਂ ਦਾ ਸਹਾਰਾ ਸਨ ਜੋ ਪਰਿਵਾਰ ਲਈ ਰਿਜ਼ਕ ਕਮਾਉਣ ਬਾਹਰ ਗਏ ਹੋਏ ਸਨ। ਇਸੇ ਤਰ੍ਹਾਂ ਆਪਣੇ ਘਰ ਦੀ ਗਰੀਬੀ ਦੂਰ ਕਰਨ ਲਈ ਤਕਰੀਬਨ ਡੇਢ ਸਾਲ ਪਹਿਲਾਂ ਮਨੀਲਾ ਗਏ ਜ਼ਿਲ੍ਹੇ ਦੇ ਪਿੰਡ ਸਾਫੂਵਾਲਾ ਦੇ ਵਸਨੀਕ ਲਖਵੀਰ ਸਿੰਘ (20) ਨੂੰ ਲੁਟੇਰਾ ਗਰੋਹ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ।

ਲਖਵੀਰ ਸਿੰਘ ਦੇ ਪਿਤਾ ਜਗਦੇਵ ਸਿੰਘ ਤੇ ਭਰਾ ਜਗਸੀਰ ਸਿੰਘ ਨੇ ਦੱਸਿਆ ਕਿ ਉਸ ਨੂੰ ਕਰਜ਼ਾ ਲੈ ਕੇ ਮਨੀਲਾ ਭੇਜਿਆ ਸੀ ਜਿਥੇ ਉਹ ਫਾਈਨਾਂਸ ਦਾ ਕੰਮ ਚਲਾ ਰਿਹਾ ਸੀ। 10 ਨਵੰਬਰ ਨੂੰ ਸ਼ਾਮ ਨੂੰ ਜਦੋਂ ਉਹ ਕੰਮ ਤੋਂ ਵਾਪਸ ਜਾ ਰਿਹਾ ਸੀ ਤਾਂ ਲੁਟੇਰਾ ਗਰੋਹ ਨੇ ਉਸ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਜਗਸੀਰ ਨੇ ਕਿਹਾ ਕਿ ਪਿੰਡ ਦੇ ਮਨੀਲਾ ਰਹਿੰਦੇ ਦੋ ਹੋਰ ਨੌਜਵਾਨਾਂ ਨੇ ਪਰਿਵਾਰ ਨੂੰ ਫੋਨ ਰਾਹੀਂ ਇਹ ਜਾਣਕਾਰੀ ਦਿੱਤੀ ਕਿ ਲਖਵੀਰ ਦੀ ਹੱਤਿਆ ਹੋ ਗਈ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਜ਼ਿਲ੍ਹੇ ਦੇ ਪਿੰਡ ਦੁਸਾਂਝ ਕਲਾਂ, ਰਾਓਕੇ ਕਲਾਂ, ਚੜਿੱਕ ਤੇ ਭਿੰਡਰ ਖੁਰਦ ਦੇ ਨੌਜਵਾਨਾਂ ਦਾ ਵੀ ਮਨੀਲਾ ਵਿਚ ਕਤਲ ਹੋ ਚੁੱਕਿਆ ਹੈ। ਮ੍ਰਿਤਕ ਲਖਵੀਰ ਸਿੰਘ ਦੇ ਪਿਤਾ ਜਗਦੇਵ ਸਿੰਘ ਨੇ ਭਾਰਤ ਦੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਭਾਰਤ ਸਰਕਾਰ ਰਾਹੀਂ ਮਨੀਲਾ ਸਰਕਾਰ ਨਾਲ ਗੱਲਬਾਤ ਕਰ ਕੇ ਹਤਿਆਰੇ ਗਰੋਹਾਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਈ ਜਾਵੇ।

# ਪਾਕਿਸਤਾਨ ਵੱਲੋਂ ਭਾਰਤ ਨਾਲ ਖੁੱਲ੍ਹੇ ਵਪਾਰ ਲਈ ਸਹਿਮਤੀ

**ਨਵੀਂ ਦਿੱਲੀ:** ਭਾਰਤ ਤੇ ਪਾਕਿਸਤਾਨ ਵਿਚਕਾਰ ਵਪਾਰਕ ਸਬੰਧ ਸੁਧਾਰਨ ਲਈ ਅਗਲਾ ਕਦਮ ਚੁੱਕਦਿਆਂ ਪਾਕਿਸਤਾਨ ਨੇ ਅਗਲੇ ਸਾਲ ਫਰਵਰੀ ਵਿਚ ਵੱਡੀ ਗਿਣਤੀ ਭਾਰਤੀ ਵਸਤਾਂ ਲਈ ਆਪਣੀ ਮੰਡੀ ਖੋਲ੍ਹਣ ਬਾਰੇ ਸਹਿਮਤੀ ਦਿੱਤੀ ਹੈ ਪਰ ਭਾਰਤ ਨੂੰ 'ਅੱਵਲ ਤਰਜੀਹੀ ਮੁਲਕ' ਦਾ ਦਰਜਾ ਦੇਣ ਬਾਰੇ ਕੋਈ ਪੱਕਾ ਵਾਅਦਾ ਨਹੀਂ ਕੀਤਾ।

ਦੋਹਾਂ ਮੁਲਕਾਂ ਦੇ ਵਣਜ ਸਕੱਤਰਾਂ ਵਿਚਕਾਰ ਹੋਈ ਦੋ ਦਿਨਾਂ ਗੱਲਬਾਤ ਤੋਂ ਬਾਅਦ ਸਾਂਝੇ ਬਿਆਨ ਵਿਚ ਉਨ੍ਹਾਂ ਕਿਹਾ ਕਿ ਦੋਹਾਂ ਮੁਲਕਾਂ ਵਿਚਕਾਰ ਵਪਾਰਕ ਸਬੰਧ ਸੁਧਾਰਨ ਲਈ ਲੜੀ ਤਹਿਤ ਕਦਮ ਚੁੱਕੇ ਜਾਣਗੇ ਜਿਸ ਤਹਿਤ ਲਏ ਗਏ ਫੈਸਲਿਆਂ ਤੋਂ ਬਾਅਦ ਨੈਗਟਿਵ ਸੂਚੀ ਵਿਚਲੀਆਂ ਵਸਤਾਂ ਨੂੰ ਛੱਡ ਕੇ ਬਾਕੀ ਸਾਰੀਆਂ ਵਸਤਾਂ ਭਾਰਤ ਵੱਲੋਂ ਮੁਕਤ ਰੂਪ ਵਿਚ ਪਾਕਿਸਤਾਨ ਨੂੰ ਨਿਰਯਾਤ ਕੀਤੀਆਂ ਜਾ ਸਕਣਗੀਆਂ।

ਭਾਰਤ ਨੂੰ ਅੱਵਲ ਤਰਜੀਹੀ ਮੁਲਕ (ਐਮ.ਐਫ.ਐਨ.) ਦਾ ਦਰਜਾ ਦੇਣ ਬਾਰੇ ਪਾਕਿਸਤਾਨ ਦੇ ਵਣਜ ਸਕੱਤਰ ਜ਼ਫਰ ਮਹਿਮੂਦ ਨੇ ਕਿਹਾ ਕਿ ਐਮ.ਐਫ.ਐਨ. ਕੋਈ ਪੁਰਸਕਾਰ ਜਾਂ ਡਿਗਰੀ ਨਹੀਂ। ਇਸ ਲਈ ਕਿਸੇ ਨੋਟੀਫਿਕੇਸ਼ਨ ਜਾਂ ਦਸਤਾਵੇਜ਼ ਦੀ ਲੋੜ ਨਹੀਂ। ਭਾਰਤ ਦੇ ਵਣਜ ਸਕੱਤਰ ਰਾਹੁਲ ਖੁੱਲ੍ਹਰ ਨੇ ਕਿਹਾ ਕਿ ਦੋਹਾਂ ਮੁਲਕਾਂ ਦੇ ਵਪਾਰਕ ਸਬੰਧ ਚੰਗੇ ਹਾਲਾਤ ਵਲ ਵੱਧ ਰਹੇ ਹਨ। ਇਸ ਵੇਲੇ ਭਾਰਤ ਪਾਕਿਸਤਾਨ ਨੂੰ ਸਿਰਫ 1900 ਵਸਤਾਂ ਨਿਰਯਾਤ ਕਰ ਸਕਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

## ਬਸਪਾ ਨਾਲ ਸੀਟਾਂ ਦਾ ਲੈਣ-ਦੇਣ ਕਰਨ ਦੀ ਆਸ: ਮਨਪ੍ਰੀਤ ਬਾਦਲ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ਼ ਪੰਜਾਬ, ਖੱਬੇਪੱਖੀ ਤੇ ਹੋਰ ਪਾਰਟੀਆਂ ਵੱਲੋਂ ਮਿਲ ਕੇ ਬਣਾਏ ਸਾਂਝੇ ਫਰੰਟ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਦੀਆਂ ਸਾਰੀਆਂ 117 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਜਾਣਗੇ। ਇਸ ਬਾਰੇ ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਵੱਲੋਂ ਪੀ.ਪੀ.ਪੀ. ਦੇ ਚੋਣ ਨਿਸ਼ਾਨ 'ਤੇ ਹੀ ਉਮੀਦਵਾਰ ਖੜ੍ਹੇ ਕੀਤੇ ਜਾਣਗੇ।

ਸਾਂਝੇ ਫਰੰਟ ਵਿਚ ਸ਼ਾਮਲ ਖੱਬੀਆਂ ਪਾਰਟੀਆਂ ਸੀ.ਪੀ.ਆਈ. ਤੇ ਸੀ.ਪੀ.ਐਮ. ਵੱਲੋਂ ਆਪੋ ਆਪਣੇ ਚੋਣ ਨਿਸ਼ਾਨਾਂ 'ਤੇ ਵਿਧਾਨ ਸਭਾ ਚੋਣ ਲੜੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਂਝੇ ਫਰੰਟ ਵੱਲੋਂ ਬਹੁਜਨ ਸਮਾਜ ਪਾਰਟੀ ਨਾਲ ਵੀ ਗੱਲਬਾਤ ਜਾਰੀ ਹੈ। ਸ. ਬਾਦਲ ਦਾ ਕਹਿਣਾ ਹੈ ਕਿ ਬਸਪਾ ਚੋਣ ਗੱਠਜੋੜ ਦਾ ਹਿੱਸਾ ਤਾਂ ਸ਼ਾਇਦ ਨਾ ਬਣੇ ਪਰ ਇਹ ਗੱਲ ਸੰਭਵ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਬਸਪਾ ਦੇ ਸਾਂਝੇ ਮੋਰਚੇ ਦਰਮਿਆਨ ਸੀਟਾਂ ਦਾ ਲੈਣ-ਦੇਣ ਹੋ ਜਾਵੇ। ਉਨ੍ਹਾਂ ਕਿਹਾ ਕਿ ਕੁਝ ਸੀਟਾਂ ਬਸਪਾ ਸਾਂਝੇ ਫਰੰਟ ਲਈ ਤੇ ਕੁਝ ਉਹ ਬਸਪਾ ਲਈ ਛੱਡ ਸਕਦੇ ਹਨ। ਸ. ਬਾਦਲ ਨੇ ਕਿਹਾ ਕਿ ਸਾਂਝੇ ਫਰੰਟ ਦਾ ਸਾਂਝਾ ਰਾਜਸੀ ਪ੍ਰੋਗਰਾਮ ਤੇ ਏਜੰਡਾ ਹੋਵੇਗਾ ਜਿਸ ਦਾ ਐਲਾਨ ਜਲਦੀ ਹੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਿਸ ਸੁਧਾਰ, ਪ੍ਰਸ਼ਾਸਕੀ ਸੁਧਾਰ ਆਦਿ ਪ੍ਰਮੁੱਖ ਏਜੰਡਾ ਹੋਵੇਗਾ। ਪੀ.ਪੀ.ਪੀ. ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਸੱਤਾ ਤਬਦੀਲੀ ਲਈ ਤੀਜੀ ਧਿਰ ਦੀ ਹਮਾਇਤ ਦਾ ਮਨ ਬਣਾ ਚੁੱਕੇ ਹਨ ਤੇ ਆਉਣ ਵਾਲੇ ਨਤੀਜੇ ਇਤਿਹਾਸਕ ਹੋ ਸਕਦੇ ਹਨ।

## ਗੁਜਰਾਤ ਵਿਚ ਫਰਜ਼ੀ ਮੁਕਾਬਲਿਆਂ ਦੀ ਜਾਂਚ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਗੁਜਰਾਤ ਵਿਚ 2002 ਤੋਂ 2006 ਵਿਚਾਲੇ ਹੋਏ ਫਰਜ਼ੀ ਮੁਕਾਬਲਿਆਂ ਨਾਲ ਸਬੰਧਤ ਦੋ ਪਟੀਸ਼ਨਾਂ ਉਤੇ ਅਗਲੇ ਸਾਲ ਜਨਵਰੀ ਵਿਚ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ।

ਇਨ੍ਹਾਂ ਮੁਕਾਬਲਿਆਂ ਵਿਚ ਕਥਿਤ ਤੌਰ 'ਤੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਵਿਅਕਤੀਆਂ ਨੂੰ ਅਤਿਵਾਦੀ ਦੱਸ ਕੇ ਨਿਸ਼ਾਨਾ ਬਣਾਇਆ ਗਿਆ ਸੀ। ਇਸ ਦੌਰਾਨ ਗੁਜਰਾਤ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਕਥਿਤ ਫਰਜ਼ੀ ਮੁਕਾਬਲਿਆਂ ਦੇ ਸਾਰੇ ਮਾਮਲਿਆਂ ਦੀ ਪੜਤਾਲ ਲਈ ਉਸ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਐਮ.ਬੀ. ਸ਼ਾਹ ਦੀ ਅਗਵਾਈ ਵਿਚ ਟਾਸਕ ਫੋਰਸ ਬਣਾਉਣ ਦਾ ਫੈਸਲਾ ਕੀਤਾ ਹੈ।

# ਕਲਾਮ ਦੀ ਤਲਾਸ਼ੀ ਦੇ ਮਾਮਲੇ 'ਤੇ ਅਮਰੀਕਾ ਨੇ ਮੁਆਫੀ ਮੰਗੀ

**ਨਵੀਂ ਦਿੱਲੀ:** ਨਿਊ ਯਾਰਕ ਦੇ ਜੇ.ਐਫ.ਕੇ. ਹਵਾਈ ਅੱਡੇ 'ਤੇ ਦੋ ਵਾਰ ਤਲਾਸ਼ੀ ਲਏ ਜਾਣ 'ਤੇ ਅਮਰੀਕਾ ਨੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਤੋਂ ਮੁਆਫੀ ਮੰਗੀ ਹੈ। ਇਸ ਘਟਨਾ 'ਤੇ ਭਾਰਤ ਨੇ ਤਿੱਖੀ ਪ੍ਰਤੀਕਿਰਿਆ ਕਰਦਿਆਂ ਜਵਾਬੀ ਕਾਰਵਾਈ ਕਰਨ ਦੀ ਚੇਤਾਵਨੀ ਦਿੱਤੀ ਸੀ।

ਸ੍ਰੀ ਕਲਾਮ ਅਤੇ ਭਾਰਤ ਸਰਕਾਰ ਨੂੰ ਲਿਖੇ ਗਏ ਮੁਆਫੀ ਪੱਤਰ ਵਿਚ ਅਮਰੀਕਾ ਨੇ ਲਿਖਿਆ ਹੈ ਕਿ ਸਨਮਾਨਯੋਗ ਹਸਤੀਆਂ ਦੀ ਸਕਰੀਨਿੰਗ ਦਾ ਢੁੱਕਵਾਂ ਢੰਗ-ਤਰੀਕਾ ਇਸ ਮੌਕੇ ਅਮਲ 'ਚ ਨਹੀਂ ਲਿਆਂਦਾ ਗਿਆ ਸੀ। ਪੱਤਰ ਵਿਚ ਕਿਹਾ ਗਿਆ ਹੈ ਕਿ ਨਿਊ ਯਾਰਕ ਹਵਾਈ ਅੱਡੇ 'ਤੇ 29 ਸਤੰਬਰ ਨੂੰ ਸੁਰੱਖਿਆ ਜਾਂਚ ਨੂੰ ਲੈ ਕੇ ਹੋਈ ਘਟਨਾ ਕਾਰਨ ਸ੍ਰੀ ਕਲਾਮ ਨੂੰ ਹੋਈ ਅਸੁਵਿਧਾ ਲਈ ਅਮਰੀਕਾ ਨੂੰ ਅਫਸੋਸ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਭਵਿੱਖ ਵਿਚ ਅਜਿਹਾ ਦੁਹਰਾਉ ਰੋਕਣ ਲਈ ਵੀ ਅਮਰੀਕਾ ਸਰਗਰਮੀ ਨਾਲ ਕੰਮ ਕਰ ਰਿਹਾ ਹੈ।

ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਭਾਰਤ ਨੇ ਸਖ਼ਤ ਜਵਾਬੀ ਕਾਰਵਾਈ ਦੀ ਚੇਤਾਵਨੀ ਦਿੱਤੀ। ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਅਮਰੀਕਾ 'ਚ ਭਾਰਤ ਦੀ ਸਫ਼ੀਰ ਨਿਰੂਪਮਾ ਰਾਓ ਨੂੰ ਲਿਖਤੀ ਰੂਪ 'ਚ ਇਹ ਮਾਮਲਾ ਵਾਸ਼ਿੰਗਟਨ ਵਿਚ ਉੱਚ ਪੱਧਰ 'ਤੇ ਪੇਸ਼ ਕਰਨ ਲਈ ਕਿਹਾ ਗਿਆ ਸੀ।

80 ਸਾਲਾ ਸ੍ਰੀ ਕਲਾਮ ਦੀ 29 ਸਤੰਬਰ ਨੂੰ ਨਿਊ ਯਾਰਕ ਵਿਚ ਏਅਰ ਇੰਡੀਆ ਦੇ ਜਹਾਜ਼ ਵਿਚ ਚੜ੍ਹਨ ਤੋਂ ਪਹਿਲਾਂ ਤਲਾਸ਼ੀ ਲਈ ਗਈ ਸੀ। ਸੂਤਰਾਂ ਅਨੁਸਾਰ ਜਦੋਂ ਉਹ ਜਹਾਜ਼ 'ਚ ਆਪਣੀ ਸੀਟ 'ਤੇ ਵੀ ਬੈਠ ਚੁੱਕੇ ਸਨ ਤਾਂ ਸੁਰੱਖਿਆ ਅਮਲੇ ਨੇ ਜਹਾਜ਼ ਦੇ ਅਮਲੇ ਤੋਂ ਜਬਰੀ ਦਰਵਾਜ਼ਾ ਖੁਲ੍ਹਵਾਇਆ ਅਤੇ ਸ੍ਰੀ ਕਲਾਮ ਦੀ ਜਾਕਟ ਤੇ ਬੂਟ ਲੈ ਗਏ ਤਾਂ ਕਿ ਇਨ੍ਹਾਂ ਵਿਚ ਧਮਾਕਾਖੇਜ਼ ਸਮੱਗਰੀ ਹੋਣ ਦੀ ਜਾਂਚ ਕੀਤੀ ਜਾ ਸਕੇ।




Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਹਿੰਦੂ ਸਮਿਤੀ ਕਾਰਕੁਨਾਂ ਵੱਲੋਂ ਹਵਾਰਾ ਤੇ ਭਿਓਰਾ 'ਤੇ ਹਮਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਬੇਅੰਤ ਸਿੰਘ ਹੱਤਿਆ ਕਾਂਡ ਦੇ ਮੁਲਜ਼ਮ ਤੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਆਗੂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ 'ਤੇ ਚੰਡੀਗੜ੍ਹ ਸੈਕਟਰ 17 ਵਿਚ ਹਿੰਦੂ ਸੰਗਠਨਾਂ ਦੇ ਆਗੂਆਂ ਨੇ ਹਮਲਾ ਕਰ ਦਿੱਤਾ। ਇਸ ਮੌਕੇ ਪੁਲੀਸ ਦੇ ਹੱਥੋਂ ਸਭ ਬੇਕਾਬੂ ਹੋ ਗਿਆ ਤੇ ਹਮਲਾਵਰ ਦਾ ਮੁਕਾਬਲਾ ਖੁਦ ਸ. ਹਵਾਰਾ ਨੇ ਹੀ ਕੀਤਾ ਤੇ ਬੜੀ ਚੁਸਤੀ ਨਾਲ ਉਸ ਨੂੰ ਧੱਫਾ ਮਾਰ ਕੇ ਹੇਠਾਂ ਸੁੱਟ ਦਿੱਤਾ। ਸ. ਹਵਾਰਾ ਦੀ ਭੈਣ ਕੁਲਵੰਤ ਕੌਰ ਨੇ ਦੋਸ਼ ਲਾਇਆ ਕਿ ਪੁਲਿਸ ਉਨ੍ਹਾਂ ਨੂੰ ਅੰਮ੍ਰਿਤਧਾਰੀ ਸਿੱਖ ਹੋਣ ਦੀ ਸਜ਼ਾ ਦੇ ਰਹੀ ਹੈ ਕਿਉਂਕਿ ਹਰੇਕ ਪੇਸ਼ੀ ਦੌਰਾਨ ਉਸ ਨੂੰ ਤਾਂ ਆਪਣੇ ਵੀਰ ਦੇ ਨੇੜੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਜਦਕਿ ਹਮਲਾਵਰਾਂ ਨੂੰ ਪੂਰੀਆਂ ਛੋਟਾਂ ਹਨ।

ਉਨ੍ਹਾਂ ਸ਼ੰਕਾ ਜ਼ਾਹਿਰ ਕੀਤਾ ਕਿ ਅਜਿਹੇ ਅਨਸਰ ਹਵਾਰਾ ਤੇ ਭਿਓਰਾ ਉਪਰ ਤੇਜ਼ਾਬ ਸੁੱਟ ਸਕਦੇ ਹਨ ਤੇ ਗੋਲੀ ਵੀ ਮਾਰ ਸਕਦੇ ਹਨ। ਧਰਮ ਸਿੰਘ ਖਾਲਸਾ ਚੈਰੀਟੇਬਲ ਟਰੱਸਟ ਅੰਮ੍ਰਿਤਸਰ ਦੀ ਚੇਅਰਪਰਸਨ ਸੰਦੀਪ ਕੌਰ ਨੇ ਕਿਹਾ ਕਿ ਇਹ ਸਭ ਕੁਝ ਪੁਲਿਸ ਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ ਤਾਂ ਜੋ ਹਵਾਰਾ ਤੇ ਭਿਓਰਾ ਦੀ ਸੁਣਵਾਈ ਖੁੱਲ੍ਹੀ ਅਦਾਲਤ ਵਿਚ ਨਾ ਹੋ ਸਕੇ ਤੇ ਇਹ ਵੀਡੀਉ ਕਾਨਫਰੰਸ ਰਾਹੀਂ ਜੇਲ੍ਹ ਵਿਚ ਹੀ ਕੀਤੀ ਜਾ ਸਕੇ।

ਜ਼ਿਕਰਯੋਗ ਹੈ ਕਿ ਆਲ ਇੰਡੀਆ ਹਿੰਦੂ ਸੁਰੱਖਿਆ ਸਮਿਤੀ ਨੇ ਕਈ ਦਿਨ ਪਹਿਲਾਂ ਸ. ਹਵਾਰਾ ਦੀ ਪੇਸ਼ੀ ਮੌਕੇ ਉਨ੍ਹਾਂ 'ਤੇ ਹਮਲਾ ਕਰਨ ਦਾ ਸ਼ਰ੍ਹੇਆਮ ਐਲਾਨ ਕੀਤਾ ਸੀ ਪਰ ਚੰਡੀਗੜ੍ਹ ਪੁਲਿਸ ਸਮੇਤ ਹੋਰ ਸੁਰੱਖਿਆ ਏਜੰਸੀਆਂ ਹਮਲਾਵਰਾਂ ਨੂੰ ਪਹਿਲਾਂ ਕਾਬੂ ਕਰਨ ਵਿਚ ਨਾਕਾਮ ਰਹੀਆਂ। ਇਸ ਘਟਨਾ ਤੋਂ ਬਾਅਦ ਸ. ਹਵਾਰਾ ਤੇ ਸ. ਭਿਓਰਾ ਦੇ ਹਮਾਇਤੀਆਂ ਨੇ ਵੀ ਨਾਅਰੇਬਾਜ਼ੀ ਕੀਤੀ। ਹਾਸਲ ਜਾਣਕਾਰੀ ਅਨੁਸਾਰ 11 ਨਵੰਬਰ ਨੂੰ ਦਿੱਲੀ ਪੁਲਿਸ ਦੀ ਟੀਮ ਸ. ਹਵਾਰਾ ਤੇ ਸ. ਭਿਓਰਾ ਨੂੰ ਸੁਰੱਖਿਆ ਪ੍ਰਬੰਧਾਂ ਹੇਠ ਤਿਹਾੜ ਜੇਲ੍ਹ ਦਿੱਲੀ ਤੋਂ ਇਥੇ ਜ਼ਿਲ੍ਹਾ ਅਦਾਲਤਾਂ ਵਿਚ ਬੁੜੈਲ ਜੇਲ੍ਹ ਬਰੇਕ ਕੇਸ ਦੇ ਮਾਮਲੇ ਵਿਚ ਪੇਸ਼ ਕਰਨ ਆਈ ਸੀ।

ਬਾਕਾਇਦਾ ਚੰਡੀਗੜ੍ਹ ਪੁਲਿਸ ਦੇ ਆਪ੍ਰੇਸ਼ਨ ਸੈਲ ਦੀ ਟੀਮ ਜ਼ੀਰਕਪੁਰ-ਚੰਡੀਗੜ੍ਹ ਬੈਰੀਅਰ ਤੋਂ ਦਿੱਲੀ ਦੀ ਟੀਮ ਦੀ ਅਗਵਾਈ ਕਰਕੇ ਇਥੇ ਸੈਕਟਰ 17 ਪੁੱਜੀ ਸੀ। ਸਵੇਰੇ 11 ਵਜੇ ਜਦੋਂ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਸੈਕਟਰ 17 ਥਾਣੇ



ਦੀ ਮੂਹਰਲੀ ਸੜਕ 'ਤੇ ਹਵਾਰਾ ਤੇ ਭਿਓਰਾ ਨੂੰ ਬੱਸ ਵਿਚੋਂ ਉਤਾਰ ਕੇ ਜ਼ਿਲ੍ਹਾ ਅਦਾਲਤਾਂ ਦੇ ਮੁੱਖ ਗੇਟ ਦੇ ਅੰਦਰ ਵਾੜਿਆ ਤਾਂ ਉਥੇ ਪਹਿਲਾਂ ਹੀ ਮੌਜੂਦ ਹਿੰਦੂ ਸੁਰੱਖਿਆ ਸਮਿਤੀ ਦੇ ਚਾਰ ਕਾਰਕੁਨ ਹਰ ਹਰ ਮਹਾਂਦੇਵ ਦੇ ਨਾਅਰੇ ਲਾਉਂਦੇ ਹਵਾਰੇ ਵੱਲ ਵਧੇ। ਉਨ੍ਹਾਂ ਵਿਚੋਂ ਹਿੰਦੂ ਸੁਰੱਖਿਆ ਸਮਿਤੀ ਦੇ ਯੂਥ ਵਿੰਗ ਦੀ ਪੰਜਾਬ ਇਕਾਈ ਦਾ ਪ੍ਰਧਾਨ ਨਿਸ਼ਾਂਤ ਸ਼ਰਮਾ ਬੜੀ ਤੇਜ਼ੀ ਨਾਲ ਸ. ਹਵਾਰਾ ਵੱਲ ਵਧਿਆ ਤੇ ਢੁੱਡ ਮਾਰ ਕੇ ਉਨ੍ਹਾਂ ਨੂੰ ਹੇਠਾਂ ਸੁੱਟਣ ਦਾ ਯਤਨ ਕੀਤਾ। ਅੱਗੋਂ ਹਵਾਰੇ ਨੇ ਬੜੀ ਫੁਰਤੀ ਨਾਲ ਆਪਣੇ-ਆਪ ਨੂੰ ਸਾਂਭਦਿਆਂ ਉਲਟਾ ਨਿਸ਼ਾਂਤ 'ਤੇ ਵਾਰ ਕੀਤਾ ਤੇ ਉਸ ਦੇ ਸਿਰ 'ਤੇ ਏਨੇ ਜ਼ੋਰ ਨਾਲ ਧੱਫਾ ਮਾਰਿਆ ਕਿ ਉਹ ਹੇਠਾਂ ਡਿੱਗ ਗਿਆ। ਉਧਰ ਆਪ੍ਰੇਸ਼ਨ ਸੈੱਲ ਦੇ ਇੰਸਪੈਕਟਰ ਦਲਸ਼ੇਰ ਸਿੰਘ ਚੰਦੇਲ ਨੇ ਤੁਰੰਤ ਹਮਲਾਵਰ ਨੂੰ ਕਾਬੂ ਕਰ ਲਿਆ ਤੇ ਹੋਰ ਪੁਲਿਸ ਮੁਲਾਜ਼ਮਾਂ ਨੇ ਦੂਸਰੇ ਤਿੰਨ ਹਮਲਾਵਰਾਂ ਨੂੰ ਵੀ ਢਾਹ ਲਿਆ।

ਇਸ ਮੌਕੇ ਹਵਾਰੇ ਦੇ ਇਕ ਗੁੱਟ 'ਤੇ ਹੱਥਕੜੀ ਲੱਗੀ ਸੀ ਜਦਕਿ ਭਿਓਰੇ ਦੇ ਹੱਥਕੜੀਆਂ ਨਹੀਂ ਲੱਗੀਆਂ ਸਨ। ਬੜੇ ਗੁੱਸੇ ਵਿਚ ਆਏ ਹਵਾਰੇ ਨੇ ਹਮਲਾਵਰਾਂ ਨੂੰ ਚੁਣੌਤੀ ਦਿੱਤੀ ਕਿ ਉਹ ਖੁੱਲ੍ਹੇ ਮੈਦਾਨ ਵਿਚ ਆਉਣ ਦੀ ਹਿੰਮਤ ਕਰਨ। ਇਸ ਤੋਂ ਫੌਰੀ ਬਾਅਦ ਪੁਲਿਸ ਹੈਡਕੁਆਰਟਰ ਦੀਆਂ ਘੰਟੀਆਂ ਖੜਕ ਗਈਆਂ ਤੇ ਏ.ਐਸ.ਪੀ. (ਸੈਂਟਰਲ) ਸਮੇਤ ਵੱਡੀ ਗਿਣਤੀ 'ਚ ਪੁੱਜੀ ਫੋਰਸ ਨੇ ਜ਼ਿਲ੍ਹਾ ਕਚਹਿਰੀਆਂ ਦੇ ਕੰਪਲੈਕਸ ਨੂੰ ਚੁਫੇਰਿਓਂ ਘੇਰ ਲਿਆ। ਬਾਅਦ ਵਿਚ ਇੰਸਪੈਕਟਰ ਚੰਦੇਲ ਨਾਲ ਜੇਲ੍ਹ ਬਰੇਕ ਕੇਸ ਦੇ ਮਾਮਲੇ ਵਿਚ ਹੀ ਪੇਸ਼ੀ ਭੁਗਤਣ ਆਏ ਲਖਬੀਰ ਸਿੰਘ ਲੱਖਾ ਨਾਲ ਗਰਮਾ-ਗਰਮੀ ਹੁੰਦੀ ਰਹੀ। ਹਵਾਰੇ 'ਤੇ ਹਮਲਾ ਕਰਨ ਵਾਲਿਆਂ ਦੀ ਪਛਾਣ ਨਿਸ਼ਾਂਤ ਸ਼ਰਮਾ, ਸਮਿਤੀ ਦੇ ਪੰਜਾਬ ਦੇ ਆਗੂ ਰਮੇਸ਼ ਕੁਮਾਰ ਦੱਤ, ਮਨੀਸ਼ ਸੂਦ ਤੇ ਆਸ਼ੂਤੋਸ਼ ਗੌਤਮ ਵਜੋਂ ਹੋਈ ਹੈ। ਹਮਲਾਵਰਾਂ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 186, 332, 341 ਤੇ 353 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮੌਕੇ ਪੰਥਕ ਵਿਚਾਰ ਮੰਚ ਦੇ ਪ੍ਰਧਾਨ ਬਲਜੀਤ ਸਿੰਘ ਖਾਲਸਾ ਵੀ ਸਿੱਖਾਂ ਨਾਲ ਹੁੰਦੀਆਂ ਜ਼ਿਆਦਤੀਆਂ ਦੀਆਂ ਤਖਤੀਆਂ ਲੈ ਦੇ ਕਚਹਿਰੀਆਂ ਵਿਚ ਪੁੱਜਾ ਪਰ ਪੁਲਿਸ ਨੇ ਮੌਕੇ 'ਤੇ ਹੀ ਤਖਤੀਆਂ ਆਪਣੇ ਕਬਜ਼ੇ ਹੇਠ ਲੈ ਲਈਆਂ।

ਸ਼੍ਰੋਮਣੀ ਅਕਾਲੀ ਦਲ (ਮਾਨ) ਦੇ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ, ਮੁਹਾਲੀ ਦੇ ਪ੍ਰਧਾਨ ਕੁਲਦੀਪ ਸਿੰਘ ਭਾਗੋਵਾਲ ਨੇ ਕਿਹਾ ਕਿ ਹਿੰਦੂ ਸੰਗਠਨ ਅਜਿਹੀਆਂ ਕਾਰਵਾਈਆਂ ਕਰਕੇ ਖੁਦ ਦਹਿਸ਼ਤ ਫੈਲਾਉਣਾ ਚਾਹੁੰਦੇ ਹਨ ਕਿਉਂਕਿ ਹੁਣ ਉਹ ਮੁਲਜ਼ਮਾਂ ਨੂੰ ਅਦਾਲਤ ਵਿਚ ਆਪਣੀ ਗੱਲ ਕਹਿਣ ਤੋਂ ਵੀ ਰੋਕਣਾ ਚਾਹ ਰਹੇ ਹਨ। ਅਦਾਲਤ ਵਿਚ ਜੇਲ੍ਹ ਬਰੇਕ ਕੇਸ ਬਾਬਤ ਚੰਡੀਗੜ੍ਹ ਪੁਲਿਸ ਦੇ ਡੀ.ਐਸ.ਪੀ. ਜਗਬੀਰ ਸਿੰਘ ਤੇ ਸਬ ਇੰਸਪੈਕਟਰ ਸੁਰਿੰਦਰ ਸਿੰਘ ਨੇ ਗਵਾਹੀਆਂ ਦਿੱਤੀਆਂ। ਇਸ ਮਾਮਲੇ ਦੀ ਅਗਲੀ ਸੁਣਵਾਈ 12 ਦਸੰਬਰ ਨੂੰ ਹੋਵੇਗੀ। ਹਮਲਾਵਰ ਮੰਗ ਕਰ ਰਹੇ ਸਨ ਕਿ ਹਵਾਰੇ ਦੇ ਮਾਮਲੇ ਦੀ ਸੁਣਵਾਈ ਦਿੱਲੀ ਜੇਲ੍ਹ 'ਚ ਹੀ ਵੀਡੀਓ ਕਾਨਫਰੰਸਿੰਗ ਰਾਹੀਂ ਕਰਵਾਈ ਜਾਵੇ ਕਿਉਂਕਿ ਇਨ੍ਹਾਂ ਦੇ ਬਾਹਰ ਆਉਣ ਨਾਲ ਹਾਲਾਤ ਖਰਾਬ ਹੋ ਸਕਦੇ ਹਨ।

# ਸਾਜ਼ਿਸ਼ ਬੇਨਕਾਬ ਕਰਨ ਲਈ ਪੁਲਿਸ ਸਰਗਰਮ

**ਚੰਡੀਗੜ੍ਹ:** ਅਦਾਲਤ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਆਗੂਆਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ 'ਤੇ ਹੋਏ ਹਮਲੇ ਦੀ ਯੋਜਨਾ ਬਣਾਉਣ ਵਾਲੀਆਂ ਜਥੇਬੰਦੀਆਂ ਦੀ ਪੁਲਿਸ ਵੱਲੋਂ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ। ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਨੂੰ ਵੀ ਤਲਬ ਕਰਨ ਦੀ ਤਿਆਰੀ ਹੈ। ਇਸ ਘਟਨਾ ਕਾਰਨ ਦੇਸ਼ ਦੀਆਂ ਪ੍ਰਮੁੱਖ ਖੁਫੀਆ ਏਜੰਸੀਆਂ ਦੀ ਨਾਕਸ ਕਾਰਗੁਜ਼ਾਰੀ ਦੀ ਪੋਲ ਖੁੱਲ੍ਹਣ ਕਾਰਨ ਪੰਜਾਬ ਸਮੇਤ ਚੰਡੀਗੜ੍ਹ ਦੀ ਪੁਲਿਸ ਵੱਲੋਂ ਹਮਲਾਵਰਾਂ ਦੇ ਪਿਛੋਕੜ ਦੀ ਘੋਖ ਕਰਨ ਲਈ ਆਧੁਨਿਕ ਤਕਨੀਕ ਵਰਤੀ ਜਾ ਰਹੀ ਹੈ।

ਸੂਤਰਾਂ ਅਨੁਸਾਰ ਘਟਨਾ ਦੌਰਾਨ ਖੁਫੀਆ ਏਜੰਸੀਆਂ ਦੀ ਕਾਰਗੁਜ਼ਾਰੀ ਦਾ ਗੰਭੀਰ ਨੋਟਿਸ ਲਿਆ ਗਿਆ ਹੈ। ਹੁਣ ਇਹ ਵੀ ਪਤਾ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ ਕਿ ਹਵਾਰਾ ਤੇ ਭਿਓਰਾ 'ਤੇ ਹਮਲਾ ਕਰਨ ਵਾਲੇ ਚਾਰ ਵਿਅਕਤੀਆਂ ਨੂੰ ਕਿਸ ਜਥੇਬੰਦੀ ਨੇ ਉਕਸਾਇਆ ਸੀ ਕਿਉਂਕਿ ਇਸ ਘਟਨਾ ਦੌਰਾਨ ਇਕ ਵਾਰ ਇਨ੍ਹਾਂ ਮੁਲਜ਼ਮਾਂ ਦਾ ਸੁਰੱਖਿਆ ਘੇਰਾ ਖਿੰਡ ਗਿਆ ਸੀ ਤੇ ਹਵਾਰਾ ਤੇ ਭਿਓਰਾ ਦੇ ਫਰਾਰ ਹੋਣ ਦੇ ਹਾਲਾਤ ਵੀ ਬਣ ਸਕਦੇ ਸਨ। ਚੰਡੀਗੜ੍ਹ ਪੁਲਿਸ ਨੇ ਇਸ ਘਟਨਾ ਦੇ ਚਾਰ ਮੁਲਜ਼ਮਾਂ ਸਰਬ ਭਾਰਤ ਹਿੰਦੂ ਸੁਰੱਖਿਆ ਸਮਿਤੀ ਦੇ ਆਗੂਆਂ ਤੇ ਮੁਹਾਲੀ ਦੇ ਵਸਨੀਕ ਰਮੇਸ਼ ਕੁਮਾਰ ਦੱਤ, ਗੋਬਿੰਦਗੜ੍ਹ ਦੇ ਮਨੀਸ਼ ਸੂਦ, ਪਟਿਆਲਾ ਦੇ ਆਸ਼ੂਤੋਸ਼ ਗੌਤਮ ਤੇ ਖਰੜ ਦੇ ਨਿਸ਼ਾਂਤ ਸ਼ਰਮਾ ਨੂੰ ਅਦਾਲਤ ਵਿਚ ਪੇਸ਼ ਕਰਕੇ ਉਨ੍ਹਾਂ ਦਾ ਪੁਲੀਸ ਰਿਮਾਂਡ ਲਿਆ। ਸੂਤਰਾਂ ਅਨੁਸਾਰ ਪੁਲਿਸ ਨੇ ਹਮਲਾਵਰਾਂ ਦੇ ਮੋਬਾਈਲ ਆਪਣੇ ਕਬਜ਼ੇ ਹੇਠ ਲੈ ਲਏ ਹਨ ਤੇ ਉਨ੍ਹਾਂ ਵੱਲੋਂ ਪਿਛਲੇ 24 ਘੰਟਿਆਂ ਦੌਰਾਨ ਕੀਤੀਆਂ ਕਾਲਾਂ ਦਾ ਵਿਸਥਾਰ ਸਬੰਧਤ ਟੈਲੀਫੋਨ ਕੰਪਨੀਆਂ ਤੋਂ ਹਾਸਲ ਕੀਤਾ ਹੈ।

ਪੁਲਿਸ ਇਹ ਜਾਨਣ ਦਾ ਯਤਨ ਕਰ ਰਹੀ ਹੈ ਕਿ ਚਾਰੇ ਹਮਲਾਵਰ ਘਟਨਾ ਦੌਰਾਨ ਕਿਹੜੀਆਂ ਜਥੇਬੰਦੀਆਂ ਦੇ ਸੰਪਰਕ ਵਿਚ ਸਨ। ਭਾਵੇਂ ਹਮਲਾਵਰ ਪੁਲਿਸ ਨੂੰ ਕਹਿ ਰਹੇ ਹਨ ਕਿ ਉਹ ਇਕੱਲੇ-ਇਕੱਲੇ ਇਥੇ ਰੋਸ ਪ੍ਰਗਟ ਕਰਨ ਆਏ ਸਨ ਪਰ ਪੁਲਿਸ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿਉਂਕਿ ਕਈ ਦਿਨ ਪਹਿਲਾਂ ਹੀ ਸਮਿਤੀ ਵੱਲੋਂ ਹਵਾਰੇ 'ਤੇ ਪੇਸ਼ੀ ਦੌਰਾਨ ਹਮਲਾ ਕਰਨ ਦੀ ਧਮਕੀ ਦਿੱਤੀ ਗਈ ਸੀ। ਪੁਲਿਸ ਅਨੁਸਾਰ ਹਮਲਾਵਰ ਇਹ ਵੀ ਦੱਸਣ ਤੋਂ ਇਨਕਾਰੀ ਹਨ ਕਿ ਉਹ ਅਦਾਲਤ ਤੱਕ ਕਿਵੇਂ ਪੁੱਜੇ। ਪੁਲਿਸ ਉਨ੍ਹਾਂ ਨੂੰ ਇੱਥੇ ਪਹੁੰਚਾਉਣ ਵਾਲੇ ਵਿਅਕਤੀਆਂ ਤੇ ਵਾਹਨਾਂ ਦੀ ਵੀ ਨਿਸ਼ਾਨਦੇਹੀ ਕਰ ਰਹੀ ਹੈ।

ਨਿਸ਼ਾਂਤ ਸ਼ਰਮਾ ਦਾ ਕਹਿਣਾ ਹੈ ਕਿ ਉਸ ਦੀ ਹਮਲਾ ਕਰਨ ਦੀ ਕੋਈ ਮਨਸ਼ਾ ਨਹੀਂ ਸੀ ਤੇ ਉਹ ਸਿਰਫ ਨਾਅਰੇ ਲਾ ਕੇ ਹੀ ਰੋਸ ਪ੍ਰਗਟ ਕਰਨਾ ਚਾਹੁੰਦੇ ਸਨ ਜਦਕਿ ਇਸੇ ਦੌਰਾਨ ਪੁਲੀਸ ਮੁਲਾਜ਼ਮ ਵੱਲੋਂ ਉਸ ਦੇ ਮੂੰਹ 'ਤੇ ਹੱਥ ਰੱਖਣ ਕਾਰਨ ਉਹ ਉਸ ਕੋਲੋਂ ਆਪਣੇ-ਆਪ ਨੂੰ ਛੁਡਾਅ ਕੇ ਭੱਜਣ ਵੇਲੇ ਦੂਜੇ ਪਾਸੇ ਜਾਣ ਦੀ ਥਾਂ ਹਵਾਰੇ ਵੱਲ ਵਧ ਗਿਆ। ਇਸ ਘਟਨਾ ਦਾ ਸਿੱਧੇ ਤੌਰ 'ਤੇ ਪੰਜਾਬ 'ਤੇ ਪ੍ਰਭਾਵ ਪੈਣ ਦੀ ਸੰਭਾਵਨਾ ਕਾਰਨ ਪੰਜਾਬ ਪੁਲਿਸ ਤੇ ਖੁਫੀਆ ਏਜੰਸੀਆਂ ਸਰਗਰਮ ਹੋ ਗਈਆਂ। ਦਰਅਸਲ ਇਸ ਘਟਨਾ ਵਿਚ ਅਣਗਹਿਲੀ ਲਈ ਦੋਵੇਂ ਪੰਜਾਬ ਤੇ ਚੰਡੀਗੜ੍ਹ ਦੀ ਪੁਲਿਸ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਇਸ ਘਟਨਾ ਵੇਲੇ ਸੁਰੱਖਿਆ ਪ੍ਰਬੰਧਾਂ ਵਿਚਲੀਆਂ ਗੰਭੀਰ ਖਾਮੀਆਂ ਦੀ ਵੀ ਚੰਡੀਗੜ੍ਹ ਪੁਲਿਸ ਨੇ ਅੰਦਰੂਨੀ ਪੜਤਾਲ ਸ਼ੁਰੂ ਕਰ ਦਿੱਤੀ ਹੈ।

### *ਨਿਸ਼ਾਂਤ ਸ਼ਰਮਾ ਦੀ ਅਸਲੀਅਤ*

ਆਲ ਇੰਡੀਆ ਹਿੰਦੂ ਸੁਰੱਖਿਆ ਸਮਿਤੀ ਪੰਜਾਬ ਦੇ ਯੂਥ ਵਿੰਗ ਦੇ ਪ੍ਰਧਾਨ ਨਿਸ਼ਾਂਤ ਸ਼ਰਮਾ ਵਿਰੁੱਧ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿਚ ਧੋਖਾਧੜੀ ਦੇ ਕਈ ਮਾਮਲੇ ਦਰਜ ਹਨ। ਪਿਛਲੇ ਸਮੇਂ ਉਸ ਨੇ ਹੀ 50,000 ਰੁਪਏ ਦੀ ਰਿਸ਼ਵਤ ਦਿੰਦਿਆਂ ਪੰਜਾਬ ਪੁਲੀਸ ਦੇ ਏ.ਆਈ.ਜੀ. ਪੀ.ਐਸ. ਸੰਧੂ ਨੂੰ ਸੀ.ਬੀ.ਆਈ. ਨੂੰ ਫੜਵਾਇਆ ਸੀ। ਇਸ ਤੋਂ ਇਲਾਵਾ ਸ਼ਰਮਾ ਨੇ ਹੀ ਪਿਛਲੇ ਦਿਨੀਂ ਮਨੁੱਖੀ ਅਧਿਕਾਰਾਂ ਦੇ ਵਕੀਲ ਅਰਵਿੰਦ ਠਾਕੁਰ ਦੇ ਘਰ ਧਮਕੀ ਭਰੇ ਪੱਤਰ ਸੁੱਟ ਕੇ ਉਸ ਨੂੰ ਖਾੜਕੂਆਂ ਦੇ ਕੇਸ ਲੜਨ ਤੋਂ ਬਾਜ਼ ਆਉਣ ਦੀ ਧਮਕੀ ਦਿੱਤੀ ਸੀ। ਇਸ ਮਾਮਲੇ ਬਾਰੇ ਪਹਿਲਾਂ ਹੀ ਉਸ ਵਿਰੁੱਧ ਸੈਕਟਰ-34 ਥਾਣੇ ਵਿਚ ਕੇਸ ਦਰਜ ਹੈ।

## *ਏਜੰਸੀਆਂ ਦੀ ਸ਼ਰਾਰਤ: ਹਵਾਰਾ*

**ਚੰਡੀਗੜ੍ਹ:** ਇਸੇ ਦੌਰਾਨ ਭਾਈ ਜਗਤਾਰ ਸਿੰਘ ਹਵਾਰਾ ਤੇ ਭਾਈ ਪਰਮਜੀਤ ਸਿੰਘ ਭਿਓਰਾ ਨੇ ਕਿਹਾ ਹੈ ਕਿ ਆਉਂਦੇ ਦਿਨੀਂ ਨਾ ਸਿਰਫ ਅਜਿਹੀ ਘਟਨਾ ਮੁੜ ਵਾਪਰ ਸਕਦੀ ਹੈ ਬਲਕਿ ਉਨ੍ਹਾਂ ਨੂੰ ਗੋਲੀ ਵੀ ਮਾਰੀ ਜਾ ਸਕਦੀ ਹੈ ਜਾਂ ਉਨ੍ਹਾਂ 'ਤੇ ਤੇਜ਼ਾਬ ਸੁੱਟ ਕੇ ਹਮਲਾ ਕੀਤਾ ਜਾ ਸਕਦਾ ਹੈ। ਐਡਵੋਕੇਟ ਨੇ ਕਿਹਾ ਕਿ ਦਰਅਸਲ ਕੇਂਦਰੀ ਏਜੰਸੀਆਂ ਚਾਹੁੰਦੀਆਂ ਹਨ ਕਿ ਹਵਾਰਾ ਤੇ ਭਿਓਰਾ ਨੂੰ ਤਿਹਾੜ ਜੇਲ੍ਹ 'ਚੋਂ ਬਾਹਰ ਹੀ ਨਾ ਨਿਕਲਣ ਦਿੱਤਾ ਜਾਵੇ ਤੇ ਜੇਲ੍ਹ ਵਿਚ ਹੀ ਉਨ੍ਹਾਂ ਦੋਵਾਂ ਦੀ ਮਾਨਸਿਕ ਹਾਲਤ ਵਿਗੜ ਜਾਵੇ।



ਉਨ੍ਹਾਂ ਕਿਹਾ ਕਿ 5-6 ਮਹੀਨੇ ਪਹਿਲਾਂ ਕੇਂਦਰੀ ਏਜੰਸੀਆਂ ਨੇ ਅੰਬਾਲੇ ਦੇ ਵਿਅਕਤੀ ਤੋਂ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਵਾਈ ਸੀ ਜਿਸ ਵਿਚ ਉਸ ਵਿਅਕਤੀ ਨੇ ਅਦਾਲਤ ਨੂੰ ਕਿਹਾ ਸੀ ਕਿ ਹਵਾਰਾ ਤੇ ਭਿਓਰਾ ਨੂੰ ਅਦਾਲਤੀ ਕਾਰਵਾਈ ਲਈ ਚੰਡੀਗੜ੍ਹ ਲਿਆਉਣ ਵਾਸਤੇ ਸੁਰੱਖਿਆ ਦੇ ਮੱਦੇਨਜ਼ਰ ਕਰੋੜਾਂ ਰੁਪਏ ਖਰਚ ਹੋ ਚੁੱਕੇ ਹਨ। ਇਸ ਲਈ ਉਨ੍ਹਾਂ ਨੂੰ ਅਦਾਲਤੀ ਕਾਰਵਾਈ ਲਈ ਚੰਡੀਗੜ੍ਹ ਨਾ ਲਿਆਂਦਾ ਜਾਵੇ ਬਲਕਿ ਦਿੱਲੀ ਦੀ ਤਿਹਾੜ ਜੇਲ੍ਹ 'ਚੋਂ ਹੀ ਉਨ੍ਹਾਂ ਦੀ ਸੁਣਵਾਈ ਵੀਡੀਓ ਕਾਨਫਰੰਸਿਗ ਰਾਹੀਂ ਕੀਤੀ ਜਾਵੇ।

ਇਸ ਘਟਨਾ ਤੋਂ ਬਾਅਦ ਹੁਣ ਸਰਕਾਰੀ ਏਜੰਸੀਆਂ ਇਹ ਮੰਗ ਕਰਨਗੀਆਂ ਕਿ ਹਵਾਰਾ ਤੇ ਭਿਓਰਾ ਦੀ ਸੁਣਵਾਈ ਚੰਡੀਗੜ੍ਹ ਦੀ ਬਜਾਇ ਤਿਹਾੜ ਜੇਲ੍ਹ ਦਿੱਲੀ ਵਿਚ ਹੀ ਹੋਵੇ। ਇਸ ਘਟਨਾ ਪਿੱਛੇ ਕੇਂਦਰੀ ਏਜੰਸੀਆਂ ਹਨ ਕਿਉਂਕਿ ਹਵਾਰਾ ਤੇ ਭਿਓਰਾ ਦੀ ਸੁਣਵਾਈ ਦੌਰਾਨ 300 ਤੋਂ 400 ਪੁਲਿਸ ਕਰਮੀ ਮੌਜੂਦ ਹੁੰਦੇ ਹਨ। ਇਸ ਲਈ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਕੋਈ ਵਿਅਕਤੀ ਪੁਲਿਸ ਦਾ ਸੁਰੱਖਿਆ ਘੇਰਾ ਤੋੜ ਕੇ ਘਟਨਾ ਨੂੰ ਅੰਜਾਮ ਦੇ ਜਾਵੇ। ਜਦੋਂ ਸਮਿਤੀ ਦੇ ਕਾਰਕੁੰਨ ਨੇ ਹਵਾਰਾ 'ਤੇ ਹਮਲਾ ਕੀਤਾ ਤਾਂ ਉਸ ਨੂੰ ਕਿਸੇ ਨੇ ਨਾ ਰੋਕਿਆ ਪਰ ਜਦੋਂ ਹਵਾਰਾ ਨੇ ਉਸ ਕਾਰਕੁਨ ਦੇ ਥੱਪੜ ਮਾਰਿਆ ਤਾਂ ਉਸ ਤੋਂ ਬਾਅਦ ਪੁਲਿਸ ਨੇ ਦੋਵਾਂ ਨੂੰ ਕਾਬੂ ਕਰਨਾ ਸ਼ੁਰੂ ਕੀਤਾ।

# ਪ੍ਰੋ. ਭੁੱਲਰ ਕੇਸ 'ਚ ਸੁਪਰੀਮ ਕੋਰਟ ਵੱਲੋਂ ਤਿੱਖੀਆਂ ਟਿੱਪਣੀਆਂ

**ਨਵੀਂ ਦਿੱਲੀ:** ਭਾਰਤ ਦੀ ਸੁਪਰੀਮ ਕੋਰਟ ਨੇ ਉਨ੍ਹਾਂ ਸਿਆਸੀ ਪਾਰਟੀਆਂ ਤੇ ਲੋਕਾਂ ਦੀ ਅਲੋਚਨਾ ਕੀਤੀ ਜੋ 'ਬਾਗੀਆਂ' ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਲਈ ਦਬਾਅ ਪਾ ਰਹੇ ਹਨ। ਜਸਟਿਸ ਜੀ.ਐਸ. ਸਿੰਘਵੀ ਤੇ ਜਸਟਿਸ ਐਸ.ਜੇ. ਮੁਖੋਪਾਧਿਆਏ 'ਤੇ ਆਧਾਰਤ ਬੈਂਚ ਨੇ ਕਾਨੂੰਨ ਤੋੜਨ ਵਾਲਿਆਂ ਦੇ ਮਾਨਵੀ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਪੁੱਛਿਆ ਕਿ ਭੁੱਖਮਰੀ, ਕਿਸਾਨਾਂ ਵੱਲੋਂ ਖੁਦਕੁਸ਼ੀਆਂ ਤੇ ਸੁਰੱਖਿਆ ਕਰਮੀਆਂ ਦੇ ਦਹਿਸ਼ਤੀ ਹਿੰਸਾ 'ਚ ਮਾਰੇ ਜਾਣ 'ਤੇ ਕੋਈ ਕਿਉਂ ਨਹੀਂ ਬੋਲਦਾ?

ਸੁਪਰੀਮ ਕੋਰਟ ਨੇ ਕਿਹਾ ਕਿ ਪਾਰਲੀਮੈਂਟ ਦੀ ਰਾਖੀ ਲਈ ਕਿੰਨੇ ਹੀ ਸੁਰੱਖਿਆ ਕਰਮੀਆਂ ਨੇ ਬਲੀਦਾਨ ਦਿੱਤਾ ਤੇ ਕੀ ਕਦੇ ਇਸ ਹਿੰਸਾ ਤੋਂ ਪੀੜਤ ਲੋਕਾਂ ਦਾ ਮਨ ਸਮਝਣ ਦੀ ਕਿਸੇ ਕੋਲ ਫੁਰਸਤ ਹੈ? ਇਹ ਸਾਰੀਆਂ ਟਿੱਪਣੀਆਂ ਬੈਂਚ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ 'ਚ ਕੀਤੀਆਂ। ਉਨ੍ਹਾਂ ਨੂੰ ਉਸ ਵੇਲੇ ਦੇ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ 'ਤੇ 10 ਸਤੰਬਰ, 1993 ਨੂੰ ਬੰਬ ਨਾਲ ਹਮਲਾ ਕਰਨ ਦੇ ਦੋਸ਼ 'ਚ ਮੌਤ ਦੀ ਸਜ਼ਾ ਸੁਣਾਈ ਗਈ ਸੀ।



ਦਿਨ ਭਰ ਚੱਲੀ ਸੁਣਵਾਈ ਦੌਰਾਨ ਪ੍ਰੋ. ਭੁੱਲਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕੇ.ਟੀ.ਐਸ. ਤੁਲਸੀ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਸਰਕਾਰ ਨੇ ਉਸ ਦੇ ਮੁਵੱਕਿਲ ਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਕਰਨ 'ਚ 8 ਸਾਲ ਲਾ ਦਿੱਤੇ ਤੇ ਇਸ ਕਰਕੇ ਉਸ ਦੀ ਜਾਨ ਬਖ਼ਸ਼ੀ ਜਾਵੇ। ਇਸ ਦੇਰੀ ਕਾਰਨ ਪ੍ਰੋ. ਭੁੱਲਰ ਸਾਰੇ ਸਾਲ ਇਕੱਲਾ ਬੜੇ ਗ਼ੈਰ-ਮਾਨਵੀ ਹਾਲਾਤ 'ਚ ਕਾਲ ਕੋਠੜੀ 'ਚ ਰੱਖਿਆ ਗਿਆ। ਇਸ ਨਾਲ ਉਹ ਮੂਲੋਂ ਹੀ ਮਾਨਸਿਕ ਰੋਗੀ ਹੋ ਗਿਆ ਤੇ ਉਸ ਨੂੰ ਦਸੰਬਰ 2010 ਤੋਂ ਸਾਹਿਬਾਬਾਦ ਦੇ ਇਕ ਇਲਾਜ ਕੇਂਦਰ 'ਚ ਲਿਜਾਣਾ ਪੈ ਰਿਹਾ ਹੈ।

ਇਸ 'ਤੇ ਬੈਂਚ ਨੇ ਅਜਿਹੇ ਕੇਸਾਂ 'ਚ ਹੁੰਦੀ ਨਿਆਂਇਕ ਦੇਰੀ ਦੇ ਸਿੱਟਿਆਂ ਬਾਰੇ ਜਾਣਨਾ ਚਾਹਿਆ। ਬੈਂਚ ਨੇ ਕਿਹਾ ਕਿ ਜਦੋਂ ਮੁਕੱਦਮਾ ਸ਼ੁਰੂ ਹੋਣ 'ਚ ਬੇਹਿਸਾਬੀ ਦੇਰੀ ਹੋ ਜਾਂਦੀ ਹੈ ਤੇ ਉਨ੍ਹਾਂ ਦੀਆਂ ਅਪੀਲਾਂ ਦਾ ਅਦਾਲਤਾਂ ਜਾਂ ਸੁਪਰੀਮ ਕੋਰਟ 'ਚ ਨਿਬੇੜਾ ਹੁੰਦਿਆਂ ਵੀ ਅੰਤਾਂ ਦੀ ਦੇਰ ਲੱਗ ਜਾਂਦੀ ਹੈ। ਪੀੜਤ ਤਾਂ ਕਾਰਵਾਈ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਹੀ ਸੰਤਾਪ ਭੋਗਣ ਲੱਗਦੇ ਹਨ ਕੀ ਫਿਰ ਅਜਿਹੀ ਹਾਲਤ 'ਚ ਦੋਸ਼ੀਆਂ ਨੂੰ ਉਮਰ ਕੈਦ ਦੇ ਕੇ ਛੱਡ ਦਿੱਤਾ ਜਾਵੇ? ਵਕੀਲ ਤੁਲਸੀ ਨੇ ਕਿਹਾ ਕਿ ਰਹਿਮ ਦੀ ਅਪੀਲ ਜਦੋਂ ਅਣਮਿਥੇ ਸਮੇਂ ਲਈ ਲਮਕ ਜਾਵੇ ਤਾਂ ਸਜ਼ਾਯਾਫ਼ਤਾ ਲਈ ਸਦਮਾ ਵਧੇਰੇ ਅਸਹਿ ਹੋ ਜਾਂਦਾ ਹੈ। ਇਸ ਨੂੰ ਮੰਨਦਿਆਂ ਬੈਂਚ ਨੇ ਕਿਹਾ ਕਿ ਇਸ ਮਾਮਲੇ 'ਚ ਵੀ ਨੌਂ ਸੁਰੱਖਿਆ ਮੁਲਾਜ਼ਮ ਮਾਰੇ ਗਏ ਸਨ ਤੇ ਬਿੱਟੇ ਸਣੇ 25 ਜਣੇ ਜ਼ਖ਼ਮੀ ਹੋ ਗਏ ਸਨ।

ਇਸ ਦੇ ਨਾਲ ਹੀ ਬੈਂਚ ਨੇ ਕਿਹਾ ਕਿ ਪ੍ਰੋ. ਭੁੱਲਰ ਵਰਗਿਆਂ ਦੇ ਮਾਮਲੇ 'ਚ ਦੇਰੀ ਵੱਡੀ ਆਸ ਵੀ ਜਗਾਉਂਦੀ ਹੈ। ਉਨ੍ਹਾਂ ਨੇ ਇੱਥੇ ਸਿਆਸੀ ਪਾਰਟੀਆਂ ਤੇ ਕੁਝ ਲੋਕਾਂ ਵੱਲੋਂ ਪ੍ਰੋ. ਭੁੱਲਰ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰਨ ਦੀ ਮੰਗ ਦਾ ਹਵਾਲਾ ਦਿੱਤਾ। ਇਸ 'ਤੇ ਐਡਵੋਕੇਟ ਤੁਲਸੀ ਨੇ ਦੱਸਿਆ ਕਿ ਪ੍ਰੋ. ਭੁੱਲਰ ਨੂੰ ਇਸ ਸਾਰੇ ਘਟਨਾਕ੍ਰਮ ਦਾ ਨਹੀਂ ਪਤਾ। ਐਡਵੋਕੇਟ ਤੁਲਸੀ ਨੇ ਫਿਰ ਕਿਹਾ ਕਿ ਸਰਕਾਰ ਨੇ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ ਦਾ ਨਿਬੇੜਾ ਕਰਨ 'ਚ ਦੇਰੀ ਦੇ ਕਾਰਨ ਦੱਸਣ ਦੀ ਜ਼ਹਿਮਤ ਵੀ ਨਹੀਂ ਉਠਾਈ, ਸਿਰਫ਼ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਸੰਵਿਧਾਨਕ ਕਾਰਵਾਈ ਨੂੰ ਸਮਾਂ ਲੱਗੇਗਾ।

ਐਡਵੋਕੇਟ ਤੁਲਸੀ ਅਨੁਸਾਰ ਹਾਲਤ ਅਜਿਹੀ ਬਣ ਗਈ ਹੈ ਕਿ ਇਸ ਮੁੱਦੇ 'ਤੇ ਸੁਪਰੀਮ ਕੋਰਟ 'ਸਰਕਾਰ ਦੀ ਖਿਚਾਈ' ਦੀ ਮੰਗ ਕਰਦੀ ਹੈ। ਜਦੋਂ ਐਡਵੋਕੇਟ ਤੁਲਸੀ ਨੇ ਕਿਹਾ ਕਿ ਉਸ ਦੇ ਮੁਵੱਕਿਲ ਦੀ ਮਾਨਸਿਕ ਹਾਲਤ ਤੇ ਉਸ ਦੇ ਜੀਵਨ ਤੇ ਨਿੱਜੀ ਆਜ਼ਾਦੀ ਦੇ ਸੰਵਿਧਾਨ ਦੇ ਆਰਟੀਕਲ 21 ਅਧੀਨ ਗਾਰੰਟੀਸ਼ੁਦਾ ਹੱਕਾਂ ਦੀ ਉਲੰਘਣਾ ਹੋ ਰਹੀ ਹੈ ਤਾਂ ਬੈਂਚ ਨੇ ਬੰਬ ਧਮਾਕਿਆਂ ਜਾਂ ਸੰਸਦ 'ਤੇ ਹਮਲੇ ਦੇ ਪੀੜਤਾਂ ਦੇ ਪਰਿਵਾਰਾਂ ਤੇ ਅਤਿਵਾਦ ਪੀੜਤਾਂ ਦਾ ਮੁੱਦਾ ਉਭਾਰਿਆ। ਇਸ 'ਤੇ ਐਡਵੋਕੇਟ ਤੁਲਸੀ ਨੇ ਕਿਹਾ ਕਿ ਸਾਰੇ ਕੁਝ ਦੇ ਬਾਵਜੂਦ ਸੰਵਿਧਾਨ 'ਚ ਇਹ ਵਿਵਸਥਾ ਨਹੀਂ ਹੈ ਕਿ ਮਾਨਸਿਕ ਤੌਰ 'ਤੇ ਰੋਗੀ ਕਿਸੇ ਵਿਅਕਤੀ ਨੂੰ ਫਾਹੇ ਲਾ ਦਿੱਤਾ ਜਾਵੇ।

# ਹਵਾਰਾ 'ਤੇ ਹਮਲਾ ਸਰਕਾਰ ਦੀ ਹੀ ਚਾਲ-ਭਾਈ ਮਾਨਾ

## ਸਿੱਖ ਯੂਥ ਆਫ਼ ਅਮਰੀਕਾ ਵਲੋਂ ਹਿੰਦੂ ਅਤਿਵਾਦੀਆਂ ਨੂੰ ਚਿਤਾਵਨੀ

**ਨਿਊ ਯਾਰਕ (ਬਿਊਰੋ):** ਭਾਈ ਜਗਤਾਰ ਸਿੰਘ ਹਵਾਰਾ 'ਤੇ ਪਿਛਲੇ ਦਿਨੀਂ ਚੰਡੀਗੜ੍ਹ ਵਿਚ ਹਿੰਦੂ ਸੁਰਖਸ਼ਾ ਸੰਮਤੀ ਦੇ ਕਾਰਕੁਨਾਂ ਵੱਲੋਂ ਕੀਤੇ ਹਮਲੇ 'ਤੇ ਤਿੱਖੀ ਪ੍ਰਤੀਕ੍ਰਿਆ ਜਾਹਰ ਕਰਦਿਆਂ ਸਿੱਖ ਯੂਥ ਆਫ਼ ਅਮਰੀਕਾ ਦੇ ਪ੍ਰਧਾਨ ਭਾਈ ਗੁਰਿੰਦਰ ਸਿੰਘ ਮਾਨਾ ਨੇ ਕਿਹਾ ਹੈ ਕਿ ਇਹ ਹਮਲਾ ਭਾਰਤੀ ਸਰਕਾਰ ਦੀ ਸੋਚੀ ਸਮਝੀ ਚਾਲ ਹੈ ਤਾਂ ਜੋ ਭਾਈ ਹਵਾਰਾ ਅਤੇ ਸਾਥੀਆਂ ਦੀ ਅਦਾਲਤੀ ਕਾਰਵਾਈ ਜੇਲ੍ਹ ਵਿਚ ਹੀ ਚਲਾਈ ਜਾ ਸਕੇ। ਇਥੇ ਜਾਰੀ ਇਕ ਬਿਆਨ ਵਿਚ ਭਾਈ ਮਾਨਾ ਨੇ ਦੋਸ਼ ਲਾਇਆ ਕਿ ਇਹ ਘਿਨਾਉਣੀ ਕਾਰਵਾਈ ਅਸਲ ਵਿਚ ਸਕਿਉਰਿਟੀ ਵਿਚ ਤਰੁਟੀਆਂ ਦੇ ਨਾਮ ਥੱਲੇ ਇਨ੍ਹਾਂ ਸਿੱਖ ਯੋਧਿਆਂ ਨੂੰ ਜੇਲ੍ਹ ਤੋਂ ਬਾਹਰ ਨਾ ਲਿਆਉਣ ਦੀ ਇਕ ਚਾਲ ਹੈ।

ਭਾਈ ਮਾਨਾ ਨੇ ਕਿਹਾ ਕਿ ਅਦਾਲਤ ਆਉਣ ਸਮੇਂ ਇਨ੍ਹਾਂ ਸਿੰਘਾਂ ਦੇ ਚਿਹਰਿਆਂ ਦਾ ਨੂਰ ਭਾਰਤੀ ਹਾਕਮਾਂ ਨੂੰ ਜਿਊਣ ਨਹੀਂ ਦਿੰਦਾ ਅਤੇ ਸਿੱਖ ਨੌਜਵਾਨਾਂ ਲਈ ਵੀ ਇਹ ਸਿੰਘ ਰੋਲ ਮਾਡਲ ਲਗਦੇ ਹਨ। ਇਨ੍ਹਾਂ ਸਿੰਘਾਂ ਦੀਆਂ ਤਸਵੀਰਾਂ ਕੁਝ ਕੁ ਘੰਟਿਆਂ ਵਿਚ ਹੀ ਦੁਨੀਆਂ ਦੇ ਸਿੱਖ ਨੌਜਵਾਨਾਂ ਕੋਲ ਪਹੁੰਚ ਜਾਂਦੀਆਂ ਹਨ, ਇਸ ਲਈ ਸਰਕਾਰ ਇਨ੍ਹਾਂ ਸਿੰਘਾਂ ਨੂੰ ਜੇਲ੍ਹਾਂ ਵਿਚ ਹੀ ਡੱਕੀ ਰੱਖਣਾ ਚਾਹੁੰਦੀ ਹੈ।

ਵਰਣਨਯੋਗ ਹੈ ਕਿ ਲੰਘੀ 11 ਨਵੰਬਰ ਨੂੰ ਚੰਡੀਗੜ੍ਹ ਦੀਆਂ ਜਿਲਾ ਅਦਾਲਤਾਂ ਵਿਚ ਹਿੰਦੂ ਸੰਮਤੀ ਦੇ ਮੈਂਬਰਾਂ ਵਲੋਂ ਬੇਅੰਤ ਸਿੰਘ ਕਤਲ ਕੇਸ ਦੇ ਮੁਲਜ਼ਿਮ ਭਾਈ ਹਵਾਰਾ ਅਤੇ ਭਾਈ ਭਿਓਰਾ ਉਤੇ ਘਾਤ ਲਾ ਕੇ ਕੀਤਾ ਹਮਲਾ ਉਸ ਵੇਲੇ ਨਾਕਾਮਯਾਬ ਹੋ ਗਿਆ ਜਦੋਂ ਭਾਈ ਹਵਾਰਾ ਨੇ ਚੀਤੇ ਵਰਗੀ ਫੁਰਤੀ ਦਿਖਾਉਂਦਿਆਂ ਹਮਲਾਵਰ ਦੇ ਚਪੇੜ ਕੱਢ ਮਾਰੀ ਅਤੇ ਖਾਲਿਸਤਾਨ ਜਿੰਦਾਬਾਦ ਦੇ ਜੈਕਾਰੇ ਗੁੰਜਾਉਣ ਲੱਗ ਗਿਆ।

ਆਪਣਾ ਬਿਆਨ ਜਾਰੀ ਰੱਖਦਿਆਂ ਭਾਈ ਮਾਨਾ ਨੇ ਕਿਹਾ ਕਿ ਭਾਰਤੀ ਹਾਕਮਾਂ ਵੱਲੋਂ ਸਿੱਖਾਂ ਦਾ ਮਨੋਬਲ ਡੇਗਣ ਲਈ ਕਥਿਤ ਸਾਈਕਲ ਚੋਰ ਮਨਿੰਦਰਜੀਤ ਸਿੰਘ ਬਿੱਟਾ ਅਤੇ ਉਸ ਦੇ ਟੁਕੜਬੋਚਾਂ ਸਮੇਤ ਨਿਸ਼ਾਂਤ ਸ਼ਰਮੇ ਵਰਗੇ ਟੁਚੀਅਲ ਬਦਮਾਸ਼ ਅਕਸਰ ਅਜਿਹੀਆਂ ਹਰਕਤਾਂ ਕਰਦੇ ਰਹਿੰਦੇ ਹਨ ਪਰ ਇਸ ਘਟਨਾ ਵਿਚ ਉਨ੍ਹਾਂ ਨੂੰ ਲੈਣੇ ਦੇ ਦੇਣੇ ਪੈ ਗਏ। ਭਾਈ ਮਾਨਾ ਨੇ ਕਿਹਾ ਕਿ ਭਾਈ ਹਵਾਰਾ ਨੇ ਸਿੱਖਾਂ ਦਾ ਸਿਰ ਮਾਣ ਨਾਲ ਉਚਾ ਕੀਤਾ ਹੈ। ਨਾਲ ਹੀ ਉਨ੍ਹਾਂ ਹਿੰਦੂ ਸੁਰਖਸ਼ਾ ਸੰਮਤੀ ਨੂੰ ਵਾਰਨਿੰਗ ਦਿੰਦੇ ਹੋਏ ਕਿਹਾ ਕਿ ਉਹ 1984 ਵਾਲੀਆਂ ਘਟਨਾਵਾਂ ਦੁਹਰਾਉਣ ਦੀਆਂ ਚਾਲਾਂ ਚੱਲਣ ਤੋਂ ਬਾਜ਼ ਰਹਿਣ। ਭਾਈ ਮਾਨਾ ਨੇ ਕਿਹਾ ਕਿ ਫਰਵਰੀ 1984 ਵਿਚ ਇਸੇ ਸੰਗਠਨ ਨੇ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਦਰਬਾਰ ਸਾਹਿਬ ਦਾ ਮਾਡਲ ਅਤੇ ਗੁਰੂ ਰਾਮ ਦਾਸ ਜੀ ਦੀ ਫੋਟੋ ਤੋੜ ਦਿੱਤੀ ਸੀ ਅਤੇ ਉਸੇ ਹਫ਼ਤੇ ਹਰਿਆਣਾ ਵਿਚ ਪਾਣੀਪਤ ਨੇੜੇ 8 ਸਿੱਖਾਂ ਨੂੰ ਮਾਰ ਦਿੱਤਾ ਸੀ। ਸਿੱਖਾਂ ਦੇ ਸਬਰ ਨੂੰ ਪਰਖਣਾ ਇਨ੍ਹਾਂ ਨੂੰ ਉਦੋਂ ਵੀ ਮਹਿੰਗਾ ਪਿਆ ਸੀ।

ਹਿੰਦੂ ਸੰਗਠਨ ਦੇ ਪ੍ਰਧਾਨ ਨਿਸ਼ਾਂਤ ਸ਼ਰਮਾ ਵੱਲੋਂ ਇਸ ਘਟਨਾ ਤੋਂ ਦੂਜੇ ਦਿਨ ਅਖ਼ਬਾਰਾਂ ਵਿਚ ਦਿੱਤੇ ਬਿਆਨ ਕਿ ਅਗਲੀ ਪੇਸ਼ੀ 'ਤੇ ਉਹ ਭਾਈ ਹਵਾਰਾ 'ਤੇ ਫਿਰ ਹਮਲਾ ਕਰਨਗੇ, ਦੇ ਸਬੰਧ ਵਿਚ ਭਾਈ ਮਾਨਾ ਨੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿਚ ਅਗਲੀ ਪੇਸ਼ੀ 'ਤੇ ਪਹੁੰਚ ਕੇ ਇਸ ਹਿੰਦੂ ਸੰਗਠਨ ਨੂੰ ਕਰੜੇ ਹੱਥੀਂ ਲਿਆ ਜਾਵੇ।


# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882
ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
Radio CK, PO Box 296, Fremont, CA 94537






**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

spkaurus@yahoo.co.in - www.shopherbalife.com/skaur



# SUPER TRAVEL

847-676-9090, 773-465-5566

E-mail: supertravel2003@yahoo.com

*Lowest Fares With Excellent Service*

AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.



For Emergency Call anytime at 847-673-3825

EARLY BIRD SALE!!!!

India $545
London $250



# MRP TRAVEL

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

408-929-8005
E-mail:mrptravel@gmail.com
2123 Port Way, San Jose, CA 95133
CST: 2097308-40

Passport & Visa services also available



Asiana Airlines · Emirates · KOREAN AIR · SINGAPORE AIRLINES · CATHAY PACIFIC · Lufthansa · CHINA AIRLINES

*India Vacation tour package also available.*

*BUS tickets also available from Delhi to Punjab with lowest fare.*


# Matrimonials

### ਵਰ ਦੀ ਲੋੜ ਹੈ

Seeking a suitable Jatt Sikh US citizen match for a pretty 24, 5'-3" Dentist girl in India. Contact at skgurdeep7@gmail.com.

Parents seek US citizen Jatt Sikh boy in Medical profession for Jatt Sikh, 27, 5'-7" MBBS girl, preparing for USMLE, 1st step cleared. Call:510-304-9292 or e-mail: jassi@jassigill.com

Wanted US/Canadian/UK/Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

ਸੁੰਦਰ ਸੈਣੀ ਲੜਕੇ 24 ਸਾਲ, ਬੀ. ਐਸ. ਸੀ. ਨਰਸਿੰਗ ਵਾਸਤੇ ਯੋਗ ਸੁਸ਼ੀਲ ਜੀਵਨ ਸਾਥਣ ਦੀ ਜਰੂਰਤ ਹੈ। ਅਮਰੀਕਾ ਕੈਨੇਡਾ ਨੂੰ ਤਰਜੀਹ। ਜਾਤ ਗੋਤ ਕੋਈ ਵਿਚਾਰ ਨਹੀਂ। ਫੋਨ ਨੰਬਰ 408-518-2031 ਜਾਂ email: gsaini125@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸੁੰਦਰ ਤੇ ਸਾਊ ਲੜਕੀ, 24 ਸਾਲ, ਕੱਦ 5.0', ਬੀ ਐਸ ਨਰਸਿੰਗ ਲਈ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਅਮਰੀਕਾ/ ਕੈਨੇਡਾ ਦੇ ਸਿਟੀਜ਼ਨ, ਗਰੀਨ ਕਾਰਡ, ਜਾਂ ਪੀ ਆਰ ਹੋਲਡਰ 510-300-7682 ਜਾਂ 91-99155-50180 'ਤੇ ਸੰਪਰਕ ਕਰਨ।

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਚੀਮਾ 29, ਕੱਦ 5'-11" ਅਮਰੀਕੀ ਸਿਟੀਜ਼ਨ 10+2 ਪਾਸ ਲੜਕੇ ਲਈ ਇੰਡੀਆ ਤੋਂ ਪੜ੍ਹੀ ਲਿਖੀ 22 ਤੋਂ 26 ਸਾਲ ਉਮਰ ਦੀ ਘਟੋ ਘਟ 5' 4" ਕੱਦ ਦੀ ਘਰੇਲੂ ਲੜਕੀ ਦੀ ਲੋੜ ਹੈ। ਮੰਗਣੀ ਇੰਡੀਆ ਤੇ ਵਿਆਹ ਅਮਰੀਕਾ ਵਿਚ। ਲੜਕੇ ਦੇ ਮਾਪੇ ਇੰਡੀਆ ਵਿਚ ਹਨ। ਸੰਪਰਕ ਕਰੋ:ਫੋਨ 91-80591-27952 ਜਾਂ ਈਮੇਲ ਕਰੋ js.cheema@yahoo.com

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/ photo: psingh03850@gmail.com

*www.punjabtimesusa.com*


FARMERS INSURANCE GROUP — Symbol of Superior Service

# FARMERS

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

**Duabba Insurance Agency**
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਚਹੇਤਿਆਂ ਨੂੰ ਵਿਦੇਸ਼ੀ ਹਥਿਆਰ ਵੰਡੇਗੀ ਪੰਜਾਬ ਸਰਕਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਵੱਲੋਂ ਚੋਣ ਜ਼ਾਬਤੇ ਤੋਂ ਪਹਿਲਾਂ ਆਪਣੇ ਚਹੇਤਿਆਂ ਨੂੰ ਵਿਦੇਸ਼ੀ ਹਥਿਆਰ ਵੰਡਣ ਦੀ ਤਿਆਰੀ ਕੀਤੀ ਜਾ ਰਹੀ ਹੈ। ਗ੍ਰਹਿ ਵਿਭਾਗ ਪੰਜਾਬ ਕੋਲ 1091 ਵੀ.ਆਈ.ਪੀਜ਼. ਵੱਲੋਂ ਇਹ ਹਥਿਆਰ ਲੈਣ ਵਾਸਤੇ ਅਰਜ਼ੀਆਂ ਦਿੱਤੀਆਂ ਗਈਆਂ ਹਨ।

ਗ੍ਰਹਿ ਵਿਭਾਗ ਨੇ ਇਨ੍ਹਾਂ ਲੋਕਾਂ ਨੂੰ ਹਥਿਆਰਾਂ ਦੀ ਅਲਾਟਮੈਂਟ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੰਜਾਬ ਸਰਕਾਰ ਚੋਣਾਂ ਤੋਂ ਪਹਿਲਾਂ ਪੁਲਿਸ ਵੱਲੋਂ ਵੱਖ ਵੱਖ ਮਾਮਲਿਆਂ 'ਚ ਜ਼ਬਤ ਕੀਤੇ ਵਿਦੇਸ਼ੀ ਹਥਿਆਰਾਂ ਦੀ ਅਲਾਟਮੈਂਟ ਕਰਨ ਦੀ ਕਾਹਲ ਵਿਚ ਹੈ। ਕੈਪਟਨ ਹਕੂਮਤ ਨੇ ਵੀ ਆਪਣੇ ਸਮੇਂ 'ਚ ਵੀ.ਆਈ.ਪੀ. ਲੋਕਾਂ ਨੂੰ ਕੌਡੀਆਂ ਦੇ ਭਾਅ ਵਿਦੇਸ਼ੀ ਹਥਿਆਰ ਵੰਡ ਦਿੱਤੇ ਸਨ। ਇਹ ਉਹ ਹਥਿਆਰ ਸਨ ਜੋ ਪੁਲਿਸ ਨੇ ਖਾੜਕੂਆਂ ਤੇ ਹੋਰ ਅਨਸਰਾਂ ਤੋਂ ਜ਼ਬਤ ਕੀਤੇ ਸਨ। ਅਕਾਲੀ ਹਕੂਮਤ ਹੁਣ ਪਹਿਲਾਂ ਵਾਂਗ ਮਾਰ ਨਹੀਂ ਖਾਣਾ ਚਾਹੁੰਦੀ।

ਜਦੋਂ ਸਾਲ 1997-2002 'ਚ ਅਕਾਲੀ ਸਰਕਾਰ ਸੀ ਤਾਂ ਉਦੋਂ ਚੋਣਾਂ ਤੋਂ ਪਹਿਲਾਂ 16 ਅਕਤੂਬਰ 2001 ਨੂੰ ਅਕਾਲੀ ਸਰਕਾਰ ਨੇ ਜ਼ਬਤ ਕੀਤੇ ਹਥਿਆਰ ਅਲਾਟ ਕਰਨ ਦਾ ਨੋਟੀਫਿਕੇਸ਼ਨ ਕੀਤਾ ਸੀ। ਪਿਛੋਂ ਚੋਣ ਜ਼ਾਬਤਾ ਲੱਗਣ ਕਰਕੇ ਮਾਮਲਾ ਲਟਕ ਗਿਆ ਸੀ। ਕੈਪਟਨ ਹਕੂਮਤ ਨੇ ਥੋੜੇ ਸਮੇਂ ਮਗਰੋਂ ਹੀ ਵਿਦੇਸ਼ੀ ਹਥਿਆਰ ਅਲਾਟ ਕਰਨੇ ਸ਼ੁਰੂ ਕਰ ਦਿੱਤੇ ਸਨ ਜਦਕਿ ਅਕਾਲੀ ਮੌਕਾ ਖੁੰਝਾ ਗਏ ਸਨ। ਗ੍ਰਹਿ ਵਿਭਾਗ ਪੰਜਾਬ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੀ ਗਈ ਸੂਚਨਾ ਮੁਤਾਬਕ ਵਿਭਾਗ ਨੇ ਹਥਿਆਰਾਂ ਦੀ ਅਲਾਟਮੈਂਟ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਹਥਿਆਰ ਅਲਾਟ ਕਰਾਉਣ ਬਾਰੇ ਜੋ ਦਰਖਾਸਤਾਂ ਪੁੱਜੀਆਂ ਹਨ, ਉਨ੍ਹਾਂ ਦੀ ਸੂਚੀ ਬਣਾਉਣ ਪਿੱਛੋਂ ਅਗਲੇਰੀ ਕਾਰਵਾਈ ਲਈ ਫ਼ਾਈਲ ਅਧਿਕਾਰੀਆਂ ਨੂੰ ਭੇਜੀ ਗਈ ਹੈ। ਮੌਜੂਦਾ ਸਰਕਾਰ ਕੋਲ ਛੇ ਕਿਸਮਾਂ ਦੇ ਹਥਿਆਰ ਲੈਣ ਲਈ ਸਾਲ 2007 ਤੋਂ ਹੁਣ ਤੱਕ 1091 ਲੋਕਾਂ ਨੇ ਪਹੁੰਚ ਕੀਤੀ ਹੈ। ਪੰਜਾਬ ਸਰਕਾਰ ਨੂੰ ਸਾਲ 2009 'ਚ 600 ਦਰਖਾਸਤਾਂ ਇਸ ਬਾਰੇ ਮਿਲੀਆਂ ਸਨ ਜਦੋਂਕਿ ਸਾਲ 2010 'ਚ 233 ਲੋਕਾਂ ਨੇ ਪਹੁੰਚ ਕੀਤੀ। ਇਸ ਵਰ੍ਹੇ 'ਚ ਹੁਣ ਤੱਕ 258 ਲੋਕ ਹਥਿਆਰ ਲੈਣ ਵਾਸਤੇ ਦਰਖਾਸਤਾਂ ਦੇ ਚੁੱਕੇ ਹਨ।

ਸਭ ਤੋਂ ਵੱਧ ਦਰਖਾਸਤਾਂ ਐਫ. ਕੈਟਾਗਿਰੀ ਤਹਿਤ 750 ਹਨ ਜਦੋਂਕਿ ਉਸ ਤੋਂ ਘੱਟ ਡੀ. ਕੈਟਾਗਿਰੀ ਲਈ 282 ਦਰਖਾਸਤਾਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ ਮੁਤਾਬਕ ਆਮ ਪ੍ਰਾਈਵੇਟ ਲੋਕਾਂ ਦਾ ਅਲਾਟਮੈਂਟ ਕੋਟਾ ਸਿਰਫ 10 ਫੀਸਦੀ ਹੈ, ਉਹ ਵੀ ਨੇਤਾਵਾਂ ਦੇ ਨੇੜਲੇ ਲੋਕਾਂ ਦੇ ਹਿੱਸੇ ਹੀ ਆ ਜਾਂਦਾ ਹੈ। ਕੈਪਟਨ ਹਕੂਮਤ ਨੇ ਆਪਣੇ ਸਮੇਂ ਦੌਰਾਨ ਪੰਜ ਦਫਾ ਇਨ੍ਹਾਂ ਹਥਿਆਰਾਂ ਦੀ ਅਲਾਟਮੈਂਟ ਲਈ ਨਿਲਾਮੀ ਕੀਤੀ ਸੀ।

ਪੁਲਿਸ ਅਕੈਡਮੀ ਫਿਲੌਰ ਨੇ ਵੱਖਰੀ ਸੂਚਨਾ 'ਚ ਦੱਸਿਆ ਹੈ ਕਿ ਮੌਜੂਦਾ ਸਰਕਾਰ ਦੇ ਸਮੇਂ ਸਿਰਫ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਚੰਡੀਗੜ੍ਹ ਰਵੀ ਕੁਮਾਰ ਸੋਂਧੀ ਨੂੰ ਹੀ 7.65 ਐਮ.ਐਮ. ਪਿਸਟਲ 50 ਹਜ਼ਾਰ ਰੁਪਏ ਦੀ ਕੀਮਤ ਵਿਚ ਅਲਾਟ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਆਪਣੇ ਨੇੜਲਿਆਂ ਨੂੰ ਤਕਰੀਬਨ 275 ਵਿਦੇਸ਼ੀ ਤੇ ਭਾਰਤੀ ਹਥਿਆਰ ਪੰਜ ਗੁਣਾ ਘੱਟ ਕੀਮਤ 'ਤੇ ਵੰਡੇ ਸਨ। ਉਦੋਂ ਮਾਲਵਾ ਪੱਟੀ ਦੇ 62 ਵੀ.ਆਈ.ਪੀ. ਲੋਕਾਂ ਨੂੰ ਵਿਦੇਸ਼ੀ ਹਥਿਆਰ ਮਿਲੇ ਸਨ ਜਦੋਂਕਿ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਦੇ 65 ਵੀ.ਆਈ.ਪੀ ਲੋਕਾਂ ਨੇ ਸਭ ਤੋਂ ਵੱਧ ਹਥਿਆਰ ਅਲਾਟ ਕਰਾਏ ਸਨ। ਜ਼ਿਲ੍ਹਾ ਬਠਿੰਡਾ ਦੇ 10 ਵੀ.ਆਈ.ਪੀ. ਲੋਕਾਂ ਨੂੰ ਹਥਿਆਰ ਅਲਾਟ ਹੋਏ ਸਨ। ਬਠਿੰਡਾ ਦੇ




ਤਤਕਾਲੀ ਡਿਪਟੀ ਕਮਿਸ਼ਨਰ ਕੇ.ਏ.ਪੀ. ਸਿਨਹਾ ਨੂੰ ਜਰਮਨੀ ਦਾ 32 ਬੋਰ ਪਿਸਟਲ ਮਾਊਜ਼ਰ ਸਿਰਫ 60 ਹਜ਼ਾਰ ਰੁਪਏ ਵਿਚ ਮਿਲ ਗਿਆ ਸੀ ਜਦੋਂਕਿ ਫਰੀਦਕੋਟ ਦੇ ਤਤਕਾਲੀ ਡਿਪਟੀ ਕਮਿਸ਼ਨਰ ਹੁਸਨ ਲਾਲ ਨੇ 32 ਬੋਰ ਪਿਸਟਲ 30 ਹਜ਼ਾਰ ਰੁਪਏ ਵਿਚ ਖਰੀਦਿਆ ਸੀ। ਜ਼ਿਲ੍ਹਾ ਬਠਿੰਡਾ ਦੇ ਕਾਂਗਰਸੀ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਨੇ ਚੀਨ ਦਾ ਪਿਸਤੌਲ ਮਾਊਜ਼ਰ 7.62 ਐਮ.ਐਮ. 25 ਹਜ਼ਾਰ ਦਾ ਖਰੀਦਿਆ ਸੀ। ਪਿੰਡ ਜੋਧਪੁਰ ਪਾਖਰ ਦੇ ਵਾਸੀ ਤੇ ਤਤਕਾਲੀ ਸ਼੍ਰੋਮਣੀ ਕਮੇਟੀ ਮੈਂਬਰ ਗੁਰਤੇਜ ਸਿੰਘ ਨੇ ਵੀ ਚੀਨ ਦਾ 32 ਬੋਰ ਪਿਸਤੌਲ 40 ਹਜ਼ਾਰ ਦਾ ਤੇ ਤਤਕਾਲੀ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੇ ਚੈਕੋਸਲਵਾਕੀਆ ਦੀ 12 ਬੋਰ ਗੰਨ 15 ਹਜ਼ਾਰ ਦੀ ਖਰੀਦੀ ਸੀ। ਗੌਰਤਲਬ ਹੈ ਕਿ ਚੀਨ ਦੇ ਮਾਊਜ਼ਰ 7.62 ਐਮ.ਐਮ. ਦੀ ਉਂਜ ਬਾਜ਼ਾਰੂ ਕੀਮਤ ਤਿੰਨ ਲੱਖ ਤੋਂ ਉਪਰ ਹੈ ਜੋ ਸਰਕਾਰ ਨੇ 25 ਹਜ਼ਾਰ 'ਚ ਹੀ ਅਲਾਟ ਕਰ ਦਿੱਤੇ ਹਨ।

ਦੱਸਣਯੋਗ ਹੈ ਕਿ ਇਹ ਹਥਿਆਰ ਪੰਜਾਬ ਪੁਲਿਸ ਅਕੈਡਮੀ ਫਿਲੌਰ ਦੇ ਮਾਲਖਾਨੇ ਵਿਚ ਜਮ੍ਹਾਂ ਪਏ ਸਨ। ਨਿਯਮਾਂ ਅਨੁਸਾਰ ਜੋ ਅਸਲਾ ਅਲਾਟ ਕੀਤਾ ਜਾਂਦਾ ਹੈ, ਉਸ ਦੇ ਅਲਾਟੀ ਉਸ ਨੂੰ ਅਗਾਂਹ ਵੇਚ ਨਹੀਂ ਸਕਦੇ ਤੇ ਨਾ ਹੀ ਉਹ ਅਸਲਾ ਕਿਸੇ ਦੂਸਰੇ ਦੇ ਨਾਂ 'ਤੇ ਤਬਦੀਲ ਕਰਾ ਸਕਦੇ ਹਨ। ਵਿਦੇਸ਼ੀ ਹਥਿਆਰ ਅਲਾਟ ਕਰਾਉਣ ਵਾਲਿਆਂ ਵਿਚ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਸਾਬਕਾ ਮੁੱਖ ਸੂਚਨਾ ਕਮਿਸ਼ਨਰ ਰਾਜਨ ਕਸ਼ਯਪ ਤੇ ਉਸ ਦਾ ਪੁੱਤਰ ਅਨੁਰਾਗ ਕਸ਼ਯਪ ਵੀ ਸ਼ਾਮਲ ਹੈ।

ਤਤਕਾਲੀ ਮੰਤਰੀ ਚੌਧਰੀ ਸੰਤੋਖ ਸਿੰਘ ਤੇ ਭੁਪਿੰਦਰ ਸਿੰਘ ਨੇ ਵੀ ਅਮਰੀਕਾ ਤੇ ਜਰਮਨੀ ਦੇ ਰਿਵਾਲਵਰ ਅਲਾਟ ਕਰਾਏ ਸਨ। ਪ੍ਰਤਾਪ ਸਿੰਘ ਬਾਜਵਾ ਨੇ ਵੀ ਅਮਰੀਕਾ ਦਾ 32 ਬੋਰ ਦਾ ਰਿਵਾਲਵਰ 50 ਹਜ਼ਾਰ 'ਚ ਖਰੀਦਿਆ ਸੀ। ਇਵੇਂ ਹੀ ਯੂਥ ਕਾਂਗਰਸ ਪੰਜਾਬ ਦੇ ਪ੍ਰਧਾਨ ਵਿਜੇ ਇੰਦਰ ਸਿੰਗਲਾ ਨੇ ਵੀ ਚੀਨ ਦਾ ਪਿਸਟਲ ਮਾਊਜ਼ਰ 7.62 ਐਮ.ਐਮ. 25 ਹਜ਼ਾਰ 'ਚ ਖਰੀਦਿਆ ਸੀ। ਇਸ ਮੌਕੇ ਇਕ ਦਰਜਨ ਦੇ ਕਰੀਬ ਡੀ.ਐਸ.ਪੀਜ਼. ਤੇ ਐਸ.ਡੀ.ਐਮਜ਼. ਨੇ ਵੀ ਹਥਿਆਰ ਲਏ ਹਨ।

## ਸਿਮਰਨਜੀਤ ਸਿੰਘ ਮਾਨ ਵੱਲੋਂ ਖਾਲਿਸਤਾਨ ਮੁੱਦੇ 'ਤੇ ਚੋਣਾਂ ਲੜਨ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਉਹ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਤੋਂ ਖਾਲਿਸਤਾਨ ਮੁੱਦੇ 'ਤੇ ਚੋਣਾਂ ਲੜਨਗੇ। ਸ. ਮਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਖਾਲਿਸਤਾਨ ਦੇ ਮੁੱਦੇ 'ਤੇ ਸਾਰੀਆਂ ਸੀਟਾਂ 'ਤੇ ਆਪਣੇ ਤੌਰ 'ਤੇ ਇਕੱਲਿਆਂ ਹੀ ਚੋਣ ਲੜੇਗੀ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਉਨ੍ਹਾਂ ਨੂੰ ਅਲੱਗ ਕੌਮ ਵਜੋਂ ਮਾਨਤਾ ਨਹੀਂ ਦਿੰਦਾ ਤੇ ਸਿੱਖਾਂ ਲਈ ਵਿਆਹ ਸਬੰਧੀ ਵੀ ਵੱਖਰਾ ਕਾਨੂੰਨ ਨਹੀਂ ਬਣਾਇਆ ਜਾ ਰਿਹਾ।



ਉਨ੍ਹਾਂ ਨੇ ਅਡਵਾਨੀ ਦੇ ਦੌਰੇ ਨੂੰ ਲੈ ਕੇ ਮੁੱਖ ਮੰਤਰੀ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਦੇ ਸੂਬਾਈ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ 'ਤੇ ਹਮਲੇ ਕੀਤੇ। ਜੂਨ 1984 ਦੇ ਬਲਿਊ ਸਟਾਰ ਅਪਰੇਸ਼ਨ ਦੀ ਘਟਨਾ ਦੀ ਜ਼ਿੰਮੇਵਾਰੀ ਸ੍ਰੀ ਅਡਵਾਨੀ ਨੇ ਆਪਣੀ ਕਿਤਾਬ 'ਮਾਈ ਕੰਟਰੀ ਮਾਈ ਲਾਈਫ਼' ਵਿਚ ਲਈ ਹੈ ਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਪ੍ਰਤੀ ਇਤਰਾਜ਼ਯੋਗ ਸ਼ਬਦਾਂਵਲੀ ਵਰਤੀ ਹੈ। ਇਸ ਲਈ ਅਜਿਹੇ ਸਿੱਖ ਦੁਸ਼ਮਣ ਵਿਅਕਤੀ ਦਾ ਪੰਜਾਬ ਆਉਣ 'ਤੇ ਸ. ਪ੍ਰਕਾਸ਼ ਸਿੰਘ ਬਾਦਲ, ਸ. ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਸਾਥੀ ਆਗੂਆਂ ਵੱਲੋਂ ਸਵਾਗਤ ਕਰਨਾ ਨਿੰਦਣਯੋਗ ਹੈ।

ਉਨ੍ਹਾਂ ਪੰਜਾਬ ਦੇ ਹਿੰਦੂ ਭਾਈਚਾਰੇ ਨੂੰ ਅਪੀਲ ਕੀਤੀ ਕਿ ਅਡਵਾਨੀ ਦੀ ਪੰਜਾਬ ਯਾਤਰਾ ਦਾ ਬਾਈਕਾਟ ਕੀਤਾ ਜਾਵੇ। ਇਸ ਮੌਕੇ ਸ. ਮਾਨ ਨੇ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਵੱਲੋਂ ਆਪਣੀ ਪਾਰਟੀ ਦਾ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਵਿਚ ਰਲੇਵਾਂ ਕਰਨ ਦੀਆਂ ਸੰਭਾਵਨਾਵਾਂ ਨੂੰ ਸੋਚੀ ਤੇ ਮੌਕਾਪ੍ਰਸਤ ਰਾਜਨੀਤੀ ਕਰਾਰ ਦਿੰਦਿਆਂ ਕਿਹਾ ਕਿ ਸ. ਰਾਮੂਵਾਲੀਆ ਨੇ ਪੰਜਾਬ ਦੀ ਜਨਤਾ ਨੂੰ ਲਗਾਤਾਰ ਗੁੰਮਰਾਹ ਕੀਤਾ ਹੈ। ਰਾਮੂਵਾਲੀਆ ਵੱਲੋਂ ਜਦੋਂ ਲੋਕ ਭਲਾਈ ਪਾਰਟੀ ਬਣਾਈ ਗਈ ਸੀ ਤਾਂ ਉਸ ਨੇ ਆਪਣੀ ਪਾਰਟੀ ਦਾ ਮੁੱਖ ਮਿਸ਼ਨ ਵਿਦੇਸ਼ੀ ਗਈਆਂ ਪੰਜਾਬੀ ਕੁੜੀਆਂ ਨਾਲ ਹੁੰਦੇ ਧੋਖਿਆਂ ਦੇ ਮਾਮਲੇ ਸੁਲਝਾਉਣਾ ਸੀ। ਉਨ੍ਹਾਂ ਸਵਾਲ ਕੀਤਾ ਕਿ ਕੀ ਹੁਣ ਪੰਜਾਬ ਤੇ ਸਿੱਖ ਕੌਮ ਦੀਆਂ ਵਿਦੇਸ਼ਾਂ ਵਿਚ ਪੀੜਤ ਬੀਬੀਆਂ ਨੂੰ ਇਨਸਾਫ ਮਿਲ ਗਿਆ ਹੈ ਜਾਂ ਉਨ੍ਹਾਂ ਦੇ ਮੁੜ ਵਸੇਬੇ ਦਾ ਸਹੀ ਪ੍ਰਬੰਧ ਹੋ ਗਿਆ ਹੈ।

# ਗੁਰੂ ਨਾਨਕ ਦੇਵ 'ਵਰਸਿਟੀ ਵੱਲੋਂ ਪੰਜਾਬੀ ਵਿਰੋਧੀ ਫ਼ੈਸਲਾ ਵਾਪਸ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਉਂਦੇ ਵਿਦਿਅਕ ਸੈਸ਼ਨ ਵਿਚ ਅੰਡਰ ਗਰੈਜੂਏਟ ਜਮਾਤਾਂ ਵਿਚ ਲਾਗੂ ਕੀਤੀ ਜਾ ਰਹੀ ਸਮੈਸਟਰ ਪ੍ਰਣਾਲੀ ਤਹਿਤ ਪੰਜਾਬੀ ਨੂੰ ਸਿਰਫ ਚਾਰ ਸਮੈਸਟਰ ਤਕ ਪੜ੍ਹਾਉਣ ਦੇ ਕੀਤੇ ਗਏ ਫੈਸਲੇ ਨੂੰ ਹੁਣ ਲਾਗੂ ਨਹੀਂ ਕੀਤਾ ਜਾਵੇਗਾ ਤੇ ਇਸ ਬਾਰ ਹਾਲਤ ਨੂੰ ਪਹਿਲਾਂ ਵਾਂਗ ਜਿਉਂ ਦਾ ਤਿਉਂ ਰੱਖਿਆ ਜਾਵੇਗਾ।

ਯੂਨੀਵਰਸਿਟੀ ਦੇ ਇਸ ਫੈਸਲੇ ਬਾਰੇ 22 ਮੈਂਬਰੀ ਕਮੇਟੀ ਦੀ ਇਕੱਤਰਤਾ ਸਮੇਂ ਜਾਣੂ ਕਰਵਾਇਆ ਗਿਆ। ਗੌਰਤਲਬ ਹੈ ਕਿ ਯੂਨੀਵਰਸਿਟੀ ਨੇ ਬੀਤੇ ਦਿਨੀਂ ਅੰਡਰ ਗਰੈਜੂਏਟ ਜਮਾਤਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਕਰਨ ਦਾ ਫੈਸਲਾ ਕੀਤਾ ਸੀ। ਇਸੇ ਫੈਸਲੇ ਤਹਿਤ ਸਮੂਹ ਅੰਡਰ ਗਰੈਜੂਏਟ ਜਮਾਤਾਂ ਵਿਚ ਪੰਜਾਬੀ ਨੂੰ ਸਿਰਫ ਚਾਰ ਸਮੈਸਟਰ ਤਕ ਪੜ੍ਹਾਉਣ ਤੇ ਪੰਜਾਬੀ ਸਮੇਤ ਭਾਸ਼ਾ ਵਿਸ਼ੇ ਦੇ ਪੀਰੀਅਡ ਘੱਟ ਕਰਨ ਦੀ ਤਜਵੀਜ਼ ਸੀ।



ਇਸ ਫੈਸਲੇ ਦੇ ਜੱਗ ਜ਼ਾਹਰ ਹੋਣ ਤੋਂ ਬਾਅਦ ਪੰਜਾਬੀ ਹਿਤੈਸ਼ੀ ਜਥੇਬੰਦੀਆਂ ਨੇ ਇਸ ਵਿਰੁੱਧ ਝੰਡਾ ਬੁਲੰਦ ਕਰ ਦਿੱਤਾ ਸੀ। ਇਸ ਦੌਰਾਨ ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਵੀ ਸਮੁੱਚੀ ਹਾਲਤ ਨੂੰ ਮੁੜ ਵਿਚਾਰਨ ਲਈ 22 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਸੀ। ਕਮੇਟੀ ਦਾ ਕੋਆਰਡੀਨੇਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਉਪਕੁਲਪਤੀ ਪ੍ਰੋ. ਜੋਗਿੰਦਰ ਸਿੰਘ ਪੁਆਰ ਨੂੰ ਬਣਾਇਆ ਗਿਆ ਸੀ। ਕਮੇਟੀ ਵੱਲੋਂ ਦਿੱਤੀਆਂ ਸਿਫਾਰਸ਼ਾਂ ਨੂੰ ਯੂਨੀਵਰਸਿਟੀ ਨੇ ਲਾਗੂ ਕਰਨਾ ਸੀ।

ਕਮੇਟੀ ਦੀ ਪਲੇਠੀ ਮੀਟਿੰਗ ਪ੍ਰੋ. ਪੁਆਰ ਦੀ ਪ੍ਰਧਾਨਗੀ ਹੋਈ। ਮੀਟਿੰਗ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਕਮੇਟੀ ਨੂੰ ਯੂਨੀਵਰਸਿਟੀ ਦੇ ਇਸ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਗਿਆ ਕਿ ਪੰਜਾਬੀ ਬਾਰੇ ਕੀਤੇ ਗਏ ਫੈਸਲੇ ਬਾਰੇ ਯੂਨੀਵਰਸਿਟੀ ਵੱਲੋਂ ਪਹਿਲਾਂ ਵਾਲੀ ਹਾਲਤ ਨੂੰ ਬਹਾਲ ਰੱਖਿਆ ਜਾਵੇਗਾ। ਇਸ ਦੀ ਪੁਸ਼ਟੀ ਕਰਦਿਆਂ ਪ੍ਰੋ. ਪੁਆਰ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਸਤਾਵਿਤ ਫੈਸਲੇ ਨੂੰ ਲਾਗੂ ਨਾ ਕਰਨ ਤੇ ਪਹਿਲਾਂ ਵਾਲੀ ਹਾਲਤ ਨੂੰ ਬਰਕਰਾਰ ਰੱਖਣ ਦੇ ਕੀਤੇ ਗਏ ਫੈਸਲੇ ਤੋਂ ਬਾਅਦ ਇਕੱਤਰਤਾ ਵਿਚ ਇਸ ਵਿਸ਼ੇ 'ਤੇ ਚਰਚਾ ਨਹੀਂ ਹੋਈ ਸਗੋਂ ਇਕੱਤਰਤਾ ਵਿਚ ਅੰਡਰ ਗਰੈਜੂਏਟ ਜਮਾਤਾਂ ਤੇ ਖਾਸ ਕਰਕੇ ਸਾਇੰਸ ਜਮਾਤਾਂ ਵਿਚ ਪੜ੍ਹਾਏ ਜਾਣ ਵਾਲੇ ਪੰਜਾਬੀ ਵਿਸ਼ੇ ਦੇ ਪਾਠਕ੍ਰਮ ਬਾਰੇ ਮੁੜ ਵਿਚਾਰ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਕਮੇਟੀ ਮੈਂਬਰਾਂ ਦੀ ਰਾਇ ਸੀ ਕਿ ਪੰਜਾਬੀ ਵਿਸ਼ੇ ਨੂੰ ਵਧੇਰੇ ਲਾਹੇਵੰਦ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਦਿਹਾਤੀ ਵਿਦਿਆਰਥੀਆਂ ਨੂੰ ਇਸ ਦਾ ਵੱਧ ਫ਼ਾਇਦਾ ਮਿਲੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਨਤਕ ਰਾਏ ਵੀ ਇਕੱਠੀ ਕੀਤੀ ਜਾਵੇਗੀ। ਇਸ ਤਹਿਤ ਯੂਨੀਵਰਸਿਟੀ ਵੱਲੋਂ ਇਕ ਇਸ਼ਤਿਹਾਰ ਪ੍ਰਕਾਸ਼ਿਤ ਕਰਕੇ ਪੰਜਾਬੀ ਹਿਤੈਸ਼ੀਆਂ, ਵਿਦਵਾਨਾਂ ਕੋਲੋਂ ਪਾਠਕ੍ਰਮ ਤੈਅ ਕਰਨ ਬਾਰੇ ਵਿਚਾਰ ਮੰਗੇ ਜਾਣਗੇ।

# ਕਬੱਡੀ ਦੇ ਜਸ਼ਨਾਂ 'ਚ ਗੁਆਚੀ ਸਰਕਾਰ ਨੇ ਸ਼ੇਰ-ਏ-ਪੰਜਾਬ ਨੂੰ ਵਿਸਾਰਿਆ

**ਸੰਗਰੂਰ: (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਲੋਕਾਂ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਦੇਣ ਦੇ ਦਾਅਵੇ ਕਰਨ ਵਾਲੀ ਅਕਾਲੀ-ਭਾਜਪਾ ਸਰਕਾਰ ਦੇ ਰਾਜ 'ਚ ਇਸ ਵਾਰ ਸ਼ੇਰ-ਏ-ਪੰਜਾਬ ਦੇ ਜਨਮ ਦਿਨ ਦੀ ਇਤਿਹਾਸਕ ਮਹੱਤਤਾ ਨੂੰ ਵੀ ਅਣਗੌਲਿਆ ਕਰ ਦਿੱਤਾ ਗਿਆ ਹੈ। ਭਾਵੇਂ ਅਕਾਲੀ ਸਰਕਾਰ 1997 ਤੋਂ ਲੈ ਕੇ ਹੁਣ ਤੱਕ ਚਾਰ ਵਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਉਨ੍ਹਾਂ ਦੇ ਜਨਮ ਸਥਾਨ ਪਿੰਡ ਬਡਰੁੱਖਾਂ ਵਿਖੇ ਸਰਕਾਰੀ ਤੌਰ 'ਤੇ ਸਮਾਗਮ ਕਰਕੇ ਮਨਾ ਚੁੱਕੀ ਹੈ ਪਰ ਫਿਰ ਵੀ ਸ਼ੇਰ-ਏ-ਪੰਜਾਬ ਦਾ ਜਨਮ ਸਥਾਨ ਢੁੱਕਵੀਂ ਯਾਦਗਾਰ ਤੋਂ ਵਾਂਝਾ ਹੈ।

1997, 2001 ਤੇ 2007 ਵਿਚ ਅਕਾਲੀ ਸਰਕਾਰ ਵੱਲੋਂ ਕੀਤੇ ਗਏ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਸਮੇਤ ਕਈ ਵਜ਼ੀਰਾਂ ਨੇ ਸ਼ੇਰ-ਏ-ਪੰਜਾਬ ਦੇ ਖੂਬ ਸੋਹਲੇ ਗਾਏ। ਮੁੱਖ ਮੰਤਰੀ ਵੱਲੋਂ ਪੰਜਾਬ ਦੇ ਲੋਕਾਂ ਨੂੰ ਸ਼ੇਰ-ਏ-ਪੰਜਾਬ ਦੇ ਰਾਜ ਵਰਗਾ ਰਾਜ ਦੇਣ ਦਾ ਭਰੋਸਾ ਵੀ ਦਿੱਤਾ ਗਿਆ। ਸ. ਬਾਦਲ ਵੱਲੋਂ ਸਮਾਗਮਾਂ ਦੌਰਾਨ ਤਿੰਨੋਂ ਵਾਰ ਐਲਾਨ ਕੀਤਾ ਗਿਆ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਯਾਦ 'ਚ ਇਕ ਸੁੰਦਰ ਪਾਰਕ ਬਣਾ ਕੇ ਉਸ ਵਿਚ ਘੋੜੇ 'ਤੇ ਸਵਾਰ ਤਾਂਬੇ ਦਾ ਬੁੱਤ ਲਾਇਆ ਜਾਵੇਗਾ।

ਮੁੱਖ ਮੰਤਰੀ ਦੇ ਕੀਤੇ ਐਲਾਨਾਂ ਨੂੰ 14 ਸਾਲ ਬੀਤ ਚੁੱਕੇ ਹਨ ਫਿਰ ਵੀ ਅਜੇ ਤੱਕ ਨਾ ਤਾਂ ਪਾਰਕ ਬਣਿਆ ਹੈ ਤੇ ਨਾ ਹੀ ਘੋੜੇ 'ਤੇ ਸਵਾਰ ਤਾਂਬੇ ਦਾ ਬੁੱਤ ਲੱਗਿਆ ਹੈ। ਮੁੱਖ ਮੰਤਰੀ ਵੱਲੋਂ ਹਰ ਵਰ੍ਹੇ ਸ਼ੇਰ-ਏ-ਪੰਜਾਬ ਦਾ ਜਨਮ ਦਿਹਾੜਾ ਮਨਾਉਣ ਦੇ ਐਲਾਨ ਵੀ ਸਮੇਂ ਦੀ ਧੂੜ 'ਚ ਗੁਆਚ ਗਏ ਹਨ। ਜ਼ਿਕਰਯੋਗ ਹੈ ਕਿ ਸੱਤਾਧਾਰੀ ਪਾਰਟੀ ਦੀ ਪਿਛਲੇ ਦਿਨੀਂ ਹੋਈ ਕੋਰ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਤਾਂ ਹੋਇਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਦਿਨ 8 ਦਸੰਬਰ ਨੂੰ ਮੋਗਾ ਵਿਖੇ ਰੈਲੀ ਕਰਕੇ ਮਨਾਇਆ ਜਾਵੇਗਾ ਪਰ ਸਿੱਖ ਕੌਮ ਦੇ ਮਹਾਨ ਜਰਨੈਲ ਦਾ ਜਨਮ ਦਿਹਾੜਾ ਮਨਾਉਣ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਆਇਆ।

2007 ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਹ ਵੀ ਐਲਾਨ ਕੀਤਾ ਸੀ ਕਿ ਸ਼ੇਰ-ਏ-ਪੰਜਾਬ ਦੀ ਯਾਦ 'ਚ ਪਿੰਡ ਬਡਰੁੱਖਾਂ ਵਿਖੇ ਤਿੰਨ ਕਰੋੜ ਦੀ ਲਾਗਤ ਨਾਲ ਆਦਰਸ਼ ਸਕੂਲ ਬਣਾਇਆ ਜਾਵੇਗਾ। ਇਸ ਤੋਂ ਪਹਿਲਾਂ ਸ. ਬਾਦਲ ਵੱਲੋਂ ਮੈਡੀਕਲ ਕਾਲਜ ਬਣਾਉਣ ਤੇ ਸ਼੍ਰੋਮਣੀ



ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸਥਾਨ ਪਿੰਡ ਬਡਰੁੱਖਾਂ।

ਕਮੇਟੀ ਵੱਲੋਂ ਲੜਕੀਆਂ ਦਾ ਸਕੂਲ ਖੋਲ੍ਹਣ ਦੇ ਐਲਾਨ ਵੀ ਹੋ ਚੁੱਕੇ ਹਨ ਪਰ ਇਹ ਸਭ ਐਲਾਨ ਸਿਰਫ ਕਾਗਜ਼ੀ ਸ਼ੇਰ ਵਾਅਦੇ ਹੀ ਰਹਿ ਗਏ ਹਨ।ਪਿਛਲੇ ਸਾਲ ਮਹਾਰਾਜਾ ਰਣਜੀਤ ਦੇ ਜਨਮ ਦਿਹਾੜੇ ਨੂੰ ਸਮਰਪਿਤ ਹੋਏ ਸਮਾਗਮ 'ਚ ਸ਼ਾਮਲ ਹੋਏ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਵੱਡੇ ਬਾਦਲ ਸਾਹਿਬ ਵੱਲੋਂ ਸੁੰਦਰ ਪਾਰਕ 'ਚ ਘੋੜੇ ਤੇ ਸਵਾਰ ਤਾਂਬੇ ਦਾ ਬੁੱਤ ਲਾਉਣ ਦੇ ਕੀਤੇ ਐਲਾਨ ਨੂੰ ਜਲਦੀ ਪੂਰਾ ਕਰਨ ਦਾ ਭਰੋਸਾ ਦਿੱਤਾ ਸੀ ਪਰ ਇਸ ਬਾਰੇ ਕੁਝ ਵੀ ਨਹੀਂ ਹੋਇਆ।

ਪਿਛਲੀ ਕਾਂਗਰਸ ਸਰਕਾਰ ਸਮੇਂ ਵੀ ਸ਼ੇਰ-ਏ-ਪੰਜਾਬ ਦੇ ਜਨਮ ਸਥਾਨ ਦੀ ਇਤਿਹਾਸਕ ਮਹੱਤਤਾ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ। ਇਥੇ ਹੀ ਬੱਸ ਨਹੀਂ 22 ਜੁਲਾਈ 1968 'ਚ ਉਸ ਸਮੇਂ ਦੇ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੇ ਬਡਰੁੱਖਾਂ ਵਿਖੇ ਰਾਜ ਪੱਧਰੀ ਸਮਾਗਮ ਕਰਕੇ ਸ਼ੇਰ-ਏ-ਪੰਜਾਬ ਮੈਮੋਰੀਅਲ ਅਜਾਇਬ ਘਰ ਦਾ ਨੀਂਹ ਪੱਥਰ ਰੱਖਿਆ ਸੀ ਪਰ ਨੀਂਹ ਪੱਥਰਾਂ ਦੇ ਉਹ ਵਾਅਦੇ ਵੀ ਅੱਜ ਤੱਕ ਵਫ਼ਾ ਨਹੀਂ ਹੋਏ।

ਪਿੰਡ ਬਡਰੁੱਖਾਂ ਦੇ ਕਿਲ੍ਹੇ ਦਾ ਖੰਡਰ ਬਣ ਚੁੱਕਿਆ ਉਹ ਬੁਰਜ ਵੀ ਸਮੇਂ ਦੀ ਸਰਕਾਰ ਵੱਲੋਂ ਸੰਭਾਲਣ ਦੀ ਲੋੜ ਨਹੀਂ ਸਮਝੀ ਗਈ। ਪੰਥਕ ਅਖਵਾਉਂਦੀ ਸਰਕਾਰ ਭਾਵੇਂ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਨ ਮਨਾਉਣਾ ਭੁੱਲ ਗਈ ਹੋਵੇ ਪਰ ਪਿੰਡ ਬਡਰੁੱਖਾਂ ਦੇ ਵਸਨੀਕ ਸਿੱਖ ਕੌਮ ਦੇ ਇਸ ਮਹਾਨ ਯੋਧੇ ਨੂੰ ਕਦੇ ਵੀ ਨਹੀਂ ਭੁੱਲ ਸਕਦੇ। ਪਿੰਡ ਵਾਸੀਆਂ ਵੱਲੋਂ ਸ਼ੇਰ-ਏ-ਪੰਜਾਬ ਦੀ ਯਾਦ 'ਚ ਬਣੇ ਗੁਰਦੁਆਰੇ ਵਿਖੇ 13 ਨਵੰਬਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ।

# ਜ਼ੀ ਟੀ ਵੀ ਵਲੋਂ 'ਹਿਟਲਰ ਦੀਦੀ' ਨਾਂ ਦਾ ਨਵਾਂ ਲੜੀਵਾਰ ਸ਼ੁਰੂ

**ਨਿਊ ਯਾਰਕ (ਬਿਊਰੋ):** ਅਮਰੀਕਾ ਵਿਚ ਦੱਖਣ ਏਸ਼ੀਆਈ ਟੀ ਵੀ ਮਨੋਰੰਜਨ ਦੇ ਖੇਤਰ ਵਿਚ ਮੋਹਰੀ ਜ਼ੀ ਟੀ ਵੀ ਵਲੋਂ "ਹਿਟਲਰ ਦੀਦੀ" ਨਾਂ ਦਾ ਇਕ ਨਵਾਂ ਲੜੀਵਾਰ ਸ਼ੋਅ ਅਰੰਭ ਕੀਤਾ ਗਿਆ ਹੈ ਜਿਸ ਦਾ ਪ੍ਰੀਮੀਅਰ ਲੰਘੀ 7 ਨਵੰਬਰ ਨੂੰ ਹੋਇਆ। ਇਸ ਤੋਂ ਇਲਾਵਾ ਜ਼ੀ ਟੀ ਵੀ ਵਲੋਂ ਹੋਰ ਵਧੇਰੇ ਫਿਲਮਾਂ ਵੀ ਅਗਲੇ ਮਹੀਨਿਆਂ ਵਿਚ ਵਿਖਾਈਆਂ ਜਾਣਗੀਆਂ।

ਜ਼ੀ ਟੀ ਵੀ ਵਲੋਂ ਜਾਰੀ ਇਕ ਬਿਆਨ ਅਨੁਸਾਰ "ਹਿਟਲਰ ਦੀਦੀ" ਇੰਦਰਾ ਸ਼ਰਮਾ ਨਾਂ ਦੀ ਆਪਣੇ ਬਲਬੂਤੇ 'ਤੇ ਕਾਮਯਾਬ ਹੋਈ ਇਕ ਨੌਕਰੀਪੇਸ਼ਾ ਔਰਤ 25 ਸਾਲਾ ਇੰਦਰਾ ਸ਼ਰਮਾ ਦੀ ਕਹਾਣੀ ਹੈ ਜਿਸ ਪਾਸ ਪਿਆਰ ਜਿਹੀਆਂ ਫਜ਼ੂਲ ਚੀਜ਼ਾਂ ਲਈ ਕੋਈ ਸਮਾਂ ਨਹੀਂ। ਆਪਣੇ ਪਰਿਵਾਰ ਦਾ ਬੋਝ ਆਪਣੇ ਮੋਢਿਆਂ ਉਤੇ ਢੋਣਾ ਹੀ ਉਸ ਲਈ ਸਭ ਤੋਂ ਵੱਡੀ ਗੱਲ ਹੈ। ਉਸ ਦਾ ਪਰਿਵਾਰ ਇਕ ਅਜਿਹਾ ਪਰਿਵਾਰ ਹੈ ਜਿਸ ਨੂੰ ਉਸ ਦਾ ਪਿਤਾ ਕਿਸੇ ਹੋਰ ਔਰਤ ਪਿਛੇ ਛੱਡ ਗਿਆ ਸੀ। ਇੰਦਰਾ ਘਰ ਅਤੇ ਆਪਣੇ ਦਫਤਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਬੜੀ ਦਲੇਰੀ ਨਾਲ ਨਿਭਾਉਂਦੀ ਹੈ ਪਰ ਉਸ ਪਾਸ ਪਿਆਰ ਲਈ ਉਦੋਂ ਤੱਕ ਕੋਈ ਸਮਾਂ ਨਹੀਂ ਜਦੋਂ ਤਕ ਕਿ ਰਿਸ਼ੀ ਦੀਵਾਨ ਦੇ ਰੂਪ ਵਿਚ ਇਕ ਨੌਜਵਾਨ ਉਸ ਦੀ ਜ਼ਿੰਦਗੀ ਵਿਚ ਅਛੋਪਲੇ ਹੀ ਨਹੀਂ ਆ ਜਾਂਦਾ। ਹਿਟਲਰ ਦੀਦੀ ਜ਼ੀ ਟੀ ਵੀ ਉਪਰ ਐਤਵਾਰ ਤੋਂ ਵੀਰਵਾਰ ਤੱਕ ਪੂਰਬੀ ਸਮੇਂ ਅਨੁਸਾਰ ਰਾਤ ਨੌਂ ਵਜੇ ਅਤੇ ਪੱਛਮੀ ਸਮੇਂ ਅਨੁਸਾਰ ਸ਼ਾਮ ਛੇ ਵਜੇ ਦਿਖਾਇਆ ਜਾਏਗਾ। ਜ਼ਿਕਰਯੋਗ ਹੈ ਕਿ ਜ਼ੀ ਟੀ ਵੀ ਪਿਛਲੇ ਸਤਾਰਾਂ ਸਾਲ ਤੋਂ ਮਨੋਰੰਜਨ ਦੀ ਦੁਨੀਆਂ ਵਿਚ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਜ਼ੀ ਟੀ ਵੀ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਕ ਭਾਰਤੀ ਚੈਨਲ ਵਜੋਂ ਜ਼ੀ ਟੀ ਵੀ ਦੱਖਣ ਏਸ਼ੀਆਈ ਕਦਰਾਂ-ਕੀਮਤਾਂ ਨੂੰ ਪ੍ਰਣਾਇਆ ਹੋਇਆ ਹੈ। ਜ਼ੀ ਟੀ ਵੀ ਅਮਰੀਕੀ ਮਨੋਰੰਜਨ ਦੀ ਦੁਨੀਆਂ ਵਿਚ 1998 ਵਿਚ ਦਾਖਲ ਹੋਇਆ ਸੀ।




## ਭਾਰਤੀ ਨੌਕਰਾਣੀ ਨੂੰ 50 ਮਹੀਨਿਆਂ ਦੀ ਕੈਦ

**ਸਿੰਗਾਪੁਰ:** ਚਾਰ ਲੱਖ ਡਾਲਰ ਦੇ ਗਹਿਣੇ ਤੇ ਨਕਦੀ ਚੋਰੀ ਕਰਨ ਵਾਲੀ ਭਾਰਤੀ ਨੌਕਰਾਣੀ ਨੂੰ 50 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ। 25 ਸਾਲਾ ਕਿਰਨਦੀਪ ਕੌਰ ਨੇ ਆਪਣੇ ਮਾਲਕ ਦੇ ਘਰੋਂ ਇਸੇ ਸਾਲ 26 ਮਾਰਚ ਨੂੰ ਉਸ ਵੇਲੇ ਇਹ ਗਹਿਣੇ ਤੇ ਨਕਦੀ ਚੋਰੀ ਕਰ ਲਏ ਸੀ ਜਦੋਂ ਉਹ ਆਪਣੇ ਪਰਿਵਾਰ ਸਮੇਤ ਛੁੱਟੀਆਂ ਮਨਾਉਣ ਗਿਆ ਹੋਇਆ ਸੀ। ਇਹ ਚੋਰੀ ਉਸ ਨੇ ਨਕਲੀ ਚਾਬੀ ਨਾਲ ਕੀਤੀ ਸੀ। ਚੋਰੀ ਕਰਨ ਤੋਂ ਬਾਅਦ ਉਹ ਭਾਰਤ ਆ ਗਈ ਸੀ ਤੇ ਜਦੋਂ ਉਹ ਕੰਮ ਦੀ ਭਾਲ 'ਚ ਅਗਸਤ ਵਿਚ ਮੁੜ ਸਿੰਗਾਪੁਰ ਗਈ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

Are You Tired Of All Treatments?
Try
Homeopathic Natural Medicines [HNM]
Well Experienced as:
Director, Principal, Professor, and Chief Medical Officer in Medical Colleges and Hospitals of Punjab - India
Practice Under State of California Act SB 577.
EX Member:
☑ The California Homeopathic Society
☑ National Center For Homeopathy- USA
Serving Since 1973
Gurdip Singh Sandhu
Homeopathic Practitioner/Consultant
DHMS-Gold Medalist, DHMS, BAMS, MDEh.- India
21272 Mission Blvd. Hayward, CA 94541
1188 E Santa Clara St.San Jose Ca95116
Natural Medicines Medical Supply
☎ (510) 870 - 5045
(408) 729 – 6691
Fax: (408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

Indian Oven
11000, I-40 East, Amarillo Texas, 79118 (Exit 77, Right Hand Side)
Ph:1-806-335-3600

Breakfast, Lunch & Dinner (Buffet 11 to 3, Every Day)
ਬਹਿ ਕੇ ਖਾਓ ਜਾਂ ਨਾਲ ਲੈ ਜਾਓ
ਪੰਜਾਬੀ ਵੈਸ਼ਨੂ ਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਤੇ ਨਾਨ
ਮੰਗਲਵਾਰ ਛੁੱਟੀ, ਬਾਕੀ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਖੁੱਲ੍ਹਾ
Easy Truck Parking, Special Deals For Truckers
ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ, ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

FARMERS INSURANCE GROUP
Symbol of Superior Service
FARMERS®
Now at new location: 2774 Aborn Road , San Jose, CA 95121
ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।
"Call for a review of any of your insurance policies or to get a quote"
Totally Free and No Obligation to buy from us!!

Satwant Singh
Insurance Agent
License # OH11256
*Auto *Home *Life *Business
*Workers Compensation
Call for consultation
Ph: 408-771-2438
408-580-6063, 408-687-7566
Fax: 408-273-6001
SSINGH6@FARMERSAGENT.COM
ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।
Call us to know about special discounts for nurses, teachers, engineers, pharmacists, doctors and more professionals to get low prices.*
*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ
If you want to sell your house in shortsale, first call 209-815-1869
We are certified Home Afordable Foreclosure Alternative (HAFA) specilist in shortsale of homes.

Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD® Millennium
Gurbans Gill 209-815-1869

# ਪਾਕਿ ਵੱਲੋਂ ਗੁਰਦੁਆਰਾ ਬਾਬੇ ਕੀ ਬੇਰ ਦਰਸ਼ਨਾਂ ਲਈ ਖੋਲ੍ਹਣ ਦਾ ਭਰੋਸਾ

**ਅੰਮ੍ਰਿਤਸਰ:(ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਦਿਹਾੜਾ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਸਮੇਤ ਵੱਖ-ਵੱਖ ਥਾਵਾਂ 'ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਸਮਾਗਮ ਦੌਰਾਨ ਪਾਕਿਸਤਾਨੀ ਅਧਿਕਾਰੀਆਂ ਨੇ ਸਿੱਖ ਸੰਗਤਾਂ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਗੁਰਦੁਆਰਾ ਬਾਬੇ ਕੀ ਬੇਰ ਦਰਸ਼ਨਾਂ ਲਈ ਖੋਲ੍ਹ ਦਿੱਤਾ ਜਾਵੇਗਾ।

ਗੁਰਪੁਰਬ ਮਨਾਉਣ ਲਈ ਪਾਕਿਸਤਾਨ ਵਿਖੇ ਭਾਰਤ ਸਮੇਤ ਅਮਰੀਕਾ, ਕਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ ਤੋਂ ਵੱਡੀ ਗਿਣਤੀ ਵਿਚ ਇਕੱਠੀਆਂ ਹੋਈਆਂ ਸਿੱਖ ਸੰਗਤਾਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਗਿਆ ਤੇ ਧਾਰਮਿਕ ਸਮਾਗਮ ਵਿਚ ਹਾਜ਼ਰੀ ਲਵਾਈ।

ਅਮਰੀਕਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਨਵੀਨਰ ਡਾ. ਪ੍ਰਿਤਪਾਲ ਸਿੰਘ ਨੇ ਸਿਆਲਕੋਟ ਸਥਿਤ ਗੁਰਦੁਆਰਾ ਬਾਬੇ ਕੀ ਬੇਰ ਸਿੱਖ ਸੰਗਤਾਂ ਲਈ ਖੋਲ੍ਹਣ ਦੀ ਮੰਗ ਕੀਤੀ ਜੋ ਭਾਰਤ-ਪਾਕਿ ਵੰਡ ਤੋਂ ਬਾਅਦ ਪਿਛਲੇ 60 ਸਾਲਾਂ ਤੋਂ ਬੰਦ ਪਿਆ ਹੈ।

ਇਸੇ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਸੰਬੋਧਨ ਕਰਦਿਆਂ ਗੁਰਦੁਆਰਾ ਬਾਬੇ ਕੀ ਬੇਰ ਖੋਲ੍ਹਣ ਦੀ ਮੰਗ ਦੀ ਹਮਾਇਤ ਕੀਤੀ। ਪਾਕਿਸਤਾਨ ਓਕਾਫ ਟਰਸੱਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਸਈਅਦ ਆਸਿਫ ਆਜ਼ਮੀ ਨੇ ਸਿੱਖ ਸੰਗਤਾਂ ਨੂੰ ਭਰੋਸਾ ਦਿਵਾਇਆ ਕਿ ਇਹ ਗੁਰਦੁਆਰਾ ਸਾਹਿਬ ਛੇਤੀ ਹੀ ਸਿੱਖ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹ ਦਿੱਤਾ ਜਾਵੇਗਾ।

ਇਸ ਮੌਕੇ ਵੱਖ-ਵੱਖ ਦੇਸ਼ਾਂ ਤੋਂ ਆਏ ਸਿੱਖ ਆਗੂਆਂ ਨੇ ਸੰਬੋਧਨ ਕਰਦਿਆਂ ਸੰਗਤਾਂ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਕੁਝ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਤੇ ਉਸ ਦੇ ਪ੍ਰਬੰਧ ਹੇਠ ਚੱਲ ਰਹੀ ਸ਼੍ਰੋਮਣੀ ਕਮੇਟੀ ਦੀ ਕਾਰਜ ਪ੍ਰਣਾਲੀ 'ਤੇ ਕਿੰਤੂ-ਪ੍ਰੰਤੂ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਸਮੇਂ ਵਿਚ ਸਿੱਖ ਕੌਮ ਦੀ ਅਗਵਾਈ ਕਰਨ ਵਾਲੇ ਆਗੂ ਕੌਮ ਨੂੰ ਸਹੀ ਅਗਵਾਈ ਦੇਣ ਵਿਚ ਅਸਫਲ ਹੋਏ ਹਨ। ਇਨ੍ਹਾਂ ਬੁਲਾਰਿਆਂ ਵਿਚ ਇੰਗਲੈਂਡ ਤੋਂ ਆਏ ਸਿੱਖ ਆਗੂ ਮਨਮੋਹਨ ਸਿੰਘ ਖਾਲਸਾ, ਅਮਰੀਕਾ ਤੋਂ ਡਾ. ਗੁਰਮੀਤ ਸਿੰਘ ਔਲਖ, ਯੂ.ਕੇ. ਤੋਂ ਭਾਈ ਜੋਗਾ ਸਿੰਘ, ਅਵਤਾਰ ਸਿੰਘ ਸੰਘੇੜਾ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ਼ਾਮ ਸਿੰਘ ਸ਼ਾਮਲ ਸਨ।



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਗੁਰਦੁਆਰਾ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਪੁੱਜੀ ਸੰਗਤ

## ਨਨਕਾਣਾ ਸਾਹਿਬ 'ਚ ਆਤਿਸ਼ਬਾਜ਼ੀ ਕਰਨ ਤੋਂ ਰੋਕਿਆ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਚ ਦੁਨੀਆਂ ਦੇ ਕੋਨੇ-ਕੋਨੇ ਤੋਂ ਆਏ ਸਿੱਖ ਸ਼ਰਧਾਲੂਆਂ ਨੂੰ ਡੀ.ਸੀ. ਸ੍ਰੀ ਨਨਕਾਣਾ ਸਾਹਿਬ ਵੱਲੋਂ ਰਾਤ ਸਮੇਂ ਆਤਿਸ਼ਬਾਜ਼ੀ ਦੀ ਇਜਾਜ਼ਤ ਨਾ ਦੇਣ 'ਤੇ ਜਿਥੇ ਸਿੱਖ ਸ਼ਰਧਾਲੂਆਂ ਵਿਚ ਡਾਢਾ ਰੋਸ ਪਾਇਆ ਗਿਆ, ਉਥੇ ਹੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਰਾਤ ਦੇ ਸਮਾਗਮ ਦੌਰਾਨ ਹੀ ਸਾਰੀ ਕਮੇਟੀ ਵੱਲੋਂ ਅਸਤੀਫ਼ੇ ਦੇਣ ਦਾ ਐਲਾਨ ਕਰ ਦਿੱਤਾ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਚ ਰਵਾਇਤ ਅਨੁਸਾਰ ਰਾਤ ਦੇ ਸਮਾਗਮਾਂ ਵਿਚ ਸਿੱਖ ਸ਼ਰਧਾਲੂਆਂ ਨੇ ਸਤਿਸੰਗ ਕੀਤਾ। ਹਾਸਲ ਜਾਣਕਾਰੀ ਅਨੁਸਾਰ ਸਿੱਖ ਸ਼ਰਧਾਲੂਆਂ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿਚ ਚਲਾਉਣ ਲਈ ਆਤਿਸ਼ਬਾਜ਼ੀ ਮੰਗਵਾਈ ਗਈ ਸੀ। ਡੀ.ਸੀ. ਸ੍ਰੀ ਨਨਕਾਣਾ ਸਾਹਿਬ ਵੱਲੋਂ ਪਾਬੰਦੀ ਲਾ ਦਿੱਤੀ ਗਈ ਜਿਸ ਕਾਰਨ ਰਾਤ ਦੇ ਸਮਾਗਮ ਸਮੇਂ ਤੋਂ ਪਹਿਲਾਂ ਖ਼ਤਮ ਕਰ ਦਿੱਤੇ ਗਏ ਤੇ ਵਾਰ-ਵਾਰ ਬੇਨਤੀ ਕਰਨ 'ਤੇ ਡੀ.ਸੀ. ਦੇ ਟੱਸ ਤੋਂ ਮੱਸ ਨਾ ਹੋਣ 'ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਟੇਜ ਸੰਭਾਲ ਰਹੇ ਡਾ: ਸਵਰਨ ਸਿੰਘ ਨੇ ਸਮੁੱਚੀ ਗੁਰਦੁਆਰਾ ਕਮੇਟੀ ਵੱਲੋਂ ਅਸਤੀਫ਼ੇ ਦੇਣ ਦਾ ਐਲਾਨ ਕਰ ਦਿੱਤਾ।

ਬਾਅਦ ਵਿਚ ਸਿੱਖ ਸ਼ਰਧਾਲੂਆਂ ਦਾ ਜਥਾ ਜਥੇ. ਰਾਮਪਾਲ ਸਿੰਘ ਬੈਹਣੀਵਾਲ, ਜਥੇ. ਸੰਤਾ ਸਿੰਘ, ਬਲਵਿੰਦਰ ਸਿੰਘ ਝਬਾਲ ਦੀ ਅਗਵਾਈ ਹੇਠ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਲਈ ਵਿਸ਼ੇਸ਼ ਰੇਲ ਗੱਡੀ ਉਪਰ ਰਵਾਨਾ ਹੋ ਗਿਆ।

ਹਾਸਲ ਜਾਣਕਾਰੀ ਅਨੁਸਾਰ ਜਥੇ ਦੇ ਆਗੂਆਂ ਵੱਲੋਂ ਓਕਾਫ ਬੋਰਡ ਦੇ ਚੇਅਰਮੈਨ ਹਾਸ਼ਮੀ ਨਾਲ ਮੁਲਾਕਾਤ ਕਰਕੇ ਪਿਛਲੇ ਚਾਰ ਸਾਲ ਤੋਂ ਬੰਦ ਕੀਤਾ ਗਿਆ ਨਗਰ ਕੀਰਤਨ ਮੁੜ ਪਹਿਲਾਂ ਵਾਂਗ ਚਾਲੂ ਕਰਨ ਦੀ ਮੰਗ ਕੀਤੀ।

# ਖਾਲਸਾ ਵਿਰਾਸਤੀ ਕੰਪਲੈਕਸ ਦਾ ਨਾਂ ਵਿਰਾਸਤ-ਏ-ਖਾਲਸਾ ਸੈਂਟਰ ਰੱਖਿਆ

**ਆਨੰਦਪੁਰ ਸਾਹਿਬ:** ਪੰਜਾਬ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਅੱਠਵੇਂ ਅਜੂਬੇ ਵਜੋਂ ਕਾਇਮ ਕੀਤੇ ਜਾ ਰਹੇ ਵਿਰਾਸਤ-ਏ-ਖਾਲਸਾ ਸੈਂਟਰ ਦਾ ਉਦਘਾਟਨ 25 ਨਵੰਬਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉੱਘੀਆਂ ਧਾਰਮਿਕ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਕਰਨਗੇ। ਇਸ ਉਦਘਾਟਨੀ ਸਮਾਗਮ ਮੌਕੇ ਆਰਟ ਆਫ ਲਿਵਿੰਗ ਦੇ ਪ੍ਰਮੁੱਖ ਸ੍ਰੀ ਸ੍ਰੀ ਰਵੀਸ਼ੰਕਰ ਤੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਸ਼ਾਮਲ ਹੋਣਗੇ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖਾਲਸਾ ਸੈਂਟਰ ਦੇ ਉਦਘਾਟਨੀ ਸਮਾਗਮਾਂ ਬਾਰੇ ਕੀਤੇ ਜਾਣ ਵਾਲੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਬੁਲਾਈ ਮੀਟਿੰਗ ਉਪਰੰਤ ਕੀਤਾ। ਉਨ੍ਹਾਂ ਇਸ ਮੌਕੇ ਸਮੁੱਚੇ ਕੰਪਲੈਕਸ ਦਾ ਦੌਰਾ ਵੀ ਕੀਤਾ। ਉਨ੍ਹਾਂ ਦੱਸਿਆ ਕਿ ਪਿਛਲੀ ਮੀਟਿੰਗ ਦੌਰਾਨ ਨਾਮਵਰ ਸ਼ਖ਼ਸੀਅਤਾਂ ਨਾਲ ਸਲਾਹ-ਮਸ਼ਵਰੇ ਉਪਰੰਤ ਇਸ ਇਮਾਰਤ ਦਾ ਨਾਮ ਖਾਲਸਾ ਵਿਰਾਸਤੀ ਕੰਪਲੈਕਸ ਤੋਂ ਬਦਲ ਕੇ ਵਿਰਾਸਤ-ਏ-ਖਾਲਸਾ ਸੈਂਟਰ ਰੱਖਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਮੌਕੇ ਦੇਸ਼ ਦੀ ਪ੍ਰਸਿੱਧ ਗਾਇਕਾ ਆਸ਼ਾ ਭੌਂਸਲੇ ਵੱਲੋਂ 'ਦੇਹਿ ਸ਼ਿਵਾ ਵਰ ਮੋਹਿ' ਸ਼ਬਦ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾਵੇਗੀ। ਮੀਟਿੰਗ ਉਪਰੰਤ ਉਨ੍ਹਾਂ ਦੱਸਿਆ ਕਿ ਇਸ ਕੰਪਲੈਕਸ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਅਰਦਾਸ ਉਪਰੰਤ ਪਰਦਾ ਹਟਾ ਕੇ ਕੀਤਾ ਜਾਵੇਗਾ। ਇਸ ਉਪਰੰਤ ਵੱਖ-ਵੱਖ ਧਰਮਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਤੇ ਮੁੱਖ ਮੰਤਰੀ ਸ਼੍ਰੋਮਣੀ ਕਮੇਟੀ ਗਰਾਊਂਡ ਵਿਚ ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਨੂੰ ਸੰਬੋਧਨ ਕਰਨਗੇ। ਉਨ੍ਹਾਂ ਦੱਸਿਆ ਇਸੇ ਦਿਨ ਸ਼ਾਮ ਨੂੰ ਰੋਸ਼ਨੀ ਤੇ ਆਵਾਜ਼ ਦਾ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ ਤੇ ਦੇਰ ਸ਼ਾਮ ਨੂੰ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਵੀ ਲੈਣਗੀਆਂ।

ਸਮਾਗਮ ਦੌਰਾਨ ਦੇਸ਼-ਵਿਦੇਸ਼ ਤੋਂ ਤਕਰੀਬਨ ਇਕ ਲੱਖ ਸੰਗਤ ਦੇ ਪੁੱਜਣ ਦੀ ਉਮੀਦ ਹੈ ਜਿਸ ਲਈ ਲੰਗਰਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਇਸ ਕੰਪਲੈਕਸ 'ਤੇ ਤਕਰੀਬਨ 300 ਕਰੋੜ ਰੁਪਏ ਦਾ ਖਰਚਾ ਹੋ ਚੁੱਕਿਆ ਹੈ ਤੇ ਇਸ ਇਮਾਰਤ ਨੂੰ ਤਿੰਨ ਹਿੱਸਿਆ ਵਿਚ ਵੰਡਿਆ ਗਿਆ ਹੈ। ਇਸ ਕੰਪਲੈਕਸ ਵਿਚ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਤੇ ਸਿੱਖ ਇਤਿਹਾਸ ਨਾਲ ਸਬੰਧਤ ਦਿਲ-ਟੁੰਬਵੀਆਂ ਕਲਾਕ੍ਰਿਤਾਂ ਲਾਈਆਂ ਗਈਆਂ ਹਨ।

ਜ਼ਿਕਰਯੋਗ ਹੈ ਕਿ ਇਸ ਕੰਪਲੈਕਸ ਦੀਆਂ ਗੈਲਰੀਆਂ ਨੂੰ ਮੁਕੰਮਲ ਰੂਪ ਵਿਚ ਵੇਖਣ ਲਈ ਤਕਰੀਬਨ ਸਵਾ ਘੰਟੇ ਦਾ ਸਮਾਂ ਲਗਦਾ ਹੈ ਤੇ ਇਨ੍ਹਾਂ ਨੂੰ ਵੇਖਦੇ ਸਮੇਂ ਇਤਿਹਾਸਕ ਪਿਛੋਕੜ ਆਦਿ ਪੰਜਾਬੀ ਤੇ ਅੰਗਰੇਜ਼ੀ ਵਿਚ ਸੁਣਨ ਲਈ ਕੰਨਾਂ 'ਤੇ ਲਾਉਣ ਲਈ ਵਿਸ਼ੇਸ਼ ਯੰਤਰ ਵੀ ਦਿੱਤੇ ਜਾਣਗੇ।ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਪ੍ਰੋਗਰਾਮਾਂ ਦਾ ਦੇਸ਼-ਵਿਦੇਸ਼ ਦੇ ਵੱਖ-ਵੱਖ ਚੈਨਲਾ ਰਾਹੀਂ ਸਿੱਧਾ ਪ੍ਰਸਾਰਣ ਵੀ ਹੋਵੇਗਾ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਫੇਰੀ ਦੌਰਾਨ ਹਲਕਾ ਵਿਧਾਇਕ ਸੰਤ ਅਜੀਤ ਸਿੰਘ ਗੈਰ ਹਾਜ਼ਰ ਰਹੇ ਜਦੋਂਕਿ ਅਕਾਲੀ ਦਲ ਦੇ ਕੌਮੀ ਪੱਧਰ ਦੇ ਤੇ ਯੂਥ ਅਕਾਲੀ ਦਲ ਦੇ ਆਗੂਆਂ ਨੇ ਵੀ ਸ਼ੀਸ਼ਿਆਂ ਦੇ ਬਾਹਰ ਖੜ੍ਹੇ ਹੋ ਕੇ ਉਕਤ ਫੇਰੀ ਦਾ ਨਜ਼ਾਰਾ ਦੇਖਿਆ। ਉਧਰ ਸੰਤ ਅਜੀਤ ਸਿੰਘ ਦੇ ਸਿਆਸੀ ਵਿਰੋਧੀ ਡਾ. ਦਲਜੀਤ ਸਿੰਘ ਚੀਮਾ, ਭਾਜਪਾ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਨੇ ਇਸ ਮੌਕੇ ਸਰਗਰਮ ਭੂਮਿਕਾ ਨਿਭਾਈ।

## 25 ਵਿਚੋਂ ਸਿਰਫ 15 ਗੈਲਰੀਆਂ ਦਾ ਕੰਮ ਮੁਕੰਮਲ

**ਚੰਡੀਗੜ੍ਹ:** ਵਿਰਾਸਤ-ਏ-ਖਾਲਸਾ 'ਚ ਕੁਲ 25 ਗੈਲਰੀਆਂ ਕਾਇਮ ਕਰਨ ਦੀ ਯੋਜਨਾ ਉਲੀਕੀ ਗਈ ਹੈ ਪਰ ਹਾਲੇ ਤੱਕ ਤਕਰੀਬਨ 300 ਕਰੋੜ ਰੁਪਏ ਦੀ ਲਾਗਤ ਨਾਲ ਪਹਿਲੇ ਪੜਾਅ ਵਿਚ 15 ਗੈਲਰੀਆਂ ਦਾ ਕੰਮ ਹੀ ਮੁਕੰਮਲ ਹੋ ਸਕਿਆ ਹੈ। ਇਸ ਪਹਿਲੇ ਪੜਾਅ ਦੀਆਂ 15 ਗੈਲਰੀਆਂ ਵਿਚ ਪੰਜ ਗੈਲਰੀਆਂ ਤਾਂ ਕੰਪਲੈਕਸ ਦੇ ਮੁੱਖ ਦੁਆਰ ਵਾਲੇ ਹਿੱਸੇ ਵਿਚ ਹਨ। ਵਿਰਾਸਤ-ਏ-ਖਾਲਸਾ 'ਚ ਦਾਖਲ ਹੋਣ 'ਤੇ ਸਿੱਖ ਸੱਭਿਆਚਾਰ ਦੇ ਰੰਗ ਬਿਖੇਰਦੀ ਪਹਿਲੀ ਸਵਾਗਤੀ ਗੈਲਰੀ ਹੈ।

ਇਸ ਦੇ ਨਾਲ ਹੀ ਢੋਲ ਤੇ ਕਿਸ਼ਤੀ ਦੇ ਆਕਾਰ ਦੀਆਂ ਦੋ ਗੈਲਰੀਆਂ ਤੇ ਦੋ ਗੈਲਰੀਆਂ ਤਿਕੋਣੇ ਆਕਾਸ਼ ਛੂੰਹਦੇ ਉੱਚੇ ਟਾਵਰਾਂ ਦੀਆਂ ਹਨ।ਇਨ੍ਹਾਂ ਸਾਰੀਆਂ ਗੈਲਰੀਆਂ ਵਿਚ ਸਿੱਖਾਂ ਤੇ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਦੇ ਬਹੁਤ ਹੀ ਚੋਣਵੇਂ ਤੇ ਸੁਚੱਜੇ ਢੰਗ ਨਾਲ ਪੇਸ਼ਕਾਰੀ ਕੀਤੀ ਗਈ ਹੈ।

ਵਿਰਾਸਤ-ਏ-ਖਾਲਸਾ ਦੀ ਮੁੱਖ ਇਮਾਰਤ 'ਚ ਤੀਜੀ ਮੰਜ਼ਲ 'ਤੇ 10 ਗੈਲਰੀਆਂ ਕਾਇਮ ਕੀਤੀਆਂ ਗਈਆਂ ਹਨ। ਇਨ੍ਹਾਂ ਗੈਲਰੀਆਂ ਵਿਚ ਗੁਰੂ ਕਾਲ ਦਾ ਸਿੱਖ ਇਤਿਹਾਸ ਸੁਸ਼ੋਭਿਤ ਕੀਤਾ ਗਿਆ ਹੈ। ਹਰ ਗੈਲਰੀ ਵਿਚ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ, ਇਤਿਹਾਸ ਤੇ ਬਾਣੀ ਬਾਰੇ ਜਾਣਕਾਰੀ ਦਿੱਤੀ ਗਈ ਹੈ ਤੇ ਚਿੱਤਰਕਾਰੀ ਦੇ ਅਦਭੁੱਤ ਨਮੂਨੇ ਪੇਸ਼ ਕੀਤੇ ਗਏ ਹਨ। ਦੂਜੀ ਮੰਜ਼ਲ 'ਤੇ ਬਣਨ ਵਾਲੀਆਂ 10 ਗੈਲਰੀਆਂ ਨੂੰ ਹਾਲੇ ਦੂਜੇ ਗੇੜ ਵਿਚ ਬਣਾਏ ਜਾਣ ਦਾ ਫੈਸਲਾ ਕੀਤਾ ਗਿਆ ਹੈ। ਦੂਜੇ ਪੜਾਅ ਵਾਲੀਆਂ ਗੈਲਰੀਆਂ ਵਿਚ ਗੁਰੂ ਕਾਲ ਤੋਂ ਬਾਅਦ ਤੋਂ ਦੇਸ਼ ਦੀ ਆਜ਼ਾਦੀ ਤੱਕ ਦੇ ਸਿੱਖ ਇਤਿਹਾਸ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ।

# ਹੋਂਦ ਚਿੱਲੜ ਸਾਕੇ ਦੀ ਯਾਦਗਾਰ ਉਸਾਰਨ ਦਾ ਕਾਰਜ ਸ਼ੁਰੂ

**ਅੰਮ੍ਰਿਤਸਰ:** ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਖੇ ਨਵੰਬਰ 1984 ਵਿਚ ਕਤਲੇਆਮ ਦਾ ਸ਼ਿਕਾਰ ਹੋਏ ਸਿੱਖਾਂ ਦੀ ਯਾਦ ਵਿਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਪੀਰ ਮੁਹੰਮਦ ਵੱਲੋਂ ਯਾਦਗਾਰ ਉਸਾਰਨ ਲਈ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ। ਪਹਿਲੇ ਪੜਾਅ ਵਿਚ ਨਿਸ਼ਾਨ ਸਾਹਿਬ ਸਥਾਪਿਤ ਕਰਕੇ ਗੁਰਦੁਆਰੇ ਦੀ ਇਮਾਰਤ ਉਸਾਰਨ ਲਈ ਕਾਰ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ। ਜਥੇਬੰਦੀ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਪਿੰਡ ਹੋਂਦ ਚਿੱਲੜ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰ ਉਸਾਰਨ ਵਿਚ ਵਰਤੀ ਜਾ ਰਹੀ ਢਿੱਲਮੱਠ ਨੂੰ ਦੇਖਦਿਆਂ ਫੈਡਰੇਸ਼ਨ ਨੇ ਪਹਿਲਕਦਮੀ ਕਰ ਦਿੱਤੀ ਹੈ।



ਇਸ ਤਹਿਤ ਪੀੜਤ ਲੋਕਾਂ ਦੇ ਇਕੱਠ ਦੌਰਾਨ ਯਾਦਗਾਰ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਥੇ ਨਿਸ਼ਾਨ ਸਾਹਿਬ ਸਥਾਪਿਤ ਕਰ ਦਿੱਤਾ ਗਿਆ ਹੈ ਤੇ ਗੁਰਦੁਆਰੇ ਦੀ ਇਮਾਰਤ ਲਈ ਸੰਗਤ ਦੇ ਸਹਿਯੋਗ ਨਾਲ ਕਾਰ ਸੇਵਾ ਵੀ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰੇ ਦੀ ਉਸਾਰੀ ਤੇ ਯਾਦਗਾਰ ਬਣਾਉਣ ਲਈ ਪਿੰਡ ਦੀ ਪੰਚਾਇਤ ਨੇ ਜ਼ਮੀਨ ਦੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਯਾਦਗਾਰ ਬਣਾਉਣ ਸਬੰਧੀ ਨੀਂਹ ਪੱਥਰ 6 ਮਾਰਚ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਰੱਖਿਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ 'ਸਿੱਖ ਨਸਲਕੁਸ਼ੀ ਯਾਦਗਾਰ' ਵਜੋਂ ਵੱਡਾ ਟਾਵਰ ਬਣਾਇਆ ਜਾਵੇਗਾ ਜਿਸ ਵਿਚ ਮਾਡਲ ਦੇ ਰੂਪ ਵਿਚ ਹੋਂਦ ਚਿੱਲੜ ਵਿਖੇ ਵਾਪਰੀ ਦਿਲਕੰਬਾਊ ਘਟਨਾ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਸਮਾਰਕ ਦੇ ਨਾਲ ਗੁਰਦੁਆਰਾ ਵੀ ਹੋਵੇਗਾ। ਇਹ ਸਮਾਰਕ ਬਣਾਉਣ ਲਈ ਚੰਡੀਗੜ੍ਹ ਸਥਿਤ ਰੌਕ ਗਾਰਡਨ ਦੇ ਨਿਰਮਾਤਾ ਨੇਕ ਚੰਦ ਸਮੇਤ ਹੋਰ ਪੁਰਾਤੱਤਵ ਮਾਹਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿੰਡ ਵਿਚ ਬਚੇ ਹੋਏ ਖੰਡਰਨੁਮਾ ਘਰਾਂ ਦੀ ਸਾਂਭ-ਸੰਭਾਲ ਕਰਕੇ ਨਿਸ਼ਾਨੀ ਵਜੋਂ ਰੱਖਿਆ ਜਾਵੇਗਾ। ਇਹ ਯਾਦਗਾਰ ਨਵੰਬਰ 2013 ਤੱਕ ਮੁਕੰਮਲ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਪਿੰਡ ਹੋਂਦ ਚਿੱਲੜ ਵਿਖੇ ਨਵੰਬਰ 1984 ਵਿਚ ਵਾਪਰਿਆ ਦਰਦਨਾਕ ਕਾਂਡ ਇਸ ਵਰ੍ਹੇ ਜੱਗ ਜ਼ਾਹਰ ਹੋਇਆ ਹੈ ਤੇ ਇਸ ਦੀ ਜਾਣਕਾਰੀ ਸਿੱਖ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਲੋਕਾਂ ਦੇ ਸਾਹਮਣੇ ਰੱਖੀ ਸੀ। ਇਹ ਦੋ ਪਿੰਡਾਂ ਵਿਚ 26 ਵਰ੍ਹੇ ਪਹਿਲਾਂ ਇੱਥੇ ਵਸਦੇ ਸਿੱਖ ਪਰਿਵਾਰਾਂ ਦੇ 32 ਜੀਆਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ ਸੀ। ਹੁਣ ਇਸ ਥਾਂ 'ਤੇ ਟੁੱਟੇ ਭੱਜੇ ਘਰਾਂ ਤੇ ਗੁਰਦੁਆਰੇ ਦੇ ਕੁਝ ਖੰਡਰ ਬਚੇ ਹੋਏ ਹਨ। ਸ. ਪੀਰ ਮੁਹੰਮਦ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਜਿਸ ਨੇ ਸੱਤਾ ਵਿਚ ਆਉਣ ਸਮੇਂ ਪੀੜਤ ਪਰਿਵਾਰਾਂ ਨੂੰ ਨਿਆਂ ਦੇਣ ਦਾ ਭਰੋਸਾ ਦਿੱਤਾ ਸੀ, ਨੇ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਯਾਦਗਾਰ ਨੂੰ ਉਸਾਰਨ ਲਈ ਕਈ ਸਿੱਖ ਜਥੇਬੰਦੀਆਂ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

# ਪੰਜਾਬੀ ਰੇਡੀਓ ਯੂਐਸਏ ‘ਤੇ ਸਿੱਧੇ ਪ੍ਰਸਾਰਣ ਤੋਂ ਸਰੋਤੇ ਹੋਏ ਭਾਵੁਕ

**ਸੈਨ ਹੋਜੇ (ਬਿਊਰੋ):** “ਪੁੱਤ ਮੇਰੀ 80 ਸਾਲ ਦੀ ਜ਼ਿੰਦਗੀ ਦਾ ਸੁਪਨਾ ਪੂਰਾ ਕਰ ਦਿਤਾ ਤੁਸੀਂ।” ਇਹ ਕਹਿਣਾ ਸੀ ਫਰਿਜ਼ਨੋ ਤੋਂ ਮਾਤਾ ਸਵਰਨ ਕੌਰ ਦਾ, ਪੰਜਾਬੀ ਰੇਡੀਓ ਯੂਐਸਏ ਵਲੋਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਨਮ ਅਸਥਾਨ ਨਨਕਾਣਾ ਸਾਹਿਬ ਤੋਂ ਲਗਾਤਾਰ ਦੂਜੇ ਸਾਲ ਸ਼ਬਦ ਕੀਰਤਨ ਦੇ ਸਿੱਧੇ ਪ੍ਰਸਾਰਣ ਨੂੰ ਸੁਣਨ ਪਿਛੋਂ। ਪੰਜਾਬੀ ਰੇਡੀਓ ਯੂਐਸਏ ਵਲੋਂ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਕਿਹਾ ਗਿਆ ਹੈ ਕਿ ਇਹ ਭਾਵਨਾਵਾਂ ਇਕੱਲੀ ਮਾਤਾ ਸੁਰਿੰਦਰ ਕੌਰ ਦੀਆਂ ਹੀ ਨਹੀਂ ਸਗੋਂ ਉਨ੍ਹਾਂ ਸਭ ਸਰੋਤਿਆਂ ਨੇ ਵੀ ਅਜਿਹੀਆਂ ਹੀ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਜਿਨ੍ਹਾਂ ਇਹ ਸਿੱਧਾ ਪ੍ਰਸਾਰਣ ਸੁਣਿਆ।

ਬਿਆਨ ਅਨੁਸਾਰ ਪੰਜਾਬੀ ਰੇਡੀਓ ਯੂਐਸਏ ਵਲੋਂ ਲਗਾਤਾਰ ਦੂਜੇ ਸਾਲ ਨਨਕਾਣਾ ਸਾਹਿਬ ਵਿਖੇ ਹਫਤਾ ਭਰ ਚਲੇ ਗੁਰਪੁਰਬ ਸਮਾਗਮਾਂ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ ਜੋ ਦੁਨੀਆਂ ਭਰ ਵਿਚ ਸਰੋਤਿਆਂ ਨੇ ਪੂਰੀ ਸ਼ਰਧਾ ਨਾਲ ਸੁਣਿਆ। ਇਸ ਦੌਰਾਨ ਗੁਰਦੁਆਰਾ ਜਨਮ ਅਸਥਾਨ ਤੋਂ ਸਵੇਰ-ਸ਼ਾਮ ਸ਼ਬਦ ਕੀਰਤਨ ਅਤੇ ਸ਼ਰਧਾਲੂ ਯਾਤਰੂਆਂ ਨਾਲ ਮੁਲਾਕਾਤਾਂ ਦਾ ਸਿੱਧਾ ਪ੍ਰਸਾਰਣ ਵੀ ਕੀਤਾ ਗਿਆ। ਰੇਡੀਓ ਦੀ ਇਕ ਟੀਮ ਮੇਜ਼ਬਾਨ ਮਸੂਦ ਮੱਲੀ ਦੀ ਅਗਵਾਈ ਹੇਠ ਇਹ ਪ੍ਰਸਾਰਣ ਕਰ ਰਹੀ ਸੀ। ਗੁਰਦੁਆਰਾ ਨਨਕਾਣਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਜਨਾਬ ਮਸੂਦ ਮੱਲੀ ਨੂੰ ਗੁਰੂਘਰ ਦੀ ਜੀਵਨ ਭਰ ਦੀ ਮੈਂਬਰਸ਼ਿਪ ਨਾਲ ਨਿਵਾਜਿਆ ਗਿਆ। ਰੇਡੀਓ ਦੇ ਮੈਨੇਜਰ ਸ. ਹਰਵਿੰਦਰ ਸਿੰਘ ਕੰਗ ਨੇ ਗੁਰਦੁਆਰਾ ਪ੍ਰਬੰਧਕਾਂ ਅਤੇ ਪਾਕਿਸਤਾਨ ਸਰਕਾਰ ਦਾ ਸਹਿਯੋਗ ਲਈ ਧੰਨਵਾਦ ਕੀਤਾ।

ਇਸੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਮੌਕੇ ਯੂਬਾ ਸਿਟੀ ਵਿਚ ਸਜਾਏ ਜਾਂਦੇ ਨਗਰ ਕੀਰਤਨ ਦੇ ਸਮਾਗਮਾਂ ਦੌਰਾਨ ਪੰਜਾਬੀ ਰੇਡੀਓ ਯੂਐਸਏ ਵਲੋਂ ਸਿੱਧਾ ਪ੍ਰਸਾਰਣ ਕਰ ਕੇ ਸੰਗਤਾਂ ਦੀ ਸਰਾਹਨਾ ਖੱਟੀ ਗਈ। ਅਕਤੂਬਰ ਦਾ ਪੂਰਾ ਮਹੀਨਾ ਰੇਡੀਓ ਵਲੋਂ ਯੂਬਾ ਸਿਟੀ ਤੋਂ ਸਵੇਰ ਅਤੇ ਸ਼ਾਮ ਦੇ ਕੀਰਤਨ ਦੀਵਾਨਾਂ ਦਾ ਸਿੱਧਾ ਪ੍ਰਸਾਰਣ ਕੀਤਾ ਜਾਂਦਾ ਰਿਹਾ। ਇਨ੍ਹਾਂ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਰੇਡੀਓ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਨੇ ਪੰਜਾਬੀਆਂ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਦੇ ਮਨੋਰਥ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਤੇ ਇਕ ਵਿਸ਼ੇਸ਼ ਪ੍ਰੋਗਰਾਮ ਅਰੰਭ ਕੀਤਾ ਹੈ ਜੋ ਹਰ ਮੰਗਲਵਾਰ, ਵੀਰਵਾਰ ਅਤੇ ਸਨਿਚਰਵਰ ਸੁਣਿਆ ਜਾ ਸਕਦਾ ਹੈ। ਇਹ ਪ੍ਰੋਗਰਾਮ ਪਿਛਲੇ ਨੌਂ ਹਫਤਿਆਂ ਤੋਂ ਚੱਲ ਰਿਹਾ ਹੈ। ਇਸ ਤੋਂ ਇਲਾਵਾ ਰੇਡੀਓ ਵਲੋਂ ਇਸ ਦੇ ਹੋਸਟ ਸੁਸ਼ੀਲ ਦੁਸਾਂਝ ਰਾਹੀਂ ਦੂਜੇ ਵਿਸ਼ਵ ਕਬੱਡੀ ਕੱਪ ਦੀ ਵਿਸ਼ੇਸ਼ ਰਿਪੋਰਟ ਹਰ ਰੋਜ਼ ਸਵੇਰੇ ਅਤੇ ਸ਼ਾਮ ਪ੍ਰਸਾਰਿਤ ਕੀਤੀ ਜਾਂਦੀ ਹੈ। ਪਿਛਲੇ ਕੁਝ ਮਹੀਨਿਆਂ ਵਿਚ ਰੇਡੀਓ ਨੇ ਅਕਾਲ ਤਖਤ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨਾਲ ਮੁਲਾਕਾਤਾਂ ਦਾ ਪ੍ਰਸਾਰਣ ਕਰਕੇ ਆਪਣੇ ਲਈ ਇਕ ਵੱਖਰੀ ਥਾਂ ਬਣਾਈ ਹੈ। ਇਹ ਗੱਲ ਵੀ ਇਸ ਰੇਡੀਓ ਦੇ ਹਿੱਸੇ ਜਾਂਦੀ ਹੈ ਕਿ ਇਸ ਨੇ ਪੰਜਾਬੀ ਮੀਡੀਏ ਵਿਚ ਪਹਿਲੀ ਵਾਰ ਕ੍ਰਿਕਟ ਮੈਚਾਂ ਦੀ ਕੁਮੈਂਟਰੀ ਦਾ ਸਿੱਧਾ ਪ੍ਰਸਾਰਣ ਕੀਤਾ।

ਟੈਕਨਾਲੋਜੀ ਦੇ ਖੇਤਰ ਵਿਚ ਇਕ ਹੋਰ ਮਾਅਰਕਾ ਮਾਰਦਿਆਂ ਇਸ ਨੇ ਰੈਗੂਲਰ ਫੋਨਾਂ ਉਤੇ ਵੀ ਪ੍ਰਸਾਰਣ ਸ਼ੁਰੂ ਕਰ ਦਿਤਾ ਹੈ ਅਤੇ ਇੰਜ ਟਰੱਕਰ ਵੀਰਾਂ ਦੀ ਚਿਰੋਕਣੀ ਮੰਗ ਪੂਰੀ ਹੋ ਗਈ ਹੈ। ਇਹ ਮੁਫਤ ਸੇਵਾ ਫੋਨ 1-832-551-5029 ਡਾਇਲ ਕਰ ਕੇ ਸੁਣੀ ਜਾ ਸਕਦੀ ਹੈ। ਇਸ ਲਈ ਇੰਟਰਨੈਟ ਕੁਨੈਕਸ਼ਨ ਜਾਂ ਸਮਾਰਟ ਫੋਨ ਦੀ ਵੀ ਜਰੂਰਤ ਨਹੀਂ। ਇਹ ਵੀ ਦੱਸਿਆ ਗਿਆ ਹੈ ਕਿ ਇਸ ਰੇਡੀਓ ਲਈ ਆਈਫੋਨ ਦੀਆਂ 50,000 ਅਤੇ ਐਂਡਨਾਇਡ ਦੀਆਂ 45,000 ਐਪਲੀਕੇਸ਼ਨਾਂ ਪਿਛਲੇ 7 ਮਹੀਨਿਆਂ ਵਿਚ ਡਾਊਨ ਲੋਡ ਕੀਤੀਆਂ ਜਾ ਚੁਕੀਆਂ ਹਨ। ਰੇਡੀਓ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸੰਨ 2012 ਵਿਚ ਸਰੋਤਿਆਂ ਦੀ ਆਸ ਉਤੇ ਪੂਰਾ ਉਤਰਨ ਲਈ ਕਈ ਨਵੇਂ ਪ੍ਰੋਗਰਾਮ ਅਰੰਭ ਕੀਤੇ ਜਾਣਗੇ। ਰੇਡੀਓ ਬਾਰੇ ਹੋਰ ਜਾਣਕਾਰੀ ਲਈ ਫੋਨ 408-722-7698 ਜਾਂ info@punjabiradiousa.com ‘ਤੇ ਈਮੇਲ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



*ਯੂਬਾ ਸਿਟੀ ਵਿਚ ਸਜਾਏ ਨਗਰ ਕੀਰਤਨ ਦੌਰਾਨ ਪੰਜਾਬੀ ਰੇਡੀਓ ਯੂਐਸਏ ਦੀ ਟੀਮ ਅਤੇ ਹੋਰ ਸੱਜਣ*

# ਬੰਗਲੌਰ ਦੇ ਸਿੱਖਾਂ ਵੱਲੋਂ ਵੱਖਰੇ ਵਿਆਹ ਕਾਨੂੰਨ ਦੀ ਮੰਗ

**ਬੰਗਲੌਰ:** ਬੰਗਲੌਰ ਦੀ ਸਿੱਖ ਸੰਗਤ ਨੇ ਗੁਰਦੁਆਰਾ ਸਿੰਘ ਸਭਾ, ਅਲਸੂਰ ਵਿਖੇ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ। ਇਸ ਮੌਕੇ ਤਕਰੀਬਨ 30 ਹਜ਼ਾਰ ਦੀ ਗਿਣਤੀ ਵਿਚ ਸੰਗਤ ਨੇ ਗੁਰਦੁਆਰੇ ਵਿਚ ਹਾਜ਼ਰੀ ਭਰੀ। ਇਸ ਮੌਕੇ ਹਜ਼ੂਰੀ ਰਾਗੀ ਜਥਾ ਭਾਈ ਲਖਵਿੰਦਰ ਸਿੰਘ ਤੇ ਭਾਈ ਗਗਨਦੀਪ ਸਿੰਘ ਹਜ਼ੂਰੀ ਰਾਗੀ ਜਥਾ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੇ ਸ਼ਬਦ ਗਾਇਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ।

ਇਸ ਮੌਕੇ ਕਰਨਾਟਕਾ ਦੇ ਰਾਜਪਾਲ ਹੰਸਰਾਜ ਭਾਰਦਵਾਜ ਗੁਰਦੁਆਰੇ ਵਿਚ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਆਏ। ਜਨਰਲ ਸਕੱਤਰ ਡਾ. ਹਰਮਿੰਦਰ ਸਿੰਘ ਨੇ ਕਰਨਾਟਕਾ ਵਿਚ ਸਿੱਖਾਂ ਦੇ ਇਤਿਹਾਸ ਤੇ ਇਸ ਦੇਸ਼ ਲਈ ਦਿੱਤੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਇਆ ਤੇ ਉਨ੍ਹਾਂ ਨੂੰ ਮੰਗ ਪੱਤਰ ਵੀ ਦਿੱਤਾ। ਇਸ ਵਿਚ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ ’ਤੇ ਸਰਕਾਰੀ ਛੁੱਟੀ, ਬੰਗਲੌਰ ਤੋਂ ਅੰਮ੍ਰਿਤਸਰ ਲਈ ਸਿੱਧੀ ਰੇਲ ਸੇਵਾ, ਸਿੱਖ ਵਿਦਿਆਰਥੀਆਂ ਲਈ ਸਰਕਾਰੀ ਕਾਲਜਾਂ ਵਿਚ ਰਿਜ਼ਰਵ ਕੋਟਾ, ਸਿੱਖਾਂ ਵਾਸਤੇ ਸਰਕਾਰੀ ਅਦਾਰਿਆਂ ਵਿਚ ਰਾਖਵੀਆਂ ਨੌਕਰੀਆਂ, ਘੱਟ ਗਿਣਤੀ ਕਮਿਸ਼ਨ ਤੇ ਵਿਧਾਨ ਪ੍ਰੀਸ਼ਦ ਵਿੱਚ ਸਿੱਖਾਂ ਲਈ ਇਕ ਇਕ ਪੱਕੀ ਸੀਟ, ਭਾਰਤ ਦੇ ਸੰਵਿਧਾਨ ਦੀ ਧਾਰਾ 25 ਵਿਚ ਤਬਦੀਲੀ ਕਰਕੇ ਸਿੱਖ ਧਰਮ ਨੂੰ ਅਲੱਗ ਧਰਮ ਦੀ ਮਾਨਤਾ ਤੇ ਸਿੱਖਾਂ ਲਈ ਵੱਖਰੇ ਵਿਆਹ ਕਾਨੂੰਨ ਦੀ ਮੰਗ ਦਰਜ ਹੈ। ਸ੍ਰੀ ਭਾਰਦਵਾਜ ਨੇ ਸਾਰੀਆਂ ਮੰਗਾਂ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ਕਿ ਉਹ ਆਪਣੇ ਵੱਲੋਂ ਸਰਕਾਰ ਨੂੰ ਸਿਫਾਰਸ਼ ਕਰਨਗੇ ਕਿ ਇਨ੍ਹਾਂ ਮੰਗਾਂ ਨੂੰ ਫੌਰੀ ਤੌਰ ’ਤੇ ਮੰਨਿਆ ਜਾਵੇ। ਉਨ੍ਹਾਂ ਕਿਹਾ ਕਿ ਸਿਖ ਧਰਮ ਵੱਖਰਾ ਧਰਮ ਹੈ ਜਿਸ ਦੀ ਆਪਣੀ ਵਿਲੱਖਣਤਾ ਤੇ ਮਹਾਨਤਾ ਹੈ। ਇਸ ਲਈ ਕੇਂਦਰ ਸਰਕਾਰ ਨੂੰ ਭਾਰਤ ਦੇ ਸੰਵਿਧਾਨ ਦੀ ਧਾਰਾ 25 ਵਿਚ ਤਬਦੀਲੀ ਕਰਕੇ ਸਿੱਖ ਧਰਮ ਨੂੰ ਅਲੱਗ ਧਰਮ ਦੀ ਮਾਨਤਾ ਦੇਣੀ ਚਾਹੀਦੀ ਹੈ ਤੇ ਸਿੱਖਾਂ ਲਈ ਵੱਖਰਾ ਵਿਅਹ ਕਾਨੂੰਨ ਬਣਾਉਣਾ ਚਾਹੀਦਾ ਹੈ। ਕਰਨਾਟਕ ਦੇ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਦੀ ਕਾਪੀ ਕਰਨਾਟਕ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਅਨਵਰ ਮਲਪਾਡੀ ਨੂੰ ਦਿੱਤੀ ਗਈ। ਸ੍ਰੀ ਅਨਵਰ ਮਲਪਾਡੀ ਨੇ ਭਰੋਸਾ ਦਿਵਾਇਆ ਕਿ ਇਥੋਂ ਦੇ ਸਿੱਖਾਂ ਦੀਆਂ ਇਨ੍ਹਾਂ ਮੰਗਾਂ ਨੂੰ ਵਿਚਾਰ ਕੇ ਜਲਦੀ ਅੰਤਿਮ ਰੂਪ ਦੇ ਦਿੱਤਾ ਜਾਵੇਗਾ।

# ਪੰਜਾਬੀ ਪ੍ਰਾਪਰਟੀ ਡੀਲਰ ਦੀ ਹੱਤਿਆ

**ਟਰਾਂਟੋ:** ਇਥੇ ਪੰਜਾਬੀ ਪ੍ਰਾਪਰਟੀ ਡੀਲਰ ਦਵਿੰਦਰ ਕੁਮਾਰ ਭੇਤਭਰੀ ਹਾਲਤ ’ਚ ਹੱਤਿਆ ਕਰ ਦਿੱਤੀ ਗਈ। ਦੋ ਕੁ ਦਹਾਕੇ ਪਹਿਲਾਂ ਪਰਿਵਾਰ ਸਮੇਤ ਟਰਾਂਟੋ ਆ ਕੇ ਵਸੇ ਦਵਿੰਦਰ ਨੇ ਸਥਾਨਕ ਯੂਨੀਵਰਸਿਟੀ ਤੋਂ ਇੰਜਨੀਅਰਿੰਗ ਦੀ ਡਿਗਰੀ ਲਈ ਪਰ ਬਾਅਦ ਵਿਚ ਰੀਅਲ ਐਸਟੇਸ ਦਾ ਕਿੱਤਾ ਅਪਣਾ ਲਿਆ ਸੀ। ਪੰਜਾਬੀ ਭਾਈਚਾਰੇ ਵਿਚ ਤੇ ਰੀਅਲ ਅਸਟੇਟ ਦੇ ਖੇਤਰ ਵਿਚ ਮਸ਼ਹੂਰ 37 ਕੁ ਸਾਲਾ ਦਵਿੰਦਰ ਦੀ ਲਾਸ਼ ਬੀਤੇ ਦਿਨ ਬਰੈਂਪਟਨ ਦੇ ਉੱਤਰ ਵੱਲ ਪੈਂਦੇ ਕੈਲੇਡਨ ਦੀ ਹੱਦ ਤੋਂ ਖੂਨ ਨਾਲ ਲਥਪਥ ਮਿਲੀ। ਪੁਲਿਸ ਮੁਤਾਬਕ ਕਿਸੇ ਨੇ ਸੂਚਨਾ ਦਿੱਤੀ ਕਿ ਕੋਈ ਜ਼ਖ਼ਮੀ ਪਿਆ ਹੈ ਪਰ ਮੌਕੇ ’ਤੇ ਪੁੱਜੀ ਪੁਲਿਸ ਤੇ ਐਂਬੂਲੈਂਸ ਨੇ ਉਸ ਨੂੰ ਮ੍ਰਿਤਕ ਪਾਇਆ। ਪਤਾ ਲੱਗਾ ਹੈ ਕਿ ਲੁਧਿਆਣਾ ਦੇ ਪਿੰਡ ਬੜੂੰਦੀ ਨਾਲ ਸਬੰਧਤ ਇਸ ਨੌਜਵਾਨ ਨੇ ਰੀਅਲ ਅਸਟੇਟ ਦੇ ਕਾਰੋਬਾਰ ਵਿਚ ਸਖਤ ਮਿਹਨਤ ਨਾਲ ਕਾਫੀ ਸਫਲਤਾ ਖੱਟੀ ਤੇ ਨਾਂ ਕਮਾਇਆ ਸੀ। ਮ੍ਰਿਤਕ ਆਪਣੇ ਪਿੱਛੇ ਪਤਨੀ ਤੇ ਦੋ ਧੀਆਂ ਛੱਡ ਗਿਆ ਹੈ। ਪੁਲਿਸ ਨੇ ਕਿਸੇ ਵਿਅਕਤੀ ਨੂੰ ਇਸ ਮਾਮਲੇ ’ਚ ਗ੍ਰਿਫਤਾਰ ਵੀ ਕਰ ਲਿਆ ਹੈ ਤੇ ਇਸ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ।


24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ

Punjabi RADIO USA

Uniting Punjabi's All Over

PUNJABI RADIO USA

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ I-Phone ਤੇ Android Application ਤੁਸੀਂ ਕਿਸੇ ਸਮੇਂ ਵੀ ਮੁਫ਼ਤ ਡਾਊਨਲੋਡ ਕਰ ਸਕਦੇ ਹੋ।

ਸਾਡੇ ਵਲੋਂ ਸਾਰੇ ਸਹਿਯੋਗੀਆਂ ਦਾ ਬਹੁਤ-ਬਹੁਤ ਧੰਨਵਾਦ, ਜਿੰਨਾਂ ਸਦਕਾ ਦੋ ਹਫਤੇ ਸ੍ਰੀ ਨਨਕਾਣਾ ਸਾਹਿਬ ਤੋਂ ਅਤੇ ਦੋ ਹਫਤੇ ਯੂਬਾ ਸਿਟੀ ਨਗਰ ਕੀਰਤਨ ਦਾ ਪ੍ਰੋਗਰਾਮ ਆਪ ਸਰੋਤਿਆਂ ਤੱਕ ਪਹੁੰਚਾ ਸਕੇ ਹਾਂ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ

ਪੰਜਾਬੀ ਰੇਡੀਓ ਯੂਐਸਏ • 24 ਘੰਟੇ, 7 ਦਿਨ

ਸੁਣਨ ਲਈ ਕਾਲ ਕਰੋ ਜੀ

1-832.551.5029

ਹੋਰ ਜਾਣਕਾਰੀ ਲਈ 408.722.7698

Listen LIVE www.punjabiradiousa.com

Email: info@punjabiradiousa.com

3750 McKee Road, # B, San Jose CA 95127

ਪੰਜਾਬ ਟਾਈਮਜ਼

*ਸਨਿਚਰਵਾਰ, 19 ਨਵੰਬਰ 2011*

## ਪੰਜਾਬ ਲਈ ਅਰਦਾਸ

ਚੰਡੀਗੜ੍ਹ ਦੀ ਅਦਾਲਤ ਵਿਚ ਪੇਸ਼ੀ ਮੌਕੇ ਜਗਤਾਰ ਸਿੰਘ ਹਵਾਰਾ ਅਤੇ ਪਰਮਜੀਤ ਸਿੰਘ ਭਿਓਰਾ ਉਤੇ ਹਿੰਦੂ ਸੁਰੱਖਿਆ ਸਮਿਤੀ ਦੇ ਕਾਰਕੁਨਾਂ ਵੱਲੋਂ ਕੀਤੇ ਗਏ ਹਮਲੇ ਨੇ ਸਟੇਟ ਅਤੇ ਪ੍ਰਸ਼ਾਸਨ ਦੀ ਪੋਲ ਇਕ ਵਾਰ ਫਿਰ ਖੋਲ੍ਹ ਕੇ ਰੱਖ ਦਿੱਤੀ ਹੈ। ਇਨ੍ਹਾਂ ਦੋਹਾਂ ਨੂੰ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਸਜ਼ਾ ਹੋਈ ਹੋਈ ਹੈ ਅਤੇ ਅੱਜਕੱਲ੍ਹ ਇਹ ਨਵੀਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹਨ। ਜਿਸ ਢੰਗ ਨਾਲ ਅਤੇ ਜਿਨ੍ਹਾਂ ਬੰਦਿਆਂ ਵੱਲੋਂ ਇਹ ਹਮਲਾ ਕੀਤਾ ਗਿਆ ਹੈ, ਉਸ ਨਾਲ ਕਈ ਪ੍ਰਕਾਰ ਦੇ ਸਵਾਲ ਖੜ੍ਹੇ ਹੋ ਗਏ ਹਨ ਜੋ ਪੰਜਾਬ, ਪੰਜਾਬੀਆਂ ਅਤੇ ਪੰਜਾਬ ਦੀ ਸਿਆਸਤ ਲਈ ਬਹੁਤ ਅਹਿਮ ਹਨ। ਇਹ ਮਸਲਾ ਇਸ ਕਰਕੇ ਵੀ ਮਹੱਤਵਪੂਰਨ ਬਣ ਜਾਂਦਾ ਹੈ ਕਿਉਂਕਿ ਸੂਬੇ ਵਿਚ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ ਅਤੇ ਸਾਰੀਆਂ ਸਿਆਸੀ ਧਿਰਾਂ ਦੀ ਸਿਰ-ਧੜ ਦੀ ਬਾਜ਼ੀ ਲੱਗੀ ਹੋਈ ਹੈ। ਹਰ ਧਿਰ, ਦੂਜੀ ਧਿਰ ਨੂੰ ਸਿਆਸੀ ਪਿੜ ਵਿਚ ਠਿੱਬੀ ਲਾਉਣ ਹਰ ਹਰਬਾ ਵਰਤਣ ਲਈ ਤਿਆਰ ਹੈ ਅਤੇ ਇਸ ਕੋਝੀ ਚੋਣ ਸਿਆਸਤ ਵਿਚ ਆਮ ਆਦਮੀ ਹਾਸ਼ੀਏ ਉਤੇ ਧੱਕ ਦਿੱਤਾ ਗਿਆ ਹੈ। ਚੋਣ ਸਿਆਸਤ ਨੇ ਸਿਆਸਤਦਾਨਾਂ ਨੂੰ ਇਸ ਕਦਰ ਬੇਕਿਰਕ ਅਤੇ ਬੇਦਰਦ ਬਣਾ ਦਿੱਤਾ ਹੈ ਕਿ ਇਹ ਸਿਆਸੀ ਲੋਕ, ਆਮ ਲੋਕਾਂ ਨੂੰ ਕਿਸੇ ਵੀ ਸੰਕਟ ਵਿਚ ਸੁੱਟਣ ਤੋਂ ਝਿਜਕਣ ਵਾਲੇ ਨਹੀਂ ਅਤੇ ਇਹ ਲੋਕਾਂ ਨੂੰ ਹਰ ਕਿਸਮ ਦੇ ਦਾਅ ਉਤੇ ਲਾਉਣ ਲਈ ਵੀ ਤਿਆਰ ਹਨ। ਮੁੱਢਲੇ ਸਿਆਸੀ ਜੋੜ-ਤੋੜ ਤੋਂ ਲਗਾਤਾਰ ਇਹੀ ਕਨਸੋਅ ਮਿਲ ਰਹੀ ਹੈ। ਹਮਲਾਵਰਾਂ ਵਿਚੋਂ ਇਕ ਨਿਸ਼ਾਂਤ ਸ਼ਰਮਾ ਉਤੇ ਠੱਗੀ-ਠੋਰੀ ਦੇ ਕਈ ਕੇਸ ਚੱਲ ਰਹੇ ਹਨ ਅਤੇ ਉਸ ਨੇ ਇਨ੍ਹਾਂ ਕੇਸਾਂ ਦੀ ਜਾਂਚ ਕਰ ਰਹੇ ਇਕ ਪੁਲਿਸ ਅਫਸਰ ਨੂੰ ਪਹਿਲਾਂ ਆਪਣੀ ਪਤਨੀ ਨਾਲ ਬਦਸਲੂਕੀ ਕਰਨ ਅਤੇ ਫਿਰ ਵੱਢੀ ਦੇ ਦੋਸ਼ਾਂ ਹੇਠ ਫਸਾਉਣ ਦਾ ਯਤਨ ਵੀ ਕੀਤਾ ਸੀ। ਇੰਨੇ ਕੇਸਾਂ ਦੇ ਬਾਵਜੂਦ ਇਹ ਬੰਦਾ ਹਰ ਸੁਰਖਿਆ ਘੇਰਾ ਪਾਰ ਕਰਕੇ ਇਸ ਤਰ੍ਹਾਂ ਦੀ ਘਟਨਾ ਨੂੰ ਅੰਜਾਮ ਦੇ ਦਿੰਦਾ ਹੈ! ਇਹੀ ਨਹੀਂ, ਹਮਲੇ ਤੋਂ ਪਹਿਲਾਂ ਉਹ ਮੀਡੀਆ ਵਿਚ ਅਜਿਹਾ ਹਮਲਾ ਕਰਨ ਬਾਰੇ ਬਿਆਨ ਵੀ ਛਪਵਾਉਂਦਾ ਹੈ!!

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਹਵਾਰਾ ਅਤੇ ਭਿਓਰਾ ਨੂੰ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿਚ ਪੇਸ਼ੀ ਲਈ ਲਿਆਇਆ ਜਾਂਦਾ ਹੈ। ਇਨ੍ਹਾਂ ਸਖਤ ਸੁਰੱਖਿਆ ਪ੍ਰਬੰਧਾਂ ਦਾ ਬਹਾਨਾ ਲਾ ਕੇ ਹੀ ਦੋਹਾਂ ਦੇ ਪਰਿਵਾਰਾਂ ਦੇ ਜੀਆਂ ਨੂੰ ਇਨ੍ਹਾਂ ਨੂੰ ਮਿਲਣ ਵੀ ਨਹੀਂ ਦਿੱਤਾ ਜਾਂਦਾ, ਬਲਕਿ ਪਰਿਵਾਰ ਦੇ ਜੀਆਂ ਨੂੰ ਹਰ ਵਾਰ ਬਦਸਲੂਕੀ ਸਹਿਣੀ ਪੈਂਦੀ ਹੈ। ਇਕ ਵਾਰ ਇਸੇ ਅਦਾਲਤ ਵਿਚ ਪੇਸ਼ੀ ਮੌਕੇ ਮਨਿੰਦਰਜੀਤ ਸਿੰਘ ਬਿੱਟਾ ਦੇ ਬੁਰਛਾਗਰਦਾਂ ਨੇ ਪਰਿਵਾਰ ਦੇ ਜੀਆਂ ਉਤੇ ਹਮਲਾ ਕਰਨ ਦਾ ਯਤਨ ਕੀਤਾ ਸੀ। ਇਉਂ, ਪੇਸ਼ੀ ਦੌਰਾਨ ਹਵਾਰਾ ਅਤੇ ਭਿਓਰਾ ਤੱਕ ਪਹੁੰਚ ਕਰਨੀ ਬਹੁਤ ਮੁਸ਼ਕਿਲ ਹੁੰਦੀ ਹੈ ਪਰ ਹਮਲੇ ਵਾਲੇ ਦਿਨ ਹਿੰਦੂ ਸਮਿਤੀ ਦੇ ਕਾਰਕੁਨ ਉਨ੍ਹਾਂ ਤੱਕ ਬੜੀ ਆਸਾਨੀ ਨਾਲ ਪਹੁੰਚ ਗਏ। ਇਸ ਘਟਨਾ ਨੂੰ ਭਾਵੇਂ ਪੁਲਿਸ ਦੀ ਕੋਤਾਹੀ ਨਾਲ ਵੀ ਜੋੜਿਆ ਜਾ ਰਿਹਾ ਹੈ ਅਤੇ ਹੋ ਸਕਦਾ ਹੈ ਕਿ ਆਉਂਦੇ ਦਿਨਾਂ ਵਿਚ ਪੁਲਿਸ ਅਤੇ ਪ੍ਰਸ਼ਾਸਨ ਇਹੀ ਮੁੱਦਾ ਉਭਾਰ ਦੇਵੇ ਪਰ ਹੁਣ ਇਸ ਘਟਨਾ ਨੂੰ ਹੋਰ ਪੱਖਾਂ ਤੋਂ ਵੀ ਘੋਖਣਾ ਬਣਦਾ ਹੈ। ਅਜਿਹਾ ਕਰਨਾ ਇਸ ਕਰਕੇ ਵੀ ਜ਼ਰੂਰੀ ਹੈ ਕਿ ਜਦੋਂ 1980ਵਿਆਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਚਰਚਾ ਵਿਚ ਸਨ ਤਾਂ ਅਜਿਹੇ ਗੈਰ-ਜ਼ਿੰਮੇਵਾਰ ਅਨਸਰਾਂ ਨੇ ਹੀ ਮਾਹੌਲ ਖਰਾਬ ਕਰਨ ਲਈ ਬਲਦੀ 'ਤੇ ਤੇਲ ਪਾਇਆ ਸੀ। ਬਾਅਦ ਵਿਚ ਇਹ ਤੱਥ ਵੀ ਸਾਹਮਣੇ ਆਏ ਸਨ ਕਿ ਪੰਜਾਬ ਦੇ ਮਾਮਲੇ ਵਿਚ ਸੁਰੱਖਿਆ ਅਤੇ ਖੁਫੀਆ ਏਜੰਸੀਆਂ ਨੇ ਆਪਣੇ ਅਧਿਕਾਰ ਖੇਤਰ ਨਾਲੋਂ ਕਿਤੇ ਵੱਧ ਦਖਲ ਪੰਜਾਬ ਦੀ ਸਿਆਸਤ ਵਿਚ ਦਿੱਤਾ ਸੀ। ਇਸ ਦਾ ਖਾਮਿਆਜਾ ਸਾਰੇ ਪੰਜਾਬੀਆਂ ਨੂੰ ਲਹੂ-ਲੁਹਾਣ ਪੰਜਾਬ ਦੇ ਰੂਪ ਵਿਚ ਭੁਗਤਣਾ ਪਿਆ। ਉਸ ਦੌਰ ਦੇ ਜ਼ਖਮ ਅਜੇ ਤੱਕ ਹਰੇ ਪਏ ਹਨ। ਖੁਫੀਆ ਏਜੰਸੀਆਂ ਵੱਲੋਂ ਨਿਭਾਈ ਗਈ ਭੂਮਿਕਾ ਦੇ ਅਹਿਮ ਖੁਲਾਸੇ ਆਈ.ਬੀ. ਦੇ ਅਫਸਰ ਐਮ.ਕੇ. ਧਰ ਨੇ ਆਪਣੀ ਪੁਸਤਕ 'ਓਪਨ ਸੀਕਰੇਟਸ' ਵਿਚ ਵੀ ਕੀਤੇ ਹਨ ਕਿ ਕਿਸ ਤਰ੍ਹਾਂ ਪੰਜਾਬ ਨੂੰ ਪ੍ਰਯੋਗਸ਼ਾਲਾ ਬਣਾਇਆ ਗਿਆ ਅਤੇ ਸਿਆਸੀ ਸੂਝ ਤੋਂ ਕੋਰੇ ਲੋਕ ਕਿਸ ਤਰ੍ਹਾਂ ਚੱਕਰਵਿਊ ਵਿਚ ਫਸਦੇ ਚਲੇ ਗਏ? ਇਸ ਘਟਨਾ ਨੂੰ ਖੁਫੀਆ ਏਜੰਸੀਆਂ ਦੀ ਇਸ ਮਾਰ ਨਾਲ ਜੋੜ ਕੇ ਦੇਖਣਾ ਹਾਲ ਦੀ ਘੜੀ ਭਾਵੇਂ ਅਜੀਬ ਹੀ ਲੱਗੇ ਪਰ ਇਤਿਹਾਸ ਗਵਾਹ ਹੈ ਕਿ ਅਜਿਹੀਆਂ ਘਟਨਾਵਾਂ ਤੋਂ ਬਾਅਦ ਹਾਲਾਤ ਨੇ ਕਿੰਜ ਅਤੇ ਕਿਸ ਤਰ੍ਹਾਂ ਤਿੱਖਾ ਮੋੜਾ ਕੱਟਿਆ ਸੀ!

ਇਸ ਘਟਨਾ ਦਾ ਇਕ ਹੋਰ ਪੱਖ ਵੀ ਹੈ। ਸੁਰੱਖਿਆ ਏਜੰਸੀਆਂ ਹਵਾਰਾ ਅਤੇ ਭਿਓਰਾ ਨੂੰ ਚੰਡੀਗੜ੍ਹ ਪੇਸ਼ੀ ਲਈ ਲਿਆਉਣੀਆਂ ਨਹੀਂ ਚਾਹੁੰਦੀਆਂ। ਬਹੁਤ ਯਤਨਾਂ ਅਤੇ ਤਰੱਦਦ ਤੋਂ ਬਾਅਦ ਇਹ ਉਨ੍ਹਾਂ ਨੂੰ ਤਿਹਾੜ ਜੇਲ੍ਹ ਵਿਚ ਲੈ ਕੇ ਗਈਆਂ ਸਨ। ਸੁਰੱਖਿਆ ਦੇ ਮੁੱਦੇ ਨੂੰ ਸਾਹਮਣੇ ਰੱਖ ਕੇ ਕੁਝ ਪੇਸ਼ੀਆਂ ਨਵੀਂ ਦਿੱਲੀ ਤੋਂ ਹੀ ਵੀਡੀਓ ਕਾਨਫਰੰਸਿੰਗ ਰਾਹੀਂ ਵੀ ਕਰਵਾਈਆਂ ਗਈਆਂ ਸਨ। ਅਜਿਹੇ ਹਮਲੇ ਤੋਂ ਬਾਅਦ ਚੰਡੀਗੜ੍ਹ ਪੇਸ਼ੀ ਤੋਂ ਛੋਟ ਮਿਲ ਸਕਦੀ ਹੈ ਪਰ ਹਮਲਾਵਰਾਂ ਦੀ ਵਿਸ਼ੇਸ਼ ਪਛਾਣ ਨਾਲ ਇਸ ਮਸਲੇ ਦੀਆਂ ਤੰਦਾਂ ਹੋਰ ਪੱਖਾਂ ਨਾਲ ਵਧੇਰੇ ਜੁੜ ਗਈਆਂ ਹਨ। ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਪੰਜਾਬ ਸਦਾ ਹੀ ਉਡਾਣ ਭਰਦਾ ਰਿਹਾ ਹੈ। ਕੇਂਦਰੀ ਸ਼ਾਸਕਾਂ ਨੂੰ ਪੰਜਾਬ ਦਾ ਇਹ ਪੱਖ ਸਦਾ ਬੇਚੈਨ ਕਰੀ ਰੱਖਦਾ ਹੈ। ਪਿੱਛੇ ਜਿਹੇ ਮਾਓਵਾਦੀਆਂ ਖਿਲਾਫ ਪੁਲਿਸ ਮੁਖੀ ਵੱਲੋਂ ਦਾਗੇ ਬਿਆਨ ਇਸੇ ਕੜੀ ਦਾ ਹੀ ਹਿੱਸਾ ਸਨ। ਕੋਈ ਖੇਡ ਖੇਡਣ ਲਈ ਸਟੇਟ ਮਸ਼ੀਨਰੀ ਇੰਜ ਹੀ ਆਪਣਾ ਅਸਰ ਦਿਖਾਉਂਦੀ ਹੈ। ਹੁਣ ਦੇਖਣਾ ਹੈ ਕਿ ਲੋਕਾਂ ਦੇ ਹੱਕ ਵਿਚ ਡਟਣ ਦਾ ਦਾਅਵਾ ਕਰਨ ਵਾਲੀਆਂ ਪੰਜਾਬ ਦੀਆਂ ਧਿਰਾਂ ਸਟੇਟ ਦੀ ਇਸ ਨਵੀਂ ਵੰਗਾਰ ਨੂੰ ਕਿਸ ਸੂਝ ਨਾਲ ਟੱਕਰਦੀਆਂ ਹਨ। ਸੂਝ-ਬੂਝ ਤੋਂ ਬਗੈਰ ਕੀਤੀਆਂ ਕਾਰਵਾਈਆਂ ਤਾਂ ਲੋਕਾਂ ਦਾ ਹੀ ਨੁਕਸਾਨ ਕਰਦੀਆਂ ਰਹੀਆਂ ਹਨ। ਮੁੱਦਾ ਤਾਂ ਹਰ ਵੰਗਾਰ ਨੂੰ ਸਮਝ ਅਤੇ ਝੱਲ ਕੇ ਮੋੜਵੀਂ ਵੰਗਾਰ ਸੁੱਟਣ ਦਾ ਹੈ ਜੋ ਸਿਰੇ ਦੀ ਸਿਆਸੀ ਸੂਝ ਨਾਲ ਹੀ ਸੰਭਵ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤਾਰੇ ਅਤੇ ਹਵਾਰੇ!*

ਦੁਸ਼ਮਣ ਕੌਮ ਦੇ ਕਦੇ ਨੀ ਸੂਤ ਆਉਂਦੇ, ਬਾਝੋਂ ਸੂਰਮੇ ਹੱਥਾਂ ਕਰਾਰਿਆਂ ਦੇ।
ਹੱਥ ਪਕੜ ਹਥਿਆਰ ਜਦ ਗੱਜਦੇ ਨੇ, ਚਿਹਰੇ ਖਿੜਦੇ ਨੇ ਸਦਮਿਆਂ ਮਾਰਿਆਂ ਦੇ।
ਜੱਗੋਂ ਤੇਰ੍ਹਵੇਂ ਕਰਨ ਜਦ ਕਾਰਨਾਮੇ, ਮੂੰਹ ਵਿਚ ਉਂਗਲਾਂ ਆਉਂਦੀਆਂ ਸਾਰਿਆਂ ਦੇ।
ਭਾਜੀ ਕੌਮ ਦੇ ਸਿਰ 'ਤੇ ਨਾ ਰਹਿਣ ਦਿੰਦੇ, ਮੂੰਹ ਮੋੜਦੇ ਦੁਸ਼ਟਾਂ ਦਿਆਂ ਕਾਰਿਆਂ ਦੇ।
ਗੀਦੀ ਭੱਜ ਕੇ ਖੁੱਡਿਆਂ ਵਿਚ ਵੜਦੇ, ਕੰਨੀਂ ਪੈਂਦਿਆਂ ਨਾਹਰੇ-ਲਲਕਾਰਿਆਂ ਦੇ।
ਕੌਣ ਪੁੱਛਦਾ ਭੇਡਾਂ ਜਿਹੇ ਬੰਦਿਆਂ ਨੂੰ, ਪੈਂਦੇ ਮੁੱਲ "ਹਵਾਰਿਆਂ ਤਾਰਿਆਂ" ਦੇ।

# ਖੇਤੀ ਮਾਡਲ ਨੇ ਪਿੰਜ ਦਿੱਤਾ ਹੈ ਪੰਜਾਬੀ ਬੰਦਾ

***ਭਾਰਤ ਵਿਚ ਜਿਹੜੇ ਜਿਹੜੇ ਸੂਬਿਆਂ ਵਿਚ ਹਰੀ ਕ੍ਰਾਂਤੀ ਵਾਲਾ ਇਹ ਮਾਡਲ ਲਾਗੂ ਕੀਤਾ ਗਿਆ, ਉਹੀ ਸੂਬੇ ਅੱਜ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹਨ। ਅੱਜ ਹਰੀ ਕ੍ਰਾਂਤੀ ਦੀ ਬੈਲਟ ਵਜੋਂ ਜਾਣੇ ਜਾਂਦੇ ਮੁੱਖ ਸੂਬੇ ਜਿਵੇਂ ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਅਤੇ ਪੰਜਾਬ ਦੇ ਕਿਸਾਨ ਕਰਜ਼ਈ ਹੋ ਕੇ ਆਤਮ-ਹੱਤਿਆਵਾਂ ਕਰ ਰਹੇ ਹਨ। ਭਾਰਤ ਵਿਚ ਹਰ ਰੋਜ਼ 48 ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਕਿਸਾਨ ਹਰੀ ਕ੍ਰਾਂਤੀ ਦੇ ਇਲਾਕੇ ਦੇ ਵਾਸੀ ਹਨ। ਇਨ੍ਹਾਂ ਇਲਾਕਿਆਂ ਵਿਚ ਹੀ ਮਨੁੱਖੀ ਸਿਹਤ ਅਤੇ ਵਾਤਾਵਰਨ ਉੱਪਰ ਮਾੜੇ ਪ੍ਰਭਾਵਾਂ ਦਾ ਅਸਰ ਵਿਖਾਈ ਦੇ ਰਿਹਾ ਹੈ।***

■ **ਡਾ. ਸੁਖਪਾਲ ਸਿੰਘ**

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਸੱਠਵਿਆਂ ਵਿਚ ਲਾਗੂ ਕੀਤੇ ਹਰੀ ਕ੍ਰਾਂਤੀ ਦੇ ਮਾਡਲ ਨੇ ਕਿਸਾਨਾਂ ਦੀ ਆਰਥਿਕ ਦਸ਼ਾ ਵਿਚ ਲੱਗਭੱਗ ਦੋ ਦਹਾਕੇ ਕੁੱਝ ਸੁਧਾਰ ਕੀਤਾ, ਉਸ ਤੋਂ ਬਾਅਦ ਆਰਥਿਕ ਦਸ਼ਾ ਵੀ ਕਾਫ਼ੀ ਖਰਾਬ ਹੋ ਗਈ ਅਤੇ ਮਨੁੱਖੀ ਸਿਹਤ ਦਾ ਵੀ ਘਾਣ ਹੋਣਾ ਸ਼ੁਰੂ ਹੋ ਗਿਆ। ਫਿਰ ਕੁਦਰਤੀ ਸੋਮਿਆਂ ਦਾ ਖਾਤਮਾ ਅਤੇ ਵਾਤਾਵਰਨ ਵਿਚ ਪ੍ਰਦੂਸ਼ਨ ਵਰਗੀਆਂ ਅਲਾਮਤਾਂ ਨੇ ਮਨੁੱਖੀ ਸਿਹਤ ਵਿਚ ਵਿਗਾੜ ਲਿਆਉਣਾ ਸ਼ੁਰੂ ਕਰ ਦਿੱਤਾ। ਅੱਜ ਪੰਜਾਬ ਦਾ ਅੰਨਦਾਤਾ ਸਿਰਫ਼ ਕਰਜ਼ੇ ਦੇ ਕੁਚੱਕਰ ਵਿਚ ਫਸਕੇ ਆਤਮ-ਹੱਤਿਆਵਾਂ ਦੇ ਰਸਤੇ ਹੀ ਨਹੀਂ ਪਿਆ ਸਗੋਂ ਆਪਣੀ ਸਿਹਤ ਵੀ ਗੁਆ ਬੈਠਾ ਹੈ। ਹੁਣ ਸਿਰਫ਼ ਕਿਸਾਨ ਹੀ ਨਹੀਂ ਸਗੋਂ ਪੇਂਡੂ ਅਤੇ ਸ਼ਹਿਰੀ ਵਸੋਂ ਵੀ ਭਿਆਨਕ ਬਿਮਾਰੀਆਂ ਦੀ ਮਾਰ ਹੇਠ ਆ ਗਈ ਹੈ। ਇਨ੍ਹਾਂ ਵਿਚ ਕੈਂਸਰ ਸਭ ਤੋਂ ਖ਼ਤਰਨਾਕ ਬਿਮਾਰੀ ਹੈ। ਹਰੀ ਕ੍ਰਾਂਤੀ ਤੋਂ ਪਹਿਲਾਂ ਲੋਕਾਂ ਨੂੰ ਇਸ ਬਿਮਾਰੀ ਬਾਰੇ ਚਿੱਤ-ਚੇਤਾ ਵੀ ਨਹੀਂ ਸੀ। ਅੱਜ ਸ਼ਾਇਦ ਹੀ ਅਜਿਹਾ ਕੋਈ ਬੰਦਾ ਹੋਵੇ ਜਿਸ ਦਾ ਕੋਈ ਪਿਆਰਾ ਜਾਂ ਰਿਸ਼ਤੇਦਾਰ ਜਾਂ ਯਾਰ-ਮਿੱਤਰ ਇਸ ਭਿਆਨਕ ਬਿਮਾਰੀ ਦੀ ਲਪੇਟ ਵਿਚ ਨਾ ਆਇਆ ਹੋਵੇ। ਦੁਨੀਆ ਵਿਚ ਇਸ ਵੇਲੇ ਕੈਂਸਰ ਦੀ ਨਾ-ਮੁਰਾਦ ਬਿਮਾਰੀ ਨਾਲ ਸਭ ਤੋਂ ਵੱਧ ਮੌਤਾਂ ਹੋ ਰਹੀਆਂ ਹਨ। ਅੱਜ ਕੇਵਲ ਕੈਂਸਰ ਨਾਲ ਹੁੰਦੀਆਂ ਮੌਤਾਂ ਦੀ ਗਿਣਤੀ, ਦੁਨੀਆ ਦੀਆਂ ਤਿੰਨ ਵੱਡੀਆਂ ਬਿਮਾਰੀਆਂ ਏਡਜ਼, ਤਪਦਿਕ ਅਤੇ ਮਲੇਰੀਆ ਨਾਲ ਮਿਲਾ ਕੇ ਹੋਈਆ ਮੌਤਾਂ ਦੀ ਗਿਣਤੀ ਨਾਲੋਂ ਵੀ ਕਿਤੇ ਵੱਧ ਹੈ। ਇਨ੍ਹਾਂ ਬੰਦਿਆਂ ਵਿਚ ਦੋ-ਤਿਹਾਈ ਮੌਤਾਂ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿਚ ਹੁੰਦੀਆਂ ਹਨ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਕੈਂਸਰ ਨਾਲ ਹਰ ਸਾਲ ਹੋਈਆਂ ਮੌਤਾਂ ਦੀ ਗਿਣਤੀ ਸਵਿਟਜ਼ਰਲੈਂਡ ਦੀ ਕੁੱਲ ਵੱਸੋਂ ਤੋਂ ਵੱਧ ਹੈ; ਭਾਵ ਹਰ ਸਾਲ ਇਕ ਸਵਿਟਜ਼ਰਲੈਂਡ ਕੈਂਸਰ ਦੀ ਭੇਟ ਚੜ੍ਹ ਜਾਂਦਾ ਹੈ।

ਭਾਰਤ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ! ਇਸ ਵੇਲੇ ਕੈਂਸਰ ਦੇ 30 ਲੱਖ ਮਰੀਜ਼ ਹਨ ਅਤੇ ਹਰ ਸਾਲ 8 ਲੱਖ ਮਰੀਜ਼ ਨਵੇਂ ਸ਼ਾਮਲ ਹੋ ਜਾਂਦੇ ਹਨ। ਇਸ ਸਾਲ ਕੈਂਸਰ ਨਾਲ 4 ਲੱਖ ਬੰਦਿਆਂ ਦੀ ਮੌਤ ਹੋ ਚੁੱਕੀ ਹੈ। ਇਸ ਹਿਸਾਬ ਨਾਲ ਭਾਰਤ ਵਿਚ ਹਰ ਚਾਰ ਮਿੰਟਾਂ ਵਿਚ 3 ਬੰਦੇ ਕੈਂਸਰ ਦੀ ਬਲੀ ਚੜ੍ਹ ਜਾਂਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿਚ ਨਵੇਂ ਆ ਰਹੇ ਲਗਪਗ 6000 ਕੈਂਸਰ ਮਰੀਜ਼ਾਂ ਵਿਚੋਂ, ਇਕੱਲੇ ਪੰਜਾਬ ਦੇ 1500 ਪੀੜਤ ਹੁੰਦੇ ਹਨ।

ਹਰੀ ਕ੍ਰਾਂਤੀ ਦੇ ਮਾਡਲ ਦੀਆਂ ਪਰਤਾਂ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਇਹ ਮਾਡਲ ਲਾਗੂ ਕਰਨ ਦਾ ਮੁੱਖ ਮੰਤਵ ਸਿਰਫ਼ ਖੇਤੀ ਵਿਕਾਸ ਕਰਨਾ ਹੀ ਨਹੀਂ ਸੀ ਸਗੋਂ ਦੁਨੀਆ ਦੀ ਅਰਥ ਵਿਵਸਥਾ ਵਿਚ ਹੋ ਰਹੀ ਉਥਲ ਪੁਥਲ ਰੋਕਣਾ ਸੀ। ਦੂਜੇ ਸੰਸਾਰ ਯੁੱਧ ਤੋਂ ਬਾਅਦ ਸੰਸਾਰ ਅਰਥ ਵਿਵਸਥਾ ਵਿਚ ਅੰਨ ਦੀ ਥੁੜ ਸੀ ਅਤੇ ਰਾਜਸੀ ਅਨਿਸਚਿਤਤਾ ਬਣ ਗਈ। ਕਈ ਦੇਸ਼ਾਂ ਵਿਚ ਰਾਜਸੀ ਤਬਦੀਲੀਆਂ ਹੋ ਚੁੱਕੀਆਂ ਸਨ ਅਤੇ ਕਈਆਂ ਵਿਚ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ ਸਨ। ਇਸੇ ਸਮੇਂ ਵਿਚ ਯੂ.ਐਨ.ਓ. ਬਣੀ। ਰਸਾਇਣਾਂ ਤੋਂ ਐਟਮੀ ਸ਼ਕਤੀ ਵੱਲ ਝੁਕਾਅ ਹੋਇਆ। ਅਮਰੀਕਾ ਵਿਚ ਰਸਾਇਣ ਦੀ ਵਰਤੋਂ ਦਾ ਕਾਫ਼ੀ ਵਿਰੋਧ ਹੋਇਆ। 1962 ਵਿਚ ਰਸੇਲ ਕਰਸਨ ਨੇ ਆਪਣੀ ਪੁਸਤਕ 'ਖਾਮੋਸ਼ ਬਸੰਤ' ਵਿਚ ਅਮਰੀਕਾ ਵਿਚ ਚਲ ਰਹੇ ਰਸਾਇਣ ਮਾਡਲਾਂ ਦਾ ਵਿਰੋਧ ਕੀਤਾ। ਰਸਾਇਣ ਦੀ ਵਰਤੋਂ ਕਰਨ ਜਾਂ ਨਾ ਕਰਨ ਬਾਰੇ ਭਰਵੀਂ ਬਹਿਸ ਹੋਈ। ਅਖੀਰ ਵਿਚ ਸਿੱਟਾ ਨਿਕਲਿਆ ਕਿ ਰਸਾਇਣਾਂ ਦੀ ਵੇਚ ਲਈ ਕੋਈ ਹੋਰ ਮੰਡੀ ਤਲਾਸ਼ੀ ਜਾਵੇ। ਨੋਬੇਲ ਇਨਾਮ ਜੇਤੂ ਨਾਰਮਨ ਬੋਰਲੋਗ ਨੇ 1967 ਵਿਚ ਦਿੱਲੀ ਵਿਚ ਕਿਹਾ, "ਜੇ ਮੈਂ ਐਮ.ਪੀ. ਹੁੰਦਾ ਤਾਂ ਹਰ 15 ਮਿੰਟ ਬਾਅਦ ਆਪਣੀ ਸੀਟ ਤੋਂ ਉਛਲ ਉਛਲ ਕੇ ਬੋਲਦਾ ਖਾਦ-ਖਾਦ-ਖਾਦ। ਇਸ ਨਾਲ ਹੀ ਸਾਨੂੰ ਭੋਜਨ ਮਿਲੇਗਾ", ਭਾਵ ਅਮਰੀਕਾ ਵਰਗੇ ਦੇਸ਼ ਚਾਹੁੰਦੇ ਸਨ ਕਿ ਭਾਰਤ ਵਰਗੇ ਦੇਸ਼ਾਂ ਦੀਆਂ ਵੱਡੀਆਂ ਮੰਡੀਆਂ ਵਿਚ ਆਪਣੀਆਂ ਰਸਾਇਣਕ ਖਾਦਾਂ ਵੇਚੀਆਂ ਜਾਣ ਕਿਉਂਕਿ ਇਕ ਤਾਂ ਵਿਕਸਤ ਦੇਸ਼ਾਂ ਦੇ ਕਾਰਖਾਨੇ ਬੰਦ ਹੋਣ ਦਾ ਡਰ ਸੀ, ਦੂਜਾ ਪਛੜੇ ਦੇਸ਼ਾਂ ਵਿਚ ਭੁੱਖਮਰੀ ਫੈਲਣ ਦਾ ਵੀ ਖਦਸ਼ਾ ਸੀ।

ਹੁਣ ਸਵਾਲ ਹੈ ਕਿ ਆਖਰ ਪੰਜਾਬ ਨੂੰ ਹਰੀ ਕ੍ਰਾਂਤੀ ਦੀਆਂ ਮੁਢਲੀਆਂ ਕਤਾਰਾਂ ਵਿਚ ਕਿਉਂ ਰੱਖਿਆ ਗਿਆ? ਸਭ ਤੋਂ ਵੱਡਾ ਕਾਰਨ ਇਥੇ ਮਾਲਕ ਕਿਸਾਨੀ ਦਾ ਹੋਣਾ ਸੀ ਜੋ ਖੇਤੀ ਵਿਚ ਪੈਸੇ ਨਿਵੇਸ਼ ਕਰਕੇ ਜ਼ਮੀਨ ਵਿਚ ਸੁਧਾਰ ਅਤੇ ਖੇਤੀ ਵਿਚ ਸਥਿਰ ਸਾਧਨ ਉਸਾਰ ਸਕਦੀ ਸੀ। ਇਥੋਂ ਦੇ ਕੁਦਰਤੀ ਸਾਧਨਾਂ ਜਿਵੇਂ ਖੇਤੀ ਲਈ ਯੋਗ ਪਾਣੀ ਅਤੇ ਉਪਜਾਊ ਜ਼ਮੀਨ ਦਾ ਹੋਣਾ ਵੀ ਹਰੀ ਕ੍ਰਾਂਤੀ ਦੇ ਮਾਡਲ ਲਈ ਜ਼ਰੂਰੀ ਸੀ। ਪੰਜਾਬ ਦੇ ਮਿਹਨਤੀ ਅਤੇ ਉਦਮੀ ਕਿਸਾਨਾਂ ਨੇ ਇਹ ਮਾਡਲ ਲਾਗੂ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਹਰੀ ਕ੍ਰਾਂਤੀ ਦਾ ਇਹ ਮਾਡਲ ਸਿਰਫ ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿਚ ਲਾਗੂ ਕੀਤਾ ਗਿਆ ਸੀ ਅਤੇ ਰਾਜਸੀ ਮੰਤਵਾਂ ਕਰਕੇ ਅਫ਼ਰੀਕਾ ਦੇ ਭੁੱਖਮਰੀ ਵਿਚ ਰਹਿ ਰਹੇ ਦੇਸ਼ਾਂ ਵਿਚ ਇਸ ਨੂੰ ਲਾਗੂ ਨਹੀਂ ਕੀਤਾ ਗਿਆ ਕਿਉਂਕਿ ਸਵਾਲ ਸਿਰਫ਼ ਭੁੱਖਮਰੀ ਖਤਮ ਕਰਨ ਦਾ ਨਹੀਂ ਸਗੋਂ ਰਾਜਸੀ ਸਥਿਰਤਾ ਬਣਾਉਂਦੇ ਹੋਏ ਆਪਣੀ ਮੰਡੀ ਤਲਾਸ਼ਣ ਦਾ ਸੀ।

ਭਾਰਤ ਵਿਚ ਜਿਹੜੇ ਜਿਹੜੇ ਸੂਬਿਆਂ ਵਿਚ ਇਹ ਮਾਡਲ ਲਾਗੂ ਕੀਤਾ ਗਿਆ, ਉਹੀ ਸੂਬੇ ਅੱਜ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹਨ। ਅੱਜ ਹਰੀ ਕ੍ਰਾਂਤੀ ਦੀ ਬੈਲਟ ਵਜੋਂ ਜਾਣੇ ਜਾਂਦੇ ਮੁੱਖ ਸੂਬੇ ਜਿਵੇਂ ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਅਤੇ ਪੰਜਾਬ ਦੇ ਕਿਸਾਨ ਕਰਜ਼ਈ ਹੋ ਕੇ ਆਤਮ-ਹੱਤਿਆਵਾਂ ਕਰ ਰਹੇ ਹਨ। ਭਾਰਤ ਵਿਚ ਹਰ ਰੋਜ਼ 48 ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਇਨਾਂ ਵਿਚੋਂ ਵੱਡੀ ਗਿਣਤੀ ਕਿਸਾਨ ਹਰੀ ਕ੍ਰਾਂਤੀ ਦੇ ਇਲਾਕੇ ਦੇ ਵਾਸੀ ਹਨ। ਇਨ੍ਹਾਂ ਇਲਾਕਿਆਂ ਵਿਚ ਹੀ ਮਨੁੱਖੀ ਸਿਹਤ ਅਤੇ ਵਾਤਾਵਰਨ ਉੱਪਰ ਮਾੜੇ ਪ੍ਰਭਾਵਾਂ ਦਾ ਅਸਰ ਵਿਖਾਈ ਦੇ ਰਿਹਾ ਹੈ।

ਹਰੀ ਕ੍ਰਾਂਤੀ ਦਾ ਇਹ ਮਾਡਲ ਲਾਗੂ ਕਰਨ ਵਿਚ ਮੁੱਖ ਊਣਤਾਈਆਂ ਇਹ ਸਨ ਕਿ ਇਸ ਮਾਡਲ ਤੋਂ ਹੋਣ ਵਾਲੇ ਪ੍ਰਭਾਵਾਂ ਦਾ ਅਗਾਊਂ ਅਧਿਐਨ ਨਹੀਂ ਕੀਤਾ ਗਿਆ। ਕਿਸੇ ਮਾਡਲ ਨੂੰ ਲਾਗੂ ਕਰਨ ਤੋਂ ਪਹਿਲਾਂ ਸਮੱਸਿਆਵਾਂ ਨੂੰ ਭਿਆਨਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਸਮੱਸਿਆ ਦੇ ਹੱਲ ਦੇ ਬਹਾਨੇ ਇਹ ਮਾਡਲ ਲਾਗੂ ਕੀਤਾ ਜਾਂਦਾ ਹੈ ਤਾਂ ਕਿ ਮਾਡਲ ਦੇ ਲੰਬੇ ਸਮੇਂ ਬਾਅਦ ਹੋਣ ਵਾਲੇ ਸੰਭਾਵਿਤ ਮਾਰੂ ਅਸਰਾਂ ਦੇ ਅਧਿਐਨ ਦੀ ਮੰਗ ਕਰਨ ਦਾ ਬੁੱਧੀਜੀਵੀ ਜਾਂ ਕੋਈ ਸੰਸਥਾ ਹੌਸਲਾ ਨਾ ਕਰ ਸਕੇ। ਮਸਲਨ, ਅੱਜ ਨਰਮੇ ਦੀ ਫ਼ਸਲ ਫੇਲ੍ਹ ਹੋਣ ਤੋਂ ਬਾਅਦ ਬੀ.ਟੀ. ਨਰਮੇ ਦੀ ਖੇਤੀ ਰਾਹੀਂ ਸਿਰਫ਼ ਪੈਦਾਵਾਰ ਨੂੰ ਹੀ ਮੁੱਖ ਰੱਖਿਆ ਜਾ ਰਿਹਾ ਹੈ ਜਦੋਂ ਕਿ ਉਸ ਤੋਂ ਹੋਣ ਸਾਰੇ ਮਾਰੂ ਪ੍ਰਭਾਵਾਂ ਦਾ ਸਵਾਲ ਉਠਾਉਣ ਵਾਲਿਆਂ ਨੂੰ ਵਿਕਾਸ ਵਿਰੋਧੀ ਕਿਹਾ ਜਾ ਰਿਹਾ ਹੈ। ਠੀਕ ਇਸੇ ਤਰ੍ਹਾਂ ਹਰੀ ਕ੍ਰਾਂਤੀ ਦਾ ਮਾਡਲ ਲਾਗੂ ਕਰਨ ਸਮੇਂ ਵੀ ਅਨਾਜ ਦੀ ਥੁੜ ਨੂੰ ਮਹਾਂ ਸੰਕਟ ਦੇ ਤੌਰ 'ਤੇ ਪੇਸ਼ ਕੀਤਾ ਗਿਆ ਸੀ। ਇਸ ਮਾਡਲ ਵਿਚ ਸਿਰਫ਼ ਇਕ-ਦੋ (ਕਣਕ ਤੇ ਝੋਨਾ) ਫ਼ਸਲਾਂ ਦੀ ਖੇਤੀ 'ਤੇ ਜ਼ੋਰ ਦਿੱਤਾ ਗਿਆ। ਚਾਹੀਦਾ ਇਹ ਸੀ ਕਿ ਸਾਡੀਆਂ ਦੇਸੀ ਫ਼ਸਲਾਂ ਕਮਾਦ, ਮੱਕੀ, ਜਵਾਰ, ਗੁਆਰਾ, ਮੂੰਗਫਲੀ,ਦੇਸੀ ਕਣਕ, ਜੌਂ, ਛੋਲੇ ਅਤੇ ਦਾਲਾਂ ਆਦਿ ਉਪਰ ਖੋਜ ਕਰਕੇ ਇਨ੍ਹਾਂ ਨੂੰ ਹੀ ਵਿਕਸਤ ਕੀਤਾ ਜਾਂਦਾ।

ਇਨ੍ਹਾਂ ਫਸਲਾਂ ਨੂੰ ਬਹੁਤ ਘੱਟ ਪਾਣੀ ਅਤੇ ਖਾਦਾਂ ਦੀ ਜ਼ਰੂਰਤ ਸੀ ਅਤੇ ਸਿਰਫ ਵਰਖਾ ਦੇ ਪਾਣੀ ਨਾਲ ਹੀ ਪੱਕ ਜਾਂਦੀਆ ਸਨ। ਇਸ ਤੋਂ ਇਲਾਵਾ ਇਨ੍ਹਾਂ ਉੱਪਰ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦਾ ਹਮਲਾ ਵੀ ਬਹੁਤ ਘੱਟ ਹੁੰਦਾ ਸੀ। ਇਸੇ ਕਰਕੇ ਇਹ ਵਾਤਾਵਰਨ ਦੇ ਅਨੁਕੂਲ ਹੁੰਦਿਆਂ ਹੋਇਆਂ ਸਾਨੂੰ ਪੌਸ਼ਟਿਕ ਖੁਰਾਕ ਵੀ ਮੁਹੱਈਆ ਕਰਦੀਆਂ ਸਨ। ਨਵਾਂ ਮਾਡਲ ਲਿਆਉਣ ਨਾਲ ਸਿਰਫ ਫਸਲੀ ਵੰਨ-ਸੁਵੰਨਤਾ ਹੀ ਖਤਮ ਨਹੀ ਹੋਈ ਸਗੋਂ ਸਾਡਾ ਵਣਾਂ ਅਧੀਨ ਇਲਾਕਾ ਘਟ ਕੇ ਸਿਰਫ 6 ਫੀਸਦ ਹੀ ਰਹਿ ਗਿਆ ਹੈ ਜਦੋਂ ਕਿ ਵਾਤਾਵਰਨ ਨੂੰ ਠੀਕ ਰੱਖਣ ਲਈ ਇਹ ਇਲਾਕਾ 20 ਫੀਸਦ ਹੋਣਾ ਚਾਹੀਦਾ ਹੈ। ਇਸ ਗੱਲ ਉਪਰ ਸੁਪਰੀਮ ਕੋਰਟ ਨੇ ਵੀ ਤਵੱਜੋਂ ਦਿੱਤੀ ਸੀ ਅਤੇ ਵਿਸ਼ਵ ਵਪਾਰ ਸੰਸਥਾ ਵਿਚ ਵੀ ਇਸ ਗੱਲ ਨੂੰ ਵਿਚਾਰਿਆ ਗਿਆ ਸੀ। ਜੰਗਲੀ ਇਲਾਕਾ ਘਟਣ ਕਰਕੇ ਜੀਵ ਵੰਨ-ਸੁਵੰਨਤਾ ਵੀ ਖਤਮ ਹੋ ਗਈ ਹੈ। ਸਾਡੇ ਬੱਚਿਆਂ ਨੂੰ ਹੁਣ ਖਰਗੋਸ਼, ਗਿੱਦੜ, ਹਿਰਨ ਡਿਸਕਵਰੀ ਚੈਨਲ 'ਤੇ ਹੀ ਵਿਖਾਈ ਦਿੰਦੇ ਹਨ। ਵਾਤਾਵਰਨ ਦੀ ਸ਼ੁੱਧਤਾ, ਸ਼ੁੱਧ ਹਵਾ ਅਤੇ ਸ਼ੁੱਧ ਪੌਣ-ਪਾਣੀ ਦੀ ਚੰਗੇ ਮਨੁੱਖੀ ਜੀਵਨ ਲਈ ਅਹਿਮ ਜ਼ਰੂਰਤ ਹੈ। ਕੁਦਰਤੀ ਸਾਧਨਾਂ ਜਿਵੇਂ ਮਿੱਟੀ ਦੀ ਸਿਹਤ ਅਤੇ ਪਾਣੀ ਦੀ ਵਰਤੋਂ ਵੱਲ ਤਵੱਜੋਂ ਦੇਣ ਦੀ ਲੋੜ ਸੀ। ਉਲਟਾ, ਫ਼ਸਲਾਂ ਦੇ ਨਵੇਂ ਪੈਟਰਨ ਨਾਲ ਧਰਤੀ ਹੇਠਲਾ ਪਾਣੀ ਖਰਾਬ ਹੋ ਗਿਆ। ਪੰਜਾਬ ਦੇ ਕੁੱਲ 137 ਪਾਣੀ ਦੇ ਬਲਾਕਾਂ ਵਿਚੋਂ 107 ਡਾਰਕ ਬਲਾਕ ਬਣ ਗਏ ਜਿਥੇ ਪਾਣੀ ਦੀ ਉਪਲਭਤਾ ਨੂੰ ਗੰਭੀਰ ਖ਼ਤਰਾ ਬਣ ਗਿਆ ਹੈ।


ਅਸਲ ਵਿਚ ਹਰੀ ਕ੍ਰਾਂਤੀ ਦਾ ਮਾਡਲ ਲਾਗੂ ਕਰਨ ਤੋਂ ਪਹਿਲਾਂ ਇਸ ਦਾ ਕਿਸਾਨਾਂ ਅਤੇ ਮੁੱਖ ਰੂਪ ਵਿਚ ਛੋਟੀ ਕਿਸਾਨੀ ਦੀ ਆਰਥਿਕਤਾ ਉਪਰ ਪੈਣ ਵਾਲੇ ਪ੍ਰਭਾਵ ਦਾ ਅਧਿਐਨ ਨਹੀਂ ਕੀਤਾ ਗਿਆ; ਭਾਵ ਲੋਕਾਂ ਨੂੰ ਵੱਧ ਝਾੜ ਲੈਣ ਲਈ ਕੀਤੇ ਖਰਚਿਆਂ ਤੋਂ ਸ਼ੁੱਧ ਲਾਭ ਕਿੰਨੇ ਕੁ ਹੋਣਗੇ ਅਤੇ ਕਿੰਨਾ ਕੁ ਚਿਰ ਮਿਲਦੇ ਰਹਿਣਗੇ? ਪੇਂਡੂ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਅਤੇ ਸ਼ਹਿਰੀ ਖੇਤਰ ਵਿਚ ਰਹਿੰਦੇ ਹੋਰ ਤਬਕਿਆਂ ਦੇ ਰੁਜ਼ਗਾਰ ਅਤੇ ਉਪਜੀਵਕਤਾ ਦੀ ਹਾਲਤ ਕੀ ਹੋਵੇਗੀ? ਵੱਧ ਖਾਦਾਂ ਦੀ ਵਰਤੋਂ ਦਾ ਮਨੁੱਖੀ ਸਿਹਤ, ਵਾਤਾਵਰਨ ਅਤੇ ਕੁਦਰਤੀ ਸਾਧਨਾਂ 'ਤੇ ਕੀ ਪ੍ਰਭਾਵ ਪਵੇਗਾ? ਇਨ੍ਹਾਂ ਸਾਰੇ ਸਵਾਲਾਂ ਉਪਰ ਤਵੱਜੋਂ ਦੇ ਕੇ ਖੋਜ ਕਰਨੀ ਚਾਹੀਦੀ ਸੀ ਜੋ ਨਹੀਂ ਕੀਤੀ ਗਈ।

ਹੁਣ ਸਵਾਲਾਂ ਦਾ ਸਵਾਲ ਹੈ ਕਿ ਇਸ ਗੰਭੀਰ ਸੰਕਟ ਵਿਚ ਪਹੁੰਚੀ ਅਰਥ ਵਿਵਸਥਾ ਨੂੰ ਕਿਵੇਂ ਠੀਕ ਕੀਤਾ ਜਾਵੇ? ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਭਾਰਤ ਦੀ ਖੇਤੀ ਨੂੰ ਠੀਕ ਕੀਤਾ ਜਾਵੇ। ਕੁਲ ਬੱਜਟ ਵਿਚ ਖੇਤੀ ਦਾ ਹਿੱਸਾ ਲਗਾਤਾਰ ਘੱਟ ਰਿਹਾ ਹੈ। ਇਸ ਨੂੰ ਵਧਾਇਆ ਜਾਵੇ ਅਤੇ ਖੇਤੀ ਸੈਕਟਰ ਨੂੰ ਵਿਕਸਤ ਦੇਸ਼ਾਂ ਜਿੰਨੀਆਂ ਸਬਸਿਡੀਆਂ ਦਿੱਤੀਆਂ ਜਾਣ। ਇਸੇ ਤਰ੍ਹਾਂ ਜੋ ਸਿਹਤ ਉਪਰ ਖਰਚ ਕੀਤੇ ਜਾਂਦੇ ਬੱਜਟ ਵਿਚ ਵੀ ਲਗਾਤਾਰ ਕਮੀ ਕੀਤੀ ਜਾ ਰਹੀ ਹੈ, ਉਸ ਵਿਚ ਲੋੜੀਂਦਾ ਵਾਧਾ ਕੀਤਾ ਜਾਵੇ। ਪੰਜਾਬ ਦੇ ਕੁੱਲ ਬੱਜਟ ਦਾ ਸਿਹਤ ਉਤੇ ਖਰਚ 1980-81 ਵਿਚ 5.49 ਫੀਸਦ ਸੀ ਜੋ 1990-91 ਵਿਚ 4.32 ਫੀਸਦ, 2000-01 ਵਿਚ 5.44 ਫੀਸਦ, 2007-08 ਵਿਚ 3.28 ਫੀਸਦ (756 ਕਰੋੜ ਰੁਪਏ) ਸੀ। ਇਸ ਤੋ ਬਾਅਦ ਬਜਟ ਵਿਚ ਮਾਮੂਲੀ ਵਾਧਾ ਹੋਇਆ ਹੈ। 2008-09 ਦੌਰਾਨ ਸਿਹਤ ਉਪਰ 829 ਕਰੋੜ ਰੁਪਏ ਖਰਚ ਕੀਤੇ ਗਏ ਜੋ ਕੁਲ ਬੱਜਟ ਦਾ 3.38 ਫੀਸਦ ਬਣਦਾ ਹੈ ਅਤੇ 2009-10 ਵਿਚ 1142 ਕਰੋੜ ਰੁਪਏ (ਕੁਲ ਬੱਜਟ ਦਾ 3.86 ਫੀਸਦ), 2010-11 ਵਿਚ 1281 ਕਰੋੜ ਰੁਪਏ (3.84 ਫੀਸਦ) ਰੱਖੇ ਗਏ ਸਨ।

***(ਬਾਕੀ ਸਫਾ 37 'ਤੇ)***

# ਸਵਾਲਾਂ-ਜਵਾਬਾਂ ਦੇ ਮੁਕਾਬਲੇ ਅਤੇ ਹਰ ਗੋਬਿੰਦ ਖ਼ੁਰਾਣਾ

ਸਵਾਲ ਸੰਵਾਦ
ਦਲਜੀਤ ਅਮੀ
ਫੋਨ:+91-97811-21873



***ਹਰ ਗੋਬਿੰਦ ਖ਼ੁਰਾਣਾ ਦੇ ਪੰਜਾਬੀ ਮੂਲ ਬਾਬਤ ਗੱਲ ਕਰਨ ਲਈ ਉਨ੍ਹਾਂ ਸਮਿਆਂ ਦਾ ਫੇਰਾ ਪਾਉਣਾ ਜ਼ਰੂਰੀ ਹੈ ਜਦੋਂ ਉਨ੍ਹਾਂ ਨੇ ਪੰਜਾਬ ਵਿਚ ਪੜ੍ਹਾਈ ਕੀਤੀ। ਵਿਗਿਆਨ ਦੀ ਰਸਮੀ ਪੜ੍ਹਾਈ ਪੰਜਾਬ ਵਿਚ ਬਸਤਾਨ ਹਕੂਮਤ ਦੇ ਆਉਣ ਤੋਂ ਬਾਅਦ ਸ਼ੁਰੂ ਹੋਈ। ਅਵਾਮੀ ਤਜਰਬੇ ਵਿਚ ਰਮੇ ਵਿਗਿਆਨ ਅਤੇ ਰਸਮੀ ਪੜ੍ਹਾਈ ਵਿਚ ਰਾਬਤੇ ਦੀ ਚਰਚਾ ਉਸੇ ਵੇਲੇ ਚੱਲੀ। ਰੁਚੀ ਰਾਮ ਸਾਹਨੀ (1863-1948) ਅੰਗਰੇਜ਼ਾਂ ਦੀਆਂ ਬਣਾਏ ਵਿਦਿਅਕ ਅਦਾਰਿਆਂ ਵਿਚ ਪੜ੍ਹਾਉਣ ਵਾਲੇ ਪਹਿਲੇ ਪੰਜਾਬੀ ਵਿਗਿਆਨੀਆਂ ਵਿਚ ਸ਼ਾਮਿਲ ਸਨ।***

ਯੂਨੀਵਰਸਿਟੀ ਆਫ਼ ਵਿਨਕੌਂਸਿਨ-ਮੈਡੀਸਨ ਦੇ ਨਿਊਜ਼ਲੈਟਰ ਵਿਚ ਬੌਬ ਮਿਸ਼ੇਲ ਨੇ ਲਿਖਿਆ ਹੈ, "ਯੂਨੀਵਰਸਿਟੀ ਆਫ਼ ਵਿਨਕੌਂਸਿਨ-ਮੈਡੀਸਨ ਵਿਚ ਖੋਜ ਕਰਕੇ ਨੋਬੇਲ ਪੁਰਸਕਾਰ ਹਾਸਲ ਕਰਨ ਵਾਲੇ ਜੀਵ-ਰਾਸਾਇਣ ਵਿਗਿਆਨੀ ਨੌਂ ਨਵੰਬਰ ਦਿਨ ਬੁੱਧਵਾਰ ਨੂੰ 89 ਸਾਲ ਦੀ ਉਮਰ ਵਿਚ ਚਲਾਣਾ ਕਰ ਗਏ।" ਹਰ ਗੋਬਿੰਦ ਖ਼ੁਰਾਣਾ ਪੰਜਾਬੀ ਮੂਲ ਦੇ ਨੋਬੇਲ ਪੁਰਸਕਾਰ ਹਾਸਿਲ ਕਰਨ ਵਾਲੇ ਪਹਿਲੇ ਵਿਗਿਆਨੀ ਸਨ ਜੋ 1966 ਵਿਚ ਅਮਰੀਕੀ ਨਾਗਰਿਕ ਬਣ ਗਏ ਸਨ। ਉਨ੍ਹਾਂ ਨੂੰ 1968 ਵਿਚ ਜੀਨ ਉੱਤੇ ਖੋਜ ਕਰਨ ਦੇ ਨਤੀਜੇ ਵਜੋਂ ਮੈਡੀਸਨ ਦੇ ਹੋਰ ਵਿਗਿਆਨੀਆਂ ਨਾਲ ਸਾਂਝਾ ਨੋਬੇਲ ਪੁਰਸਕਾਰ ਦਿੱਤਾ ਗਿਆ। ਰੌਬਰਟ ਹੋਲੇ ਅਤੇ ਮਾਰਸ਼ਲ ਨੋਰੇਨਬਰਗ ਇਸ ਖੋਜ ਅਤੇ ਪੁਰਸਕਾਰ ਵਿਚ ਹਿੱਸੇਦਾਰ ਸਨ। ਇਨ੍ਹਾਂ ਤੱਥਾਂ ਬਾਬਤ ਭਾਰਤੀ ਸਕੂਲਾਂ, ਕਾਲਜਾਂ ਅਤੇ ਟੈਲੀਵਿਜ਼ਨਾਂ ਚੈਨਲਾਂ ਦੇ ਸਵਾਲਾਂ-ਜਵਾਬਾਂ ਦੇ ਮੁਕਾਬਲਿਆਂ ਵਿਚ ਲਗਾਤਾਰ ਸਵਾਲ ਪੁੱਛੇ ਜਾਂਦੇ ਰਹੇ ਹਨ। ਹਰ ਗੋਬਿੰਦ ਖ਼ੁਰਾਣਾ ਦੇ ਚਲਾਣੇ ਦੀ ਖ਼ਬਰ ਵਿਚ ਇਨ੍ਹਾਂ ਤੱਥਾਂ ਦੇ ਹਵਾਲੇ ਨਾਲ ਹੀ ਨਸ਼ਰ ਕੀਤੀ ਗਈ ਹੈ।

ਇਹ ਤੱਥ ਹਰ ਗੋਬਿੰਦ ਖ਼ੁਰਾਣਾ ਦੀਆਂ ਪ੍ਰਾਪਤੀਆਂ ਦੀ ਦੱਸ ਪਾਉਂਦੇ ਹਨ। ਇਨ੍ਹਾਂ ਤੱਥਾਂ ਦਾ ਦੂਜਾ ਪਾਸਾ ਸਵਾਲ ਵਜੋਂ ਪੇਸ਼ ਹੁੰਦਾ ਹੈ। ਆਲਮੀ ਮਿਆਰ ਦਾ 89 ਸਾਲ ਦੀ ਜ਼ਿੰਦਗੀ ਜਿਉਣ ਵਾਲਾ ਵਿਗਿਆਨੀ ਕੁਝ ਤੱਥਾਂ ਤੱਕ ਕਿਵੇਂ ਮਹਿਦੂਦ ਹੋ ਸਕਦਾ ਹੈ? ਇਸੇ ਸਵਾਲ ਵਿਚ ਹਰ ਗੋਬਿੰਦ ਖ਼ੁਰਾਣਾ ਦੀ ਹੋਣੀ ਨਹਿਤ ਜਾਪਦੀ ਹੈ। ਖਲੀਲ ਜਿਬਰਾਨ ਨੇ ਲਿਖਿਆ ਹੈ ਕਿ ਵਿਛੜਨ ਦਾ ਮੇਲਾ ਦਰਅਸਲ ਮਿਲਣ ਦਾ ਵੀ ਸਮਾਂ ਹੁੰਦਾ ਹੈ। ਅਜਿਹੇ ਸਮੇਂ ਹੀ ਵਿਛੜ ਚੁੱਕੇ ਨੂੰ ਫ਼ਾਸਲੇ ਤੋਂ ਵੇਖਿਆ ਜਾ ਸਕਦਾ ਹੈ। ਪੂਰਾ ਹੋ ਚੁੱਕੇ ਬੰਦੇ ਨੂੰ ਤਫ਼ਸੀਲ ਨਾਲ ਸਮਝਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ। ਸੰਨ 2009 ਵਿਚ ਭਾਰਤੀ ਮੂਲ ਦੇ ਵਿਗਿਆਨੀ ਵੈਂਕਟਰਾਮਨ ਰਾਮਾਕ੍ਰਿਸ਼ਨਨ ਨੂੰ ਥੌਮਲ ਸਟੀਟਜ਼ ਅਤੇ ਅਡਾ ਯੋਨਾਥ ਨਾਲ ਸਾਂਝਾ ਨੋਬੇਲ ਪੁਰਸਕਾਰ ਮਿਲਿਆ। ਹਰ ਗੋਬਿੰਦ ਖ਼ੁਰਾਣਾ ਅਤੇ ਵੈਂਕਟਰਾਮਨ ਰਾਮਾਕ੍ਰਿਸ਼ਨਨ ਦੀਆਂ ਪ੍ਰਾਪਤੀਆਂ ਤੇ ਖੋਜ ਵਿਚ ਸਾਂਝੀਆਂ ਤੰਦਾਂ ਪੁਰਸਕਾਰ ਤੋਂ ਇਲਾਵਾ ਰੀਬੋਸੋਮਸ ਅਤੇ ਪ੍ਰੋਟੀਨ ਰਾਹੀਂ ਜੁੜੀਆਂ ਹੋਈਆਂ ਹਨ। ਪੁਰਸਕਾਰ ਮਿਲਣ ਤੋਂ ਬਾਅਦ ਵੈਂਕਟਰਾਮਨ ਰਾਮਾਕ੍ਰਿਸ਼ਨਨ ਨੂੰ ਵਧਾਈਆਂ ਦੀ ਬਹੁਤ ਈਮੇਲ ਆਈ। ਉਸ ਨੇ ਇਕ ਲੇਖ ਵਿਚ ਲਿਖ ਦਿੱਤਾ, "ਮੈਂ ਆਪਣੀ ਸਾਰੀ ਈਮੇਲ ਆਪ ਦੇਖਦਾ ਹਾਂ। ਇਸ ਕੰਮ ਲਈ ਮੇਰੇ ਕੋਲ ਕੋਈ ਸਹਾਇਕ ਨਹੀਂ ਹੈ। ਵਧਾਈਆਂ ਦੀ ਈਮੇਲ ਕਾਰਨ ਮੇਰਾ ਬਹੁਤ ਸਾਰਾ ਸਮਾਂ ਬਰਬਾਦ ਹੋ ਰਿਹਾ ਹੈ। ਮੈਂ ਇਹ ਨਹੀਂ ਚਾਹੁੰਦਾ ਕਿ ਕੋਈ ਕੰਮ ਦੀ ਮੇਲ ਮੈਥੋਂ ਖੁੰਝ ਜਾਏ। ਮੈਂ ਜਾਣਦਾ ਹਾਂ ਕਿ ਪੁਰਸਕਾਰ ਮਿਲਣ ਨਾਲ ਲੋਕਾਂ ਨੂੰ ਖ਼ੁਸ਼ੀ ਹੋਈ ਹੈ। ਚੰਗਾ ਇਹ ਹੋਵੇਗਾ ਕਿ ਇਸ ਖ਼ੁਸ਼ੀ ਦੇ ਮੌਕੇ ਉਹ ਮੇਰੇ ਕੰਮ ਨੂੰ ਸਮਝਣ ਦਾ ਉਪਰਾਲਾ ਕਰਨ।" ਵੈਂਕਟਰਾਮਨ ਰਾਮਾਕ੍ਰਿਸ਼ਨਨ ਦੀ ਇਸ ਬੇਨਤੀ ਨੂੰ ਹਉਮੈ ਕਰਾਰ ਦਿੱਤਾ ਗਿਆ। ਉਸ ਨਾਲ ਜੁੜੇ ਤੱਥ ਅਹਿਮ ਰਹਿ ਗਏ ਜੋ ਸਵਾਲਾਂ-ਜਵਾਬਾਂ ਦੇ ਮੁਕਾਬਲਿਆਂ ਵਿਚ ਪੁੱਛੇ ਜਾ ਸਕਦੇ ਹਨ ਜਾਂ ਨਾਮੀ ਭਾਰਤੀਆਂ ਦੇ ਕੋਸ਼ ਵਿਚ ਦਰਜ ਹੋ ਸਕਦੇ ਹਨ।

ਭਾਰਤੀ ਮੂਲ ਦਾ ਵਿਗਿਆਨੀ ਅਸੀਮ ਅੰਸਾਰੀ ਯੂਨੀਵਰਸਿਟੀ ਆਫ਼ ਵਿਨਕੌਂਸਿਨ-ਮੈਡੀਸਨ ਵਿਚ ਕੰਮ ਕਰਦਾ ਹੈ। ਉਸ ਨੇ ਹਰ ਗੋਬਿੰਦ ਖ਼ੁਰਾਣਾ ਦੇ ਚਲਾਣੇ ਉਤੇ ਕਿਹਾ ਹੈ, "ਡੀ.ਐਨ.ਏ. ਦੇ ਰਾਸਾਇਣ ਵਿਗਿਆਨ ਵਿਚ ਉਨ੍ਹਾਂ ਦੀ ਵਿਗਿਆਨਕ ਖੋਜ ਨਵੇਂ ਦਿੱਸਹੱਦੇ ਤੈਅ ਕਰਨ ਦਾ ਸਬੱਬ ਬਣੀ। ਇਸ ਨਾਲ ਬਾਇਓਤਕਨਾਲੋਜੀ ਵਿਚ ਨਵੀਆਂ ਖੋਜਾਂ ਦਾ ਮੁੱਢ ਬੱਝਿਆ। ਉਨ੍ਹਾਂ ਨੇ 1960ਵਿਆਂ ਦੇ ਦਹਾਕੇ ਵਿਚ ਵਿਸਕੌਂਸਿਨ ਵਿਚ ਇਸ ਖੋਜ ਦਾ ਬੁਨਿਆਦੀ ਕੰਮ ਕੀਤੀ ਜਿਸ ਦੀ ਲਗਾਤਾਰਤਾ ਵਿਚ ਵਿਗਿਆਨਕ ਖੋਜ ਜਾਰੀ ਹੈ।" ਇਸ ਦੇ ਨਾਲ ਹੀ 2006 ਵਿਚ 'ਗਾਰਡੀਅਨ' ਵਿਚ ਛਪੇ ਸਲੀਲ ਤ੍ਰਿਪਾਠੀ ਦੇ ਲੇਖ ਦਾ ਹਵਾਲਾ ਜ਼ਰੂਰੀ ਹੈ। ਲੇਖ ਮੁਤਾਬਕ ਹਰ ਗੋਬਿੰਦ ਖ਼ੁਰਾਣਾ ਨੇ ਕਦੇ ਕਿਹਾ ਸੀ, "ਮੇਰੇ ਲਈ ਬੁਨਿਆਦੀ ਖੋਜ ਲਈ ਲੋੜੀਂਦੇ ਸਾਧਨਾਂ ਅਤੇ ਸਹੂਲਤਾਂ ਦੀ ਕਿੱਲਤ ਕਾਰਨ ਭਾਰਤ ਵਿਚ ਕੰਮ ਕਰਨਾ ਨਾਮੁਮਕਿਨ ਸੀ।" ਇਨ੍ਹਾਂ ਹਵਾਲਿਆਂ ਨਾਲ ਹਰ ਗੋਬਿੰਦ ਖ਼ੁਰਾਣਾ ਦੇ ਜੀਵਨ ਅਤੇ ਕੰਮ ਨੂੰ ਜਾਨਣਾ ਇਸ ਮੌਕੇ ਦੀ ਲੋੜ ਬਣਦਾ ਹੈ।

ਹਰ ਗੋਬਿੰਦ ਖ਼ੁਰਾਣਾ ਦੇ ਜਨਮ ਦਾ ਪੱਕਾ ਦਿਨ ਪਤਾ ਨਹੀਂ ਹੈ ਪਰ ਕਾਗ਼ਜ਼ਾਂ ਵਿਚ ਜਨਮ ਮਿਤੀ ਨੌਂ ਜਨਵਰੀ 1922 ਦਰਜ ਹੈ। ਉਨ੍ਹਾਂ ਦੇ ਪਿਤਾ ਜੀ ਪਟਵਾਰੀ ਸਨ। ਖ਼ਾਨੇਵਾਲ ਜ਼ਿਲ੍ਹੇ ਦੀ ਕਬੀਰਵਾਲਾ ਤਹਿਸੀਲ ਵਿਚ ਉਨ੍ਹਾਂ ਦਾ ਜੱਦੀ ਪਿੰਡ ਰਾਏਪੁਰ ਸੀ। ਚਾਰ ਭਾਈਆਂ ਅਤੇ ਇਕ ਭੈਣ ਤੋਂ ਬਾਅਦ ਜਨਮਿਆ ਹਰ ਗੋਬਿੰਦ ਖ਼ੁਰਾਣਾ ਡੀ.ਏ.ਵੀ. ਸਕੂਲ ਮੁਲਤਾਨ ਤੋਂ ਪੜ੍ਹਿਆ ਸੀ। ਉਸ ਵੇਲੇ ਤਕਰੀਬਨ ਸੌ ਜੀਆਂ ਦੇ ਪਿੰਡ ਵਿਚ ਸਿਰਫ਼ ਉਨ੍ਹਾਂ ਦੀ ਟੱਬਰ ਹੀ ਪੜ੍ਹਿਆ-ਲਿਖਿਆ ਸੀ। ਬਾਅਦ ਵਿਚ ਹਰ ਗੋਬਿੰਦ ਖ਼ੁਰਾਣਾ ਨੇ ਐਮ.ਐਸਸੀ. ਦੀ ਪੜ੍ਹਾਈ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਕੀਤੀ। ਨੋਬੇਲ ਅਕੈਡਮੀ ਦੇ ਜੀਵਨੀ ਲੇਖ ਮੁਤਾਬਕ ਸਕੂਲ ਅਧਿਆਪਕ ਰਤਨ ਲਾਲ ਅਤੇ ਐਮ.ਐਸਸੀ. ਦੀ ਖੋਜ ਦੇ ਨਿਗਰਾਨ ਮਹਾਨ ਸਿੰਘ ਦਾ ਅਸਰ ਹਰ ਗੋਬਿੰਦ ਖ਼ੁਰਾਣਾ ਲਈ ਫ਼ੈਸਲਾਕੁਨ ਸਾਬਤ ਹੋਇਆ। ਪੀਐਚ.ਡੀ. ਕਰਨ ਲਈ ਭਾਰਤ ਸਰਕਾਰ ਤੋਂ ਵਜ਼ੀਫ਼ਾ ਮਿਲਿਆ ਅਤੇ ਉਹ 1945 ਵਿਚ ਲੀਵਰਪੂਲ ਯੂਨੀਵਰਸਿਟੀ ਵਿਚ ਪਹੁੰਚ ਗਿਆ। ਉੱਥੇ ਹਰ ਗੋਬਿੰਦ ਖ਼ੁਰਾਣਾ ਨੇ ਰੌਜਰ ਜੇ.ਐਸ. ਬੀਅਰ ਦੀ ਨਿਗਰਾਨੀ ਵਿਚ ਖੋਜ ਕੀਤੀ ਅਤੇ ਪੱਛਮੀ ਸੱਭਿਅਤਾ ਨਾਲ ਜਾਣ-ਪਛਾਣ ਕੀਤੀ। ਪੀਐਚ.ਡੀ. ਤੋਂ ਬਾਅਦ ਹਰ ਗੋਬਿੰਦ ਖ਼ੁਰਾਣਾ ਨੇ ਦੋ ਸਾਲ ਪ੍ਰੋ. ਬਲਾਦੀਮੀਰ ਪ੍ਰੀਲੋਗ ਨਾਲ ਸਵਿਟਜ਼ਰਲੈਂਡ ਦੇ ਸ਼ਹਿਰ ਜ਼ਿਊਰਿਖ ਵਿਚ ਖੋਜ ਕਾਰਜ ਕੀਤਾ। ਕੁਝ ਦੇਰ ਭਾਰਤ ਵਿਚ ਰਹਿਣ ਤੋਂ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਵਿਚ ਡਾ. ਜੀ. ਡਬਲਯੂ. ਕੇਨਰ ਅਤੇ ਪ੍ਰੋ. ਏ.ਆਰ. ਟੌਡ ਨਾਲ ਖੋਜ ਕਰਦਿਆਂ ਹਰ ਗੋਬਿੰਦ ਖ਼ੁਰਾਣਾ ਲਈ ਚਿਰਕਾਲੀ ਖੋਜ ਦਾ ਖੇਤਰ ਤੈਅ ਹੋ ਗਿਆ। ਉਹ ਵੇਲੇ ਪ੍ਰੋਟੀਨ ਅਤੇ ਨਿਊਕਲੀਅਕ ਐਸਿਡ ਵਿਚ ਵਿਗਿਆਨਕ ਖੋਜ ਦੀ ਦਿਲਚਸਪੀ ਵਧ ਰਹੀ ਸੀ। ਇਹ ਦਿਲਚਸਪੀ ਹਰ ਗੋਬਿੰਦ ਖ਼ੁਰਾਣਾ ਦੀ ਖੋਜ ਦੀ ਲਗਾਤਾਰਤਾ ਕਾਇਮ ਰੱਖਣ ਅਤੇ ਮਹਾਰਤ ਲਈ ਬਣਦੇ ਵਿਸ਼ੇ ਦੀ ਸ਼ਨਾਖ਼ਤ ਕਰਨ ਵਿਚ ਸਹਾਈ ਹੋਈ।

ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਡਾ. ਗੋਰਡਨ ਐਮ. ਸ਼ਰੱਮ ਨੇ ਨੌਕਰੀ ਦੀ ਪੇਸ਼ਕਸ਼ ਕੀਤੀ ਤਾਂ 1952 ਵਿਚ ਹਰ ਗੋਬਿੰਦ ਖ਼ੁਰਾਣਾ ਵੈਨਕੂਵਰ ਚਲਿਆ ਗਿਆ। ਉਸ ਵੇਲੇ ਬ੍ਰਿਟਿਸ਼ ਕੋਲੰਬੀਆ ਸਹੂਲਤਾਂ ਭਾਵੇਂ ਘੱਟ ਸਨ ਪਰ ਖੋਜੀਆਂ ਲਈ ਮਾਹੌਲ ਬਹੁਤ ਵਧੀਆ ਸੀ। ਉਹ ਆਪਣੀ ਦਿਲਚਸਪੀ ਮੁਤਾਬਕ ਕੰਮ ਕਰ ਸਕਦੇ ਸਨ। ਇਸ ਤੋਂ ਬਾਅਦ 1960 ਵਿਚ ਹਰ ਗੋਬਿੰਦ ਖ਼ੁਰਾਣਾ 'ਇੰਸਟੀਚਿਊਟ ਆਫ਼ ਐਨਜਾਇਮ ਰਿਸਰਚ' ਵਿਚ ਕੋ-ਡਾਈਰੈਕਟਰ ਵਜੋਂ ਯੂਨੀਵਰਸਿਟੀ ਆਫ਼ ਵਿਨਕੌਂਸਿਨ ਚਲਿਆ ਗਿਆ। ਇਸ ਦੇ ਨਾਲ ਹੀ ਉਹ ਜੀਵ-ਰਾਸਾਇਣ ਵਿਗਿਆਨ ਦੇ ਮਹਿਕਮੇ ਵਿਚ ਪੜ੍ਹਾਉਂਦੇ ਸਨ। ਇਸੇ ਅਦਾਰੇ ਵਿਚ ਕੰਮ ਕਰਦੇ ਸਮੇਂ ਆਪਣੇ ਸਾਥੀਆਂ ਨਾਲ ਮਿਲ ਕੇ ਹਰ ਗੋਬਿੰਦ ਖ਼ੁਰਾਣਾ ਨੇ ਪ੍ਰੋਟੀਨ ਬਣਾਉਣ ਵਿਚ ਸਹਾਈ ਹੁੰਦੇ ਆਰ.ਐਨ.ਏ. ਕੋਡ ਅਤੇ ਇਸ ਨਾਲ ਜੁੜੀ ਕਾਰਜਵਿਧੀ ਦੀ ਸ਼ਨਾਖ਼ਤ ਕਰ ਲਈ। ਇਸੇ ਕੰਮ ਲਈ ਉਨ੍ਹਾਂ ਨੂੰ ਨੋਬੇਲ ਪੁਰਸਕਾਰ ਮਿਲਿਆ। ਕੌਰਨਲ ਯੂਨੀਵਰਸਿਟੀ ਦੇ ਰੌਬਰਟ ਹੋਲੇ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਦੇ ਮਾਰਸ਼ਲ ਨੋਰੇਨਬਰਗ ਇਸ ਪੁਰਸਕਾਰ ਦੇ ਹਿੱਸੇਦਾਰ ਸਨ। ਉਤਰੀ ਅਮਰੀਕਾ ਤੇ ਯੂਰਪ ਵਿਚ ਖੋਜੀਆਂ ਤੇ ਅਦਾਰਿਆਂ ਦੇ ਤਾਲਮੇਲ ਦੀ ਇਹ ਰੀਤ ਖੋਜ ਮਿਆਰ ਨੂੰ ਉੱਚਾ ਚੁੱਕਣ ਦੀ ਅਹਿਮ ਤੰਦ ਸਾਬਤ ਹੋਈ ਹੈ।

ਸੰਨ 1970 ਵਿਚ ਹਰ ਗੋਬਿੰਦ ਖ਼ੁਰਾਣਾ 'ਮੈਸਚੂਸੈਟਸ ਇੰਸਟੀਚਿਊਟ ਆਫ਼ ਟੈਕਨਾਲੋਜੀ' (ਐਮ.ਆਈ.ਟੀ.) ਚਲੇ ਗਏ। ਇਸ ਅਦਾਰੇ ਦੇ ਖੋਜ ਮਿਆਰ ਕਾਰਨ ਹਰ ਖੋਜੀ ਤੇ ਵਿਦਵਾਨ ਇਸ ਨਾਲ ਜੁੜਨਾ ਲੋਚਦਾ ਹੈ। ਖੋਜੀਆਂ ਲਈ ਲੋੜੀਂਦੀ ਖੁੱਲ੍ਹ ਕਾਰਨ ਇਸ ਅਦਾਰੇ ਦਾ ਵਿਗਿਆਨ, ਫ਼ਲਸਫ਼ੇ ਅਤੇ ਸਮਾਜਸ਼ਾਸਤਰ ਦੀ ਖੋਜ ਵਿਚ ਯੋਗਦਾਨ ਜੱਗ-ਜ਼ਾਹਿਰ ਹੈ। ਇਸ ਅਦਾਰੇ ਵਿਚ 1976 ਵਿਚ ਹਰ ਗੋਬਿੰਦ ਖ਼ੁਰਾਣਾ ਨੇ ਮਨਸੂਈ ਜੀਨ ਨੂੰ ਜੈਵਿਕ ਸੈੱਲ ਵਿਚ ਸਰਗਰਮ ਕਰਨ ਦੀ ਕਾਮਯਾਬੀ ਹਾਸਲ ਕੀਤੀ। ਇਹੋ ਤਕਨੀਕ ਜੀਨ ਦੀ ਬਣਤਰ ਨਾਲ ਇਸ ਦੀ ਕਾਰਗੁਜ਼ਾਰੀ ਦੇ ਰਿਸ਼ਤੇ ਬਾਬਤ ਖੋਜ ਵਿਚ ਸਹਾਈ ਹੋਈ।

ਜਦੋਂ ਹਰ ਗੋਬਿੰਦ ਖ਼ੁਰਾਣਾ ਦੇ ਸਨਮਾਨ ਵਿਚ ਸਿਮਪੋਜੀਅਮ ਕੀਤਾ ਗਿਆ ਤਾਂ ਉਹ 2009 ਵਿਚ ਯੂਨੀਵਰਸਿਟੀ ਆਫ਼ ਵਿਨਕੌਂਸਿਨ-ਮੈਡੀਸਨ ਗਏ। ਇਸ ਸਮਾਗਮ ਵਿਚ ਹਰ ਗੋਬਿੰਦ ਖ਼ੁਰਾਣਾ ਤੋਂ ਬਿਨਾਂ ਦੋ ਹੋਰ ਨੋਬੇਲ ਪੁਰਸਕਾਰ ਹਾਸਲ ਕਰਨ ਵਾਲੇ ਵਿਗਿਆਨੀ ਬੁਲਾਰਿਆਂ ਵਜੋਂ ਪਹੁੰਚੇ। ਅਸੀਮ ਅੰਸਾਰੀ ਨੇ ਲਿਖਿਆ ਹੈ, "ਵਿਦਵਾਨ ਵਿਗਿਆਨੀਆਂ ਦਾ ਇਹ ਬੇਮਿਸਾਲ ਇਕੱਠ ਸੀ ਜੋ ਖ਼ੁਰਾਣਾ ਦੇ ਯੋਗਦਾਨ ਨੂੰ ਸਿਜਦਾ ਕਰਨ ਪੁੱਜਿਆ ਸੀ। ਉਹ ਸਾਰੇ ਦੱਸ ਰਹੇ ਸਨ ਕਿ ਖ਼ੁਰਾਣਾ ਦੇ ਕੰਮ ਉਨ੍ਹਾਂ ਦੀ ਖੋਜ ਉੱਤੇ ਕਿਵੇਂ ਅਸਰਅੰਦਾਜ਼ ਹੋਇਆ ਹੈ। ਮਸਨੂਈ ਜੀਵ-ਵਿਗਿਆਨ (ਸਿੰਥੈਟਿਕ ਬਾਇਓਲੋਜੀ) ਦੀਆਂ ਮੌਜੂਦਾ ਪ੍ਰਾਪਤੀਆਂ ਲਈ ਖ਼ੁਰਾਣਾ ਦਾ ਕੰਮ ਠੋਸ ਬੁਨਿਆਦ ਸਾਬਤ ਹੋਇਆ ਹੈ।" ਇਸੇ ਯੋਗਦਾਨ ਦੇ ਸਨਮਾਨ ਵਜੋਂ ਯੂਨੀਵਰਸਿਟੀ ਆਫ਼ ਵਿਨਕੌਂਸਿਨ-ਮੈਡੀਸਨ ਨੇ 'ਖ਼ੁਰਾਣਾ ਸਕੌਲਰਜ਼ ਪ੍ਰੋਗਰਾਮ' ਸ਼ੁਰੂ ਕੀਤਾ ਹੈ ਜਿਸ ਤਹਿਤ ਭਾਰਤੀ ਮੂਲ ਦੇ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਜਾਂਦੇ ਹਨ। ਇਸੇ ਪ੍ਰੋਗਰਾਮ ਤਹਿਤ ਵਿਨਕੌਂਸਿਨ ਦੇ ਖੇਤੀ ਵਿਗਿਆਨੀਆਂ ਨੂੰ ਗ਼ੁਰਬਤ ਮਾਰੇ ਪੇਂਡੂ ਇਲਾਕਿਆਂ ਵਿਚ ਆਰਥਿਕ ਸਥਿਰਤਾ ਅਤੇ ਖ਼ੁਰਾਕ ਸੁਰੱਖਿਆ ਲਈ ਲੋੜੀਂਦੀਆਂ ਪਹਿਲਕਦਮੀਆਂ ਵਿਚ ਸ਼ਾਮਿਲ ਹੋਣ ਲਈ ਭੇਜਿਆ ਜਾਂਦਾ ਹੈ। ਅਸੀਮ ਅੰਸਾਰੀ ਮੁਤਾਬਕ, "ਖ਼ੁਰਾਣਾ ਦੇ ਬੇਮਿਸਾਲ ਕੰਮ ਦਾ ਸਨਮਾਨ ਅਜਿਹੇ ਕੌਮਾਂਤਰੀ ਪ੍ਰੋਗਰਾਮ ਨਾਲ ਹੀ ਕੀਤਾ ਜਾ ਸਕਦਾ ਹੈ। ਉਹ ਵਿਨਕੌਂਸਿਨ ਦੇ ਸਰਹੱਦ-ਮੁਕਤ ਗਿਆਨ ਦੀ ਨੁਮਾਇੰਦਗੀ ਕਰਦਾ ਹੈ। ਉਸ ਨੇ ਭਾਰਤ ਦੇ ਪੇਂਡੂ ਇਲਾਕੇ ਦੇ ਗ਼ਰੀਬ ਪਰਿਵਾਰ ਵਿਚੋਂ ਆ ਕੇ ਵਿਨਕੌਂਸਿਨ ਵਿਚ ਕੰਮ ਕੀਤਾ। ਉਸ ਦੇ ਯੋਗਦਾਨ ਨਾਲ ਵਿਗਿਆਨ ਖੋਜ ਦਾ ਮੁਹਾਣ ਬਦਲਿਆ ਹੈ।"

ਅਸੀਮ ਅੰਸਾਰੀ ਦੀ ਟਿੱਪਣੀ ਤੋਂ ਬਾਅਦ ਹਰ ਗੋਬਿੰਦ ਖ਼ੁਰਾਣਾ ਦੇ ਨੋਬੇਲ ਪੁਰਸਕਾਰ ਹਾਸਲ ਕਰਨ ਵੇਲੇ ਲਿਖੇ ਸਵੈ-ਜੀਵਨੀ ਲੇਖ ਦੀਆਂ ਇਹ ਸਤਰਾਂ ਪੜ੍ਹਨੀਆਂ ਜ਼ਰੂਰੀ ਹਨ, "ਗ਼ਰੀਬੀ ਦੇ ਬਾਵਜੂਦ ਮੇਰੇ ਪਿਤਾ ਜੀ ਨੇ ਬੱਚਿਆਂ ਦੀ ਪੜ੍ਹਾਈ ਨੂੰ ਤਰਜੀਹ ਦਿੱਤੀ। ਅਸੀਂ ਸੌ ਜੀਆਂ ਦੇ ਪਿੰਡ ਇਕੋ-ਇਕ ਸਾਖ਼ਰ ਪਰਿਵਾਰ ਸਾਂ।" ਉਨ੍ਹਾਂ ਦੀ ਧੀ ਜੂਲੀਆ ਖ਼ੁਰਾਣਾ ਮੁਤਾਬਕ, "ਖੋਜ ਕਰਦੇ ਸਮੇਂ ਉਨ੍ਹਾਂ ਦੀ ਵਿਦਿਆਰਥੀਆਂ, ਨੌਜਵਾਨਾਂ ਅਤੇ ਵਿਦਿਆ ਵਿਚ ਦਿਲਚਸਪੀ ਕਾਇਮ ਰਹੀ। ਉਨ੍ਹਾਂ ਦੇ ਸੇਵਾਮੁਕਤ ਹੋਣ ਤੋਂ ਬਾਅਦ ਵਿਦਿਆਰਥੀ ਸਾਡੇ ਘਰ ਆਉਂਦੇ ਸਨ। ਉਹ ਵਿਦਿਆਰਥੀਆਂ ਦੀ ਖੋਜ ਨਾਲ ਜੁੜੀ ਗੱਲਬਾਤ ਵਿਚ ਚਾਅ ਨਾਲ ਸ਼ਾਮਿਲ ਹੁੰਦੇ ਹਨ। ਉਹ ਆਪਣੇ ਵਿਦਿਆਰਥੀਆਂ ਨਾਲ ਵਫ਼ਾਦਾਰ ਸਨ ਅਤੇ ਮੋੜਵੇਂ ਰੂਪ ਵਿਚ ਵਿਦਿਆਰਥੀ ਵੀ ਉਨ੍ਹਾਂ ਨਾਲ ਵਫ਼ਾਦਾਰ ਸਨ।"

ਹਰ ਗੋਬਿੰਦ ਖ਼ੁਰਾਣਾ ਦੇ ਪੰਜਾਬੀ ਮੂਲ ਬਾਬਤ ਗੱਲ ਕਰਨ ਲਈ ਉਨ੍ਹਾਂ ਸਮਿਆਂ ਦਾ ਫੇਰਾ ਪਾਉਣਾ ਜ਼ਰੂਰੀ ਹੈ ਜਦੋਂ ਉਨ੍ਹਾਂ ਨੇ ਪੰਜਾਬ ਵਿਚ ਪੜ੍ਹਾਈ ਕੀਤੀ। ਵਿਗਿਆਨ ਦੀ ਰਸਮੀ ਪੜ੍ਹਾਈ ਪੰਜਾਬ ਵਿਚ ਬਸਤਾਨ ਹਕੂਮਤ ਦੇ ਆਉਣ ਤੋਂ ਬਾਅਦ ਸ਼ੁਰੂ ਹੋਈ। ਅਵਾਮੀ ਤਜਰਬੇ ਵਿਚ ਰਮੇ ਵਿਗਿਆਨ ਅਤੇ ਰਸਮੀ ਪੜ੍ਹਾਈ ਵਿਚ ਰਾਬਤੇ ਦੀ ਚਰਚਾ ਉਸੇ ਵੇਲੇ ਚੱਲੀ। ਰੁਚੀ ਰਾਮ ਸਾਹਨੀ ਅੰਗਰੇਜ਼ਾਂ ਦੀਆਂ ਬਣਾਏ ਵਿਦਿਅਕ ਅਦਾਰਿਆਂ ਵਿਚ ਪੜ੍ਹਾਉਣ ਵਾਲੇ ਪਹਿਲੇ ਪੰਜਾਬੀ ਵਿਗਿਆਨੀਆਂ ਵਿਚ ਸ਼ਾਮਿਲ ਸਨ। ਉਨ੍ਹਾਂ ਨੇ ਵਿਗਿਆਨ ਨੇ ਆਵਾਮ ਨਾਲ ਜੋੜਨ ਲਈ 'ਪੰਜਾਬ ਸਾਇੰਸ ਇੰਸਟੀਚਿਊਟ' ਦੀ ਨੀਂਹ ਰੱਖੀ। ਕਿਤਾਬੀ ਪੜ੍ਹਾਈ ਅਤੇ ਬੰਦ ਕਮਰਿਆਂ ਵਿਚ ਹੁੰਦੇ ਵਿਗਿਆਨਕ ਤਜਰਬਿਆਂ ਨੂੰ ਜਲਸਿਆਂ ਰਾਹੀਂ ਆਵਾਮ ਨਾਲ ਸਾਂਝਾ ਕੀਤਾ। ਉਨ੍ਹਾਂ ਨੇ ਨਵੇਂ ਵਿਗਿਆਨਕ ਸੰਦਾਂ ਦੀ ਨੁਮਾਇਸ਼ ਕਰਕੇ ਜਲਸਿਆਂ ਵਿਚ ਜੁੜੀ ਸੰਗਤ ਤੋਂ ਇਨ੍ਹਾਂ ਦੇ ਪੰਜਾਬੀ ਨਾਮ ਰੱਖਣ ਦੀ ਸਲਾਹ ਮੰਗੀ। ਨਤੀਜੇ ਵਜੋਂ ਅਸੀਂ ਬਾਈਨੌਕੁਲਰ ਨੂੰ ਦੂਰਬੀਨ ਕਹਿੰਦੇ ਹਾਂ। ਅਜਿਹੇ ਹੋਰ ਵੀ ਬਹੁਤ ਨਾਮ ਹਨ। ਰੁਚੀ ਰਾਮ ਸਾਹਨੀ ਦੀਆਂ ਵਿਗਿਆਨ ਤੋਂ ਬਿਨਾਂ ਦੋ ਕਿਤਾਬਾਂ ਹਨ। ਪਹਿਲੀ ਉਨੀਵੀਂ ਸਦੀ ਬਾਬਤ ਹੈ: 'ਏ ਸੈਂਚੁਰੀ ਆਫ਼ ਕਲਚਰਲ ਫਰਮੈਂਟੇਸ਼ਨ' ਅਤੇ ਦੂਜੀ: 'ਰੀਫੌਰਮਜ਼ ਇਨ ਸਿੱਖ ਸ਼ਰਾਇਨਜ਼'। ਉਨ੍ਹਾਂ ਲਈ ਬਸਤਾਨ ਦੇ ਖ਼ਿਲਾਫ਼ ਲੜਾਈ ਦਾ ਤਰੀਕਾ ਵਿਗਿਆਨ ਨੂੰ ਅਵਾਮ ਤੱਕ ਲਿਜਾਣਾ ਸੀ। ਕਲਾ ਅਤੇ ਸਾਹਿਤ ਨਾਲ ਉਨ੍ਹਾਂ ਦੀ ਸਾਂਝ ਆਈ.ਸੀ. ਨੰਦਾ, ਨੌਰਾ ਰਿਚਰਡ ਅਤੇ ਫ਼ਿਰੋਜ਼ਦੀਨ ਸ਼ਰਫ਼ ਨਾਲ ਨੇੜਤਾ ਵਿਚੋਂ ਝਲਕਦੀ ਹੈ। ਫ਼ਿਰੋਜ਼ਦੀਨ ਸ਼ਰਫ਼ ਦੀ ਕਵਿਤਾਵਾਂ 'ਮੈਂ ਪੰਜਾਬੀ' ਅਤੇ 'ਫ਼ਰਜ਼' ਦੀ ਨਕਸ਼ਤਰਾਸ਼ੀ ਰੁਚੀ ਰਾਮ ਸਾਹਨੀ ਨੂੰ ਸਾਹਮਣੇ ਬਿਠਾ ਕੇ ਕੀਤੀ ਜਾਪਦੀ ਹੈ। ਉਹ ਬੀ.ਸੀ. ਸਾਨਿਆਲ ਦੀਆਂ ਨੁਮਾਇਸ਼ਾਂ ਦੇ ਪੱਕੇ ਦਰਸ਼ਕ ਸਨ। ਬਲਰਾਜ ਸਾਹਨੀ ਉਨ੍ਹਾਂ ਦੇ ਘਰ ਨੂੰ ਲਾਹੌਰ ਦੇ ਮੀਲ-ਪੱਥਰ ਵਜੋਂ ਪੇਸ਼ ਕਰਦੇ ਹਨ। ਉਨ੍ਹਾਂ ਦਾ ਪੁੱਤ ਬੀਰਬਲ ਸਾਹਨੀ ਨਾਮੀ ਵਿਗਿਆਨੀ ਸੀ। ਪੋਤਾ ਅਸ਼ੋਕ ਸਾਹਨੀ ਇਸੇ ਰੀਤ ਦੀ ਅਗਲੀ ਕੜੀ ਹੈ। ਇਹ ਕੁਰਸੀਨਾਮਾ ਪੰਜਾਬੀਆਂ ਲਈ ਮਾਣ ਦਾ ਸਬੱਬ ਹੋ ਸਕਦਾ ਹੈ।

ਰੁਚੀ ਰਾਮ ਸਾਹਨੀ ਅਤੇ ਹਰ ਗੋਬਿੰਦ ਖ਼ੁਰਾਣਾ ਦਾ ਇਕੱਠੀ ਗੱਲ ਕਰਨ ਦਾ ਸਬੱਬ ਉਨ੍ਹਾਂ ਦੇ ਵਿਗਿਆਨੀ ਅਤੇ ਪੰਜਾਬੀ ਹੋਣ ਤੱਕ ਮਹਿਦੂਦ ਨਹੀਂ ਹੈ। ਇਨ੍ਹਾਂ ਨੇ ਵਿਗਿਆਨ ਅਤੇ ਪੰਜਾਬੀ ਸਮਾਜ ਦੇ ਰਿਸ਼ਤਿਆਂ ਦੀ ਅਹਿਮ ਤੰਦਾਂ ਉਜਾਗਰ ਕੀਤੀਆਂ ਹਨ। ਨਜ਼ਮ ਹੁਸੈਨ ਸਈਅਦ ਮੁਤਾਬਕ ਕਦੇ ਲਾਹੌਰ ਦੇ ਗੌਰਮੈਂਟ ਕਾਲਜ ਵਿਚ ਰੁਚੀ ਰਾਮ ਸਾਹਨੀ ਦੇ ਨਾਮ ਉਤੇ ਲਾਇਕ ਵਿਦਿਆਰਥੀਆਂ ਨੂੰ ਤਮਗਾ ਮਿਲਦਾ ਸੀ। ਹੁਣ ਅਜਿਹਾ ਨਹੀਂ ਹੁੰਦਾ। ਹਰ ਗੋਬਿੰਦ ਖ਼ੁਰਾਣਾ ਦੇ ਨਾਮ ਉੱਤੇ ਅਮਰੀਕਾ ਵਿਚ ਸ਼ੁਰੂ ਹੋਇਆ ਪ੍ਰੋਗਰਾਮ ਚਲਦਾ ਰਹੇਗਾ। ਉਨ੍ਹਾਂ ਨਾਲ ਜੁੜੇ ਕੁਝ ਤੱਥਾਂ ਨੂੰ ਸਵਾਲਾਂ-ਜਵਾਬਾਂ ਦੇ ਮੁਕਾਬਲਿਆਂ ਵਿਚ ਸਵਾਲ ਵਜੋਂ ਪੁੱਛਿਆ ਜਾਂਦਾ ਰਹੇਗਾ। ਇਸ ਵੇਲੇ ਹਰ ਗੋਬਿੰਦ ਖ਼ੁਰਾਣਾ ਨਾਲ ਜੁੜੇ ਕੁਰਸੀਨਾਮੇ ਦਾ ਜ਼ਿਕਰ ਲਾਜ਼ਮੀ ਹੈ। ਇਹ ਕੁਰਸੀਨਾਮਾ ਉਨ੍ਹਾਂ ਦੇ ਤਿੰਨ ਬੱਚਿਆਂ ਨਾਲ ਜੁੜਿਆ ਹੋਇਆ ਨਹੀਂ। ਇਹ ਕੁਰਸੀਨਾਮਾ ਇੰਗਲੈਂਡ ਦੇ ਵਿਗਿਆਨੀ ਰੌਜਰ ਜੇ.ਐਸ. ਬੀਅਰ ਦਾ ਹੈ ਜਿਸ ਵਿਚ ਉਸ ਦੀ ਨਾਦੀ ਸੰਤਾਨ (ਕਾਰਜ ਦਾ ਵਾਰਸ) ਦਰਜ ਹੈ। ਰੌਜਰ ਜੇ.ਐਸ. ਬੀਅਰ ਦੀ ਨਾਦੀ ਸੰਤਾਨ ਵਜੋਂ ਹਰ ਗੋਬਿੰਦ ਖ਼ੁਰਾਣਾ ਦਾ ਨਾਮ ਦਰਜ ਹੈ। ਸਾਡੇ ਕੋਲ ਰੁਚੀ ਰਾਮ ਸਾਹਨੀ ਦਾ ਵਿੰਦੀ (ਲਹੂ ਦਾ ਰਿਸ਼ਤਾ) ਕੁਰਸੀਨਾਮਾ ਹੈ। ਇਨ੍ਹਾਂ ਕੁਰਸੀਨਾਮਿਆਂ ਵਿਚੋਂ ਪੰਜਾਬ ਦੇ ਗਿਆਨ-ਵਿਗਿਆਨ ਨਾਲ ਗੁੰਝਲਦਾਰ ਰਿਸ਼ਤੇ ਦੀਆਂ ਤੰਦਾਂ ਸੁਲਝਣ ਦਾ ਮੰਤਰ ਹੈ।

ਅਸੀਮ ਅੰਸਾਰੀ ਵੱਲੋਂ ਕਰਾਰ ਦਿੱਤਾ ਗਿਆ 'ਸਰਹੱਦ ਮੁਕਤ ਗਿਆਨ' ਕੌਮਾਂਤਰੀ ਸਮਝੌਤਿਆਂ ਤਹਿਤ ਕਿਸ ਭਾਅ ਸਰਹੱਦਾਂ ਪਾਰ ਕਰਦਾ ਹੈ? ਇਹ ਸਵਾਲ ਵੱਖਰੇ ਲੇਖ ਦਾ ਵਿਸ਼ਾ ਹੋ ਸਕਦਾ ਹੈ। ਰੁਚੀ ਰਾਮ ਸਾਹਨੀ ਦੇ ਵਿਗਿਆਨ ਨੇ ਸਮਾਜਿਕ ਸੂਰਤ ਦੀ ਵਿਵੇਕੀ ਸੁਰ ਛੇੜਨ ਦਾ ਦਾਅਵਾ ਕੀਤਾ ਸੀ। ਉਹ ਬੰਦੇ ਦੇ ਬਾਹਰਮੁਖੀ ਸਮਾਜਿਕ ਵਿਕਾਸ ਵਿਚ ਵਿਗਿਆਨ ਨੂੰ ਅਹਿਮ ਤੰਦ ਮੰਨਦੇ ਸਨ। ਇਸ ਵਿਚੋਂ ਬਿਹਤਰ ਸਮਾਜ ਦੀ ਉਸਾਰੀ ਦਾ ਰਾਹ ਨਿਕਲਦਾ ਹੈ। ਹਰ ਗੋਬਿੰਦ ਖ਼ੁਰਾਣਾ ਨੇ ਪੰਜਾਬੀ ਬੰਦੇ ਦੀ ਲਿਆਕਤ ਦਾ ਸਬੂਤ ਦਿੱਤਾ ਹੈ। ਉਨ੍ਹਾਂ ਨੇ ਬੰਦੇ ਦੇ ਸਰੀਰ ਅੰਦਰ ਚੱਲਦੀ ਪੇਚੀਦਾ ਸਰਗਰਮੀ ਦਾ ਤਾਣਾ ਸਮਝਣ ਦਾ ਉਪਰਾਲਾ ਕੀਤਾ। ਇਸ ਉਪਰਾਲੇ ਵਿਚੋਂ ਮਨੁੱਖ ਦੇ ਸਰੀਰ ਨੂੰ ਲੱਗੀਆਂ ਬਿਮਾਰੀਆਂ ਦਾ ਤੋੜ ਲੱਭਦਾ ਹੈ। ਵਿਗਿਆਨ ਦੀ ਹੋਂਦ ਸਮਾਜ ਅਤੇ ਰਾਜਤੰਤਰ ਤੋਂ ਨਿਖੇੜ ਕੇ ਨਹੀਂ ਵੇਖੀ ਜਾ ਸਕਦੀ। ਇਹੋ ਨੁਕਤਾ ਰੁਚੀ ਰਾਮ ਸਾਹਨੀ ਅਤੇ ਹਰ ਗੋਬਿੰਦ ਖ਼ੁਰਾਣਾ ਵਿਚਕਾਰ ਫ਼ੈਸਲਾਕੁਨ ਨਿਖੇੜਾ ਕਰਦਾ ਹੈ। 'ਪੰਜਾਬ ਸਾਇੰਸ ਇੰਸਟੀਚਿਊਟ' ਅਤੇ 'ਖ਼ੁਰਾਣਾ ਸਕੌਲਰਜ਼ ਪ੍ਰੋਗਰਾਮ' ਪੰਜਾਬੀ ਬੰਦੇ ਦੇ ਵਿਗਿਆਨ ਨਾਲ ਰਾਬਤੇ ਦੀਆਂ ਅਹਿਮ ਕੜੀਆਂ ਹਨ ਜਿਨ੍ਹਾਂ ਵਿਚੋਂ ਅਵਾਮ ਅਤੇ ਸਾਮਰਾਜ ਦੇ ਟਕਰਾਅ ਦੀ ਲੜੀ ਲੰਘਦੀ ਹੈ।



ਰੁਚੀ ਰਾਮ ਸਾਹਨੀ

***ਰੁਚੀ ਰਾਮ ਸਾਹਨੀ ਅਤੇ ਹਰ ਗੋਬਿੰਦ ਖ਼ੁਰਾਣਾ ਦਾ ਇਕੱਠੀ ਗੱਲ ਕਰਨ ਦਾ ਸਬੱਬ ਉਨ੍ਹਾਂ ਦੇ ਵਿਗਿਆਨੀ ਅਤੇ ਪੰਜਾਬੀ ਹੋਣ ਤੱਕ ਮਹਿਦੂਦ ਨਹੀਂ ਹੈ। ਇਨ੍ਹਾਂ ਨੇ ਵਿਗਿਆਨ ਅਤੇ ਪੰਜਾਬੀ ਸਮਾਜ ਦੇ ਰਿਸ਼ਤਿਆਂ ਦੀ ਅਹਿਮ ਤੰਦਾਂ ਉਜਾਗਰ ਕੀਤੀਆਂ ਹਨ। ਨਜ਼ਮ ਹੁਸੈਨ ਸਈਅਦ ਮੁਤਾਬਕ ਕਦੇ ਲਾਹੌਰ ਦੇ ਗੌਰਮੈਂਟ ਕਾਲਜ ਵਿਚ ਰੁਚੀ ਰਾਮ ਸਾਹਨੀ ਦੇ ਨਾਮ ਉਤੇ ਲਾਇਕ ਵਿਦਿਆਰਥੀਆਂ ਨੂੰ ਤਮਗਾ ਮਿਲਦਾ ਸੀ। ਹੁਣ ਅਜਿਹਾ ਨਹੀਂ ਹੁੰਦਾ। ਹਰ ਗੋਬਿੰਦ ਖ਼ੁਰਾਣਾ ਦੇ ਨਾਮ ਉੱਤੇ ਅਮਰੀਕਾ ਵਿਚ ਸ਼ੁਰੂ ਹੋਇਆ ਪ੍ਰੋਗਰਾਮ ਚਲਦਾ ਰਹੇਗਾ। ਉਨ੍ਹਾਂ ਨਾਲ ਜੁੜੇ ਕੁਝ ਤੱਥਾਂ ਨੂੰ ਸਵਾਲਾਂ-ਜਵਾਬਾਂ ਦੇ ਮੁਕਾਬਲਿਆਂ ਵਿਚ ਸਵਾਲ ਵਜੋਂ ਪੁੱਛਿਆ ਜਾਂਦਾ ਰਹੇਗਾ।***




ਹਰ ਗੋਬਿੰਦ ਖ਼ੁਰਾਣਾ



# ਗੁਰਮਤਿ ਫਿਲਾਸਫੀ 'ਚ ਕਿਰਤ ਦਾ ਮਹੱਤਵ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਦਸ ਗੁਰੂ ਸਾਹਿਬਾਨ ਵਲੋਂ ਮਹਾਨ ਘਾਲਣਾਵਾਂ ਘਾਲ ਕੇ ਮਨੁੱਖਤਾ ਦੇ ਕਲਿਆਣ ਹਿੱਤ ਬਖਸ਼ਿਸ਼ ਕੀਤੀ ਗਈ ਜੀਵਨ ਜਾਚ ਵਿਚ ਕਿਰਤ ਦੇ ਮਹੱਤਵ ਦਾ ਉਲੇਖ ਕਰਨ ਤੋਂ ਪਹਿਲਾਂ ਕਿਰਤ ਦੇ ਭਾਵ-ਅਰਥਾਂ ਨੂੰ ਜਾਣਨਾ ਜ਼ਰੂਰੀ ਹੈ। ਗੁਰਮਤਿ ਦੇ ਮੁਢਲੇ ਤਿੰਨ ਨਿਯਮਾਂ-ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਵਿਚ ਕਿਰਤ ਨੂੰ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ। ਸਪਸ਼ਟ ਹੈ ਕਿ ਕਿਰਤ ਕਰਕੇ ਹੀ ਨਾਮ ਜਪਣ ਅਤੇ ਵੰਡ ਛਕਣ ਦੇ ਕਾਰਜ ਹੋ ਸਕਦੇ ਹਨ, ਬਿਨਾਂ ਕਿਰਤ ਦੇ ਨਹੀਂ। ਗੁਰੂ ਸਾਹਿਬਾਨ ਦਾ ਫੁਰਮਾਨ, "ਨਾਨਕ ਸੋ ਪ੍ਰਭ ਸਿਮਰੀਐ ਤਿਸੁ ਦੇਹੀ ਕੋ ਪਾਲਿ" ਇਸੇ ਨੁਕਤੇ ਵੱਲ ਇਸ਼ਾਰਾ ਕਰਦਾ ਹੈ ਕਿ ਦੇਹੀ ਨੂੰ ਪਾਲਦਿਆਂ ਪ੍ਰਭੂ ਦਾ ਸਿਮਰਨ ਕਰਨਾ ਹੈ। ਦੇਹੀ ਜਾਂ ਸਰੀਰ ਦੇ ਪਾਲਣ-ਪੋਸ਼ਣ ਲਈ ਕੋਈ ਨਾ ਕੋਈ ਕਿਰਤ ਜ਼ਰੂਰੀ ਹੈ। ਕਿਰਤ ਕਰਨ ਦੀ ਜੁਗਤਿ ਐਸੀ ਹੋਵੇ ਕਿ ਇਹ ਸੁੱਚੀ ਕਿਰਤ ਭਾਵ 'ਸੁਕ੍ਰਿਤ' ਬਣ ਜਾਏ। ਸਰੀਰ ਜਾਂ ਸਰੀਰਾਂ ਦੇ ਸਮੂਹ ਕੁਟੰਬ ਪਰਿਵਾਰ ਦੀ ਪਾਲਣਾ ਹਿੱਤ ਕੀਤੀ ਜਾ ਰਹੀ ਕਿਰਤ ਜੇ ਸੁਕ੍ਰਿਤ ਨਹੀਂ ਤਾਂ ਵਿਕਾਰ ਪੈਦਾ ਹੋਣੇ ਕੁਦਰਤੀ ਹਨ।

ਜੀਵ ਜੰਤੂਆਂ ਦੀ ਦੁਨੀਆਂ ਵਿਚ ਦੋ ਜੀਵ ਬੜੇ ਹੀ ਉਦਮੀ ਮੰਨੇ ਗਏ ਹਨ-ਇੱਕ ਚੂਹਾ ਤੇ ਦੂਜੀ ਕੀੜੀ। ਦੋਵੇਂ ਰਾਤ ਦਿਨ ਆਪਣੀ ਕਿਰਤ ਵਿਚ ਗਤੀਸ਼ੀਲ ਰਹਿੰਦੇ ਹਨ ਪਰ ਕੀੜੀ ਦਾ ਉਦਮ ਸਫਲ ਹੈ ਕਿਉਂਕਿ ਉਹ ਇੱਧਰੋਂ ਉਧਰੋਂ ਖੁਰਾਕ ਲੱਭ ਕੇ ਖੁੱਡ ਵਿਚ ਜਮ੍ਹਾਂ ਕਰੀ ਜਾਂਦੀ ਹੈ। ਪਰ ਚੂਹੇ ਦੇ ਕੀਤੇ ਕੰਮ ਦਾ ਨਾ ਉਸ ਨੂੰ ਖੁਦ ਕੋਈ ਫਾਇਦਾ ਹੁੰਦਾ ਹੈ ਨਾ ਉਸ ਦੀ ਔਲਾਦ ਨੂੰ। ਚੰਗੇ ਭਲੇ ਕੱਪੜੇ ਕੁਤਰਨ ਜਾਂ ਪੜ੍ਹਨ ਯੋਗ ਕਿਤਾਬਾਂ ਟੁੱਕ ਟੁੱਕ ਕੇ ਬੇਕਾਰ ਕਰ ਦੇਣ ਦਾ ਕਿਸੇ ਨੂੰ ਕੋਈ ਲਾਭ ਹੁੰਦਾ ਸੁਣਿਆ ਹੈ?

ਜੈਸੇ ਕਾਗਦਿ ਕੇ ਭਾਰ ਮੂਸਾ ਟੂਕ ਗਵਾਵਤ
ਕਾਮ ਨਹੀ ਗਵਾਰੀ ਰੇ॥

ਕਿਰਤ ਅਤੇ ਸੁੱਚੀ ਕਿਰਤ ਦੇ ਫਰਕ ਨੂੰ ਉਘਾੜਨ ਵਾਲੀ, ਪੰਜਾਬ ਦੇ ਲੋਕ-ਯਾਨ ਵਿਚੋਂ ਇੱਕ ਨਿੱਕੀ ਜਿਹੀ ਕਹਾਣੀ ਕਹਿ ਕੇ ਅੱਗੇ ਚੱਲਦੇ ਹਾਂ। ਕੋਈ ਬਾਦਸ਼ਾਹ ਕਿਸੇ ਰਮਤੇ ਸਾਧੂ ਨੂੰ ਪ੍ਰਸ਼ਾਦਾ ਛਕਣ ਲਈ ਬਿਨੈ ਕਰਦਾ ਹੈ। ਸਾਧੂ ਇਸ ਸ਼ਰਤ 'ਤੇ ਸੱਦਾ ਸਵੀਕਾਰ ਕਰ ਲੈਂਦਾ ਹੈ ਕਿ ਮੈਂ ਸੁੱਚੀ ਕਿਰਤ ਤੋਂ ਬਣਾਈ ਗਈ ਰੋਟੀ ਹੀ ਖਾਵਾਂਗਾ। 'ਰਾਜ ਮਹਿਲਾਂ ਵਿਚ ਬਣਦਾ ਭੋਜਨ ਸੁੱਚੀ ਕਿਰਤ ਦਾ ਹੋ ਹੀ ਨਹੀਂ ਸਕਦਾ!' ਇਹ ਵਿਚਾਰ ਕਰਕੇ ਬਾਦਸ਼ਾਹ ਆਪਣੇ ਨੌਕਰਾਂ-ਚਾਕਰਾਂ ਨੂੰ ਸੁੱਚੀ ਕਿਰਤ ਦੀ ਰੋਟੀ ਲੱਭਣ ਲਈ ਰਾਜਧਾਨੀ ਵੱਲ ਭੇਜਦਾ ਹੈ। ਸਾਰੇ ਸ਼ਹਿਰ ਵਿਚ ਕੋਈ ਇਕ ਪਰਿਵਾਰ ਵੀ ਅਜਿਹਾ ਨਾ ਮਿਲਿਆ ਜੋ ਆਪਦੇ ਘਰੇ ਬਣੇ ਲੰਗਰ ਨੂੰ ਸੁੱਚੀ ਕਿਰਤ ਤੋਂ ਬਣਿਆ ਹੋਣ ਦਾ ਦਾਅਵਾ ਕਰਦਾ ਹੋਵੇ।

ਰਾਜੇ ਦਾ ਹੁਕਮ ਵੀ ਜੋ ਪੂਰਾ ਕਰਨਾ ਹੀ ਪੈਣਾ ਸੀ। ਸੋ ਸਾਰਾ ਸ਼ਹਿਰ ਘੁੰਮਦਿਆਂ ਘੁਮਾਉਂਦਿਆਂ ਅਹਿਲਕਾਰਾਂ ਨੂੰ ਇੱਕ ਗਰੀਬਣੀ ਜਿਹੀ ਮਾਈ ਮਿਲੀ। ਉਹ ਕਹਿਣ ਲੱਗੀ ਕਿ ਮੇਰੇ ਘਰ ਇੱਕ ਰੋਟੀ ਤਾਂ ਹੈ ਪਰ ਉਹਦੇ ਵਿਚੋਂ ਅੱਧੀ ਹੀ ਸੁੱਚੀ ਕਿਰਤ ਦੀ ਹੈ, ਸਾਰੀ ਨਹੀਂ। ਅੱਧੀ ਰੋਟੀ ਮੈਥੋਂ ਲੈ ਜਾਉ ਤੇ ਰਮਤੇ ਨੂੰ ਛਕਾ ਦਿਉ। ਐਸਾ ਹੀ ਹੋਇਆ। ਸਾਧੂ ਨੇ ਤਾਂ ਸਬਰ ਸ਼ੁਕਰ ਨਾਲ ਰੋਟੀ ਖਾ ਲਈ ਤੇ ਤੁਰਦਾ ਬਣਿਆ ਪਰ ਬਾਦਸ਼ਾਹ ਨੇ ਮਾਈ ਨੂੰ ਦਰਬਾਰ ਵਿਚ ਸੱਦ ਕੇ ਆਪਣੀ ਰੋਟੀ ਦਾ 'ਗੁੱਝਾ ਭੇਦ' ਦੱਸਣ ਲਈ ਆਖਿਆ। ਮਾਈ ਕਹਿਣ ਲੱਗੀ ਕਿ ਮੈਂ ਆਪਣੇ ਚਰਖੇ ਨਾਲ ਰੂੰ ਕੱਤ ਕੇ ਗਲੋਟੇ ਸ਼ਹਿਰ ਵਿਚ ਵੇਚ ਆਉਂਦੀ ਹਾਂ। ਉਸ ਦੀ ਵੱਟਕ ਨਾਲ ਮੈਂ ਆਟਾ ਦਾਣਾ ਖਰੀਦ ਲਿਆਉਂਦੀ ਹਾਂ। ਇੱਕ ਸ਼ਾਮ ਮੈਂ ਚਰਖਾ ਚੁੱਕਣ ਹੀ ਵਾਲੀ ਸਾਂ ਕਿ ਕਿਸੇ ਨਵਾਬ ਦੇ ਮਸ਼ਾਲਚੀ ਮਸ਼ਾਲਾਂ ਬਾਲ ਕੇ ਸਾਡੀ ਗਲੀ 'ਚ ਆ ਖੜ੍ਹੇ ਹੋਏ। ਸ਼ਾਇਦ ਉਸ ਵੇਲੇ ਕੋਈ ਸ਼ਾਹੀ ਅਸਵਾਰੀ ਲੰਘਣੀ ਸੀ। ਮਸ਼ਾਲਾਂ ਦੀ ਰੋਸ਼ਨੀ ਦੇ ਲਾਲਚ ਵਿਚ ਮੈਂ ਕੁਝ ਵਾਧੂ ਸਮਾਂ ਪੂਣੀਆਂ ਕੱਤ ਲਈਆਂ। ਬਿਗਾਨੇ ਤੇਲ ਨਾਲ ਬਲਦੀਆਂ ਉਨ੍ਹਾਂ ਮਸ਼ਾਲਾਂ ਦੀ ਰੋਸ਼ਨੀ ਵਿਚ ਮੇਰਾ ਕੱਤਿਆ ਹੋਇਆ ਚਰਖਾ, ਸੁੱਚੀ ਕਿਰਤ ਨਹੀਂ ਕਿਹਾ ਜਾ ਸਕਦਾ। ਇਸੇ ਦਿਨ ਦੀ ਕਮਾਈ ਨਾਲ ਮੈਂ ਉਹ ਰੋਟੀ ਤਿਆਰ ਕੀਤੀ ਸੀ। ਇੰਜ ਉਹ ਅੱਧੀ ਸੁੱਚੀ ਕਿਰਤ ਦੀ ਅਤੇ ਅੱਧੀ ਨਾ ਹੱਕੀ ਹੋਈ!

ਸਿੱਖ ਮਤਿ ਦੇ ਬਾਨੀ ਸਾਹਿਬ ਗੁਰੂ ਨਾਨਕ ਪਾਤਸ਼ਾਹ ਨੇ ਗਊਆਂ ਮੱਝੀਆਂ ਵੀ ਚਾਰੀਆਂ, ਮੋਦੀਖਾਨਾ ਵੀ ਚਲਾਇਆ ਅਤੇ ਹੱਥੀ ਕਿਰਸਾਣੀ ਵੀ ਕੀਤੀ। ਆਪ ਜੀ ਦੇ ਨਾਲ ਜਦੋਂ ਭਾਈ ਲਹਿਣਾ ਦਾ ਪਹਿਲਾ ਮਿਲਾਪ ਹੋਇਆ, ਉਸ ਵੇਲੇ ਦਾ ਦ੍ਰਿਸ਼, ਉਨ੍ਹਾਂ ਦੇ ਸਿਦਕਵਾਨ ਕਿਰਤੀ ਹੋਣ ਦਾ ਅਕੱਟ ਸਬੂਤ ਹੈ।

ਪਿੰਡ ਖੰਡੂਰ ਦੇ ਵਸਨੀਕ ਭਾਈ ਜੋਧ ਦੇ ਮੂੰਹੋਂ ਆਸਾ ਦੀ ਵਾਰ ਦੇ ਕੁੱਝ ਸਲੋਕ ਸਰਵਣ ਕਰ ਕੇ, ਭਾਈ ਲਹਿਣਾ ਨੇ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਦਾ ਫੈਸਲਾ ਕਰ ਲਿਆ। ਹਰੇਕ ਸਾਲ ਵਾਂਗ ਵੈਸ਼ਨੋ ਦੇਵੀ ਦੇ ਚਾਲੇ ਨੂੰ ਜਾ ਰਹੇ ਸੰਗ ਨਾਲੋਂ ਨਿੱਖੜ ਕੇ ਭਾਈ ਲਹਿਣਾ ਸ੍ਰੀ ਕਰਤਾਰਪੁਰ ਵੱਲ ਨੂੰ ਚੱਲ ਪਏ। ਅਮੀਰ ਵਪਾਰੀ ਦਾ ਪੁੱਤਰ ਹੋਣ ਸਦਕਾ ਆਪ ਠਾਠ-ਬਾਠ ਨਾਲ ਘੋੜੀ 'ਤੇ ਚੜ੍ਹੇ ਜਾ ਰਹੇ ਸਨ। ਕਰਤਾਰਪੁਰ ਦੇ ਬਾਹਰਵਾਰ ਪਹੁੰਚ ਕੇ ਉਨ੍ਹਾਂ ਨੂੰ ਇੱਕ ਜ਼ਿਮੀਂਦਾਰ ਮਿਲਿਆ, ਜੋ ਖੇਤਾਂ ਵਿਚੋਂ ਕੰਮ-ਕਾਰ ਮੁਕਾ ਕੇ ਪੱਠੇ-ਦੱਥੇ ਦੀ ਭਾਰੀ ਪੰਡ ਸਿਰ 'ਤੇ ਚੁੱਕੀ ਰਾਹੇ-ਰਾਹੇ ਤੁਰਿਆ ਜਾ ਰਿਹਾ ਸੀ। ਭਾਈ ਲਹਿਣਾ ਉਸ ਕਿਰਸਾਣ ਨੂੰ ਬਾਬਾ ਗੁਰੂ ਨਾਨਕ ਦੇ ਘਰ ਬਾਰੇ ਪੁੱਛਣ ਲੱਗੇ। ਉਸ ਸਾਦ ਮੁਰਾਦੇ ਪੇਂਡੂ ਨੇ ਭਾਈ ਲਹਿਣਾ ਨੂੰ ਆਪਣੇ ਪਿੱਛੇ ਪਿੱਛੇ ਤੁਰੇ ਆਉਣ ਦਾ ਇਸ਼ਾਰਾ ਕੀਤਾ।

ਪਿੰਡ ਵਿਚ ਵੜਦਿਆਂ ਇੱਕ ਦੋ ਮੋੜ ਮੁੜ ਕੇ ਇੱਕ ਘਰ ਦੇ ਖੁੱਲ੍ਹੇ ਸਾਰੇ ਵਿਹੜੇ ਦੀ ਇੱਕ ਨੁੱਕਰ ਵਿਚ ਪੰਡ ਸੁੱਟ ਕੇ ਉਹ ਕਿਰਸਾਣ ਮਿੱਟੀ ਘੱਟੇ ਨਾਲ ਲਿਬੜੇ-ਤਿਬੜੇ ਹੱਥ ਝਾੜਦਿਆਂ ਘੋੜੀ ਚੜ੍ਹੇ ਭਾਈ ਲਹਿਣੇ ਨੂੰ ਬੜੀ ਨਿਮਰਤਾ ਨਾਲ ਕਹਿਣ ਲੱਗਾ, "ਆਉ ਪੁਰਖਾ, ਜੀਉ ਆਇਆਂ ਨੂੰ! ਲੋਕੀਂ ਮੈਨੂੰ ਹੀ ਨਾਨਕ ਨਿਰੰਕਾਰੀ ਆਖਦੇ ਨੇ, ਦੱਸੋ ਆਪ ਦੀ ਕੀ ਖਿਦਮਤ ਕਰਾਂ?"

ਇੰਨੀ ਸੁਣਦਿਆਂ ਹੀ ਭਾਈ ਲਹਿਣਾ ਛਿੱਥੇ ਜਿਹੇ ਪੈ ਕੇ ਘੋੜੀਉਂ ਥੱਲੇ ਉਤਰ ਗੁਰੂ ਬਾਬਾ ਜੀ ਦੇ ਚਰਨਾਂ 'ਤੇ ਢਹਿ ਪਏ। ਭਾਈ ਲਹਿਣਾ ਨੇ ਗੁਰੂ ਨਾਨਕ ਦੀ ਸ਼ਖਸੀਅਤ ਸ਼ਾਇਦ ਇੰਜ ਦੀ ਚਿਤਵੀ ਹੋਵੇਗੀ, "ਸੰਗਮਰਮਰ ਨਾਲ ਜੜਿਆ ਹੋਇਆ ਕੋਈ ਆਲੀਸ਼ਾਨ ਡੇਰਾ ਹੋਵੇਗਾ। ਅਤਰ ਫੁਲੇਲ ਦੀਆਂ ਸੁਗੰਧੀਆਂ ਛੱਡ ਰਹੇ ਕਿਸੇ ਵੱਖਰੇ ਕਮਰੇ ਵਿਚ ਗੁਰੂ ਬਾਬਾ ਜੀ ਸਮਾਧੀ-ਲੀਨ ਬੈਠੇ ਹੋਣਗੇ। ਉਨ੍ਹਾਂ ਦੇ ਦੁੱਧ ਚਿੱਟੇ ਚੋਲੇ ਉਪਰ ਸੁਨਹਿਰੀ ਤਾਰਾਂ ਝਿਲਮਿਲ, ਝਿਲਮਿਲ ਕਰ ਰਹੀਆਂ ਹੋਣੀਆਂ ਨੇ, ਉਨ੍ਹਾਂ ਨੇ ਮੋਟੇ-ਮੋਟੇ ਮਣਕਿਆਂ ਵਾਲੀ ਲੰਬੀ ਮਾਲਾ ਹੱਥ ਵਿਚ ਫੜੀ ਹੋਵੇਗੀ। ਅੱਧ-ਮੁੰਦੇ ਨੇਤਰਾਂ ਨਾਲ ਉਹ ਆਪਣੇ ਚੇਲੇ-ਚਾਟੜਿਆਂ ਨੂੰ ਇਸ਼ਾਰਿਆਂ ਨਾਲ 'ਹੁਕਮ' ਕਰ ਰਹੇ ਹੋਣਗੇ...ਦੋ ਚਾਰ ਚੇਲੇ ਬਾਲਕੇ ਲੱਤਾਂ-ਪੈਰ ਘੁੱਟ ਰਹੇ ਹੋਣਗੇ!"

ਇਲਾਹੀ ਜੋਤਿ, ਅਕਾਲ ਰੂਪ ਬਾਬਾ ਗੁਰੂ ਨਾਨਕ ਨੂੰ ਕਿਰਤੀ ਕਿਰਸਾਣ ਦੇ ਰੂਪ ਵਿਚ ਤੱਕ ਕੇ ਭਾਈ ਲਹਿਣਾ ਨੇ 'ਗੁਰਮਤਿ ਗਾਡੀ ਰਾਹ' ਵਿਚ 'ਸੁੱਚੀ ਕਿਰਤ' ਦੇ ਮਹਾਤਮ ਦਾ ਅਨੁਭਵ ਜ਼ਰੂਰ ਕਰ ਲਿਆ ਹੋਵੇਗਾ!

ਬਟਾਲੇ ਵਿਚ ਸ਼ਿਵਰਾਤਰੀ ਦੇ ਮੇਲੇ ਮੌਕੇ ਜਦੋਂ ਗੁਰੂ ਨਾਨਕ ਪਾਤਸ਼ਾਹ ਪਰਬਤਾਂ ਤੋਂ ਉਤਰ ਕੇ ਆਏ ਜੋਗੀਆਂ ਦੇ ਭਰਮ ਨਵਿਰਤ ਕਰਦੇ ਹੋਏ ਉਨ੍ਹਾਂ ਨੂੰ ਪੁਛਦੇ ਹਨ, "ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂ ਕੇ ਘਰ ਮੰਗਣ ਜਾਈ?" ਤਾਂ ਇੱਥੇ ਗੁਰੂ ਜੀ ਉਨ੍ਹਾਂ ਗ੍ਰਹਿਸਥੀਆਂ ਨੂੰ ਵਡਿਆ ਰਹੇ ਹਨ, ਵਿਹਲੜ ਜਾਂ ਦੂਜਿਆਂ ਦੀ ਕਿਰਤ 'ਤੇ ਪਲਣ ਵਾਲਿਆਂ ਨੂੰ ਨਹੀਂ। ਗੁਰੂ ਪਾਤਸ਼ਾਹ ਦੇ ਕਿਰਤੀਆਂ ਪ੍ਰਤਿ ਸਨੇਹ ਦੀ ਇਸ ਤੋਂ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਆਪਣੀ ਬਾਣੀ ਵਿਚ ਉਨ੍ਹਾਂ ਆਪਣੇ ਕਿਸੇ ਵੀ ਪਰਿਵਾਰਕ ਜੀਅ ਜਾਂ ਕਿਸੇ ਹੋਰ ਨਿਕਟਵਰਤੀ ਦਾ ਨਾਂ ਨਹੀਂ ਲਿਆ ਪਰ ਆਪਣੇ ਕਿਰਤੀ ਸਿੱਖ ਭਾਈ ਲਾਲੋ ਨੂੰ ਤਿਲੰਗ ਰਾਗ ਵਿਚ ਉਚਾਰੇ ਇੱਕ ਸ਼ਬਦ ਵਿਚ ਸੱਤ ਵਾਰ 'ਵੇ ਲਾਲੋ' ਕਹਿ ਕੇ ਸਦਾ ਸਦਾ ਲਈ ਅਮਰ ਕਰ ਦਿੱਤਾ। ਦੂਸਰਿਆਂ ਦੀ ਕਮਾਈ ਨਾਲ ਆਪਣਾ ਢਿੱਡ ਭਰਨ ਵਾਲੇ ਤਤਕਾਲੀ ਆਗੂਆਂ, ਕਾਜੀ, ਬ੍ਰਾਹਮਣ ਅਤੇ ਜੋਗੀ ਨੂੰ 'ਉਜਾੜੇ ਕਾ ਬੰਧੁ' ਕਹਿ ਕੇ ਨਕਾਰਿਆ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਲਹਿਣੇ ਤੋਂ 'ਅੰਗਦ' ਬਣੇ ਦੂਜੇ ਪਾਤਸ਼ਾਹ ਨੇ ਆਪਣੇ ਸਪੁੱਤਰਾਂ ਨੂੰ ਗੁਰੂ ਕੇ ਲੰਗਰਾਂ ਵਿਚੋਂ ਪ੍ਰਸ਼ਾਦਾ ਛਕਣੋ ਇਹ ਕਹਿ ਕੇ ਵਰਜ ਦਿੱਤਾ ਸੀ ਕਿ ਪਹਿਲਾਂ ਕਿਰਤ ਵਿਰਤ ਕਰਕੇ ਦਸਵੰਧ ਗੁਰੂ-ਅਰਪਣ ਕਰੋ। ਗੁਰੂ ਅਮਰਦਾਸ ਦੇ ਚਲਾਏ ਲੰਗਰ ਦੇ ਨਾਂ ਜਗੀਰ ਲਾਉਣ ਦੀ ਬਾਦਸ਼ਾਹ ਅਕਬਰ ਦੀ ਪੇਸ਼ਕਸ਼ ਇਸੇ ਕਰਕੇ ਗੁਰੂ ਘਰ ਵੱਲੋਂ ਠੁਕਰਾਈ ਗਈ ਸੀ ਕਿ ਇਹ ਲੰਗਰ ਕਿਰਤੀ ਸਿੱਖਾਂ ਦੇ ਦਸਵੰਧ ਨਾਲ ਹੀ ਚਲਣ ਦੀ ਪਰੰਪਰਾ ਬਣੀ ਰਹੇ। ਜਗੀਰਾਂ ਦੀ ਮਾਇਆ ਕਿਤੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੂੰ 'ਨਿਖੱਟੂ' ਨਾ ਬਣਾ ਦੇਵੇ। ਗੁਰੂ ਰਾਮਦਾਸ ਸਿਰ ਉਪਰ ਛਾਬੜੀ ਚੁੱਕ ਕੇ ਘੁੰਗਣੀਆਂ ਵੇਚਣ ਦੀ ਕਿਰਤ ਕਰਦਿਆਂ ਆਪਣੀ ਤੇ ਆਪਣੀ ਨਾਨੀ ਦੀ ਪ੍ਰਤਿਪਾਲਣਾ ਕਰਦੇ ਰਹੇ। ਉਨ੍ਹਾਂ ਕਿਰਤ ਦੇ ਨਾਲ ਨਾਲ ਕੀਰਤ ਕਰਦਿਆਂ ਧਰਮ ਵੀ ਕਮਾਇਆ। ਗੱਲ ਕੀ ਗੁਰੂ ਸਾਹਿਬਾਨ ਦੀਆਂ ਜੀਵਨ ਝਾਕੀਆਂ ਵਿਚੋਂ ਕਿਰਤ ਦੀ ਮਹੱਤਤਾ ਦਰਸਾਉਂਦੀਆਂ ਅਨੇਕਾਂ ਇਤਿਹਾਸਕ ਮਿਸਾਲਾਂ ਲੱਭੀਆਂ ਜਾ ਸਕਦੀਆਂ ਹਨ।

ਕਹਿੰਦੇ ਨੇ ਭਾਈ ਬਹੋੜੇ ਨਾਂ ਦੇ ਇੱਕ ਸਿੱਖ ਨੇ ਸ੍ਰੀ ਗੁਰੂ ਅਰਜਨ ਦੇਵ ਨੂੰ ਪੁੱਛਿਆ ਕਿ ਪਾਤਸ਼ਾਹ ਜੀ ਮੈਂ ਕਿਹੜੀ ਕਿਰਤ ਕਰਾਂ ਜੋ ਆਪ ਨੂੰ ਭਾਵੇ? ਗੁਰੂ ਜੀ ਨੇ ਫੁਰਮਾਇਆ, "ਭਾਈ ਸਿੱਖਾ, ਕਿਰਤ ਕੋਈ ਵੀ ਕਰੋ, ਜਿਸ ਨਾਲ ਜੀਵਨ ਦਾ ਨਿਰਬਾਹ ਹੋ ਸਕੇ। ਰਿਜ਼ਕ-ਰੋਟੀ ਕਮਾਉ ਪਰ ਕਪਟ ਰਹਿਤ ਹੋ ਕੇ। ਕਿਸੇ ਦੂਸਰੇ ਦਾ ਹੱਕ ਨਹੀਂ ਮਾਰਨਾ। ਆਪਣੀ ਕਮਾਈ ਵਿਚੋਂ ਜੋ ਪ੍ਰਭੂ ਹਿੱਤ ਵੰਡ ਕੇ ਛਕੇਗਾ, ਉਸ ਦਾ ਮਨ ਨਿਰਮਲ ਰਹੇਗਾ। ਇਸ ਮੌਕੇ ਦੇ ਵਾਰਤਾਲਾਪ ਨੂੰ ਕਵੀ ਸੰਤੋਖ ਸਿੰਘ ਸੂਰਜ ਪ੍ਰਕਾਸ਼ ਗ੍ਰੰਥ ਵਿਚ ਇਉਂ ਅੰਕਿਤ ਕਰਦੇ ਹਨ:

ਸੁਨ ਗੁਰ ਕਹਯੋ ਕਿਰਤ ਕਰ ਸੋਈ।
ਧਰਮ ਸਮੇਤ ਨਿਬਾਹਨੁ ਸੋਈ।
ਕਪਟ ਬਿਹੀਨ ਜੀਵਕਾ ਕਰੈ।
ਪਰ ਕੀ ਵਸਤ ਛੁਪਾਇ ਨ ਧਰੈ।
ਤਿਸ ਮਹਿ ਬਾਂਟ ਪ੍ਰਭ ਹਿਤ ਖਾਵੇ।
ਤਿਸ ਕੋ ਉਰ ਨਿਰਮਲ ਹੋਇ ਜਾਵੇ।

ਇਨ੍ਹਾਂ ਪੰਕਤੀਆਂ ਦੇ ਅਰਥਾਂ ਨਾਲ ਹੀ ਮਿਲਦਾ-ਜੁਲਦਾ 'ਰਹਿਤਨਾਮਾ' ਭਾਈ ਦੇਸਾ ਸਿੰਘ ਵੀ 'ਸੁਕਿਰਤ' ਕਰਨ ਲਈ ਹੀ ਉਪਦੇਸ਼ ਕਰਦਾ ਹੈ:

ਖੇਤੀ ਵਣਜ ਵਾ ਸ਼ਿਲਪ ਬਨਾਵੇ।
ਔਰ ਟਹਿਲ ਜੋ ਮਨ ਮੈ ਭਾਵੇ।
ਦ੍ਰਿੜ ਹੋਇ ਸੋਈ ਕਾਰ ਕਮਾਵੇ।
ਚੋਰੀ ਡਾਕੇ ਕਬਹੂ ਨਾ ਜਾਵੇ।

ਰਹਿਤਨਾਮਿਆਂ ਵਿਚ ਹੀ ਸਿੱਖਾਂ ਨੂੰ ਉਪਜੀਵਿਕਾ ਹਿਤ ਕਮਾਈ ਕਰਨ ਵਾਸਤੇ ਕੁਝ ਅਜਿਹੇ ਉਪਦੇਸ਼ ਵੀ ਮਿਲਦੇ ਹਨ, 'ਗੁਰੂ ਕੇ ਸਿੱਖਾਂ ਨੂੰ ਕੋਈ ਕਿਰਤ ਕਰਨੀ ਮਨ੍ਹਾਂ ਨਹੀਂ ਹੈ। ਖੇਤੀ, ਵਪਾਰ, ਦਸਤਕਾਰੀ ਜਾਂ ਸੇਵਾ ਜੋ ਮਨ ਨੂੰ ਚੰਗੀ ਲੱਗੇ, ਦ੍ਰਿੜ੍ਹ ਹੋ ਕੇ ਕਰੇ ਪਰ ਚੋਰੀ ਡਾਕਾ ਕਤੱਈ ਨਾ ਕਰੇ। ਜੇ ਕਿਤੇ ਨੌਕਰੀ ਵੀ ਕਰਨੀ ਪਵੇ ਤਾਂ ਬੇਪ੍ਰਵਾਹ ਹੋ ਕੇ ਅਣਖ ਨਾਲ ਕਰੇ। ਤਨਖਾਹ ਵਿਚ ਹੀ ਗੁਜ਼ਾਰਾ ਕਰੇ। ਰਿਸ਼ਵਤ ਕਦਾਂਚ ਨਾ ਲਏ। ਜੇ ਸਿਪਾਹੀਗਿਰੀ ਕਰੇ ਤਾਂ ਲੜਾਈ ਵਿਚ ਲੋੜ ਪੈਣ ਤੇ ਸੂਰਬੀਰਤਾ ਦਿਖਾਵੇ।'

ਅੰਗਰੇਜ਼ੀ ਰਾਜ ਦੌਰਾਨ ਸ੍ਰੀ ਦਰਬਾਰ ਸਾਹਬ ਅੰਮ੍ਰਿਤਸਰ ਵਿਖੇ ਲੰਮਾ ਅਰਸਾ ਹੈਡ ਗ੍ਰੰਥੀ ਰਹੇ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਨੇ ਆਪਣੇ ਲਿਖੇ ਪ੍ਰਸਿੱਧ ਗ੍ਰੰਥ 'ਸ੍ਰੀ ਦਸਮੇਸ਼ ਪ੍ਰਕਾਸ਼' ਵਿਚ ਦਸਵੇਂ ਗੁਰੂ ਦੇ ਦਰਬਾਰ ਵਿਚ ਵਾਪਰੀ ਇੱਕ ਘਟਨਾ ਦਾ ਬੜਾ ਕਮਾਲ ਦਾ ਨਕਸ਼ਾ ਖਿੱਚਿਆ ਹੈ। ਗਿਆਨੀ ਕਲਾਸਵਾਲੀਆ ਲਿਖਦੇ ਹਨ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਜੇ ਦਰਬਾਰ ਵਿਚ ਦਸਮੇਸ਼ ਪਿਤਾ ਨੇ ਜਲ ਛਕਣ ਦੀ ਇੱਛਾ ਜਤਾਈ। ਸਤਿਗੁਰਾਂ ਦਾ ਗੜਵਈ ਕਿਸੇ ਹੋਰ ਕੰਮ ਜਾ ਲੱਗਾ। ਕੋਈ ਓਪਰਾ ਨੌਜਵਾਨ ਪਾਣੀ ਦਾ ਕੌਲ ਭਰ ਕੇ ਗੁਰੂ ਅੱਗੇ ਜਾ ਖਲੋਇਆ ਅਤੇ ਸਤਿਕਾਰ ਸਹਿਤ ਜਲ ਛਕਣ ਲਈ ਪੇਸ਼ ਕੀਤਾ। ਪਹਿਰਾਵੇ ਤੋਂ ਕਾਫੀ ਅਮੀਰ ਦਿਸ ਰਹੇ ਇਸ ਗੱਭਰੂ ਦੇ ਬਹੁਤ ਹੀ ਸਾਫ ਤੇ ਸੋਹਲ ਜਿਹੇ ਹੱਥ ਦੇਖ ਕੇ ਗੁਰੂ ਸਾਹਿਬ ਨੇ ਉਸ ਨੂੰ ਪੁਛਿਆ ਕਿ ਕਾਕਾ ਤੇਰੇ ਹੱਥ ਬੜੇ ਨਰਮ ਤੇ ਕੋਮਲ ਜਿਹੇ ਜਾਪਦੇ ਨੇ, ਤੂੰ ਕਿਹੜੀ ਕਿਰਤ ਕਰਦਾ ਹੁੰਦਾ ਏਂ? ਅੱਗਿਉਂ ਲੜਕਾ ਮੁਸਕ੍ਰਾ ਕੇ ਕਹਿੰਦਾ ਕਿ ਸੱਚੇ ਪਾਤਸ਼ਾਹ ਮੈਂ ਬਹੁਤ ਅਮੀਰ ਮਾਂ-ਬਾਪ ਦਾ ਪੁੱਤਰ ਹਾਂ। ਧੰਨ-ਸੰਪਦਾ ਦੀ ਬਹੁਤਾਤ ਸਦਕਾ ਮੈਨੂੰ ਕੋਈ ਵੀ ਮੁਸ਼ੱਕਤ ਕਰਨ ਦੀ ਲੋੜ ਨਹੀਂ। ਨੌਕਰ ਚਾਕਰ ਬਥੇਰੇ ਨੇ। ਬੱਸ ਇਉਂ ਜਾਣੋ ਕਿ ਮੈਂ ਅੱਜ ਪਹਿਲੀ ਵਾਰੀ ਆਪ ਨੂੰ ਜਲ ਛਕਾਉਣ ਦਾ ਕੰਮ ਕਰ ਰਿਹਾ ਹਾਂ।

ਉਸ ਵੇਲੇ ਸਤਿਗੁਰ ਨੇ ਜੋ ਬਚਨ ਕੀਤੇ, ਉਨ੍ਹਾਂ ਨੂੰ ਕਵੀ ਨੇ ਇੰਜ ਕਲਮਬੱਧ ਕੀਤਾ ਏ,

ਪਾਣੀ ਡੋਲ੍ਹ ਦਿੱਤਾ ਸਤਿਗੁਰ ਜੀ ਨੇ
ਕਹਿਆ ਜੀਵਣਾ ਧ੍ਰਿਗ ਸੰਸਾਰ ਤੇਰਾ।
ਦੇਹ ਪਾ ਮਨੁਖ ਦੀ ਖੋਈ ਐਵੇਂ
ਕਿਹੜੇ ਕੰਮ ਸਰੀਰ ਬੇਕਾਰ ਤੇਰਾ।
ਸਿੱਖ ਸਾਧ ਦੀ ਸੇਵਾ ਤੋਂ ਬਿਨਾਂ ਭਾਈ
ਏਹ ਜਿਸਮ ਹੈ ਸਮਝ ਮੁਰਦਾਰ ਤੇਰਾ।
ਸੇਵਾ ਭਗਤੀ ਤੋਂ ਬਿਨਾਂ 'ਕਰਤਾਰ ਸਿੰਘਾ'
ਦੱਸ ਹੋਵੇਗਾ ਕਿਵੇਂ ਉਧਾਰ ਤੇਰਾ?'

ਪੰਜਾਬ ਦੀ ਧਰਤੀ ਨੂੰ ਗੁਰਾਂ ਦੇ ਨਾਂ ਤੇ ਜਿਉਂਦੀ-ਥੀਂਦੀ ਆਖਣ ਵਾਲੇ ਮਹਾਨ ਸ਼ਾਇਰ ਪ੍ਰੋ. ਪੂਰਨ ਸਿੰਘ ਦੇ ਕਿਰਤ ਬਾਰੇ ਲਿਖੇ ਹੋਏ ਵਿਚਾਰ, ਗੁਰਮਤਿ ਫਲਸਫੇ ਦੀ ਵਿਆਖਿਆ ਕਰ ਰਹੇ ਹੀ ਜਾਪਦੇ ਹਨ। ਆਪਣੀ ਕਿਤਾਬ 'ਖੁੱਲ੍ਹੇ ਲੇਖ' ਵਿਚ 'ਕਿਰਤ' ਦੇ ਸਿਰਲੇਖ ਹੇਠ ਆਪ ਲਿਖਦੇ ਹਨ, "ਸਿਆਣਿਆਂ ਜੋ ਇਹ ਕਿਹਾ ਹੈ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ, ਇਸ ਕਥਨ ਵਿਚ ਬੜਾ ਸੱਚ ਭਰਿਆ ਪਿਆ ਹੈ।...ਸੁੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ ਮੁਹਾਰੇ ਪਾਕ ਹੋ ਜਾਂਦੇ ਹਨ।...ਸੁੱਚੀ ਕਿਰਤ ਕਰਨ ਵਾਲੇ ਦਾ ਸਹਿਜ ਸੁਭਾ ਇਹ ਅਨੁਭਵ ਹੁੰਦਾ ਹੈ ਕਿ ਮੇਰਾ ਤਾਂ ਕੰਮ ਕਰਨਾ ਹੀ ਬਣਦਾ ਹੈ, ਫਲ ਦੇਣ ਵਾਲਾ ਤਾਂ ਕੋਈ ਹੋਰ ਹੈ। ਉਨ੍ਹਾਂ (ਵਿਹਲੜ ਅਮੀਰਾਂ) ਨੂੰ ਉਹ ਸੁਖ ਕਦੀ ਨਹੀਂ ਆ ਸਕਦਾ, ਜਿਹੜਾ ਕਿਰਤੀ ਦੀ ਹੱਡੀ ਵਿਚ ਕਿਰਤ ਪੈਦਾ ਕਰਦੀ ਹੈ।"

ਪ੍ਰੋ. ਸਾਹਿਬ ਤਾਂ ਕਿਰਤ ਤੋਂ ਕਿਨਾਰਾ ਕਰਕੇ ਖੁਦ ਨੂੰ ਚਿੰਤਕ ਅਖਵਾਉਂਦੇ ਉਨ੍ਹਾਂ ਤਥਾ-ਕਥਿਤ 'ਫਿਲਾਸਫਰ ਟਾਈਪ' ਵਿਅਕਤੀਆਂ ਦੇ ਚਿੰਤਨ ਨੂੰ ਮਨ ਮੈਲਾ ਕਰਨ ਦਾ ਸਾਧਨ ਹੀ ਮੰਨਦੇ ਨੇ, "ਮਾਨਸਿਕ ਚਿੰਤਨ ਕਿੰਨਾ ਹੀ ਉਚਾ ਕਿਉਂ ਨਾ ਹੋਵੇ, ਰੂਹ ਨੂੰ ਸਾਫ ਨਹੀਂ ਕਰਦਾ, ਮੈਲਾ ਕਰਦਾ ਹੈ ਪਰ ਸਰੀਰ ਨਾਲ ਕੀਤੀ ਕਿਰਤ ਆਪ-ਮੁਹਾਰੀ ਜਿਸ ਤਰ੍ਹਾਂ ਬਿਰਛਾਂ ਉਤੇ ਫਲ-ਫੁੱਲ ਆਣ ਲੱਗਦੇ ਹਨ, ਸਿਦਕ ਤੇ ਪਿਆਰ ਦੀ ਰੱਬਤਾ ਵਿਚ ਜੀਣ ਲੱਗਦੀ ਹੈ।"

ਸਾਡੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੱਪੜੇ ਸਿਉਣ, ਰੰਗਣ, ਕੱਪੜਾ ਬੁਣਨ, ਜੁੱਤੀਆਂ ਗੰਢਣ ਅਤੇ ਰਾਜ ਦਰਬਾਰ ਵਿਚ ਨੌਕਰੀ ਦੀ ਕਿਰਤ ਕਰਨ ਵਾਲੇ ਰੱਬੀ ਰੰਗ ਰੱਤੇ ਭਗਤਾਂ ਦੀ ਬਾਣੀ ਸ਼ਾਮਿਲ ਹੋਣਾ ਮਿਹਨਤ ਅਤੇ ਮੁਸ਼ੱਕਤ ਦੇ ਮਾਣ-ਸਨਮਾਨ ਦਾ ਹੀ ਲਖਾਇਕ ਹੈ।

ਭਾਈ ਗੁਰਦਾਸ ਗੁਰਬਾਣੀ ਫੁਰਮਾਨ 'ਉਦਮ ਕਰੇਂਦਿਆਂ ਜੀਉ ਤੂੰ...' ਦੀ ਵਿਆਖਿਆ ਕਰਦੇ ਹੋਏ ਆਖਦੇ ਨੇ,

ਘਾਲਿ ਖਾਇ ਸੁਕ੍ਰਿਤ ਕਰੈ
ਵਡਾ ਹੋਇ ਨ ਆਪ ਗਵਾਇ॥

ਇਹ ਕਿਰਤ ਅਤੇ ਕੀਰਤੀ ਦੇ ਸੁਮੇਲ ਦਾ ਕ੍ਰਿਸ਼ਮਾ ਹੀ ਸੀ ਕਿ ਅਠਾਰ੍ਹਵੀਂ ਸਦੀ ਦਾ ਸਿੱਖ ਜਰਨੈਲ ਭਾਈ ਲਹਿਣਾ ਸਿੰਘ, ਜਾਬਰ ਅਹਿਮਦ ਸ਼ਾਹ ਅਬਦਾਲੀ ਵੱਲੋਂ ਤੋਹਫੇ ਦੇ ਤੌਰ 'ਤੇ ਭੇਜੇ ਹੋਏ ਕਾਬਲ ਦੇ ਸੁੱਕੇ ਮੇਵਿਆਂ ਦੇ ਟੋਕਰੇ ਠੁਕਰਾਉਂਦਿਆਂ ਉਸ ਨੂੰ ਖਤ ਲਿਖਦਾ ਹੈ, "...ਕਾਜੂ ਪਿਸਤੇ ਬਦਾਮ ਬਾਦਸ਼ਾਹਾਂ ਦੀ ਖੁਰਾਕ ਹੈ, ਤੇ ਮੈਂ ਪੰਥ ਦਾ ਇੱਕ ਸਿਪਾਹੀ ਹਾਂ, ਜੋ ਭੁੱਜੇ ਛੋਲਿਆਂ 'ਤੇ ਗੁਜ਼ਾਰਾ ਕਰ ਸਕਦਾ ਹਾਂ।"

ਮੇਵਿਆਂ ਦੇ ਨਾਲ ਭੇਜੀ ਗਈ ਲਾਹੌਰ ਦੀ ਸੂਬੇਦਾਰੀ ਦੀ ਪੇਸ਼ਕਸ਼ ਨੂੰ ਕਿਰਤੀ ਸਿੱਖ ਭਾਈ ਲਹਿਣਾ ਸਿੰਘ ਇਉਂ ਠੋਕਰ ਮਾਰਦਾ ਹੈ, "ਬਾਕੀ ਰਹੀ ਗੱਲ ਸੂਬੇਦਾਰੀ ਦੀ, ਮੈਂ ਉਸ ਖਾਲਸਾ ਪੰਥ ਦਾ ਸਿਪਾਹੀ ਹਾਂ ਜੋ ਸਾਹਿਬ ਦਸਵੇਂ ਪਾਤਸ਼ਾਹ ਤੋਂ ਬਿਨਾਂ, ਹੋਰ ਕਿਸੇ ਦਾ ਬਖਸ਼ਿਆ ਹੋਇਆ ਤ੍ਰੈਲੋਕੀ ਦਾ ਰਾਜ ਵੀ ਲੈਣ ਨੂੰ ਤਿਆਰ ਨਹੀਂ।"

ਪੰਜਾਂ ਦਰਿਆਵਾਂ ਦੇ ਜ਼ਰਖੇਜ਼ ਖਿੱਤੇ ਵਿਚ ਪੈਦਾ ਹੋਇਆ ਨਿਰਮਲ ਪੰਥ ਅੱਜ ਵਿਸ਼ਵ ਦੇ ਹਰ ਕੋਨੇ ਵਿਚ ਆਪਣੀ ਨਿਵੇਕਲੀ ਪਹਿਚਾਣ ਦਾ ਪਰਚਮ ਲਹਿਰਾ ਰਿਹਾ ਹੈ। ਬੇਸ਼ੱਕ ਸਵੈ-ਸਿਰਜੀਆਂ ਜਾਂ ਮੂੰਹ ਜ਼ੋਰ ਹਾਲਤਾਂ ਦੀਆਂ ਥੋਪੀਆਂ 'ਆਰਥਿਕ ਮਜਬੂਰੀਆਂ' ਨੇ ਸਿੱਖ ਸਮਾਜ ਵਿਚ ਵੀ ਵੱਡੀ ਹਲ-ਚਲ ਮਚਾਈ ਹੋਈ ਹੈ, ਪ੍ਰੰਤੂ ਕੁੱਲ ਮਿਲਾ ਕੇ ਅੱਜ ਗੁਰੂ ਨਾਨਕ ਦੇ ਸਿੱਖ ਦਾ ਬਿੰਬ, ਮਿਹਨਤ ਮੁਸ਼ੱਕਤ ਕਰਨ ਵਾਲੇ ਇੱਕ ਕਿਰਤੀ ਵਾਲਾ ਹੀ ਬਣਿਆ ਹੋਇਆ ਹੈ। ਗੁਰੂ ਦੀ ਰਹਿਮਤ ਨਾਲ ਬਣੇ ਇਸ ਅਕਸ ਨੂੰ ਬਰਕਰਾਰ ਰੱਖਣ ਦੇ ਨਾਲ ਨਾਲ ਵੱਡੀ ਜ਼ਿੰਮੇਵਾਰੀ ਇਹ ਹੈ ਕਿ ਕਿਰਤ, ਸੁਕਿਰਤ ਅਤੇ ਕੀਰਤੀ ਦਾ ਸੁਮੇਲ ਸਾਡੇ ਅੰਗ ਸੰਗ ਰਹੇ! ਭਾਈ ਗੁਰਦਾਸ ਦੇ ਇਹ ਬਚਨ ਸਾਡਾ ਮਾਰਗ ਦਰਸ਼ਨ ਕਰਦੇ ਰਹਿਣ,

ਕਿਰਤਿ ਵਿਰਤਿ ਕਰ ਧਰਮ ਦੀ
ਖਟਿ ਖਵਾਲਣਿ ਕਾਰਿ ਕਰੇਹੀ॥

## ਸੰਪਾਦਕ ਦੀ ਡਾਕ

# ਕੰਵਲ ਬਾਰੇ ਅਭੈ ਸਿੰਘ ਦਾ ਲੇਖ

ਸੰਪਾਦਕ ਜੀ,

ਪੰਜਾਬੀ ਦੇ ਉਘੇ ਲੇਖਕ ਜਸਵੰਤ ਸਿੰਘ ਕੰਵਲ, ਜਿਨ੍ਹਾਂ ਨੇ ਖਾਸ ਕਰਕੇ ਨਾਵਲਕਾਰ ਦੇ ਤੌਰ ਤੇ ਪੰਜਾਬੀ ਨੌਜਵਾਨ ਮਨਾਂ 'ਤੇ ਲੰਮਾ ਸਮਾਂ ਰਾਜ ਕੀਤਾ ਹੈ, ਦੇ ਨਾਂ ਸ. ਅਭੈ ਸਿੰਘ ਦੇ 'ਜਸਵੰਤ ਸਿੰਘ ਕੰਵਲ ਦੇ ਨਾਂ ਖੁਲ੍ਹਾ ਖੱਤ' ਸਿਰਲੇਖ ਹੇਠ ਛਪੇ ਤਿੰਨ ਲੜੀਵਾਰ ਲੇਖਾਂ ਨੇ ਕਈ ਨਵੇਂ ਸੱਚ ਉਜਾਗਰ ਕੀਤੇ ਹਨ। ਇਹ ਤਿੰਨੇ ਲੇਖ ਸ. ਕੰਵਲ ਦੇ ਨਾਵਲ 'ਸੱਚ ਕੀ ਬੇਲਾ' ਵਿਚ ਉਠਾਏ ਗਏ ਸਵਾਲਾਂ ਦੇ ਜੁਆਬ ਹਨ ਅਤੇ ਨਾਲ ਹੀ ਕੰਵਲ ਨੂੰ ਕੀਤੇ ਗਏ ਸਵਾਲ ਹਨ। ਜਦੋਂ ਕੰਵਲ ਨੇ ਨਾਵਲ 'ਰਾਤ ਬਾਕੀ ਹੈ' ਲਿਖਿਆ ਸੀ ਤਾਂ ਸੱਚਮੁੱਚ ਉਹ ਪੰਜਾਬੀ ਨੌਜੁਆਨਾਂ ਦੇ ਦਿਲਾਂ ਦੀ ਧੜਕਣ ਬਣ ਗਿਆ ਸੀ। ਉਸ ਨਾਵਲ ਵਿਚ ਵਰਤੇ ਗਏ ਸ਼ੇਅਰ ਅਤੇ ਕਾਵਿ ਟੋਟਕੇ ਮੇਰੇ ਵਰਗੇ ਕਈ ਪਾਠਕਾਂ ਨੂੰ ਅੱਜ ਵੀ ਯਾਦ ਹੋਣਗੇ ਭਾਵੇਂ ਨਾਵਲ ਪੜ੍ਹੇ ਨੂੰ ਯੁੱਗ ਬੀਤ ਗਏ ਹਨ।

ਪਿਛਲੇ ਕੁਝ ਸਮੇਂ ਵਿਚ ਇਸ ਬਜ਼ੁਰਗ ਸਾਹਿਤਕਾਰ ਨੇ ਜਿੰਨਾ ਵੀ ਸਾਹਿਤ ਰਚਿਆ ਹੈ, ਉਸ ਵਿਚ ਨੌਜੁਆਨ ਪੀੜ੍ਹੀ ਨੂੰ ਸੇਧ ਦੇਣ ਵਰਗੀ ਕੋਈ ਗੱਲ ਤਾਂ ਕੀ ਹੋਣੀ ਸੀ ਸਗੋਂ ਬਹੁਤ ਕੁੱਝ ਤਰਕਹੀਣ ਹੈ। ਇਹ ਸਭ ਸ. ਅਭੈ ਸਿੰਘ ਨੇ ਆਪਣੇ ਤਿੰਨਾਂ ਲੇਖਾਂ ਵਿਚ ਬਾਦਲੀਲ ਪੇਸ਼ ਕੀਤਾ ਹੈ। ਇਸ ਗੱਲੋਂ ਸ. ਅਭੈ ਸਿੰਘ ਨਾ ਸਿਰਫ ਵਧਾਈ ਦੇ ਪਾਤਰ ਹਨ ਸਗੋਂ ਉਨ੍ਹਾਂ ਦਾ ਧੰਨਵਾਦ ਕਰਨਾ ਬਣਦਾ ਹੈ ਕਿ ਉਨ੍ਹਾਂ ਨੇ ਤਰਕ ਦੀ ਕਸੌਟੀ 'ਤੇ ਜਸਵੰਤ ਸਿੰਘ ਕੰਵਲ ਦੇ ਸਵਾਲਾਂ ਦੇ ਜੁਆਬ ਦਿੱਤੇ ਹਨ। ਗੁਰੂ ਮਹਾਰਾਜ ਦਾ ਫੁਰਮਾਨ ਹੈ, 'ਖੋਜੀ ਉਪਜੈ ਬਾਦੀ ਬਿਨਸੈ' ਅਤੇ ਸ. ਅਭੈ ਸਿੰਘ ਨੇ ਇੱਕ ਖੋਜੀ ਵਾਲੇ ਨਜ਼ਰੀਏ ਨਾਲ ਉਠਾਏ ਗਏ ਸਵਾਲਾਂ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਸੱਚੇ ਮਨੋਂ ਸ. ਕੰਵਲ ਨੂੰ ਇੱਕ ਲੇਖਕ ਦੇ ਫਰਜ਼ਾਂ ਤੋਂ ਆਗਾਹ ਕੀਤਾ ਹੈ।

ਕੰਵਲ ਦੀ ਇੱਕ ਧੀ ਚਰਨਜੀਤ ਲੁਧਿਆਣਾ ਵਿਚ ਲੜਕੀਆਂ ਦੇ ਸਰਕਾਰੀ ਕਾਲਜ ਵਿਚ ਮੇਰੇ ਤੋਂ ਇੱਕ ਸਾਲ ਪਿੱਛੇ ਸਾਇੰਸ ਦੀ ਵਿਦਿਆਰਥਣ ਸੀ ਅਤੇ ਮੇਰੇ ਵਾਂਗ ਹੀ ਹੋਸਟਲ ਵਿਚ ਰਹਿੰਦੀ ਸੀ। ਨਾਵਲ 'ਰਾਤ ਬਾਕੀ' ਦਾ ਅਸਰ ਏਨਾ ਸੀ ਕਿ ਮਹਿਮਾਨਾਂ ਦੇ ਮਿਲਣ ਵਾਲੇ ਦਿਨ ਜਦੋਂ ਕੰਵਲ ਸਾਹਿਬ ਨੇ ਆਪਣੀ ਬੇਟੀ ਨਾਲ ਗੈਸਟ ਰੂਮ ਵਿਚ ਬੈਠੇ ਹੋਣਾ ਤਾਂ ਮੈਂ ਅਤੇ ਮੇਰੀਆਂ ਸਹੇਲੀਆਂ ਨੇ ਕੰਵਲ ਸਾਹਿਬ ਦੀ ਸਿਰਫ ਇਕ ਝਲਕ ਦੇਖਣ ਲਈ ਵਾਰ ਵਾਰ ਗੈਸਟ ਰੂਮ ਦੇ ਦਰਵਾਜ਼ੇ ਅੱਗੋਂ ਲੰਘਣਾ।

ਨਾਵਲ 'ਸਚ ਕੀ ਬੇਲਾ' ਦੀ ਗੱਲ ਕਰੀਏ ਤਾਂ ਕੰਵਲ ਨੇ ਇਸ ਦਾ ਨਾਮ ਤਾਂ ਗੁਰੂ ਨਾਨਕ ਦੇਵ ਜੀ ਦੀ ਭਾਈ ਲਾਲੋ ਨੂੰ ਸੰਬੋਧਨ ਕਰਕੇ ਬਾਬਰ ਦੇ ਹਮਲੇ ਵੇਲੇ ਰਚੀ ਬਾਣੀ ਬਾਬਰਵਾਣੀ ਵਿਚੋਂ "ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ" ਪੰਕਤੀ ਦੇ ਅਧਾਰ 'ਤੇ ਰੱਖਿਆ ਹੈ ਪਰ ਇਸ ਵਿਚੋਂ ਸੱਚ ਦਾ ਤਰਕ ਮਨਫ਼ੀ ਹੈ। ਮੈਂ ਸਿਰਫ ਏਨਾ ਹੀ ਕਹਾਂਗੀ ਕਿ ਅਜਿਹੀ ਬਹਿਸ ਛਿੜਨੀ ਚਾਹੀਦੀ ਹੈ ਤਾਂ ਕਿ ਸਮੱਸਿਆਵਾਂ ਦੀ ਪੂਰੀ ਸੱਚਾਈ ਸਾਹਮਣੇ ਆਵੇ। ਇਸ ਤੋਂ ਬਿਨਾਂ ਤਾਂ ਫਿਰ ਹਸ਼ਰ ਉਹੀ ਹੁੰਦਾ ਹੈ ਜਿਸ ਬਾਰੇ ਗੁਰੂ ਨਾਨਕ ਦੇਵ ਨੇ ਬਾਬਰ ਦੇ ਹਮਲੇ ਦੇ ਸਬੰਧ ਵਿਚ ਹੀ ਰਾਗ ਆਸਾ ਵਿਚ ਚੇਤੰਨ ਕੀਤਾ ਹੈ ਅਤੇ ਜਿਸ ਦਾ ਹਸ਼ਰ ਅਸੀਂ ਸਭ ਹੰਢਾ ਵੀ ਚੁੱਕੇ ਹਾਂ, "ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥" ਸ. ਅਭੈ ਸਿੰਘ ਦਾ ਇੱਕ ਵਾਰ ਫਿਰ ਧੰਨਵਾਦ, ਜਿਨ੍ਹਾਂ ਨੇ ਇੱਕ ਜਾਗੇ ਹੋਏ ਸਿੱਖ ਦੀ ਤਰ੍ਹਾਂ ਸਾਰੀ ਸਮੱਸਿਆ ਦਾ ਵਿਸ਼ਲੇਸ਼ਣ ਤਰਕ ਦੀ ਕਸੌਟੀ 'ਤੇ ਕੀਤਾ ਹੈ। ਸਿੱਖ ਜਗਤ 'ਚ ਅਜਿਹੇ ਚਿੰਤਕਾਂ ਦੀ ਬਹੁਤ ਘਾਟ ਹੈ।

-ਡਾ. ਗੁਰਨਾਮ ਕੌਰ, ਟੋਰਾਂਟੋ

# ਕਹਿੰਦੇ ਸੰਗਤ ਵੇਚਦੀ ਵੋਟਾਂ, ਸੰਗਤਾਂ ਨੂੰ ਸਾਧ ਵੇਚ ਗਏ

## ਸਿਆਸਤ ਦਾ ਪਿੜ



ਜਤਿੰਦਰ ਪਨੂੰ

***ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ ਤਾਂ ਸੰਤ ਸਮਾਜ ਦਾ ਇਕ ਧੜਾ ਪਹਿਲਾਂ ਬਾਦਲ ਅਕਾਲੀ ਦਲ ਦੇ ਵਿਰੋਧ ਵਿਚ ਝੰਡਾ ਚੁੱਕ ਤੁਰਿਆ ਤੇ ਫਿਰ ਉਸ ਨਾਲ ਉਹ ਸਮਝੌਤਾ ਕਰ ਗਿਆ ਜਿਹੜਾ ਅਸਲੋਂ ਭੀਖ ਮੰਗਣ ਵਰਗਾ ਸੀ। ਹੰਢੇ-ਵਰਤੇ ਮੁੱਖ ਮੰਤਰੀ ਬਾਦਲ ਨੇ ਪੌਣੇ ਦੋ ਸੌ ਸੀਟਾਂ ਦੇ ਢੇਰ ਵਿਚੋਂ ਇਨ੍ਹਾਂ ਨੂੰ ਤੀਹ ਸੀਟਾਂ ਦਾ ਪ੍ਰਸ਼ਾਦ ਦੇਣਾ ਮੰਨਿਆ ਤੇ ਜਦੋਂ ਸੀਟਾਂ ਦੀ ਨਿਸ਼ਾਨਦੇਹੀ ਕਰਨੀ ਸੀ ਤਾਂ ਕਹਿ ਦਿੱਤਾ ਕਿ ਇਨ੍ਹਾਂ ਤੀਹ ਸੀਟਾਂ ਵਿਚੋਂ ਵੀਹ ਉਮੀਦਵਾਰ ਤੁਸੀਂ ਉਹ ਆਪਣੇ ਮੰਨ ਲਵੋ ਜਿਹੜੇ ਮੱਥਾ ਟੇਕਣ ਤਾਂ ਤੁਹਾਡੇ ਡੇਰੇ ਨੂੰ ਜਾਂਦੇ ਹਨ ਪਰ ਰਾਜਨੀਤਕ ਵਫਾਦਾਰੀ ਮੇਰੇ ਨਾਲ ਰੱਖਦੇ ਹਨ। ਤਿਆਗੀ ਪੁਰਸ਼ ਕਹਾਉਣ ਵਾਲੇ ਸੰਤ ਬਾਬੇ ਖੜ੍ਹੇ ਪੈਰ ਬਾਦਲ ਦੀ ਇਹ ਗੱਲ ਇਸ ਕਰ ਕੇ ਮੰਨ ਗਏ ਕਿ ਜੇ ਉਸ ਨੇ ਇਸ ਤੋਂ ਵੀ ਮੁੱਖ ਮੋੜ ਲਿਆ ਤਾਂ ਫਿਰ ਹਾਲਤ 'ਨਾ ਖੁਦਾ ਹੀ ਮਿਲਾ, ਨਾ ਵਸਾਲੇ ਸਨਮ, ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ' ਵਾਲੀ ਬਣ ਜਾਣੀ ਹੈ।***

ਰਾਜਨੀਤੀ ਰਾਜ ਗੱਦੀਆਂ ਉਤੇ ਕਬਜ਼ੇ ਦੀ ਨੀਤੀ ਹੁੰਦੀ ਹੈ। ਇਹ ਗੱਦੀ ਉਤੇ ਬਹਿਣ ਦੀ, ਤੇ ਜੇ ਬੈਠ ਗਏ ਤਾਂ ਫਿਰ ਟਿਕੇ ਰਹਿਣ ਦੀ ਨੀਤੀ ਹੁੰਦੀ ਹੈ। ਸਮਾਜੀ ਰਿਸ਼ਤੇ ਵੀ ਇਹ ਤਾਰ-ਤਾਰ ਕਰ ਦਿੰਦੀ ਹੈ। ਰਾਜਨੀਤੀ ਵਿਚ ਬਹੁਤਾ ਚਿਰ ਕੋਈ ਕਿਸੇ ਦਾ ਸਕਾ ਨਹੀਂ ਹੁੰਦਾ। ਇਤਿਹਾਸ ਨੂੰ ਫੋਲ ਕੇ ਵੇਖ ਲਓ, ਗੱਦੀ ਖਾਤਰ ਇਕ ਦੂਜੇ ਦੇ ਕਤਲ ਕਰਨ ਦਾ ਕੰਮ ਸਕੇ ਭਰਾਵਾਂ ਨੇ ਵੀ ਕੀਤਾ ਸੀ, ਪੁੱਤਰਾਂ ਨੇ ਵੀ ਅਤੇ ਕਿਸੇ ਵੇਲੇ ਕਿਸੇ ਪਿਓ ਨੇ ਵੀ ਗੱਦੀ ਵੱਲ ਝਾਕਦੇ ਪੁੱਤਰ ਦਾ ਕਤਲ ਕਰਨ ਲੱਗਿਆਂ ਅੱਗਾ-ਪਿੱਛਾ ਨਹੀਂ ਸੀ ਵੇਖਿਆ। ਰਾਜ ਦੀ ਭੁੱਖ ਨੇ ਸਕੇ ਤਾਏ-ਚਾਚੇ ਦੇ ਪੁੱਤਰਾਂ ਨੂੰ ਮਹਾਂਭਾਰਤ ਦਾ ਜੰਗ ਕਰਨ ਲਈ ਵੀ ਮਜਬੂਰ ਕਰ ਦਿੱਤਾ ਸੀ।

ਅੱਜ ਦੇ ਯੁੱਗ ਤੱਕ ਇਹ ਖੇਡ ਚੱਲਦੀ ਆ ਰਹੀ ਹੈ। ਲਾਲ ਬਹਾਦਰ ਸ਼ਾਸਤਰੀ ਦੇ ਦੋਵੇਂ ਪੁੱਤਰ ਵੱਖੋ-ਵੱਖ ਪਾਰਟੀਆਂ ਵਿਚ ਹੁੰਦੇ ਹਨ, ਆਪੋ ਵਿਚ ਨਹੀਂ ਬਣਦੀ। ਗਵਾਲੀਅਰ ਦੇ ਸਿੰਧੀਆ ਪਰਿਵਾਰ ਵਿਚ ਜਨਮਿਆ ਮਾਧਵ ਰਾਓ ਸਿੰਧੀਆ ਕਾਂਗਰਸ ਪਾਰਟੀ ਦਾ ਲੀਡਰ ਸੀ, ਉਸ ਦੀ ਮਰਹੂਮ ਮਾਂ ਅਤੇ ਭੈਣ ਭਾਰਤੀ ਜਨਤਾ ਪਾਰਟੀ ਦੀਆਂ ਲੀਡਰ ਸਨ। ਪਰਿਵਾਰ ਨੂੰ ਰਾਜਨੀਤੀ ਨੇ ਇੰਨਾ ਉਲਝਾ ਦਿੱਤਾ ਸੀ ਕਿ ਮਾਧਵ ਰਾਓ ਦੀ ਧੀ ਦੇ ਵਿਆਹ ਮੌਕੇ ਕੁੜੀ ਦੀ ਦਾਦੀ ਰਾਜ-ਮਾਤਾ ਵਿਜੇ ਰਾਜੇ ਸਿੰਧੀਆ ਸ਼ਾਮਲ ਨਹੀਂ ਸੀ ਹੋਈ, ਸਿਰਫ ਸ਼ਗਨ ਪਾਉਣ ਆਈ ਸੀ ਅਤੇ ਭੌਂਦੇ ਪੈਰੀਂ ਉਸ ਘਰ ਤੋਂ ਚਾਹ ਵੀ ਪੀਤੇ ਬਿਨਾਂ ਮੁੜ ਗਈ ਸੀ। ਆਂਧਰਾ ਪ੍ਰਦੇਸ਼ ਵਿਚ ਪੁੱਤਰਾਂ ਨੇ ਪਿਓ ਐਨ.ਟੀ. ਰਾਮਾਰਾਓ ਦੀ ਕੁਰਸੀ ਉਲਟਾਉਣ ਲਈ ਜੀਜੇ ਚੰਦਰ ਬਾਬੂ ਨਾਇਡੂ ਦਾ ਸਾਥ ਦੇ ਕੇ ਆਪਣੇ ਖਾਨਦਾਨ ਦਾ ਜਲੂਸ ਕੱਢ ਲਿਆ ਸੀ।

ਸਾਡੇ ਪੰਜਾਬ ਵਿਚ ਵੀ ਇੱਦਾਂ ਦੇ ਨਜ਼ਾਰੇ ਪੇਸ਼ ਹੁੰਦੇ ਰਹੇ ਹਨ। ਇਕ ਵਾਰੀ ਕੋਈ ਕਾਂਗਰਸੀ ਮੰਤਰੀ ਮਰ ਗਿਆ ਤਾਂ ਉਸ ਦਾ ਪੁੱਤਰ ਅਤੇ ਧੀ ਦੋਵੇਂ, ਅਗਲੀ ਚੋਣ ਵਿਚ ਉਸ ਦੇ ਵਾਰਸ ਵਜੋਂ ਆਹਮੋ-ਸਾਹਮਣੇ ਖੜ੍ਹੇ ਹੋ ਗਏ ਸਨ ਅਤੇ ਪਿਓ ਦੀ ਖਾਲੀ ਕੀਤੀ ਸੀਟ ਆਰਾਮ ਨਾਲ ਅਕਾਲੀ ਦਲ ਵਾਲੇ ਲੈ ਗਏ ਸਨ। ਇਕ ਹੋਰ ਕਾਂਗਰਸੀ ਵਜ਼ੀਰ ਮਰ ਗਿਆ ਤਾਂ ਉਸ ਦੀ ਪਤਨੀ ਨੂੰ ਪਾਰਟੀ ਨੇ ਟਿਕਟ ਦੇ ਦਿੱਤੀ ਅਤੇ ਪੁੱਤਰ ਬਾਗੀ ਹੋ ਕੇ ਸਾਹਮਣੇ ਖੜ੍ਹਾ ਹੋ ਗਿਆ ਸੀ। ਨਤੀਜੇ ਵਜੋਂ ਉਸ ਹਲਕੇ ਵਿਚ ਅੱਗੇ-ਅੱਗੇ ਮਾਂ ਦੇ ਚੋਣ ਪ੍ਰਚਾਰ ਦਾ ਰਿਕਸ਼ਾ ਜਾ ਰਿਹਾ ਹੁੰਦਾ ਸੀ ਜਿਸ ਉਤੇ ਲੱਗੇ ਸਪੀਕਰ ਵਿਚ ਗਾਣਾ ਚੱਲੀ ਜਾਂਦਾ ਸੀ- 'ਮਾਂ ਹੁੰਦੀ ਏ ਮਾਂ, ਓ ਦੁਨੀਆ ਵਾਲਿਓ' ਅਤੇ ਪਿੱਛੇ ਆ ਰਹੇ ਪੁੱਤਰ ਦੇ ਚੋਣ ਪ੍ਰਚਾਰ ਦੇ ਰਿਕਸ਼ੇ ਉਤੇ ਇਹ ਗਾਣਾ ਚੱਲਦਾ ਸੀ-'ਸੁੰਨੇ ਰਹਿਣਗੇ ਚੁਬਾਰੇ ਤੇਰੇ, ਪੁੱਤਰਾਂ ਨੂੰ ਤਰਸੇਂਗੀ'। ਇਕ ਅਕਾਲੀ ਮੰਤਰੀ ਤੇ ਸ੍ਰੀ ਅਕਾਲ ਤਖਤ ਸਾਹਿਬ ਸਾਬਕਾ ਜਥੇਦਾਰ ਜਿਸ ਵਕਤ ਮਰਿਆ, ਅਗਲੀ ਚੋਣ ਵਿਚ ਉਸ ਦੇ ਦੋਵੇਂ ਪੁੱਤਰ ਪਾਰਲੀਮੈਂਟ ਸੀਟ ਲਈ ਆਹਮੋ-ਸਾਹਮਣੇ ਡਟ ਗਏ ਸਨ।

ਬੜੀ ਗੰਦੀ ਚੀਜ਼ ਹੈ ਰਾਜਨੀਤੀ। ਇਹ ਸਿਰਫ ਅਸੀਂ ਨਹੀਂ ਕਹਿੰਦੇ, ਬਹੁਤ ਸਾਰੇ ਉਹ ਸਾਧ-ਸੰਤ ਵੀ ਕਹਿੰਦੇ ਹਨ ਜਿਹੜੇ ਦੁਨੀਆ ਨੂੰ ਪਾਪਾਂ ਦੇ ਮਾਰਗ ਤੋਂ ਵਰਜ ਕੇ ਸਿੱਧੇ ਰਾਹ ਉਤੇ ਪਾਉਣ ਦਾ ਦਾਅਵਾ ਕਰਦੇ ਹਨ। ਅਸੀਂ ਇਹ ਨਹੀਂ ਕਹਿੰਦੇ ਕਿ ਉਨ੍ਹਾਂ ਦਾ ਮਾਰਗ ਵੀ ਰਾਜਨੀਤੀ ਜਿੰਨਾ ਗੰਦਾ ਹੈ ਪਰ ਇਕ ਗੱਲ ਕਹੀ ਜਾ ਸਕਦੀ ਹੈ ਕਿ ਇਮਾਨ ਦਾ ਪੱਲਾ ਸਾਧਾਂ ਤੇ ਸੰਤਾਂ ਦੇ ਹੱਥ ਵੀ ਹੁਣ ਨਹੀਂ ਹੁੰਦਾ। ਉਹ ਵੇਲਾ ਬਹੁਤ ਪਿੱਛੇ ਰਹਿ ਗਿਆ ਜਦੋਂ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਸੰਦੇਸ਼ ਦੇਣ ਵਾਲੇ ਗੁਰੂ ਬਾਬੇ ਨੇ ਲੋਕਾਂ ਨੂੰ ਗਿਆਨ ਦਾ ਚਾਨਣ ਵੀ ਦਿੱਤਾ ਸੀ ਅਤੇ ਕਿਰਤ ਦੀ ਮਹਿਮਾ ਦੱਸਣ ਲਈ ਆਪ ਕਰਤਾਰਪੁਰ ਵਿਚ ਹਲ ਵਾਹਿਆ ਤੇ ਪੱਠਿਆਂ ਦੀ ਪੰਡ ਵੀ ਸਿਰ ਉਤੇ ਚੁੱਕੀ ਸੀ। ਉਸ ਗੁਰੂ ਬਾਬੇ ਦਾ ਸੰਦੇਸ਼ ਹੋਰ ਅੱਗੇ ਵਧਾਉਂਦੇ ਹੋਏ ਭਾਈ ਗੁਰਦਾਸ ਨੇ ਸਿੱਖਾਂ ਨੂੰ ਸਮਝਾਇਆ ਸੀ-'ਕਿਰਤਿ ਵਿਰਤਿ ਕਰਿ ਧਰਮ ਦੀ, ਹਥਹੁ ਦੇ ਕੇ ਭਲਾ ਮਨਾਵੈ'।

ਹੁਣ ਕੋਈ ਵੀ ਸਾਧ ਹੱਥੀਂ ਕਿਰਤ ਨਹੀਂ ਕਰਦਾ। ਕਦੇ ਕਿਸੇ ਸਾਧ ਨੇ ਆਪਣਾ ਕੌਲਾ ਵੀ ਹੱਥੀਂ ਸਾਫ਼ ਨਹੀਂ ਕੀਤਾ। ਚੇਲੇ ਹੀ ਇੰਨੇ ਕੁ ਹੁੰਦੇ ਹਨ ਕਿ ਹੱਥੀਂ ਕੰਮ ਕਰਨ ਦੀ ਲੋੜ ਨਹੀਂ ਹੁੰਦੀ; ਸੰਤ ਦੇ ਅੰਦਰੂਨੀ ਕੱਪੜੇ (ਅੰਡਰ ਗਾਰਮੈਂਟਸ) ਵੀ ਉਹੋ ਧੋ ਦਿੰਦੇ ਹਨ ਤੇ ਇਸ ਨਾਲ ਪਾਪਾਂ ਤੋਂ ਮੁਕਤੀ ਮਿਲ ਗਈ ਸਮਝਦੇ ਹਨ। ਇਹ ਸਾਰੇ ਸਾਧ ਬਾਹਰੋਂ ਹੀ ਸਾਧ ਹਨ, ਅੰਦਰ ਤੋਂ ਵਿਹਲੀਆਂ ਖਾਣ ਦਾ ਢੰਗ ਅਪਣਾ ਚੁੱਕੇ ਬਗਲੇ ਹਨ। ਗਲਾਂ ਵਿਚ ਪਿਸਤੌਲ ਲਟਕਾ ਕੇ ਚੱਲਦੇ ਹਨ। ਹਰ ਮਹਿੰਗੀ ਗੱਡੀ ਬਾਜ਼ਾਰ ਵਿਚ ਆਉਂਦੇ ਸਾਰ ਸਭ ਤੋਂ ਪਹਿਲਾਂ ਇਨ੍ਹਾਂ ਦੇ ਹੇਠ ਹੁੰਦੀ ਹੈ। ਜਦੋਂ ਇਹ ਸਾਧ ਬਣਦੇ ਹਨ ਤਾਂ ਸਾਧ ਦੇ ਅਰਥਾਂ ਮੁਤਾਬਕ 'ਸਾਧਨਾ' ਕਰਨ ਦੀ ਨੀਤ ਧਾਰ ਕੇ ਨਹੀਂ ਬਣਦੇ, ਇਹ ਸੋਚ ਕੇ ਬਣਦੇ ਹਨ ਕਿ ਕੋਈ ਕੰਮ ਨਹੀਂ ਕਰਨਾ ਪਵੇਗਾ, ਸਾਰੀ ਉਮਰ ਭਗਤ ਕਮਾਉਣਗੇ ਅਤੇ ਗੁਰੂ ਦਾ ਨਾਂ ਲੈ ਕੇ ਸਾਡੇ ਢਿੱਡਾਂ ਵਿਚ ਪਾਉਣਗੇ।

ਵਿਹਲੀਆਂ ਖਾਣ ਦੀ ਨੀਤ ਨਾਲ ਸਾਧਗਿਰੀ ਦਾ ਢਕਵੰਜ ਚਲਾਉਣ ਵਾਲੇ ਸਾਧਾਂ ਦੇ ਪਿੱਛੇ ਪੈਰੋਕਾਰਾਂ ਦੀ ਭੀੜ ਹੋਣ ਕਰ ਕੇ ਲੋਕ-ਤੰਤਰੀ ਜੰਗਾਂ ਵਿਚ ਗੱਦੀ ਦੀ ਲੜਾਈ ਜਿੱਤਣ ਦੇ ਸ਼ੌਕੀਨ ਰਾਜਸੀ ਆਗੂਆਂ ਦੀਆਂ ਕਾਰਾਂ ਇਨ੍ਹਾਂ ਦੇ ਡੇਰਿਆਂ ਵੱਲ ਜਾਣ ਲੱਗ ਪਈਆਂ। ਬਠਿੰਡੇ ਜ਼ਿਲ੍ਹੇ ਦੇ ਜੀਦੇ ਪਿੰਡ ਵਾਲਾ ਜਗਸੀਰ ਟੱਪੇ ਜੋੜਦਾ ਹੈ। ਇਕ ਟੱਪਾ ਉਸ ਨੇ ਇਹ ਵੀ ਜੋੜਿਆ ਹੋਇਆ ਹੈ, 'ਕਹਿੰਦੇ ਸੰਗਤ ਵੇਚਦੀ ਵੋਟਾਂ, ਸੰਗਤਾਂ ਨੂੰ ਸਾਧ ਵੇਚ ਗਏ'। ਇਹ ਗੱਲ ਸੱਚੀ ਹੈ। ਬਹੁਤ ਸਾਰੇ ਸਾਧਾਂ ਨੇ ਆਪਣੇ ਪਿੱਛੇ ਲੱਗੀ ਅਕਲ ਤੋਂ ਅੰਨ੍ਹੀ ਸੰਗਤ ਦਾ ਸੌਦਾ ਥੋਕ ਦੇ ਭਾਅ ਇਕ ਜਾਂ ਦੂਜੇ ਰਾਜਸੀ ਆਗੂ ਨਾਲ ਉਕਾ-ਪੁੱਕਾ ਕਰ ਲਿਆ ਅਤੇ ਮਗਰੋਂ ਜਦੋਂ ਕੀਤਾ ਭੁਗਤਿਆ ਤਾਂ ਸੰਗਤ ਨੂੰ ਵੀ ਭੁਗਤਣਾ ਪੈਂਦਾ ਰਿਹਾ ਹੈ। ਹੁਣ ਉਨ੍ਹਾਂ ਸਾਧਾਂ ਦਾ ਚਸਕਾ ਹੋਰ ਵਧ ਗਿਆ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਪੂੰਜੀਪਤੀ ਅਤੇ ਵੱਡੇ ਅਪਰਾਧੀ ਟੋਲਿਆਂ ਦੇ ਬੌਸ ਇਕ ਜਾਂ ਦੂਜੇ ਰਾਜਸੀ ਆਗੂ ਦੇ ਪਿੱਛੇ ਤਾਕਤ ਝੋਕ ਕੇ ਉਸ ਨੂੰ ਇਸ ਲਈ ਜਿਤਾਉਂਦੇ ਹਨ ਕਿ ਪਾਰਲੀਮੈਂਟ ਜਾਂ ਵਿਧਾਨ ਸਭਾ ਵਿਚ ਜਾ ਕੇ ਸਾਡਾ ਖਿਆਲ ਰੱਖੇਗਾ। ਫਿਰ ਇਹ ਕਿਹਾ ਜਾਣ ਲੱਗਾ ਕਿ ਹੁਣ ਇਹ ਕੰਮ ਕਰਨ ਲਈ ਉਹ ਖੁਦ ਹੀ ਪਾਰਟੀਆਂ ਤੋਂ ਟਿਕਟ ਲੈ ਕੇ ਇਨ੍ਹਾਂ ਥਾਵਾਂ ਉਤੇ ਪਹੁੰਚਣ ਲੱਗ ਪਏ ਹਨ ਤਾਂ ਕਿ ਆਪਣਾ ਖਿਆਲ ਆਪ ਰੱਖ ਸਕਣ।

ਇਹ ਰੁਝਾਨ ਪਿਛਲੇ ਸਮੇਂ ਵਿਚ ਭਾਰਤ ਵਿਚ ਸਾਧਾਂ ਅੰਦਰ ਵੀ ਵਾਹਵਾ ਤੇਜ਼ੀ ਨਾਲ ਵਧਿਆ ਹੈ। ਸਾਧਾਂ ਅਤੇ ਸਾਧਵੀਆਂ ਨੂੰ ਕਈ ਵਾਰੀ ਸ਼ਰਮਿੰਦਗੀ ਵੀ ਸਹਾਰਨੀ ਪਈ ਪਰ ਉਹ ਚਸਕਾ ਨਹੀਂ ਛੱਡ ਸਕੇ। ਸਾਧਵੀ ਉਮਾ ਭਾਰਤੀ ਜਿਨ੍ਹਾਂ ਭਾਜਪਾ ਆਗੂਆਂ ਕੋਲੋਂ ਟਕੋਰਾਂ ਕਰਵਾ ਕੇ ਗਈ ਅਤੇ ਫਿਰ ਚੋਣਾਂ ਵਿਚ ਉਨ੍ਹਾਂ ਅੱਗੇ ਬੇਵੱਸ ਹੋ ਕੇ ਪੱਤਰਕਾਰਾਂ ਸਾਹਮਣੇ ਅੱਖਾਂ ਵਿਚੋਂ ਗਲੇਡੂ ਸੁੱਟਦੀ ਸੀ, ਅੱਜ ਫਿਰ ਉਨ੍ਹਾਂ ਦੇ ਸਿਆਸੀ ਡੇਰੇ ਦੀ ਝਾੜੂ ਬਰਦਾਰ ਜਾ ਬਣੀ ਹੈ। ਉਹ ਤਾਂ ਸਿਰਫ਼ ਇਕ ਮਿਸਾਲ ਹੈ, ਭਾਰਤ ਵਿਚ ਲੋਕਾਂ ਨੂੰ ਮੁਕਤੀ ਦਾ ਦਰਵਾਜ਼ਾ ਵਿਖਾਉਣ ਦੇ ਦਾਅਵੇ ਕਰਨ ਵਾਲੇ ਇਹੋ ਜਿਹੇ ਦਰਜਨਾਂ ਹੋਰ ਸਾਧ ਤੇ ਸਾਧਵੀਆਂ ਇਕ ਜਾਂ ਦੂਜੀ ਪਾਰਟੀ ਦੇ ਲੀਡਰਾਂ ਦੇ ਅੱਗੇ-ਪਿੱਛੇ ਅਸੈਂਬਲੀ ਜਾਂ ਪਾਰਲੀਮੈਂਟ ਦੀ ਟਿਕਟ ਖਾਤਰ ਨੱਚਦੇ ਫਿਰਦੇ ਹਨ।

ਸਾਡੇ ਪੰਜਾਬ ਵਿਚ ਇਹ ਰੁਝਾਨ ਸੰਤ ਫਤਹਿ ਸਿੰਘ ਦੇ ਵੇਲੇ ਆਰੰਭ ਹੋਇਆ ਮੰਨਿਆ ਜਾਂਦਾ ਹੈ। ਅਕਾਲੀਆਂ ਨਾਲ ਫਿਰਦੇ ਹੋਏ ਉਸ ਨੇ ਜਦੋਂ ਉਨ੍ਹਾਂ ਦਾ ਟੌਹਰ ਵੇਖਿਆ ਤਾਂ ਰਾਜਨੀਤੀ ਜੋਗਾ ਹੋ ਕੇ ਰਹਿ ਗਿਆ ਅਤੇ ਫਿਰ ਮਰਨ-ਵਰਤ ਰੱਖਣ-ਛੱਡਣ ਦੇ ਡਰਾਮੇ ਕਰਦਾ ਰਿਹਾ, ਪਰ ਦਰਸ਼ਨ ਸਿੰਘ ਫੇਰੂਮਾਨ ਵੱਲੋਂ ਸਿਰੇ ਚਾੜ੍ਹੇ ਹੋਏ ਮਰਨ-ਵਰਤ ਮਗਰੋਂ ਸ਼ਰਮ ਨਾਲ ਮਰਨ ਜੋਗਾ ਹੋ ਗਿਆ ਸੀ। ਬਾਕੀਆਂ ਨੂੰ ਇਸ ਤੋਂ ਸਬਕ ਸਿੱਖਣਾ ਚਾਹੀਦਾ ਸੀ ਪਰ ਨਹੀਂ ਸਨ ਸਿੱਖ ਸਕੇ। ਸਮਾਂ ਪਾ ਕੇ ਟੌਹੜਾ-ਤਲਵੰਡੀ ਧੜੇ ਨੂੰ ਠਿੱਬੀ ਲਾਉਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਪ੍ਰਕਾਸ਼ ਸਿੰਘ ਬਾਦਲ ਦਾ ਧੜਾ ਡੇਰੇ ਵਿਚੋਂ ਕੱਢ ਕੇ ਰਾਜਨੀਤੀ ਵਿਚ ਅੱਗੇ ਲੈ ਆਇਆ ਸੀ।

ਸੰਤ ਲੌਂਗੋਵਾਲ ਨੂੰ ਭੁੱਲ ਗਿਆ ਕਿ ਰਾਜਨੀਤੀ ਵਿਚ ਕੋਈ ਕਿਸੇ ਦਾ ਸਕਾ ਨਹੀਂ ਹੁੰਦਾ। ਉਸ ਦੀ ਇਹੋ ਭੁੱਲ ਉਸ ਨੂੰ ਲੈ ਬੈਠੀ। ਉਸ ਨੇ ਰਾਜੀਵ ਗਾਂਧੀ ਨਾਲ ਮਿਲ ਕੇ ਪੰਜਾਬ ਸਮਝੌਤੇ ਉਤੇ ਦਸਤਖਤ ਕੀਤੇ ਤਾਂ ਸਭ ਤੋਂ ਪਹਿਲਾਂ ਉਸ ਦੇ ਇਸ ਕਦਮ ਨੂੰ 'ਪੰਜਾਬ ਅਤੇ ਸਿੱਖਾਂ ਨਾਲ ਗੱਦਾਰੀ' ਉਸੇ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਜਿਹੜਾ ਉਸ ਨੂੰ ਗੁਰਦੁਆਰੇ ਵਿਚੋਂ ਕੱਢ ਕੇ ਅਕਾਲੀ ਦਲ ਦੀ ਪ੍ਰਧਾਨਗੀ ਤੱਕ ਲੈ ਕੇ ਆਇਆ ਸੀ। ਜਿਸ ਨੂੰ ਗੱਦਾਰ ਹੀ ਕਹਿ ਦਿੱਤਾ, ਫਿਰ ਉਸ ਨੂੰ ਗੱਦਾਰੀ ਦੀ ਸਜ਼ਾ ਦੇਣ ਵਾਲੇ ਵੀ ਤੁਰ ਪਏ। ਅੱਜ ਦੀ ਹਾਲਤ ਇਹ ਹੈ ਕਿ ਅਕਾਲੀ ਦਲ ਸੰਤ ਲੌਂਗੋਵਾਲ ਨੂੰ ਵੀ ਸ਼ਹੀਦ ਕਹੀ ਜਾਂਦਾ ਹੈ ਤੇ ਉਸ ਦੇ ਕਾਤਲ ਨੂੰ ਵੀ। ਬਾਕੀ ਦੇ ਸੰਤਾਂ ਲਈ ਤਾਂ ਇੰਨਾ ਤਜਰਬਾ ਵੀ ਬਹੁਤ ਸੀ ਪਰ ਸਿੱਖ ਨਹੀਂ ਸਕੇ ਕਿਉਂਕਿ ਉਹ ਸਿੱਖਣਾ ਹੀ ਨਹੀਂ ਚਾਹੁੰਦੇ। ਜਿਵੇਂ ਕਦੇ ਅਰਜਨ ਦੀ ਅੱਖ ਨਿਸ਼ਾਨਾ ਫੁੰਡਣ ਲਈ ਬੋਹੜ ਦੇ ਟਾਹਣੇ ਉਤੇ ਬੈਠੀ ਇੱਲ ਦੀ ਅੱਖ ਉਤੇ ਟਿਕੀ ਹੋਈ ਸੀ, ਉਵੇਂ ਹੀ ਅੱਜ ਦੇ ਕਈ ਸਾਧਾਂ ਤੇ ਸੰਤਾਂ ਦੀ ਅੱਖ ਚੰਡੀਗੜ੍ਹ ਦੇ ਪੰਜਾਬ ਸੈਕਟਰੀਏਟ ਵਿਚ ਕਿਸੇ ਨਾ ਕਿਸੇ ਵਜ਼ੀਰੀ ਕੁਰਸੀ ਉਤੇ ਟਿਕੀ ਪਈ ਹੈ।

ਪਿਛਲੇ ਦਿਨੀਂ ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ ਤਾਂ ਸੰਤ ਸਮਾਜ ਦਾ ਇਕ ਧੜਾ ਪਹਿਲਾਂ ਬਾਦਲ ਅਕਾਲੀ ਦਲ ਦੇ ਵਿਰੋਧ ਵਿਚ ਝੰਡਾ ਚੁੱਕ ਤੁਰਿਆ ਤੇ ਫਿਰ ਉਸ ਨਾਲ ਉਹ ਸਮਝੌਤਾ ਕਰ ਗਿਆ ਜਿਹੜਾ ਅਸਲੋਂ ਭੀਖ ਮੰਗਣ ਵਰਗਾ ਸੀ। ਹੰਢੇ-ਵਰਤੇ ਮੁੱਖ ਮੰਤਰੀ ਬਾਦਲ ਨੇ ਪੌਣੇ ਦੋ ਸੌ ਸੀਟਾਂ ਦੇ ਢੇਰ ਵਿਚੋਂ ਇਨ੍ਹਾਂ ਨੂੰ ਤੀਹ ਸੀਟਾਂ ਦਾ ਪ੍ਰਸ਼ਾਦ ਦੇਣਾ ਮੰਨਿਆ ਤੇ ਜਦੋਂ ਸੀਟਾਂ ਦੀ ਨਿਸ਼ਾਨਦੇਹੀ ਕਰਨੀ ਸੀ ਤਾਂ ਕਹਿ ਦਿੱਤਾ ਕਿ ਇਨ੍ਹਾਂ ਤੀਹ ਸੀਟਾਂ ਵਿਚੋਂ ਵੀਹ ਉਮੀਦਵਾਰ ਤੁਸੀਂ ਉਹ ਆਪਣੇ ਮੰਨ ਲਵੋ ਜਿਹੜੇ ਮੱਥਾ ਟੇਕਣ ਤਾਂ ਤੁਹਾਡੇ ਡੇਰੇ ਨੂੰ ਜਾਂਦੇ ਹਨ ਪਰ ਰਾਜਨੀਤਕ ਵਫਾਦਾਰੀ ਮੇਰੇ ਨਾਲ ਰੱਖਦੇ ਹਨ। ਤਿਆਗੀ ਪੁਰਸ਼ ਕਹਾਉਣ ਵਾਲੇ ਸੰਤ ਬਾਬੇ ਖੜ੍ਹੇ ਪੈਰ ਬਾਦਲ ਦੀ ਇਹ ਗੱਲ ਇਸ ਕਰ ਕੇ ਮੰਨ ਗਏ ਕਿ ਜੇ ਉਸ ਨੇ ਇਸ ਤੋਂ ਵੀ ਮੁੱਖ ਮੋੜ ਲਿਆ ਤਾਂ ਫਿਰ ਹਾਲਤ 'ਨਾ ਖੁਦਾ ਹੀ ਮਿਲਾ, ਨਾ ਵਸਾਲੇ ਸਨਮ, ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ' ਵਾਲੀ ਬਣ ਜਾਣੀ ਹੈ। ਲੋਕਾਂ ਮੂਹਰੇ ਬੋਲਦਿਆਂ ਦੁਨਿਆਵੀ ਤਖਤਾਂ ਨੂੰ ਟਿੱਚ ਜਾਣਨ ਦੀਆਂ ਗੱਲਾਂ ਕਰਨ ਵਾਲੇ ਉਸੇ ਸੰਤ ਸਮਾਜ ਨੇ ਹੁਣ ਬਾਦਲ ਅਕਾਲੀ ਦਲ ਨੂੰ ਇਹ ਸੁਨੇਹਾ ਭੇਜ ਦਿੱਤਾ ਹੈ ਕਿ 'ਸਾਨੂੰ ਸਿਰਫ ਸੱਤ ਸੀਟਾਂ ਛੱਡ ਦਿਓ, ਅਸੀਂ ਹਰ ਮੈਦਾਨ ਨਾਲ ਨਿਭਣ ਨੂੰ ਤਿਆਰ ਹਾਂ ਅਤੇ ਭਾਜਪਾ ਤਾਂ ਕਿਧਰੇ ਰਹੀ, ਕਿਸੇ ਇਜ਼ਹਾਰ ਆਲਮ ਨੂੰ ਉਮੀਦਵਾਰ ਬਣਾਉਣ ਦਾ ਵੀ ਵਿਰੋਧ ਨਹੀਂ ਕਰਾਂਗੇ।' ਅੱਗੇ ਵੀ ਵਿਰੋਧ ਗੱਲੀਂ-ਬਾਤੀਂ ਸੀ। ਉਂਜ ਅਮਲ ਵਿਚ ਉਹ ਕਦੇ-ਕਦਾਈਂ ਭਾਜਪਾ ਜਾਂ ਇਜ਼ਹਾਰ ਆਲਮ ਵਰਗੇ ਪੁਲਿਸ ਅਫਸਰਾਂ ਦੇ ਵਿਰੋਧ ਦੀ ਸੁਰ ਇਸ ਲਈ ਕੱਢਦੇ ਰਹਿੰਦੇ ਹਨ ਕਿ ਰਾਜਸੀ ਲੀਡਰਾਂ ਨੂੰ ਉਨ੍ਹਾਂ ਦੀ ਲੋੜ ਜਾਪਦੀ ਰਹੇ। ਇਸ ਦਾ ਫਾਇਦਾ ਉਨ੍ਹਾਂ ਨੂੰ ਸੀਟਾਂ ਛੱਡਣ ਵਾਲੇ ਬਾਦਲ ਅਕਾਲੀ ਦਲ ਨੂੰ ਵੀ ਹੁੰਦਾ ਹੈ ਕਿਉਂਕਿ ਉਹ ਭਾਜਪਾ ਨੂੰ ਇਹ ਗੱਲ ਕਹਿ ਕੇ ਦਬਾਅ ਪਾ ਸਕਦਾ ਹੈ ਕਿ 'ਵੇਖ ਲਓ, ਸਿੱਖ ਸੰਤਾਂ ਦੇ ਇੰਨੇ ਵਿਰੋਧ ਦੇ ਬਾਵਜੂਦ ਅਸੀਂ ਤੁਹਾਡੇ ਨਾਲ ਸਾਂਝ ਨਿਭਾਈ ਜਾ ਰਹੇ ਹਾਂ।'



ਸੰਤ ਫਤਿਹ ਸਿੰਘ



ਸੰਤ ਲੌਂਗੋਵਾਲ



ਬਾਬਾ ਹਰਨਾਮ ਸਿੰਘ



ਗੁਰਚਰਨ ਸਿੰਘ ਟੌਹੜਾ

ਸਿਰਫ ਸੱਤ ਸੀਟਾਂ ਲਈ ਅਸ਼ਟਾਂਗ (ਸਰੀਰ ਦੇ ਅੱਠੇ ਅੰਗ ਧਰਤੀ ਨਾਲ ਲਾ ਕੇ) ਪ੍ਰਣਾਮ ਕਰਨ ਨੂੰ ਤਿਆਰ ਖੜ੍ਹੇ ਸੰਤਾਂ ਨੂੰ ਪਹਿਲਾਂ ਆਪਣੀ ਬੁੱਕਲ ਵਿਚ ਝਾਤੀ ਮਾਰਨੀ ਚਾਹੀਦੀ ਹੈ। ਜੇ ਉਨ੍ਹਾਂ ਨੇ ਚੋਣਾਂ ਦੇ ਦਿਨਾਂ ਵਿਚ ਰਾਜਸੀ ਨੌਟੰਕੀ ਦੇ ਕਲਾਕਾਰ ਹੀ ਬਣਨਾ ਹੈ ਤਾਂ ਸਿੱਧੇ ਤੌਰ ਉਤੇ ਮੈਦਾਨ ਵਿਚ ਆ ਜਾਣ, ਕੋਈ ਉਨ੍ਹਾਂ ਨੂੰ ਰੋਕੇਗਾ ਨਹੀਂ ਪਰ ਸੰਤ ਦੇ ਭੇਸ ਵਿਚ ਰਾਜਨੀਤੀ ਕਰ ਕੇ ਸਿੱਧੜ ਸੁਭਾਅ ਸੰਗਤਾਂ ਨੂੰ ਇਸ ਤਰ੍ਹਾਂ ਧੋਖਾ ਤਾਂ ਨਾ ਦੇਣ।

ਬੜੀ ਪੁਰਾਣੀ ਕਹਾਣੀ ਹੈ ਕਿਸੇ ਤਿਆਗੀ ਹੋਣ ਦਾ ਭਰਮ ਪਾਲਣ ਵਾਲੇ ਭੇਖੀ ਸੰਤ ਬਾਰੇ। ਉਹ ਸ਼ਾਮ ਵੇਲੇ ਕਿਸੇ ਪਿੰਡ ਗਿਆ ਅਤੇ ਸਰਦੀਆਂ ਦੇ ਦਿਨਾਂ ਵਿਚ ਧੂੰਏਂ ਦੀ ਅੱਗ ਸੇਕ ਰਹੇ ਲੋਕਾਂ ਕੋਲ ਜਾ ਕੇ ਬੋਲਿਆ: 'ਕੋਈ ਕਬਰ ਖਾਲੀ ਹੈ, ਮੁਰਦਾ ਲੇਟਣਾ ਚਾਹੁੰਦਾ ਹੈ?' ਬਾਕੀ ਸਾਰੇ ਜਣੇ ਹੱਸ ਪਏ ਪਰ ਤੇਜ਼ ਬੁੱਧੀ ਵਾਲੇ ਇਕ ਬੰਦੇ ਨੇ ਗੱਲ ਸਮਝ ਲਈ ਕਿ ਇਹ ਸੰਤ ਤਿਆਗੀ ਹੋਣ ਕਰ ਕੇ ਆਪਣੇ ਆਪ ਨੂੰ ਮੁਰਦੇ ਸਮਾਨ ਸਮਝਦਾ ਹੈ ਤੇ ਰਾਤ ਕੱਟਣ ਲਈ ਟਿਕਾਣਾ ਭਾਲ ਰਿਹਾ ਹੈ। ਉਹ ਉਸ ਸੰਤ ਨੂੰ ਆਪਣੇ ਘਰ ਲੈ ਗਿਆ। ਜਾ ਕੇ ਰੋਟੀ ਖਵਾਈ ਤੇ ਸੌਣ ਲਈ ਬਿਸਤਰਾ ਵਿਛਾ ਦਿੱਤਾ। ਆਪ ਵੀ ਜਾ ਕੇ ਆਪਣੀ ਮੰਜੀ ਉਤੇ ਲੇਟ ਗਿਆ। ਅੱਧੀ ਕੁ ਰਾਤ ਨੂੰ ਗਵਾਂਢ ਵਿਚੋਂ ਜ਼ਰਾ ਕੁ ਖੜਾਕ ਹੋਇਆ ਤਾਂ ਸਾਧ ਉਠ ਕੇ ਉਧਰ ਨੂੰ ਵੇਖਣ ਚਲਾ ਗਿਆ। ਕੋਈ ਬੰਦਾ ਕੰਧ ਨਾਲ ਖੜ੍ਹਾ ਸੀ। ਕੁਝ ਦੇਰ ਬਾਅਦ ਇਕ ਔਰਤ ਨਿਕਲੀ ਤੇ ਦੋਵੇਂ ਕਿਸੇ ਪਾਸੇ ਜਾਣ ਲੱਗੇ ਵੇਖ ਕੇ ਸਾਧ ਮਗਰ ਹੋ ਤੁਰਿਆ। ਕੁਝ ਦੂਰ ਜਾ ਕੇ ਉਹ ਔਰਤ ਤੇ ਮਰਦ ਘੋੜੀ ਉਤੇ ਸਵਾਰ ਹੋਏ ਤੇ ਫਿਰ ਦੌੜਾਂ ਲਾ ਕੇ ਅੱਖਾਂ ਤੋਂ ਓਝਲ ਹੋ ਗਏ। ਸਾਧ ਵਾਪਸ ਆ ਕੇ ਮੰਜੇ ਉਤੇ ਸੌਂ ਗਿਆ।

ਦਿਨ ਚੜ੍ਹੇ ਜਦੋਂ ਪਿੰਡ ਵਿਚ ਔਰਤ ਦੇ ਨਿੱਕਲ ਜਾਣ ਦਾ ਰੌਲਾ ਪਿਆ ਹੋਇਆ ਸੀ ਤਾਂ ਸਵੇਰ ਦੇ ਨਾਸ਼ਤੇ ਵੇਲੇ ਸਾਧ ਨੇ ਘਰ ਦੇ ਮਾਲਕ ਨੂੰ ਸਾਰੀ ਕਹਾਣੀ ਸੁਣਾ ਦਿੱਤੀ। ਘਰ ਦੇ ਮਾਲਕ ਨੇ ਉਸ ਦੇ ਅੱਗਿਓਂ ਰੋਟੀ ਦੀ ਥਾਲੀ ਖਿੱਚ ਲਈ। ਸਾਧ ਨੇ ਕਾਰਨ ਪੁੱਛਿਆ ਤਾਂ ਉਸ ਕਿਰਤੀ ਬੰਦੇ ਨੇ ਹੱਸ ਕੇ ਕਿਹਾ, 'ਸ਼ਾਮ ਵੇਲੇ ਤੂੰ ਘਰ ਨੂੰ ਕਬਰ ਅਤੇ ਆਪਣੇ ਆਪ ਨੂੰ ਮੁਰਦਾ ਕਹਿੰਦਾ ਸੀ। ਅੱਧੀ ਰਾਤ ਨੂੰ ਵੀ ਕਬਰ ਤਾਂ ਕਬਰ ਹੋਣ ਦਾ ਧਰਮ ਨਿਭਾਈ ਗਈ, ਸਾਰੇ ਦਿਨ ਦੇ ਕਿਰਤ ਕਰ ਕੇ ਥੱਕੇ ਹੋਣ ਕਰ ਕੇ ਅਸੀਂ ਆਰਾਮ ਨਾਲ ਸੁੱਤੇ ਰਹੇ ਤੇ ਤੂੰ ਮੁਰਦੇ ਦੀ ਥਾਂ ਲੋਕਾਂ ਦੇ ਇਸ਼ਕ ਦਾ ਮੁਸ਼ਕ ਸੁੰਘਣ ਤੁਰ ਪਿਆ ਸੀ। ਜ਼ਨਾਨੀ ਕਿਸੇ ਹੋਰ ਦੀ, ਨਿਕਲੀ ਕਿਸੇ ਹੋਰ ਨਾਲ ਸੀ; ਤੂੰ ਉਨ੍ਹਾਂ ਦੇ ਮਗਰ ਦਾਣੇ ਲੈਣ ਗਿਆ ਸੀ? ਜਦੋਂ ਤੂੰ ਦੁਨੀਆਦਾਰੀ ਹੀ ਛੱਡ ਦਿੱਤੀ ਸੀ, ਫਿਰ ਇਥੇ ਜੋ ਮਰਜ਼ੀ ਹੁੰਦਾ ਰਹੇ, ਤੂੰ ਇਸ ਵਿਚ ਲੱਤ ਕਿਉਂ ਫਸਾਈ ਸੀ?' ਇਹੋ ਕੁਝ ਹੁਣ ਪੰਜਾਬ ਦੇ ਸੰਤ ਕਰਦੇ ਫਿਰਦੇ ਹਨ।

ਕਬੀਰ ਜੀ ਸੰਤ ਸਨ, ਅਕਲ ਦਾ ਦਾਨ ਵੰਡਣ ਵਾਲੇ ਸੰਤ। ਉਨ੍ਹਾਂ ਨੇ ਸਾਧਾਂ ਦੇ ਭੇਖ ਲੱਥਣ ਬਾਰੇ ਵੀ ਲਿਖਿਆ ਹੈ:

ਕਬੀਰ ਖਿੰਥਾ ਜਲਿ ਕੋਇਲਾ ਭਈ
ਖਾਪਰੁ ਫੂਟ ਮਫੂਟ॥
ਜੋਗੀ ਬਪੁੜਾ ਖੇਲਿਓ
ਆਸਨਿ ਰਹੀ ਬਿਭੂਤਿ॥

ਇਸ ਦਾ ਭਾਵ ਇਹ ਹੈ ਕਿ ਜੋਗੀ ਦਾ ਚੋਲਾ ਸੜ ਗਿਆ ਹੈ, ਭੇਖ ਖਤਮ ਹੋ ਗਿਆ ਹੈ, ਜੋਗੀ ਜਾਂ ਉਸ ਦੇ ਅੰਦਰ ਦਾ ਜੋਗੀ ਤਾਂ ਸੜ ਮਰਿਆ ਹੈ, ਬਾਕੀ ਹੁਣ ਸਵਾਹ ਰਹਿ ਗਈ ਜਾਪਦੀ ਹੈ। ਇਹੋ ਕੁਝ ਪੰਜਾਬ ਵਿਚ ਹੋ ਰਿਹਾ ਹੈ। ਜਗਸੀਰ ਜੀਦਾ ਠੀਕ ਆਖਦਾ ਹੈ, 'ਕਹਿੰਦੇ ਸੰਗਤ ਵੇਚਦੀ ਵੋਟਾਂ, ਸੰਗਤਾਂ ਨੂੰ ਸਾਧ ਵੇਚ ਗਏ।'


ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਫੌਜ ਦੀਆਂ ਵਧੀਕੀਆਂ ਖਿਲਾਫ ਬਗਾਵਤ




## ਅਫਸਪਾ ਮਨਸੂਖ ਹੋਣਾ ਚਾਹੀਦਾ...

*ਜੰਮੂ ਕਸ਼ਮੀਰ ਵਿਚੋਂ ਆਰਮਡ ਫੋਰਸਜ਼ (ਜੰਮੂ ਕਸ਼ਮੀਰ) ਸਪੈਸ਼ਲ ਪਾਵਰਜ਼ ਐਕਟ ਮਨਸੂਖ ਕਰਨ ਦਾ ਮੁੱਦਾ ਵਾਹਵਾ ਭਖਿਆ ਹੋਇਆ ਹੈ। ਮਨੁੱਖੀ ਅਧਿਕਾਰਾਂ ਦੇ ਕਾਮਿਆਂ ਤੋਂ ਇਲਾਵਾ ਸੂਬੇ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਹ ਐਕਟ ਰੱਦ ਕਰਵਾਉਣ ਲਈ ਮੁਹਿੰਮ ਵਿੱਢੀ ਹੋਈ ਹੈ। ਫੌਜ ਲਈ ਵਿਸ਼ੇਸ਼ ਤਾਕਤਾਂ ਦੇਣ ਵਾਲਾ ਐਕਟ (ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ-ਅਫਸਪਾ) ਭਾਰਤ ਦੀ ਸੰਸਦ ਵੱਲੋਂ 11 ਸਤੰਬਰ 1958 ਨੂੰ ਬਣਾਇਆ ਗਿਆ ਸੀ। ਇਸ ਐਕਟ ਤਹਿਤ ਫੌਜ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਇਹ ਐਕਟ ਉਦੋਂ ਗੜਬੜ ਵਾਲੇ ਮੰਨੇ ਗਏ ਸੂਬਿਆਂ-ਅਰੁਣਾਚਲ ਪ੍ਰਦੇਸ਼, ਆਸਾਮ, ਮਨੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ ਅਤੇ ਤ੍ਰਿਪੁਰਾ ਵਿਚ ਲਾਗੂ ਕੀਤਾ ਗਿਆ। ਪਿੱਛੋਂ ਜੁਲਾਈ 1990 ਵਿਚ ਇਸੇ ਐਕਟ ਵਿਚ ਮਾਮੂਲੀ ਜਿਹੀ ਸੋਧ ਕਰਕੇ ਇਸ ਨੂੰ ਆਰਮਡ ਫੋਰਸਜ਼ (ਜੰਮੂ ਕਸ਼ਮੀਰ) ਸਪੈਸ਼ਲ ਪਾਵਰਜ਼ ਐਕਟ ਦਾ ਨਾਂ ਦੇ ਕੇ ਜੰਮੂ ਕਸ਼ਮੀਰ ਵਿਚ ਲਾਗੂ ਕਰ ਦਿੱਤਾ ਗਿਆ।*

## ਲੜਾਈ ਦੀ ਧਾਰ: ਇਰੋਮ ਚਾਨੂੰ ਸ਼ਰਮੀਲਾ

ਕੌਂਗਪਾਲ (ਮਨੀਪੁਰ) ਵਿਚ 14 ਮਾਰਚ 1972 ਨੂੰ ਜੰਮੀ ਸ਼ਰਮੀਲਾ 11 ਵਰ੍ਹਿਆਂ ਤੋਂ 'ਅਫਸਪਾ' ਰੱਦ ਕਰਵਾਉਣ ਲਈ ਮਰਨ ਵਰਤ 'ਤੇ ਹੈ। ਉਹਨੇ 2 ਨਵੰਬਰ 2000 ਨੂੰ ਆਪਣਾ ਮਰਨ ਵਰਤ ਸ਼ੁਰੂ ਕੀਤਾ ਸੀ। ਇੰਨੇ ਲੰਮੇ ਸੰਘਰਸ਼ ਦੀ ਸੰਸਾਰ ਭਰ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ।

ਸ਼ਰਮੀਲਾ ਨੇ ਇਹ ਮਰਨ ਵਰਤ ਮੈਲਮ ਵਿਖੇ ਹੋਏ ਕਤਲੇਆਮ ਤੋਂ ਬਾਅਦ ਸ਼ੁਰੂ ਕੀਤਾ ਸੀ ਜਿਸ ਵਿਚ 10 ਜਣਿਆਂ ਨੂੰ ਫੌਜ ਨੇ ਮਾਰ ਮੁਕਾਇਆ ਸੀ। ਉਹ ਉਸ ਵੇਲੇ 28 ਵਰ੍ਹਿਆਂ ਦੀ ਸੀ। ਵਰਤ ਸ਼ੁਰੂ ਕਰਨ ਤੋਂ ਤੀਜੇ ਦਿਨ ਬਾਅਦ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਅਤੇ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਗਿਆ। ਇਸ ਤੋਂ ਬਾਅਦ ਉਸ ਦੀ ਰਿਹਾਈ ਅਤੇ ਗ੍ਰਿਫਤਾਰੀ



ਦਾ ਅਮੁੱਕ ਸਿਲਸਿਲਾ ਸ਼ੁਰੂ ਹੋ ਗਿਆ।

ਸ਼ਰਮੀਲਾ ਨੇ ਆਪਣੀ ਮਾਂ ਇਰੋਮ ਓਂਗਬੀ ਸਖੀ ਨਾਲ ਵਾਅਦਾ ਕੀਤਾ ਸੀ ਕਿ ਉਹ 'ਅਫਸਪਾ' ਰੱਦ ਕਰਵਾ ਕੇ ਹੀ ਉਸ ਦਾ ਮੂੰਹ ਦੇਖੇਗੀ। ਗਿਆਰਾਂ ਵਰ੍ਹਿਆਂ ਤੋਂ ਉਸ ਨੇ ਆਪਣੀ ਮਾਂ ਦਾ ਮੂੰਹ ਨਹੀਂ ਦੇਖਿਆ ਹੈ। ਮੀਡੀਆ ਵਿਚ ਇਸ ਬਾਰੇ ਖਬਰਾਂ ਨਸ਼ਰ ਹੋਣ ਤੋਂ ਬਾਅਦ ਮਾਂ ਨੇ ਸੰਘਰਸ਼ ਵਿਚ ਪਈ ਆਪਣੀ ਧੀ ਨੂੰ ਫਿਰ ਯਾਦ ਕਰਵਾਇਆ-"ਧੀਏ ਆਪਣੇ ਵਾਅਦੇ 'ਤੇ ਕਾਇਮ ਰਹੀਂ।" ਮਾਂ ਦੇ ਹਉਕਿਆਂ ਤੋਂ ਜਾਪਦਾ ਸੀ ਕਿ ਉਹ ਆਪ ਡੋਲ ਰਹੀ ਹੈ ਪਰ ਪੁੱਛਣ 'ਤੇ ਉਸ ਨੇ ਕਰੜੇ ਦਿਲ ਨਾਲ ਕਿਹਾ ਕਿ ਉਸ ਦਾ ਦਿਲ ਆਪਣੀ ਧੀ ਨੂੰ ਮਿਲਣ ਲਈ ਬਿਹਬਲ ਤਾਂ ਹੈ ਪਰ ਉਸ ਦੀ ਧੀ ਆਪਣੇ ਲੋਕਾਂ ਦੇ ਦੁੱਖ-ਦਰਦ ਕੱਟਣ ਲਈ ਘਰੋਂ ਗਈ ਹੈ, ਉਹ ਕਮਜ਼ੋਰ ਪੈ ਕੇ ਆਪਣੀ ਧੀ ਦਾ ਸੰਘਰਸ ਕਮਜ਼ੋਰ ਨਹੀਂ ਕਰੇਗੀ।

## ਮਨੋਰਮਾ: ਔਰਤ ਹੋਣ ਦਾ ਦਰਦ



ਮਨੀਪੁਰ ਦੀ 32 ਸਾਲਾ ਮਨੋਰਮਾ ਉਤੇ ਫੌਜ ਨੇ ਅਤਿਅੰਤ ਤਸ਼ੱਦਦ ਢਾਹਿਆ। ਉਸ ਨੂੰ 11 ਜੁਲਾਈ 2004 ਨੂੰ ਘਰੋਂ ਚੁੱਕਿਆ ਗਿਆ ਅਤੇ ਜਬਰ ਜਨਾਹ ਤੋਂ ਬਾਅਦ ਮਾਰ ਕੇ ਘਰ ਦੇ ਨੇੜੇ ਸੁੱਟ ਦਿੱਤਾ ਗਿਆ। ਇਸ ਘਟਨਾ ਤੋਂ ਬਾਅਦ ਸੂਬੇ ਵਿਚ ਵੱਡੇ ਪੱਧਰ 'ਤੇ ਵਿਖਾਵੇ ਹੋਏ। 15 ਜੁਲਾਈ ਨੂੰ ਮਨੋਰਮਾ ਦੀਆਂ ਦਲੇਰ ਸਾਥਣਾਂ ਇੰਫਾਲ ਵਿਚ ਫੌਜ ਦੇ ਹੈੱਡਕੁਆਰਟਰਜ਼ ਵਿਖੇ ਪਹੁੰਚ ਗਈਆਂ ਅਤੇ ਉਥੇ ਨੰਗੀਆਂ ਹੋ ਕੇ ਰੋਸ ਵਿਖਾਵਾ ਕੀਤਾ। ਉਨ੍ਹਾਂ ਨੇ ਹੱਥਾਂ ਵਿਚ ਤਖਤੀਆਂ ਫੜੀਆਂ ਹੋਈਆਂ ਸਨ: ਭਾਰਤੀ ਫੌਜ, ਸਾਨੂੰ ਰੇਪ ਕਰੋ। ਲੋਕਾਂ ਦਾ ਰੋਹ ਅਤੇ ਹਾਲਤ ਵਿਗੜਦੀ ਦੇਖ ਕੇ ਸੂਬੇ ਵਿਚ ਕਰਫਿਊ ਲਾ ਦਿੱਤਾ ਗਿਆ। ਲੋਕਾਂ ਨੇ ਕਰਫਿਊ ਦੀ ਵੀ ਪ੍ਰਵਾਹ ਨਾ ਕੀਤੀ ਅਤੇ ਗਲੀਆਂ-ਮੁਹੱਲਿਆਂ ਵਿਚ ਫੌਜੀ ਟੁਕੜੀਆਂ ਨਾਲ ਉਲਝ ਪਏ। 16 ਜੁਲਾਈ ਨੂੰ ਚੱਲੀ ਗੋਲੀ ਵਿਚ 100 ਤੋਂ ਉਪਰ ਲੋਕ ਜ਼ਖਮੀ ਹੋ ਗਏ ਪਰ ਲੋਕਾਂ ਦਾ ਗੁੱਸਾ ਸ਼ਾਂਤ ਨਹੀਂ ਹੋਇਆ। ਇਸੇ ਦਿਨ ਮੁੱਖ ਮੰਤਰੀ ਓਕਰਮ ਇਬੋਬੀ ਨੇ ਐਲਾਨ ਕੀਤਾ ਕਿ ਘਟਨਾ ਦੀ ਜਾਂਚ ਕਰਵਾ ਕੇ ਆਸਾਮ ਰਾਈਫਲਜ਼ ਦੇ ਦੋਸ਼ੀ ਫੌਜੀਆਂ ਨੂੰ ਸਜ਼ਾ ਦਿਵਾਈ ਜਾਵੇਗੀ। ਸਰਕਾਰ ਨੇ ਇਸ ਬਾਰੇ ਸੇਵਾ ਮੁਕਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਸੀ. ਉਪੇਂਦਰ ਦੀ ਅਗਵਾਈ ਵਿਚ ਜਾਂਚ ਕਮਿਸ਼ਨ ਬਿਠਾਇਆ। ਇਸ ਕਮਿਸ਼ਨ ਨੇ ਸਰਕਾਰ ਕੋਲ ਆਪਣੀ ਰਿਪੋਰਟ 22 ਨਵੰਬਰ 2004 ਨੂੰ ਸੌਂਪ ਦਿੱਤੀ। ਇਸੇ ਦੌਰਾਨ ਆਸਾਮ ਰਾਈਫਲਜ਼ ਨੇ ਗੁਹਾਟੀ ਹਾਈ ਕੋਰਟ ਵਿਚ ਕੇਸ ਦਰਜ ਕਰਵਾ ਦਿੱਤਾ ਕਿ ਸੂਬਾ ਸਰਕਾਰ ਵੱਲੋਂ ਕਰਵਾਈ ਜਾਂਚ ਗੈਰ-ਕਾਨੂੰਨੀ ਹੈ। ਹਾਈ ਕੋਰਟ ਨੇ 23 ਜੂਨ 2005 ਨੂੰ ਫੈਸਲਾ ਸੁਣਾ ਦਿੱਤਾ ਕਿ ਸੂਬਾ ਸਰਕਾਰ ਨੂੰ 'ਅਫਸਪਾ' ਲਾਗੂ ਹੋਣ ਕਾਰਨ ਫੌਜ ਖਿਲਾਫ ਜਾਂਚ ਕਮਿਸ਼ਨ ਬਣਾਉਣ ਦਾ ਵੀ ਹੱਕ ਨਹੀਂ ਹੈ। ਨਾਲ ਹੀ ਕਿਹਾ ਕਿ ਜਾਂਚ ਰਿਪੋਰਟ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਸੌਂਪ ਦਿੱਤੀ ਜਾਵੇ। ਮੰਤਰਾਲੇ ਰਿਪੋਰਟ ਦੀ ਘੋਖ ਕਰਕੇ ਅਗਾਂਹ ਕਾਰਵਾਈ ਕਰੇਗਾ। ਹਾਈ ਕੋਰਟ ਦੇ ਇਸ ਫੈਸਲੇ ਨਾਲ ਕੋਈ ਵੀ ਧਿਰ ਸਹਿਮਤ ਨਾ ਹੋਈ ਅਤੇ ਫੌਜ, ਸੂਬਾ ਸਰਕਾਰ ਅਤੇ ਮਨੋਰਮਾ ਦੇ ਪਰਿਵਾਰ ਨੇ ਹਾਈ ਕੋਰਟ ਵਿਚ ਫਿਰ ਆਪੋ-ਆਪਣੀਆਂ ਅਪੀਲਾਂ ਦਾਇਰ ਕਰਵਾ ਦਿੱਤੀਆਂ। ਗੁਹਾਟੀ ਹਾਈ ਕੋਰਟ ਦੇ ਜਸਟਿਸ ਅਮਤਵਾ ਰਾਏ ਅਤੇ ਜਸਟਿਸ ਬੀ.ਡੀ. ਅਗਰਵਾਲ ਨੇ 31 ਅਗਸਤ 2010 ਨੂੰ ਫੈਸਲਾ ਸੁਣਾਇਆ ਕਿ ਸੂਬਾ ਸਰਕਾਰ ਜਾਂਚ ਰਿਪੋਰਟ ਦੇ ਆਧਾਰ 'ਤੇ ਆਸਾਮ ਰਾਈਫਲਜ਼ ਦੇ ਫੌਜੀਆਂ ਖਿਲਾਫ ਕਾਰਵਾਈ ਕਰੇ ਪਰ ਅਜੇ ਤੱਕ ਕਿਸੇ ਨੂੰ ਵੀ ਸਜ਼ਾ ਨਹੀਂ ਦਿੱਤੀ ਗਈ।




*ਇੰਫਾਲ ਵਿਚ ਫੌਜ ਦੇ ਹੈਡਕੁਆਰਟਰਜ਼ ਅੱਗੇ ਨੰਗੀਆਂ ਹੋ ਕੇ ਵਿਖਾਵਾ ਕਰ ਰਹੀਆਂ ਔਰਤਾਂ।*


### ਉਮਰ ਫਾਰੂਕ ਦੀ ਦਲੀਲ

**ਸ੍ਰੀਨਗਰ:** ਜੰਮੂ-ਕਸ਼ਮੀਰ ਦੇ ਕੁਝ ਹਿੱਸਿਆਂ ਵਿੱਚੋਂ ਫ਼ੌਜ ਨੂੰ ਵਿਸ਼ੇਸ਼ ਅਧਿਕਾਰਾਂ ਬਾਰੇ ਐਕਟ (ਅਫਸਪਾ) ਹਟਾਉਣ ਦੇ ਮੁੱਦੇ 'ਤੇ ਫ਼ੌਜ ਨਾਲ ਹੋਈ ਤਿੱਖੀ ਸੁਰ ਦੀ ਗੱਲਬਾਤ ਤੋਂ ਬਾਅਦ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੋਲ ਇਸ ਵਿਵਾਦਗ੍ਰਸਤ ਕਾਨੂੰਨ ਨੂੰ ਹਟਾਉਣ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਜਿਨ੍ਹਾਂ ਇਲਾਕਿਆਂ ਵਿਚ ਫੌਜ ਵੱਲੋਂ ਚਿਰਾਂ ਤੋਂ ਅਫਸਪਾ ਤਹਿਤ ਕਾਰਵਾਈ ਕਰਨ ਦੀ ਲੋੜ ਹੀ ਨਹੀਂ ਸਮਝੀ ਗਈ, ਉਥੇ ਇਹ ਕਾਨੂੰਨ ਲਾਗੂ ਰੱਖਣ ਦੀ ਕੋਈ ਤੁਕ ਨਹੀਂ ਬਣਦੀ ਹੈ। 'ਅਫਸਪਾ' ਹਟਾਉਣ ਦੇ ਮੁੱਦੇ 'ਤੇ ਉਠੇ ਵਿਵਾਦ ਬਾਰੇ ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਕਿਹਾ ਕਿ ਇਸ ਮਾਮਲੇ ਵਿਚ ਆਖਰੀ ਫ਼ੈਸਲਾ ਸਾਂਝੇ ਕਮਾਂਡ ਹੈਡਕੁਆਰਟਰਜ਼ ਵੱਲੋਂ ਹੀ ਕੀਤਾ ਜਾਵੇਗਾ।



### ਜੁਝਾਰੂ ਲੇਖਕਾ ਅਰੁੰਧਤੀ ਰਾਏ ਵੱਲੋਂ ਅਫਸਪਾ ਰੱਦ ਕਰਨ ਦਾ ਹੋਕਾ

**ਨਵੀਂ ਦਿੱਲੀ:** ਮਨੁੱਖੀ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਚਰਚਿਤ ਲੇਖਕਾ ਅਰੁੰਧਤੀ ਰਾਏ ਨੇ ਕਿਹਾ ਹੈ ਕਿ ਜੰਮੂ ਕਸ਼ਮੀਰ ਵਿਚੋਂ ਅਫਸਪਾ ਤੁਰੰਤ ਹਟਾਇਆ ਜਾਵੇ। ਉਨ੍ਹਾਂ ਸਵਾਲ ਕੀਤਾ ਕਿ ਇਕ ਪਾਸੇ ਤਾਂ ਟਾਹਰਾਂ ਮਾਰੀਆਂ ਜਾ ਰਹੀਆਂ ਹਨ ਕਿ ਭਾਰਤ ਦੁਨੀਆ ਦਾ ਸਭ ਵੱਡਾ ਜਮਹੂਰੀ ਦੇਸ਼ ਹੈ ਪਰ ਇਸ ਦੇਸ਼ ਵਿਚ ਅਫਸਪਾ ਵਰਗੇ ਕਾਨੂੰਨ ਲਾਗੂ ਕੀਤੇ ਹੋਏ ਹਨ। ਅਜਿਹੇ ਲੋਕ ਵਿਰੋਧੀ ਕਾਨੂੰਨ ਤੁਰੰਤ ਰੱਦ ਹੋਣੇ ਚਾਹੀਦੇ ਹਨ।



## 'ਅਫਸਪਾ' ਤਹਿਤ ਫੌਜ ਨੂੰ ਮਿਲੇ ਅਧਿਕਾਰ



* ਜੇ ਫੌਜੀ ਅਫਸਰ ਨੂੰ ਲੱਗੇ ਕਿ ਕੋਈ ਬੰਦਾ ਜਾਂ ਬੰਦੇ ਕਾਨੰਨ ਦੀ ਅਵੱਗਿਆ ਕਰ ਰਹੇ ਹਨ ਤਾਂ ਉਹ ਗੋਲੀ ਚਲਾ ਸਕਦਾ ਹੈ ਜਾਂ ਹੋਰ ਕੋਈ ਕਾਰਵਾਈ ਕਰ ਸਕਦਾ ਹੈ ਭਾਵੇਂ ਸਬੰਧਤ ਬੰਦੇ ਜਾਂ ਬੰਦਿਆਂ ਦੀ ਮੌਤ ਹੀ ਕਿਉਂ ਨਾ ਹੋ ਜਾਵੇ।
* ਬਿਨਾ ਕਿਸੇ ਵਾਰੰਟ ਕਿਸੇ ਨੂੰ ਵੀ ਗ੍ਰਿਫਤਾਰ ਕੀਤਾ ਜਾ ਸਕਦਾ ਹੈ।
* ਕਿਸੇ ਦੀ ਗ੍ਰਿਫਤਾਰੀ ਲਈ ਕਿਸੇ ਵੀ ਘਰ ਵਿਚ ਵੜ ਕੇ ਕਿਸੇ ਵੇਲੇ ਵੀ ਤਲਾਸ਼ੀ ਲਈ ਜਾ ਸਕਦੀ ਹੈ।
* ਇਸ ਐਕਟ ਤਹਿਤ ਫੌਜ ਕਿਸੇ ਵੀ ਕਾਰਵਾਈ ਲਈ ਫੌਜ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਫੌਜ ਨੂੰ ਕਿਸੇ ਵੀ ਪ੍ਰਕਾਰ ਦੀ ਕਾਰਵਾਈ ਤੋਂ ਛੋਟ ਮਿਲ ਜਾਂਦੀ ਹੈ। ਇਥੋਂ ਤੱਕ ਕਿ ਇਸ ਖਿਲਾਫ ਕੋਈ ਕਾਨੂੰਨੀ ਚਾਰਾਜੋਈ ਵੀ ਨਹੀਂ ਹੋ ਸਕਦੀ।

### ਜੀਵਨ ਰੈਡੀ ਕਮਿਸ਼ਨ ਦਾ ਸੱਚ

2004 ਵਿਚ ਮਨੀਪੁਰ ਦੀ ਕੁੜੀ ਮਨੋਰਮਾ ਦੀ ਫੌਜ ਦੀ ਹਿਰਾਸਤ ਵਿਚ ਮੌਤ ਤੋਂ ਬਾਅਦ 'ਅਫਸਪਾ' ਖਿਲਾਫ ਭਕੇ ਅੰਦੋਲਨ ਤੋਂ ਬਾਅਦ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੇ ਮਨੀਪੁਰ ਦਾ ਦੌਰਾ ਕੀਤਾ। ਫਿਰ ਕੇਂਦਰ ਸਰਕਾਰ ਨੇ 'ਅਫਸਪਾ' ਬਾਰੇ ਪੁਨਰ-ਵਿਚਾਰ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ , ਜਸਟਿਸ ਬੀ.ਪੀ. ਜੀਵਨ ਰੈੱਡੀ ਦੀ ਅਗਵਾਈ ਹੇਠ ਕਮਿਸ਼ਨ ਬਣਾਇਆ। ਇਸ ਕਮਿਸ਼ਨ ਨੇ ਆਪਣੀ ਰਿਪੋਰਟ 6 ਜੂਨ 2005 ਨੂੰ ਸਰਕਾਰ ਕੋਲ ਸੌਂਪ ਦਿੱਤੀ ਪਰ ਸਰਕਾਰ ਨੇ ਇਸ ਕਮਿਸ਼ਨ ਦੇ ਸੁਝਾਵਾਂ ਵੱਲ ਅੱਜ ਤੱਕ ਕੋਈ ਧਿਆਨ ਨਹੀਂ ਧਰਿਆ ਹੈ। ਉਦੋਂ ਦੇ ਰੱਖਿਆ ਮੰਤਰੀ ਪ੍ਰਣਬ ਮੁਖਰਜੀ ਨੇ ਇਹ ਐਕਟ ਇਹ ਕਹਿ ਕੇ ਰੱਦ ਕਰਨ ਜਾਂ ਇਸ ਵਿਚ ਨਰਮੀ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਅਜਿਹਾ ਕਰਨਾ ਸੰਭਵ ਹੀ ਨਹੀਂ ਹੈ। 147 ਸਫਿਆਂ ਦੀ ਇਸ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਇਹ ਐਕਟ ਰੱਦ ਹੋਣਾ ਚਾਹੀਦਾ ਹੈ।

2 ਨਵੰਬਰ 2000 ਨੂੰ ਨੀਮ ਫੌਜੀ ਦਸਤੇ ਨੇ ਮੈਲਮ (ਮਨੀਪੁਰ) ਵਿਚ ਬੱਸ ਅੱਡੇ ਉਤੇ ਬੱਸ ਦੀ ਉਡੀਕ ਕਰ ਰਹੇ ਲੋਕਾਂ ਉਤੇ ਗੋਲੀ ਚਲਾ ਦਿੱਤੀ। ਇਸ ਕਾਰਵਾਈ ਵਿਚ ਔਰਤਾਂ, ਬੱਚਿਆਂ ਅਤੇ ਵਿਦਿਆਰਥੀਆਂ ਸਣੇ 10 ਜਣੇ ਮਾਰੇ ਗਏ। ਉਦੋਂ 'ਅਫਸਪਾ' ਹਟਾਉਣ ਦੀ ਮੰਗ ਨੂੰ ਲੈ ਕੇ ਮਨੀਪੁਰ ਦੀ ਮੁਟਿਆਰ ਇਰੋਮ ਚਾਨੂੰ ਸ਼ਰਮੀਲਾ (ਜਨਮ 14 ਮਾਰਚ 1972) ਨੇ ਮਰਨ ਵਰਤ ਰੱਖ ਲਿਆ। ਸ਼ਰਮੀਲਾ ਦਾ ਇਸ ਵਰਤ ਨੂੰ 11 ਸਾਲ ਹੋ ਗਏ ਹਨ ਪਰ ਸਰਕਾਰ 'ਤੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ। ਹੋਰ ਤਾਂ ਹੋਰ ਮੈਲਮ ਕਾਂਡ ਬਾਰੇ ਜਾਂਚ ਅਜੇ ਤੱਕ ਮੁਕੰਮਲ ਨਹੀਂ ਹੋਈ ਹੈ। 2204 ਅਤੇ 2005 ਵਿਚ ਗੁਹਾਟੀ ਹਾਈ ਕੋਰਟ ਦੇ ਇੰਫਾਲ ਬੈਂਚ ਦੀ ਹਦਾਇਤ 'ਤੇ ਘਟਨਾ ਦੀ ਜਾਂਚ ਸ਼ੁਰੂ ਕੀਤੀ ਗਈ। ਇਹ ਜਾਂਚ ਵੀ ਅਜੇ ਚੱਲ ਹੀ ਰਹੀ ਹੈ।

### ਸੰਯੁਕਤ ਰਾਸ਼ਟਰ ਦੇ ਸਵਾਲ

1991 ਵਿਚ ਜਦੋਂ ਭਾਰਤ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਕਮੇਟੀ ਕੋਲ ਰਿਪੋਰਟ ਪੇਸ਼ ਕੀਤੀ ਤਾਂ ਕਮੇਟੀ ਮੈਂਬਰਾਂ ਨੇ 'ਅਫਸਪਾ' ਲਾਉਣ ਬਾਰੇ ਕਈ ਸਵਾਲ ਕੀਤੇ। ਇਕ ਸਵਾਲ ਭਾਰਤੀ ਕਾਨੂੰਨ ਦੇ ਅਧੀਨ ਅਜਿਹਾ ਐਕਟ ਬਣਾਉਣ ਅਤੇ ਲਾਗੂ ਕਰਨ ਦੀ ਤੁਕ ਬਾਰੇ ਸੀ। ਉਦੋਂ ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਸਫੀਰ ਨਵਨੈਦਮ ਪਿੱਲੇ ਨੇ ਇਹ ਐਕਟ ਰੱਦ ਕਰਨ ਲਈ ਕਿਹਾ ਸੀ ਅਤੇ ਨਾਲ ਹੀ ਇਸ ਐਕਟ ਨੂੰ ਕੌਮਾਂਤਰੀ ਮਨੁੱਖੀ ਅਧਿਕਾਰਾਂ ਬਾਰੇ ਬਣਾਏ ਮਿਆਰਾਂ ਦੀ ਉਲੰਘਣਾ ਕਰਾਰ ਦਿੱਤਾ ਸੀ। ਇਸ 'ਤੇ ਭਾਰਤ ਦੇ ਅਟਾਰਨੀ ਜਨਰਲ ਦੀ ਦਲੀਲ ਸੀ ਕਿ ਉਤਰ-ਪੂਰਬੀ ਸੂਬਿਆਂ ਦੀ ਬਗਾਵਤ ਰੋਕਣ ਲਈ ਇਹ ਕਾਨੂੰ ਜ਼ਰੂਰੀ ਹੈ।

# ਤਾਮਿਲਨਾਡੂ ਦਾ ਚੋਣ ਅਧਿਕਾਰੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਤਾਇਨਾਤ

**ਚੰਡੀਗੜ੍ਹ:** ਆਗਾਮੀ ਵਿਧਾਨ ਸਭਾ ਚੋਣਾਂ ਮੌਕੇ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਤਾਮਿਲਨਾਡੂ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਪ੍ਰਵੀਨ ਕੁਮਾਰ ਨੂੰ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਬੀਬੀ ਕੁਸੁਮਜੀਤ ਸਿੱਧੂ ਨਾਲ ਸਹਿਯੋਗੀ ਵਜੋਂ ਤਾਇਨਾਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਦੇਸ਼ ਅੰਦਰ ਪਹਿਲੀ ਵਾਰੀ ਕਿਸੇ ਸੂਬੇ ਦੀਆਂ ਚੋਣਾਂ ਦੌਰਾਨ ਬਾਹਰਲੇ ਸੂਬੇ ਦੇ ਸੀ.ਈ.ਓ. ਨੂੰ ਤਾਇਨਾਤ ਕਰਨ ਦਾ ਫ਼ੈਸਲਾ ਲਿਆ ਜਾ ਰਿਹਾ ਹੈ।

ਉਂਜ ਇਹ ਜ਼ਿਕਰਯੋਗ ਹੈ ਕਿ ਤਾਮਿਲਨਾਡੂ ਵਿਚ ਹੋਈਆਂ ਚੋਣਾਂ ਦੌਰਾਨ ਚੋਣ ਕਮਿਸ਼ਨ ਦੇ ਅਧਿਕਾਰੀਆਂ ਦੀ ਮੁਸ਼ਤੈਦੀ ਸਦਕਾ ਉਸ ਵੇਲੇ ਦੀ ਹਾਕਮ ਪਾਰਟੀ ਡੀ.ਐਮ.ਕੇ. ਦੇ ਉਮੀਦਵਾਰਾਂ ਤੋਂ 58 ਕਰੋੜ ਰੁਪਏ ਦੀ ਰਾਸ਼ੀ ਬਰਾਮਦ ਕੀਤੀ ਗਈ ਸੀ। ਚੋਣ ਕਮਿਸ਼ਨ ਨਾਲ ਜੁੜੇ ਅਧਿਕਾਰੀਆਂ ਅਨੁਸਾਰ ਪੰਜਾਬ ਵਿਚ ਪਿਛਲੇ ਤਕਰੀਬਨ ਇਕ ਸਾਲ ਤੋਂ ਮਿਲ ਰਹੀਆਂ ਸ਼ਿਕਾਇਤਾਂ ਖਾਸ ਕਰ ਪੁਲਿਸ ਅਧਿਕਾਰੀਆਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ 'ਤੇ ਉਂਗਲ ਉੱਠਣ ਕਾਰਨ ਚੋਣ ਕਮਿਸ਼ਨ ਨੇ ਪੰਜਾਬ 'ਤੇ ਧਿਆਨ ਕੇਂਦਰਤ ਕੀਤਾ ਹੈ। ਪੰਜਾਬ ਦੇ ਨਾਲ ਹੀ ਉਤਰਾਖੰਡ, ਮਨੀਪੁਰ ਤੇ ਗੋਆ ਵਿਧਾਨ ਸਭਾ ਦੀਆਂ ਚੋਣਾਂ ਵੀ ਹੋ ਰਹੀਆਂ ਹਨ ਪਰ ਕਮਿਸ਼ਨ ਵੱਲੋਂ ਉਕਤ ਤਿੰਨਾਂ ਰਾਜਾਂ ਵਿਚ ਅਜਿਹਾ ਕੋਈ ਤਜਰਬਾ ਨਹੀਂ ਕੀਤਾ ਜਾ ਰਿਹਾ।

ਤਾਮਿਲਨਾਡੂ ਦੇ ਸੀ.ਈ.ਓ. ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਕਈ ਵਾਰੀ ਪੰਜਾਬ ਦਾ ਦੌਰਾ ਕਰ ਚੁੱਕੇ ਹਨ। ਮੁੱਖ ਚੋਣ ਕਮਿਸ਼ਨ ਦੀ ਟੀਮ ਨਾਲ ਇਹ ਅਧਿਕਾਰੀ 12 ਨਵੰਬਰ ਨੂੰ ਲੁਧਿਆਣਾ ਦੌਰੇ 'ਤੇ ਵੀ ਆਇਆ ਸੀ। ਮੁੱਖ ਚੋਣ ਕਮਿਸ਼ਨਰ ਡਾ. ਕੁਰੈਸ਼ੀ ਨੇ ਤਾਂ ਪ੍ਰਵੀਨ ਕੁਮਾਰ ਨੂੰ ਹੁਣੇ ਤੋਂ ਪੰਜਾਬ ਵਿਚ ਡੇਰੇ ਲਾਉਣ ਲਈ ਆਖ ਦਿੱਤਾ ਸੀ ਪਰ ਉਨ੍ਹਾਂ ਚੋਣਾਂ ਮੌਕੇ ਸੇਵਾਵਾਂ ਦੇਣ ਲਈ ਕਿਹਾ ਹੈ।










## ਪੁਸਤਕ 'ਗੱਲੀਂ ਬਾਤੀਂ' ਦੀ ਘੁੰਡ ਚੁਕਾਈ

# ਅਸ਼ੋਕ ਭੌਰਾ ਦੀਆਂ ਲਿਖਤਾਂ ਤੇ ਜਾਦੂਮਈ ਸ਼ਬਦਾਂ ਦੀ ਭਰਪੂਰ ਪ੍ਰਸ਼ੰਸਾ



ਅਸ਼ੋਕ ਭੌਰਾ, ਤਰਲੋਚਨ ਸਿੰਘ ਦੁਪਾਲਪੁਰ, ਪ੍ਰਿਤਪਾਲ ਗਿੱਲ, ਬੀਬੀ ਸੁਰਜੀਤ ਕੌਰ, ਸੁਰਜੀਤ ਸੰਧੂ, ਬਿੱਕਰ ਕੰਮੇਆਣਾ, ਗੁਰਮੀਤ ਬਰਸਾਲ ਅਤੇ ਡਾ. ਹਰਮੇਸ਼ ਕੁਮਾਰ



ਮੇਜਰ ਕੁਲਾਰ ਬੋਪਾਰਾਏਕਲਾਂ, ਕੁਲਦੀਪ ਧਾਲੀਵਾਲ, ਜਗਤਾਰ ਗਿੱਲ, ਸੁਰਿੰਦਰ ਧਨੋਆ, ਜਸਪਾਲ ਸੈਣੀ, ਮੋਨੀਕਾ ਉਪਲ, ਨੀਲਮ ਸੈਣੀ, ਕੁਲਦੀਪ ਢੀਂਡਸਾ ਅਤੇ ਤਾਰਾ ਸਾਗਰ

**ਫਰੀਮਾਂਟ (ਬਿਊਰੋ):** ਵਿਦੇਸ਼ਾਂ ਵਿਚ ਮਸ਼ੀਨੀ ਯੁੱਗ ਵਾਂਗ ਮਸ਼ੀਨਾਂ ਵਰਗੀ ਜ਼ਿੰਦਗੀ ਜੀਅ ਰਿਹਾ ਮਨੁੱਖ ਜਦੋਂ ਚੰਗੀਆਂ ਲਿਖਤਾਂ ਰਾਹੀਂ ਆਪਣੀ ਮਿੱਟੀ ਨਾਲ ਜੁੜਦਾ ਤਾਂ ਮਨ ਤਰੋਤਾਜ਼ਾ ਵੀ ਹੋ ਜਾਂਦਾ ਹੈ ਤੇ ਸਕੂਨ ਵੀ ਮਿਲਦਾ ਹੈ, ਪਰ ਪਿਛਲੇ ਕੁਝ ਅਰਸੇ ਤੋਂ ਅਮਰੀਕਾ ਤੇ ਕੈਨੇਡਾ ਦੇ ਪੰਜਾਬੀ ਪਾਠਕਾਂ ਨੂੰ ਜਿਹੜਾ ਲੁਤਫ਼, ਸੁਨੇਹਾ ਅਤੇ ਸ਼ਬਦਾਂ ਦੀ ਸੰਗੀਤਕ ਰਿਦਮ ਐਸ. ਅਸ਼ੋਕ ਭੌਰਾ ਨੇ ਦਿੱਤੀ ਹੈ, ਉਹਦੇ ਨਾਲ ਪੰਜਾਬੀ ਸਾਹਿਤ ਵਿਚ ਬਹੁਤ ਕੁਝ ਨਵਾਂ ਵਾਪਰਿਆ ਹੈ। ਤੁਸੀਂ ਹੈਰਾਨ ਹੋਵੋਗੇ ਕਿ ਬਹੁਤੇ ਪਾਠਕ ਸਿੱਧੇ ਹੀ ਉਸ ਪੰਨੇ 'ਤੇ ਅੱਪੜਦੇ ਹਨ ਜਿਥੇ ਭੌਰਾ ਅੱਖ਼ਰਾਂ ਦਾ ਗੁਲਦਸਤਾ ਲੈ ਕੇ ਖੜ੍ਹਾ ਹੁੰਦਾ ਹੈ। ਪੱਖਪਾਤੀ ਨਹੀਂ, ਸਗੋਂ ਮੈਂ ਤਾਂ ਮਾਣ ਨਾਲ ਕਹਾਂਗਾ ਕਿ ਅਸ਼ੋਕ ਇਸ ਵੇਲੇ 'ਪੰਜਾਬ ਟਾਈਮਜ਼' ਅਤੇ 'ਇੰਡੋ-ਕੈਨੇਡੀਅਨ ਟਾਈਮਜ਼' ਰਾਹੀਂ ਉਤਰੀ ਅਮਰੀਕਾ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਲੇਖਕ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੱਥੇ 'ਇੰਡੀਆ ਕਿਚਨ' ਰੈਸਟੋਰੈਂਟ ਵਿਚ ਐਸ. ਅਸ਼ੋਕ ਭੌਰਾ ਦੀ ਵੱਡ-ਅਕਾਰੀ ਪੁਸਤਕ 'ਗੱਲੀਂਬਾਤੀਂ' ਦੇ ਰਿਲੀਜ਼ ਸਮਾਗਮ ਵਿਚ ਕੇਂਦਰੀ ਲਿਖਾਰੀ ਸਭਾ, ਉਤਰੀ ਅਮਰੀਕਾ ਵਲੋਂ ਉਚੇਚੇ ਤੌਰ 'ਤੇ ਆਪਣੀ ਪਤਨੀ ਬਲਜਿੰਦਰ ਕੌਰ ਨਾਲ ਸ਼ਾਮਲ ਹੋਣ ਆਏ ਨਾਮੀ ਸਾਹਿਤਕਾਰ ਕਵੀ ਪ੍ਰਿਤਪਾਲ ਗਿੱਲ ਨੇ ਕੀਤਾ। ਉਨ੍ਹਾਂ ਕਿਹਾ ਕਿ ਕੈਨੇਡਾ ਦਾ ਹਰ ਪੰਜਾਬੀ ਪਾਠਕ ਅਸ਼ੋਕ ਨੂੰ ਦਿਲ 'ਚ ਵਸਾਈ ਬੈਠਾ ਹੈ ਤੇ ਪੂਰੇ ਅਮਰੀਕਾ 'ਚ ਉਸ ਦਾ ਘੇਰਾ ਹੋਰ ਵੀ ਵੱਡਾ ਹੈ।

ਪੰਜਾਬ ਲੋਕ ਰੰਗ ਤੇ ਨਾਟਕਕਾਰ ਸੁਰਿੰਦਰ ਧਨੋਆ ਦੀ ਅਗਵਾਈ ਹੇਠ ਪੰਜਾਬੀ ਸਾਹਿਤ ਸਭਾ ਬੇ-ਏਰੀਆ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਇੰਡੋ ਯੂ.ਐਸ. ਡਾਇਲਾਗ ਅਤੇ ਪੰਜਾਬੀ ਗੀਤਕਾਰ ਮੰਚ ਦੇ ਸਾਂਝੇ ਯਤਨਾਂ ਨਾਲ ਕਰਵਾਏ ਗਏ ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਗੀਤਕਾਰ ਬਿੱਕਰ ਸਿੰਘ ਕੰਮੇਆਣਾ, ਚਰਨ ਸਿੰਘ ਜੱਜ, ਪ੍ਰਿਤਪਾਲ ਗਿੱਲ, ਬਲਜਿੰਦਰ ਕੌਰ ਗਿੱਲ, ਐਸ. ਅਸ਼ੋਕ ਭੌਰਾ, ਬੀਬੀ ਸੁਰਜੀਤ ਕੌਰ, ਰਾਜ ਭਨੋਟ, ਤਰਲੋਚਨ ਸਿੰਘ ਦੁਪਾਲਪੁਰ ਆਦਿ ਸ਼ਖ਼ਸੀਅਤਾਂ ਸੁਸ਼ੋਭਿਤ ਸਨ। ਪ੍ਰੋਗਰਾਮ ਦੀ ਸ਼ੁਰੂਆਤ ਨਾਮੀ ਸ਼ਾਇਰ ਕੁਲਵਿੰਦਰ ਨੇ ਆਪਣੀ ਗ਼ਜ਼ਲ ਤੇ ਕੁਝ ਪ੍ਰਭਾਵਸ਼ਾਲੀ ਸ਼ੇਅਰਾਂ ਨਾਲ ਕੀਤੀ। ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਮੁਖੀ ਚਰਨ ਸਿੰਘ ਜੱਜ ਨੇ ਕਿਹਾ ਕਿ ਅਸ਼ੋਕ ਦੀਆਂ ਲਿਖ਼ਤਾਂ ਨਾਲ ਹਰ ਪਾਠਕ ਘਿਓ-ਖਿਚੜੀ ਹੋ ਜਾਂਦਾ ਹੈ। ਉਸ ਦੀਆਂ ਪੱਤਰਕਾਰੀ ਸੁਭਾਅ ਦੀਆਂ ਰਚਨਾਵਾਂ ਵਿਚੋਂ ਵੀ ਸਾਹਿਤਕ ਛੋਹ ਨਿਖਰਦੀ ਹੈ। ਪ੍ਰੋ. ਜਸਪਾਲ ਸੈਣੀ ਨੇ ਕਿਹਾ ਕਿ ਬਿਨਾਂ ਸ਼ੱਕ ਅਸ਼ੋਕ ਭੌਰਾ ਇਸ ਵਕਤ ਪੰਜਾਬੀ ਸਾਹਿਤ ਦਾ ਨਾਮੀ ਹਸਤਾਖ਼ਰ ਹੈ ਤੇ ਉਸ ਦੀ ਹਰ ਲਿਖਤ ਸਾਂਭਣਯੋਗ ਹੁੰਦੀ ਹੈ।

ਪੰਜਾਬੀ ਗੀਤਕਾਰ ਮੰਚ ਦੇ ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਅਸ਼ੋਕ ਨੂੰ ਲਿਖਣਾ ਤਾਂ ਆਉਂਦਾ ਹੀ ਹੈ ਪਰ ਸਮਾਜਿਕ ਵਰਤਾਰੇ 'ਤੇ ਤਿੱਖੀ ਚੋਟ ਵੀ ਉਸ ਦੀ ਉਭਰਵੀਂ ਸਿਫਤ ਹੈ। ਅਸ਼ੋਕ ਹਰ ਰਚਨਾ ਵਿਚ ਇਕ ਉਦੇਸ਼ ਵੀ ਸਿਰਜਦਾ ਹੈ। ਪੰਜਾਬੀ ਸਾਹਿਤ ਸਭਾ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਅਸੀਂ ਅਸ਼ੋਕ ਨੂੰ ਨਿੱਜੀ ਤੌਰ 'ਤੇ ਜਾਣਦੇ ਹਾਂ ਤੇ ਉਹਦੇ ਨਾਲ ਵਿਚਰਦੇ ਵੀ ਹਾਂ। ਉਹਦੀਆਂ ਲਿਖਤਾਂ ਨਵੇਂ ਲੇਖਕਾਂ ਨੂੰ ਉਤਸ਼ਾਹਤ ਵੀ ਕਰਦੀਆਂ ਹਨ।

ਇੰਡੋ ਯੂ.ਐਸ. ਡਾਇਲਾਗ ਦੇ ਸੰਪਾਦਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅਸ਼ੋਕ ਨੂੰ ਪਤੈ ਕਿ ਜਸਵੰਤ ਸਿੰਘ ਕੰਵਲ ਵਾਂਗ ਹਰ ਪਾਠਕ ਨੂੰ ਆਪਣੀ ਲਿਖਤ ਨਾਲ ਸ਼ੁਰੂ ਤੋਂ ਅੰਤ ਤੱਕ ਕਿਵੇਂ ਉਂਗਲ ਫੜ ਕੇ ਨਾਲ ਤੋਰਨਾ ਹੈ। ਕਰੀਬ 35 ਵਰ੍ਹਿਆ ਦੇ ਵਕਫ਼ੇ ਵਿਚ ਨਿਰੰਤਰ ਲਿਖਣਾ ਤੇ ਚੰਗਾ ਲਿਖਣਾ, ਉਹਦੀ ਕਲਮ ਦਾ ਕਮਾਲ ਹੈ। ਉਹਨੂੰ ਸੰਗੀਤ ਦੀ ਸੂਝ ਕਰਕੇ, ਉਹਦੇ ਅੱਖ਼ਰਾਂ ਵਿਚ ਸੁਰ ਹੋਣ ਕਰਕੇ ਸ਼ਬਦ ਸੰਗੀਤਮਈ ਹੋ ਜਾਂਦੇ ਹਨ। 'ਅਜੀਤ' ਵਿਚਲੀਆਂ ਉਹਦੀਆਂ ਰਚਨਾਵਾਂ ਦਾ ਹੀ ਕਮਾਲ ਹੈ ਕਿ ਸ਼ੌਂਕੀ ਮੇਲੇ 'ਤੇ ਉਹਦੇ ਸੱਦੇ 'ਤੇ ਲੱਖਾਂ ਲੋਕਾਂ ਦਾ ਇਕੱਠ ਜੁੜਦਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵੇਲੇ ਉਹ ਉਤਰੀ ਅਮਰੀਕਾ ਦਾ ਪਹਿਲੇ ਨੰਬਰ ਦਾ ਲੇਖਕ ਹੈ।

ਬੀਬੀ ਸੁਰਜੀਤ ਕੌਰ ਨੇ ਕਿਹਾ ਕਿ ਜੀਹਨੇ ਹਾਲੇ ਤੀਕਰ ਅਸ਼ੋਕ ਨੂੰ ਨਹੀਂ ਪੜ੍ਹਿਆ, ਉਹ ਬਦਕਿਸਮਤ ਹੈ। ਕਈ ਅਜਿਹੇ ਵਾਕਾਂ ਤੇ ਸ਼ਬਦਾਂ ਨੂੰ ਉਹ ਸੰਭਾਲ ਰਿਹੈ ਜੋ ਲੁਪਤ ਹੁੰਦੇ ਜਾ ਰਹੇ ਹਨ। ਇੰਨਾ ਲਿਖਣਾ, ਲਗਾਤਾਰ ਲਿਖਣਾ ਤੇ ਪੜ੍ਹਨਯੋਗ ਲਿਖਣਾ ਭੌਰੇ ਦਾ ਹੀ ਕ੍ਰਿਸ਼ਮਾ ਹੈ। ਇਹਦਾ ਸਿਹਰਾ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਨੂੰ ਜਾਂਦਾ ਹੈ। 'ਲਿਖਤੁਮ' ਕਾਲਮ ਦੇ ਲੇਖਕ ਤਰਲੋਚਨ ਸਿੰਘ ਦੁਪਾਲਪੁਰ ਨੇ ਦੱਸਿਆ ਕਿ ਪੰਜਾਬ ਦਾ ਮੁੱਖ ਮੰਤਰੀ ਕਿਸੇ ਲੇਖਕ ਨੂੰ ਘਰੇ ਮਿਲਣ ਜਾਵੇ ਤਾਂ ਇਹ ਉਹਦੇ ਅੱਖਰਾਂ ਨੂੰ ਸ਼ਗਨ ਪਾਉਣਾ ਹੀ ਕਹਿ ਸਕਦੇ ਹਾਂ। ਉਹ ਪ੍ਰਕਾਸ਼ ਸਿੰਘ ਬਾਦਲ ਨਾਲ ਹੀ ਭੌਰੇ ਨੂੰ ਪਹਿਲੀ ਵਾਰ ਪਿੰਡ ਭੌਰੇ ਮਿਲੇ ਸਨ। ਅਸ਼ੋਕ ਦੀ ਜ਼ਿੰਦਗੀ ਤੇ ਲੇਖਣੀ 'ਚ ਉਹ ਦੀ ਪਤਨੀ ਕਸ਼ਮੀਰ ਕੌਰ ਦਾ ਅਹਿਮ ਯੋਗਦਾਨ ਹੈ। ਆਪਣੇ ਮਜ਼ਾਕੀਆ ਲਹਿਜ਼ੇ ਵਿਚ ਸ੍ਰੀ ਦੁਪਾਲਪੁਰ ਨੇ ਕਿਹਾ ਕਿ ਅਸ਼ੋਕ ਸ਼ਬਦਾਂ ਨੂੰ ਨਚਾ ਕੇ ਉਨ੍ਹਾਂ ਦੀ ਬੁੱਚੀਆਂ ਪੁਆ ਦਿੰਦਾ ਹੈ। 'ਮੂੰਹ ਆਈ ਬਾਤ' ਕਾਲਮ ਨਾਲ ਆਪਣੀ ਇਕ ਵੱਖਰੀ ਪਛਾਣ ਬਣਾ ਚੁਕੇ ਮੇਜਰ ਕੁਲਾਰ ਨੇ ਕਿਹਾ ਕਿ ਅਸ਼ੋਕ ਭੌਰੇ ਨੂੰ ਦੇਖ ਕੇ ਉਹ ਲਿਖਣ ਲੱਗਾ ਹੈ ਅਤੇ ਭੌਰੇ ਦੀ ਹੱਲਾਸ਼ੇਰੀ ਉਹਦੀ ਕਾਮਯਾਬੀ ਬਣੀ।

ਕਾਲਮਨਵੀਸ ਜਗਤਾਰ ਗਿੱਲ ਨੇ ਕਿਹਾ ਕਿ ਗਾਇਕਾਂ ਬਾਰੇ ਸਭ ਤੋਂ ਵੱਧ ਤੇ ਲੰਬਾ ਸਮਾਂ ਲਿਖਣ ਵਾਲੇ ਅਸ਼ੋਕ ਭੌਰੇ 'ਚ ਨਿਮਰਤਾ ਸਭ ਤੋਂ ਉਤਮ ਗੁਣ ਹੈ। ਡਾ. ਗੁਰਮੀਤ ਸਿੰਘ ਬਰਸਾਲ ਨੇ ਕਿਹਾ ਕਿ ਅਸ਼ੋਕ ਭੌਰਾ ਵਰਤਮਾਨ ਪੰਜਾਬੀ ਸਾਹਿਤ ਵਿਚ ਸਤਿਕਾਰਯੋਗ ਤੇ ਉਤਮ ਨਾਂ ਹੈ। ਡਾ. ਹਰਮੇਸ਼ ਕੁਮਾਰ ਨੇ ਕਿਹਾ ਕਿ 'ਗੱਲੀਂ ਬਾਤੀਂ' ਪੁਸਤਕ ਸੈਂਕੜੇ ਵਿਸ਼ਿਆਂ ਦਾ ਮਹਾਂ ਵਿਗਿਆਨ ਹੈ।

ਪੰਜਾਬੀ ਸਾਹਿਤ ਸਭਾ, ਬੇ-ਏਰੀਆ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਕਿਹਾ ਕਿ ਅਸ਼ੋਕ ਦੀ ਹਰ ਲਿਖਤ ਵਿਚ ਸੁਨਿਆਰ ਵਾਂਗ ਨਵਾਂ ਨਮੂਨਾ ਵੀ ਹੁੰਦਾ ਹੈ ਤੇ ਸੈਂਕੜੇ ਨਵੇਂ ਸ਼ਬਦ ਅਲੰਕਾਰ ਗਿੱਧਾ ਪਾਉਂਦੇ ਹਨ। ਸਭਾ ਦੀ ਜਨਰਲ ਸਕੱਤਰ ਨੀਲਮ ਸੈਣੀ ਨੇ ਕਿਹਾ ਕਿ ਅਸ਼ੋਕ ਪੰਜਾਬੀ ਸਾਹਿਤ ਦੀ ਚਲਦੀ-ਫਿਰਦੀ ਸੰਸਥਾ ਹੈ। ਨਿਰਵਿਰੋਧ ਕਹਿਣਾ ਹੋਵੇ ਤਾਂ ਸੱਚ ਇਹ ਹੈ ਕਿ ਉਹ ਸੱਚੀਂ ਸ਼ਬਦਾਂ ਦਾ ਜਾਦੂਗਰ ਹੈ। ਸਨੀਵੇਲ ਹਿੰਦੂ ਮੰਦਿਰ ਵਾਲੇ ਰਾਜ ਭਨੋਟ ਦਾ ਕਹਿਣਾ ਸੀ ਕਿ ਅਸ਼ੋਕ ਦਾ ਪਿਆਰ ਵੱਡਿਆਂ ਵੱਡਿਆਂ ਨੂੰ ਖਿੱਚ ਲਿਆਉਂਦਾ ਹੈ।

ਪੰਜਾਬ ਲੋਕ ਰੰਗ ਦੇ ਸੰਚਾਲਕ ਤੇ ਨਾਟਕਕਾਰ ਸੁਰਿੰਦਰ ਧਨੋਆ ਨੇ ਸਭ ਦਾ ਧੰਨਵਾਦ ਕਰਦਿਆਂ ਤੇ ਅਸ਼ੋਕ ਦੀ ਲਿਖਣ ਸ਼ੈਲੀ ਤੋਂ ਬਲਿਹਾਰੇ ਜਾਂਦਿਆਂ ਕਿਹਾ ਕਿ ਅਸੀਂ 'ਗੱਲੀਂ ਬਾਤੀਂ' ਦੀ ਘੁੰਡ ਚੁਕਾਈ ਦਾ ਸਮਾਗਮ ਕਰਕੇ ਅਹਿਸਾਨ ਨਹੀਂ ਕੀਤਾ, ਸਗੋਂ ਮਾਣ ਖੱਟਿਆ ਹੈ।

ਆਖ਼ਿਰ ਵਿਚ ਪੰਜਾਬੀ ਗਾਇਕਾਂ ਨਾਲ ਕੁਝ ਯਾਦਾਂ ਤਾਜ਼ਾ ਕਰਦਿਆਂ ਅਸ਼ੋਕ ਭੌਰਾ ਨੇ ਕਿਹਾ ਕਿ ਲੱਖਾਂ ਪਾਠਕਾਂ ਦੇ ਪਿਆਰ ਦਾ ਮੁੱਲ ਮੋੜਨਾ ਮੇਰੇ ਲਈ ਮੁਸ਼ਕਿਲ ਕਾਰਜ ਹੈ। ਲਿਖਣਾ ਮੇਰਾ ਸ਼ੌਕ ਹੈ ਤੇ 'ਗੱਲੀਂ ਬਾਤੀਂ' ਵਾਲੇ ਸ਼ੌਕ 'ਚੋਂ ਜੇ ਪੰਜਾਬੀ ਸਾਹਿਤ ਦੇ ਪੱਲੇ ਕੁਝ ਪੈ ਗਿਆ ਹੋਵੇ ਤਾਂ ਮੇਰਾ ਧੰਨ ਭਾਗ ਹੈ। 'ਅਜੀਤ' ਦੇ ਮੁੱਖ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਨੂੰ ਆਪਣੇ ਪਿਤਾ ਸਮਾਨ ਦੱਸਦਿਆਂ ਭੌਰਾ ਨੇ ਕਿਹਾ ਕਿ ਭਾਅ ਜੀ ਨੇ ਹੀ ਮੈਨੂੰ ਲਿਖਣਯੋਗ ਬਣਾਇਆ ਹੈ। ਉਨ੍ਹਾਂ ਸ. ਅਮੋਲਕ ਸਿੰਘ ਜੰਮੂ (ਪੰਜਾਬ ਟਾਈਮਜ਼), ਰੁਪਿੰਦਰ ਕੌਰ ਬੈਂਸ ਤੇ ਹਰਜੀਤ ਸਿੰਘ ਬੈਂਸ (ਇੰਡੋ-ਕੈਨੇਡੀਅਨ ਟਾਈਮਜ਼) ਦਾ ਉਹਦੀਆਂ ਲਿਖਤਾਂ ਨੂੰ ਯੋਗ ਥਾਂ ਦੇਣ ਅਤੇ ਛਾਪਣ ਲਈ ਧੰਨਵਾਦ ਕੀਤਾ। ਸ੍ਰੀ ਭੌਰਾ ਨੇ ਦੱਸਿਆ ਕਿ ਦੋ ਨੌਜਵਾਨਾਂ ਅਤੇ ਆਪਣੇ ਮਿੱਤਰਾਂ ਅਮਲੋਕ ਸਿੰਘ ਭੋਲਾ ਤੇ ਗੁਰਨੇਕ ਸਿੰਘ ਨਿੱਝਰ ਦੇ ਯਤਨਾਂ ਤੇ ਹੱਲਾਸ਼ੇਰੀ ਨਾਲ ਕਰੀਬ ਸੱਤ ਸੌ ਸਫਿਆਂ ਦੀ ਸਚਿੱਤਰ ਪੁਸਤਕ ਤੁਹਾਡੇ ਹੱਥਾਂ ਤੱਕ ਪੁੱਜਦੀ ਹੋ ਸਕੀ ਹੈ। ਫਰਿਜਨੋ ਦੀਆਂ ਨਾਮੀ ਹਸਤੀਆਂ ਨੇ ਇਸ ਦੇ ਪ੍ਰਕਾਸ਼ਨ ਵਿਚ ਵਿੱਤੀ ਸਹਿਯੋਗ ਦੇ ਕੇ ਉਸ ਦੇ ਸਾਹਿਤਕ ਜੀਵਨ ਵਿਚ ਨਵਾਂ ਰੰਗ ਭਰਿਆ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਦਿਲਾਵਰ ਸਿੰਘ ਚਾਹਲ, ਬਲਜੀਵਨ ਸਿੰਘ, ਕੁਲਵਿੰਦਰ ਕੌਰ, ਜਸਵਿੰਦਰ ਕੌਰ ਸੱਗੀ, ਦਰਸ਼ਨ ਕਹਿਲ, ਦਰਸ਼ਨ ਔਜਲਾ, ਗੁਰਸ਼ਰਨ ਸੇਖੋਂ, ਬਵੇਕ ਪੋਪਲੀ, ਯੂਬਾ ਸਿਟੀ ਤੋਂ ਸੁਸ਼ੀਲ ਸ਼ਰਮਾ, ਧਰਮ ਪਾਲ ਝਮਟ, ਪਾਲੀ ਧਨੌਲਾ, ਜਸਵਿੰਦਰ ਕੌਰ ਧਨੋਆ, ਗੁਰਜੀਤ ਕੌਰ, ਜੱਸੀ ਸਰਾਂ, ਜਸਵਿੰਦਰ ਕੌਰ, ਅਸ਼ੋਕ ਟਾਂਗਰੀ, ਬਲਵੀਰ ਚੁੰਬਰ, ਲਾਲੀ ਧਨੋਆ, ਮਨਜੀਤ ਕੌਰ ਆਹਲੂਵਾਲੀਆ, ਨਗਿੰਦਰ ਸਿੰਘ ਬਰਸਾਲ, ਲਾਜਵੰਤ ਲਾਜ, ਅਭੀ, ਨਵਦੀਪ ਪੰਨੂੰ, ਪਰਮਿੰਦਰ ਕੌਰ ਲਿੱਲੀ, ਭੁਪਿੰਦਰ ਕੌਰ ਧਾਲੀਵਾਲ, ਸ੍ਰੀਮਤੀ ਕਸ਼ਮੀਰ ਕੌਰ ਭੌਰਾ ਤੇ ਫ਼ਿਲਮ ਅਦਾਕਾਰ ਧਰਮਿੰਦਰ ਤੇ ਅਜੀਤ ਦਿਓਲ ਦੇ ਹਮਜਮਾਤੀ ਮਾਸਟਰ ਸੁਰਜੀਤ ਸਿੰਘ ਸੰਧੂ ਹਾਜ਼ਰ ਸਨ। ਕਰੀਬ ਪੰਜ ਘੰਟੇ ਚੱਲੇ ਇਸ ਸਮਾਰੋਹ ਦਾ ਮੰਚ ਸੰਚਾਲਨ ਪੰਜਾਬ ਲੋਕ ਰੰਗ ਦੀ ਰੂਹੇ-ਰਵਾਂ ਤੇ ਜਰਨਲਿਸਟ ਮੋਨਿਕਾ ਉਪਲ ਨੇ ਸ਼ਾਇਰਾਨਾ ਅੰਦਾਜ਼ ਵਿਚ ਕੀਤੀ।

**ਫਰਿਜ਼ਨੋ 'ਚ ਗੋਸ਼ਟੀ 3 ਦਸੰਬਰ ਨੂੰ:** ਪੁਸਤਕ 'ਗੱਲੀਂ ਬਾਤੀਂ' ਬਾਰੇ ਗੋਸ਼ਟੀ ਫਰਿਜ਼ਨੋ 'ਚ ਤਿੰਨ ਦਸੰਬਰ ਸ਼ਨਿਚਰਵਾਰ ਸ਼ਾਮੀ 5 ਵਜੇ ਹੋਵੇਗੀ। ਹਰਜਿੰਦਰ ਕੰਗ 'ਗੱਲੀਂ ਬਾਤੀਂ' ਦਾ ਵਿਸ਼ਲੇਸ਼ਣ ਕਰਨਗੇ ਤੇ ਅਮੋਲਕ ਸਿੰਘ (ਭੋਲਾ ਗੁਣਾਚੌਰ) ਅਤੇ ਗੁਰਨੇਕ ਸਿੰਘ ਨਿੱਝਰ ਦੀ ਅਗਵਾਈ ਵਿਚ ਇਸ ਵੱਖਰੀ ਤਰ੍ਹਾਂ ਦੇ ਸਮਾਗਮ ਵਿਚ ਸੈਂਟਰਲ ਵੈਲੀ ਦੀਆਂ ਨਾਮੀ ਹਸਤੀਆਂ ਸ਼ਾਮਲ ਹੋਣਗੀਆਂ। ਸ੍ਰੀ ਐਸ. ਅਸ਼ੋਕ ਭੌਰਾ ਸਭ ਨੂੰ ਪੁਸਤਕ ਦੀ ਇਕ ਇਕ ਕਾਪੀ ਭੇਟ ਕਰਨਗੇ ਤੇ ਧੰਨਵਾਦ ਹਿੱਤ ਡਿਨਰ ਵੀ ਦਿੱਤਾ ਜਾਵੇਗਾ।



ਪ੍ਰਿਤਪਾਲ ਸਿੰਘ ਅਤੇ ਸ੍ਰੀਮਤੀ ਬਲਜਿੰਦਰ ਕੌਰ ਨੂੰ ਪੁਸਤਕ 'ਗੱਲੀਂਬਾਤੀਂ' ਭੇਟ ਕਰਦੇ ਹੋਏ ਐਸ. ਅਸ਼ੋਕ ਭੌਰਾ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਕਸ਼ਮੀਰ ਕੌਰ ਭੌਰਾ



ਪੁਸਤਕ 'ਗੱਲੀਂਬਾਤੀਂ' ਦੇ ਰਿਲੀਜ਼ ਸਮਾਗਮ ਮੌਕੇ ਹਾਜ਼ਰ ਪਤਵੰਤੇ ਸੱਜਣ



ਸ੍ਰੀ ਅਸ਼ੋਕ ਭੌਰਾ ਪੰਜਾਬੀ ਲੋਕ ਰੰਗ ਮੰਚ ਦੀ ਟੀਮ ਨਾਲ



ਪੁਸਤਕ ਰਿਲੀਜ਼ ਸਮਾਗਮ ਮੌਕੇ ਅਸ਼ੋਕ ਭੌਰਾ ਤੇ ਕਸ਼ਮੀਰ ਕੌਰ ਭੌਰਾ ਨਾਲ ਬਲਬੀਰ ਕੌਰ, ਸਤਨਾਮ ਚੁੰਬਰ, ਪ੍ਰਿਤਪਾਲ ਸਿੰਘ ਅਤੇ ਬਲਜਿੰਦਰ ਕੌਰ



ਸ੍ਰੀ ਭੌਰਾ ਆਪਣੀ ਪੁਸਤਕ ਗੱਲੀਂ ਬਾਤੀ ਸ੍ਰੀ ਰਾਜ ਭਨੋਟ ਨੂੰ ਪੁਸਤਕ ਭੇਟ ਕਰਦੇ ਹੋਏ

# ਗਿਆਨੀ ਗੁਰਬਚਨ ਸਿੰਘ ਵੱਲੋਂ ਧਰਮ ਦੀ ਆੜ 'ਚ ਸਿਆਸਤ ਨਾ ਕਰਨ ਦੀ ਨਸੀਹਤ

**ਪਟਿਆਲਾ:** ਸਿਆਸੀ ਆਗੂਆਂ ਵੱਲੋਂ ਗੁਰਧਾਮਾਂ ਦੇ ਨਾਂ 'ਤੇ ਕੀਤੀ ਜਾ ਰਹੀ ਬਿਆਨਬਾਜ਼ੀ ਦਾ ਗੰਭੀਰ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਮੂਹ ਸਿਆਸਤਦਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਧਰਮ ਦੀ ਆੜ ਵਿਚ ਰਾਜਨੀਤੀ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਸਾਰੇ ਧਰਮ ਸਤਿਕਾਰਯੋਗ ਹਨ ਤੇ ਇਸ ਕਰਕੇ ਆਪਸੀ ਖਿੱਚੋਤਾਣ ਦੌਰਾਨ ਕਿਸੇ ਵੀ ਧਰਮ ਦੇ ਕਿਸੇ ਮਾਮਲੇ ਨੂੰ ਸਿਆਸੀ ਮੁੱਦਾ ਬਣਾ ਕੇ ਮੀਡੀਆ ਵਿਚ ਨਹੀਂ ਉਛਾਲਣਾ ਚਾਹੀਦਾ।

ਆਪਣੀ ਪਟਿਆਲਾ ਫੇਰੀ ਦੌਰਾਨ ਇਥੇ ਗੁਰਦੁਆਰਾ ਦੂਖਨਿਵਾਰਨ ਸਾਹਿਬ ਵਿਖੇ ਉਨ੍ਹਾਂ ਕਿਸੇ ਦਾ ਨਾਂ ਲਏ ਬਿਨਾਂ ਆਖਿਆ ਕਿ ਗੁਰਧਾਮਾਂ ਦੇ ਨਾਮ 'ਤੇ ਜੋ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ, ਉਸ ਨਾਲ ਕਿਸੇ ਸਾਂਝੇ ਮੰਚ 'ਤੇ ਬੈਠ ਕੇ ਨਜਿੱਠਿਆ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਕਾਂਗਰਸ ਵੱਲੋਂ ਸ਼੍ਰੋਮਣੀ ਕਮੇਟੀ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਖ਼ਰਚਿਆਂ ਵਿਚ ਘਪਲਾ ਹੋਣ ਦਾ ਮੁੱਦਾ ਉਭਾਰਿਆ ਜਾ ਰਿਹਾ ਹੈ। ਇਸ ਦੇ ਜਵਾਬ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਵੱਲੋਂ ਇਨ੍ਹਾਂ ਆਗੂਆਂ ਨੂੰ ਕੋਸਦਿਆਂ ਉਨ੍ਹਾਂ ਵੱਲੋਂ ਉਠਾਏ ਮੁੱਦੇ ਨੂੰ ਗੈਰਵਾਜਬ ਕਰਾਰ ਦਿੱਤਾ ਜਾ ਰਿਹਾ ਹੈ।

ਗਿਆਨੀ ਗੁਰਬਚਨ ਸਿੰਘ ਨੇ ਸਮਾਜ ਵਿਰੋਧੀ ਕੁਰੀਤੀਆਂ ਦੇ ਵਧ ਰਹੇ ਰੁਝਾਨ 'ਤੇ ਵੀ ਚਿੰਤਾ ਦਾ ਇਜ਼ਹਾਰ ਕੀਤਾ ਤੇ ਸਮੂਹ ਰਾਜਨੀਤਕ ਧਿਰਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਅਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਚੰਗੇ ਅਕਸ ਵਾਲੇ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰਨ ਤਾਂ ਜੋ ਸਮਾਜ ਦੇ ਤਾਣੇਬਾਣੇ ਦੀਆਂ ਉਲਝੀਆਂ ਤੰਦਾਂ ਨੂੰ ਸੁਲਝਾਇਆ ਜਾ ਸਕੇ। ਭਰੂਣ ਹੱਤਿਆ, ਨਸ਼ਿਆਂ ਤੇ ਪਤਿਤਪੁਣੇ ਸਮੇਤ ਅਜਿਹੇ ਹੋਰ ਮੁੱਦਿਆਂ ਬਾਰੇ ਉਨ੍ਹਾਂ ਆਖਿਆ ਕਿ ਇਸ ਵਕਤ ਉਸਾਰੂ ਸੋਚ ਵਾਲੇ ਨੁਮਾਇੰਦਿਆਂ ਨੂੰ ਅੱਗੇ ਲਿਆਉਣਾ ਸਮੇਂ ਦੀ ਮੁੱਖ ਲੋੜ ਹੈ। ਸਿੱਖੀ ਪੱਖੋਂ ਪੰਜਾਬ ਦੇ ਹਾਲਾਤ ਚਿੰਤਾਜਨਕ ਹਨ ਤੇ ਨੌਜਵਾਨ ਵਰਗ ਕੁਰਾਹੇ ਪੈ ਰਿਹਾ ਹੈ। ਉਨ੍ਹਾਂ ਨੇ ਜਗਤਾਰ ਸਿੰਘ ਹਵਾਰਾ 'ਤੇ ਕੀਤੇ ਗਏ ਹਮਲੇ ਦੀ ਕਾਰਵਾਈ ਨੂੰ ਵੀ ਧਰਮ ਦੀ ਆੜ 'ਚ ਰਾਜਨੀਤੀ ਕਰਨ ਦੇ ਤੁਲ ਕਰਾਰ ਦਿੱਤਾ।

Noble Dental Care



Family and Cosmetic Dentistry

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Shital Shah, DDS


Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,550*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

State of the Art Dental Technology
Most Dental PPO Plans Accepted
Interest Free Payment Plans Available

Ph:510-493-2130

www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058

WWW.DRNIJJAR.COM

(Across From Washigton Hospital & Bart)
1895 Mowry Ave. Ste 104 Fremont

Desi World Radio

Pure desi Entertainment



ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ, ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।

ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ

ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ

ਅਸੀ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ

Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento,Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,

WWW.desiworldradio.com
Email-Info@desiworldradio.com
Toll Free Number 1-800-604-6024

ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ

Dhillon Truck Stop
Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

# ਗੁਰੂ ਨਾਨਕ ਮੈਰਾਥਨ ਜੈਦੀਪ ਸਿੰਘ ਭਾਟੀਆ ਨੇ ਮੁੜ ਜਿੱਤੀ

**ਫਰੀਮਾਂਟ (ਬਿਊਰੋ):** ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਇਥੇ 12 ਨਵੰਬਰ ਨੂੰ ਕਰਵਾਈ ਗਈ ਪੰਜਵੀਂ ਸਾਲਾਨਾ ਗੁਰੂ ਨਾਨਕ ਮੈਰਾਥਨ ਦੌੜ ਇਸ ਸਾਲ ਫਿਰ ਜੈਦੀਪ ਸਿੰਘ ਭਾਟੀਆ ਦੇ ਨਾਮ ਰਹੀ। ਇਥੇ ਵਿਸ਼ਾਲ "ਵਰਜਿਨ ਲੇਕਸ" ਪਾਰਕ ਵਿਚ ਕਰਵਾਈ ਗਈ ਇਸ ਦੌੜ ਦੌਰਾਨ ਖਿਡਾਰੀਆਂ ਅਤੇ ਵੇਖਣ ਵਾਲਿਆਂ ਦੀ ਗਿਣਤੀ ਪਿਛਲੇ ਸਾਲ ਨਾਲੋਂ ਜ਼ਿਆਦਾ ਸੀ। ਮੌਸਮ ਵੀ ਸੁਹਾਵਣਾ ਸੀ ਅਤੇ ਪ੍ਰਬੰਧਕਾਂ ਵਲੋਂ ਪ੍ਰਬੰਧ ਵੀ ਬਹੁਤ ਵਧੀਆ ਕੀਤਾ ਗਿਆ ਸੀ।

ਮੈਰਾਥਨ ਸਵੇਰੇ 9.15 ਵਜੇ ਸ਼ੁਰੂ ਹੋਈ ਜਿਸ ਵਿਚ ਅਨੇਕਾਂ ਉਘੇ ਦੌੜਾਕਾਂ ਤੋਂ ਇਲਾਵਾ 35 ਐਥਲੀਟਾਂ ਨੇ ਭਾਗ ਲਿਆ। ਜੈਦੀਪ ਸਿੰਘ ਭਾਟੀਆ ਇਸ ਵਾਰ ਵੀ ਦੌੜ ਜਿੱਤ ਕੇ ਹੈਟ੍ਰਿਕ ਮਾਰਨ ਵਿਚ ਕਾਮਯਾਬ ਰਿਹਾ। ਦੂਸਰੇ ਸਥਾਨ 'ਤੇ ਮਾਈਕਲ ਕਿੰਗ ਅਤੇ ਤੀਸਰੇ 'ਤੇ ਗੁਰਸੇਵਕ ਸਿੰਘ ਰਿਹਾ। ਔਰਤਾਂ ਦੀ ਸ੍ਰੇਣੀ ਵਿਚ ਦਰਸ਼ਨ ਕੌਰ, ਕਿਰਨ ਬੋਪਾਰਾਏ ਅਤੇ ਕੁਲਵਿੰਦਰ ਕੌਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੀਆਂ।

ਅੰਡਰ 29 ਵਰਗ ਵਿਚ ਸਿਰਪਾਲ ਸਿੰਘ ਜੇਤੂ ਰਿਹਾ ਜਦੋਂਕਿ ਔਰਤਾਂ ਦੇ ਅੰਡਰ 29 ਵਰਗ ਵਿਚ ਸਬੀਨਾ ਮਾਂਗਟ ਜੇਤੂ ਰਹੀ। ਅੰਡਰ 39 ਵਰਗ ਵਿਚ ਮਰਦਾਂ 'ਚੋਂ ਸਚਿਨ ਬੀ ਜੇਤੂ ਰਿਹਾ ਜਦੋਂਕਿ ਔਰਤਾਂ ਵਿਚੋਂ ਡਿੰਪਲ ਤੂਰ ਅੱਵਲ ਰਹੀ। ਅੰਡਰ 49 ਵਰਗ ਵਿਚ ਮਰਦਾਂ ਤੇ ਔਰਤਾਂ 'ਚੋਂ ਕ੍ਰਮਵਾਰ ਮਾਈਕਲ ਕਿੰਗ ਅਤੇ ਦਲਜੀਤ ਕੌਰ ਜੇਤੂ ਰਹੇ। ਅੰਡਰ 59 ਵਿਚ ਮਰਦਾਂ 'ਚੋਂ ਡਾਨ ਲੋਬੀ ਅਤੇ ਔਰਤਾਂ 'ਚੋਂ ਹਰਬੰਸ ਕੌਰ ਨਾਹਲ ਜੇਤੂ ਰਹੇ।

ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਜਾਰੀ ਬਿਆਨ ਅਨੁਸਾਰ ਦੋ ਮੀਲ ਦੀ ਦੌੜ ਮਰਦਾਂ 'ਚੋਂ ਕ੍ਰਿਸ ਦੇ ਨਾਮ ਰਹੀ ਜਦੋਂਕਿ ਔਰਤਾਂ ਵਿਚ





ਜਸਪ੍ਰੀਤ ਮਾਨ ਨੂੰ ਅੱਵਲ ਰਹਿਣ ਦਾ ਮਾਣ ਮਿਲਿਆ। ਇਸ ਤੋਂ ਇਲਾਵਾ ਭਰੂਣ ਹੱਤਿਆ ਦੇ ਖਿਲਾਫ ਜਾਗਰੂਕਤਾ ਪੈਦਾ ਕਰਨ ਵਾਸਤੇ ਆਮ ਦਰਸ਼ਕਾਂ ਨੇ ਦੋ ਮੀਲ ਦੀ ਤੋਰ ਵਿਚ ਵੀ ਹਿੱਸਾ ਲਿਆ। ਇਸ ਮੈਰਾਥਨ ਦੇ ਸਪਾਂਸਰ ਕਾਇਜ਼ਰ ਪਰਮਾਨੈਂਟੇ ਵੱਲੋਂ ਹਰੇਕ ਦੌੜਾਕ ਨੂੰ ਵਿਸ਼ੇਸ਼ ਪਾਣੀ ਵਾਲੀਆਂ ਬੋਤਲਾ ਦਿੱਤੀਆਂ ਗਈਆਂ। ਪ੍ਰਬੰਧਕਾਂ ਵਲੋਂ ਮੁਫਤ ਖਾਣੇ ਅਤੇ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ ਜਿਸ ਨੂੰ ਆਮ ਦਰਸ਼ਕਾਂ ਅਤੇ ਖਿਡਾਰੀਆਂ ਨੇ ਖੂਬ ਸਲਾਹਿਆ। ਸਿੱਖ ਸਪੋਰਟਸ ਐਸੋਸੀਏਸ਼ਨ 2006 ਵਿਚ ਹੋਂਦ ਵਿਚ ਆਈ ਸੀ ਅਤੇ ਹਰ ਸਾਲ ਤਿੰਨ ਵੱਡੇ ਟੂਰਨਾਮੈਂਟ ਕਰਦੀ ਹੈ। ਹੋਰ ਜਾਣਕਾਰੀ www.sikhsports.com ਵੈਬਸਾਈਟ ਤੋਂ ਲਈ ਜਾ ਸਕਦੀ ਹੈ।

# ਜਥੇਦਾਰ ਵੇਦਾਂਤੀ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਖੁੱਲ੍ਹਾ ਖ਼ਤ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਨਾਂ ਖੁੱਲ੍ਹਾ ਖ਼ਤ ਭੇਜ ਕੇ ਅਪੀਲ ਕੀਤੀ ਹੈ ਕਿ ਦਸਤਾਰ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਯੋਗ ਕਾਰਵਾਈ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਭਵਿੱਖ ਵਿਚ ਸਿੱਖਾਂ ਦੇ ਹਿਰਦੇ ਵਲੂੰਧਰਨ ਵਾਲੀਆਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨਾ ਵਾਪਰਨ।



ਤਿੰਨ ਸਫ਼ਿਆਂ ਦੇ ਇਸ ਖ਼ਤ ਵਿਚ ਸਾਬਕਾ ਜਥੇਦਾਰ ਜਥੇਦਾਰ ਵੇਦਾਂਤੀ ਨੇ ਅਕਾਲੀ ਸਰਕਾਰ ਸਮੇਂ ਸਿੱਖ ਵਿਅਕਤੀਆਂ ਦੀਆਂ ਦਸਤਾਰਾਂ ਉਤਾਰੇ ਜਾਣ ਤੇ ਅਪਮਾਨਤ ਕੀਤੇ ਜਾਣ ਦੇ ਕਈ ਹਵਾਲੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨ ਪੁਲਿਸ ਥਾਣੇ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਸੰਤ ਟੇਕ ਸਿੰਘ ਧਨੌਲਾ ਦੀ ਦਸਤਾਰ ਉਤਾਰ ਕੇ ਕੇਸਾਂ ਦੀ ਬੇਅਦਬੀ ਕੀਤੀ ਗਈ, ਸ੍ਰੀ ਅਡਵਾਨੀ ਦੀ ਯਾਤਰਾ ਦਾ ਵਿਰੋਧ ਕਰਨ ਆਏ ਸਿੱਖ ਕਾਰਕੁਨਾਂ ਦੀ ਕੁੱਟਮਾਰ ਕਰਦਿਆਂ ਦਸਤਾਰਾਂ ਉਤਾਰ ਕੇ ਕੇਸਾਂ ਦੀ ਬੇਅਦਬੀ ਕੀਤੀ ਗਈ, ਮੁਹਾਲੀ ਤੇ ਚੰਡੀਗੜ੍ਹ ਵਿਖੇ ਆਪਣੀਆਂ ਹੱਕੀ ਮੰਗਾਂ ਲਈ ਰੋਸ ਪ੍ਰਗਟਾਵਾ ਕਰਦੀਆਂ ਜਥੇਬੰਦੀਆਂ ਦੇ ਕਈ ਕਾਰਕੁਨਾਂ ਦੀਆਂ ਦਸਤਾਰਾਂ ਉਤਾਰ ਕੇ ਕੇਸਾਂ ਦੀ ਬੇਅਦਬੀ ਕੀਤੀ ਗਈ, ਲੁਧਿਆਣਾ ਵਿਚ ਸ. ਬੈਨੀਪਾਲ ਦੀ ਦਸਤਾਰ ਉਤਾਰਨ ਵਾਲੇ ਅਕਾਲੀ ਕੌਂਸਲਰ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ ਤੇ ਇਸੇ ਤਰ੍ਹਾਂ ਮੁਹਾਲੀ ਵਿਚ ਅੰਮ੍ਰਿਤਧਾਰੀ ਸਿੱਖ ਨੌਜਵਾਨ ਦੀ ਦਸਤਾਰ ਉਤਾਰਨ ਵਾਲੇ ਡੀ.ਐਸ.ਪੀ. ਖ਼ਿਲਾਫ਼ ਵੀ ਕੋਈ ਕਾਰਵਾਈ ਨਹੀਂ ਹੋਈ।

ਜਥੇਦਾਰ ਵੇਦਾਂਤੀ ਨੇ ਕਿਹਾ ਕਿ ਇਕ ਪਾਸੇ ਤਾਂ ਸਮੁੱਚਾ ਸਿੱਖ ਭਾਈਚਾਰਾ ਦਸਤਾਰ ਦੇ ਮਾਣ ਸਨਮਾਨ ਲਈ ਸੰਘਰਸ਼ ਕਰ ਰਿਹਾ ਹੈ ਤੇ ਦੂਜੇ ਪਾਸੇ ਪੰਜਾਬ ਵਿਚ ਅਕਾਲੀ ਸਰਕਾਰ ਵੱਲੋਂ ਹੀ ਸਿੱਖਾਂ ਦੀਆਂ ਦਸਤਾਰਾਂ ਰੋਲੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਵਧੇਰੇ ਘਟਨਾਵਾਂ ਮੌਜੂਦਾ ਜਥੇਦਾਰ ਦੇ ਕਾਰਜਕਾਲ ਦੌਰਾਨ ਵਾਪਰੀਆਂ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਡਵਾਨੀ ਦਾ ਸਨਮਾਨ ਕਰਨ ਦਾ ਵਿਰੋਧ ਕਰਦਿਆਂ ਜਥੇਦਾਰ ਵੇਦਾਂਤੀ ਨੇ ਦੋਸ਼ ਲਾਇਆ ਕਿ ਸ੍ਰੀ ਅਡਵਾਨੀ ਸਾਕਾ ਨੀਲਾ ਤਾਰਾ ਲਈ ਉਕਸਾਉਣ ਦੇ ਦੋਸ਼ੀ ਹਨ। ਉਨ੍ਹਾਂ ਅਪੀਲ ਕੀਤੀ ਕਿ ਅਜਿਹੀਆਂ ਕਾਰਵਾਈਆਂ ਖ਼ਿਲਾਫ਼ ਚੁੱਪ ਅਖ਼ਤਿਆਰ ਕਰਨਾ ਉਚਿਤ ਨਹੀਂ ਹੈ ਤੇ ਇਸਦੇ ਭਵਿੱਖ ਵਿਚ ਗੰਭੀਰ ਸਿੱਟੇ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਜੇਕਰ ਇਸ ਚੁੱਪ ਨੂੰ ਨਾ ਤੋੜਿਆ ਤਾਂ ਕੌਮ ਉਨ੍ਹਾਂ ਨੂੰ ਕਦੇ ਮੁਆਫ ਨਹੀਂ ਕਰੇਗੀ।

# ਭਾਈ ਜਗਤਾਰ ਸਿੰਘ ਹਵਾਰਾ ਨੂੰ 'ਬਾਜ ਸਿੰਘ ਐਵਾਰਡ' ਦੇਣ ਦਾ ਐਲਾਨ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਸਥਾਨਕ ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ 'ਬਾਜ ਸਿੰਘ ਐਵਾਰਡ' ਦੇਣ ਦਾ ਫੈਸਲਾ ਕੀਤਾ ਹੈ। ਦੋਵਾਂ ਜਥੇਬੰਦੀਆਂ ਦੀ ਇਥੇ ਹੋਈ ਇਕ ਮੀਟਿੰਗ ਉਪਰੰਤ ਜਾਰੀ ਬਿਆਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ ਦੇ ਆਗੂਆਂ ਭਾਈ ਟਹਿਲ ਸਿੰਘ, ਭਾਈ ਰਾਜਿੰਦਰ ਸਿੰਘ, ਭਾਈ ਗੁਰਭਾਗ ਸਿੰਘ, ਭਾਈ ਅਜੀਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਭਾਈ ਸੁਰਜੀਤ ਸਿੰਘ ਕੁਲਾਰ, ਭਾਈ ਬੂਟਾ ਸਿੰਘ ਖੜੌਂਦ ਤੇ ਭਾਈ ਹਰਪਾਲ ਸਿੰਘ ਨੇ ਕਿਹਾ ਹੈ ਕਿ ਪੰਥ ਦਾ ਮਹਾਨ ਯੋਧਾ ਭਾਈ ਜਗਤਾਰ ਸਿੰਘ ਹਵਾਰਾ ਅਜੋਕੇ ਸਮੇਂ ਦਾ 'ਭਾਈ ਬਾਜ ਸਿੰਘ' ਹੀ ਹੈ, ਜਿਸ ਨੇ 11 ਨਵੰਬਰ ਨੂੰ ਚੰਡੀਗੜ੍ਹ ਵਿਚ ਇਕ ਹਿੰਦੂ ਜਥੇਬੰਦੀ ਦੇ ਕੁਝ ਕਾਰਕੁਨਾਂ ਵੱਲੋਂ ਹਮਲਾ ਕੀਤੇ ਜਾਣ ਮੌਕੇ 'ਭਾਈ ਬਾਜ ਸਿੰਘ' ਵਾਲੀ ਬਹਾਦਰੀ ਮੁੜ ਤੋਂ ਵਿਖਾਈ ਹੈ।

ਇਤਿਹਾਸ ਵਿਚੋਂ ਹਵਾਲਾ ਦਿੰਦਿਆਂ ਇਨ੍ਹਾਂ ਆਗੂਆਂ ਨੇ ਕਿਹਾ ਕਿ ਜਦੋਂ 1716 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਸ ਵੇਲੇ ਦੇ ਮੁਗਲ ਬਾਦਸ਼ਾਹ ਫਰੁਖਸੀਅਰ ਨੇ ਭਾਈ ਬਾਜ ਸਿੰਘ ਦੀ ਬਹਾਦਰੀ ਨੂੰ ਵੰਗਾਰਿਆ ਸੀ ਤਾਂ ਭਾਈ ਬਾਜ ਸਿੰਘ ਨੇ ਫਰੁਖਸੀਅਰ ਨੂੰ ਹੱਥਕੜੀਆਂ ਖੋਲ੍ਹ ਕੇ ਦੋ ਹੱਥ ਕਰਨ ਲਈ ਲਲਕਾਰਿਆ ਸੀ। ਜਦੋਂ ਫਰੁਖਸੀਅਰ ਨੇ ਇਹ ਸਮਝ ਕੇ ਭਾਈ ਬਾਜ ਸਿੰਘ ਦੀਆਂ ਹੱਥਕੜੀਆਂ ਖੋਲ੍ਹਣ ਦਾ ਐਲਾਨ ਕੀਤਾ ਕਿ ਕਈ ਮਹੀਨਿਆਂ ਤੋਂ ਭੁੱਖਾ ਭਾਈ ਬਾਜ ਸਿੰਘ ਕਿੰਨੀ ਕੁ ਦਲੇਰੀ ਵਿਖਾ ਸਕੇਗਾ ਤਾਂ ਹੱਥਕੜੀਆਂ ਖੁੱਲ੍ਹਣ ਦੀ ਦੇਰ ਸੀ ਕਿ ਭਾਈ ਬਾਜ ਸਿੰਘ ਨੇ ਬਿਜਲੀ ਦੀ ਫੁਰਤੀ ਨਾਲ ਇਕ ਮੁਗਲ ਸਿਪਾਹੀ ਕੋਲੋਂ ਉਸ ਦੀ ਤਲਵਾਰ ਖੋਹ ਕੇ 7 ਮੁਗਲ ਸਿਪਾਹੀ ਝਟਕਾ ਦਿਤੇ। ਭਾਈ ਬਾਜ ਸਿੰਘ ਦੀ ਇਸ ਫੁਰਤੀ ਤੋਂ ਘਬਰਾਏ ਫਰੁਖਸੀਅਰ ਨੇ ਉਸ ਨੂੰ ਤੁਰੰਤ 'ਸ਼ਹੀਦ ਕਰਨ' ਦਾ ਹੁਕਮ ਦੇ ਦਿਤਾ ਸੀ।

ਬਿਆਨ ਵਿਚ ਇਨ੍ਹਾਂ ਆਗੂਆਂ ਨੇ ਕਿਹਾ ਹੈ ਕਿ ਇਹੀ ਫੁਰਤੀ ਸਿੱਖ ਕੌਮ ਨੂੰ ਲੰਘੀ 11 ਨਵੰਬਰ ਨੂੰ ਚੰਡੀਗੜ੍ਹ ਵਿਚ ਉਦੋਂ ਨਜ਼ਰ ਆਈ, ਜਦੋਂ ਦਿੱਲੀ ਦੀ ਤਿਹਾੜ ਜੇਲ੍ਹ ਵਿਚੋਂ ਚੰਡੀਗੜ੍ਹ ਪੇਸ਼ੀ 'ਤੇ ਲਿਆਂਦੇ ਸਿੱਖ ਕੌਮ ਦੇ ਮਹਾਨ ਯੋਧਿਆਂ ਭਾਈ ਜਗਤਾਰ ਸਿੰਘ ਹਵਾਰਾ ਤੇ ਭਾਈ ਪਰਮਜੀਤ ਸਿੰਘ ਭਿਓਰਾ ਉਪਰ ਹਿੰਦੂ ਸੁਰੱਕਸ਼ਾ ਸਮਿਤੀ ਦੇ ਕੁਝ ਕਾਰਕੁਨਾਂ ਨੇ ਹਮਲਾ ਕੀਤਾ। ਇਸ ਮੌਕੇ ਇਤਿਹਾਸ ਦੇ ਪੰਨਿਆਂ ਨੂੰ ਮੁੜ ਤੋਂ ਰੌਸ਼ਨ ਕਰਦਿਆਂ ਜਿਥੇ ਭਾਈ ਜਗਤਾਰ ਸਿੰਘ ਹਵਾਰਾ ਨੇ ਹਿੰਦੂ ਸੁਰੱਕਸ਼ਾ ਸਮਿਤੀ ਦੇ ਕਾਰਕੁਨਾਂ ਨੂੰ ਕਰਾਰਾ ਜਵਾਬ ਦਿਤਾ, ਉਥੇ ਭਾਰਤੀ ਹਕੂਮਤ ਨੂੰ ਇਹ ਸੁਨੇਹਾ ਵੀ ਦਿਤਾ ਕਿ 'ਸਿੰਘਾਂ ਨੂੰ ਲਲਕਾਰਨ ਵਾਲਿਆਂ ਦੀ ਇਸੇ ਤਰ੍ਹਾਂ ਹੀ ਭੁਗਤ ਸਵਾਰੀ ਜਾਵੇਗੀ!' ਭਾਈ ਹਵਾਰਾ ਤੇ ਭਾਈ ਭਿਓਰਾ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਦਿਆਂ ਇਨ੍ਹਾਂ ਆਗੂਆਂ ਨੇ ਕਿਹਾ ਹੈ ਕਿ ਇਹ ਸਿੰਘ ਸਿੱਖ ਕੌਮ ਦੇ ਅਨਮੋਲ ਹੀਰੇ ਹਨ, ਜਿਨ੍ਹਾਂ 1995 ਵਿਚ ਹਜ਼ਾਰਾਂ ਸਿੱਖਾਂ ਦੇ ਕਾਤਲ ਪੰਜਾਬ ਦੇ ਜ਼ਾਲਮ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਸੋਧਣ ਦਾ ਕਾਰਨਾਮਾ ਕੀਤਾ। ਸਿੱਖ ਇਤਿਹਾਸ ਵਿਚ ਲਗਭਗ 300 ਸਾਲ ਮਗਰੋਂ ਕਿਸੇ ਸੂਬੇਦਾਰ ਨੂੰ ਸਿੰਘਾਂ ਵੱਲੋਂ ਸੋਧੇ ਜਾਣ ਦਾ ਇਤਿਹਾਸ ਮੁੜ ਤੋਂ ਦੁਹਰਾਇਆ ਗਿਆ ਸੀ। ਇਸ ਤੋਂ ਪਹਿਲਾਂ ਸੰਨ 1710 ਵਿਚ ਭਾਈ ਬਾਜ ਸਿੰਘ ਤੇ ਭਾਈ ਫਤਿਹ ਸਿੰਘ ਨੇ ਚੱਪੜਚਿੜੀ ਦੇ ਮੈਦਾਨ ਵਿਚ ਸਾਹਿਬਜ਼ਾਦਿਆਂ ਸਮੇਤ ਸੈਂਕੜੇ ਸਿੱਖਾਂ ਦੇ ਕਾਤਲ ਸਰਹਿੰਦ ਦੇ ਸੂਬੇਦਾਰ ਵਜੀਦ ਖਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਜਦਕਿ ਹੁਣ ਇਸ ਦਾ ਸਿਹਰਾ ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਦਿਲਾਵਰ ਸਿੰਘ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਆਦਿ ਸਿੰਘਾਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਸਿੱਖਾਂ ਦੀ ਡਿੱਗੀ ਪੱਗ ਨੂੰ ਮੁੜ ਤੋਂ ਸਿਰ ਤੇ ਰੱਖਿਆ। ਇਨ੍ਹਾਂ ਦੀ ਬਹਾਦਰੀ ਨੂੰ ਪ੍ਰਣਾਮ ਕਰਦਿਆਂ ਦੋਵਾਂ ਜਥੇਬੰਦੀਆਂ ਨੇ ਭਾਈ ਹਵਾਰਾ ਦੇ ਪਰਿਵਾਰ ਦਾ 'ਬਾਜ ਸਿੰਘ ਐਵਾਰਡ' ਨਾਲ ਸਨਮਾਨਤ ਕਰਨ ਦਾ ਫੈਸਲਾ ਕੀਤਾ ਹੈ।



ਤਸਵੀਰ ਵਿਚ ਯੂ ਐਸ ਏ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਜੌਹਲ ਅਤੇ ਆਰਗੇਨਾਈਜ਼ਰ ਅਵਤਾਰ ਸਿੰਘ ਤਾਰੀ ਅਤੇ ਮਹਿੰਗਾ ਸਿੰਘ ਸਰਪੰਚ ਜਿਲਾ ਨਵਾਂ ਸ਼ਹਿਰ ਦੇ ਪਿੰਡ ਭੀਣ ਦੀ ਯੂਥ ਟੀਮ ਦੇ ਨਾਲ। ਪਿੰਡ ਭੀਣ ਦੇ ਟੀਮ ਪ੍ਰਬੰਧਕ ਬਲਵਿੰਦਰ ਸਿੰਘ (ਪੰਜਾਬ ਪੁਲਿਸ), ਹਰਵਿੰਦਰ ਸਿੰਘ ਭੁਲਾ, ਅਮਰਜੀਤ ਸਿੰਘ ਨਾਗਰਾ।

ਯੂ ਐਸ ਏ ਕਬੱਡੀ ਫੈਡਰੇਸ਼ਨ ਦੇ ਮੈਂਬਰਾਂ ਨੇ ਨੌਜਵਾਨ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡ ਨੂੰ ਖੇਡ ਭਾਵਨਾ ਨਾਲ ਖੇਡਣ ਤੇ ਪੜ੍ਹਾਈ ਵਲ ਧਿਆਨ ਦੇਣ ਦੀ ਪ੍ਰੇਰਣਾ ਕੀਤੀ। ਫੈਡਰੇਸ਼ਨ ਮੈਂਬਰਾਂ ਨੇ ਸਥਾਨਕ ਟੀਮ ਲਈ ਕੁਝ ਮਾਲੀ ਸਹਾਇਤਾ ਵੀ ਦਿਤੀ।

# ਗੁਰੂ ਨਾਨਕ ਦੇਵ ਦੇ ਨਾਂ 'ਤੇ ਯੂਨੀਵਰਸਿਟੀ ਦੀ ਉਸਾਰੀ ਜਲਦ: ਗਿਲਾਨੀ

**ਅੰਮ੍ਰਿਤਸਰ:** ਲਾਹੌਰ ਵਿਖੇ 'ਸਿੱਖ-ਮੁਸਲਿਮ ਸਾਂਝ' ਵਿਸ਼ੇ 'ਤੇ ਸੈਮੀਨਾਰ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਸ਼ਮੂਲੀਅਤ ਕਰਦਿਆਂ ਸਿੱਖ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਕਾਇਮ ਕੀਤੇ ਜਾਣ ਵਾਲੀ ਯੂਨੀਵਰਸਿਟੀ ਦੀ ਉਸਾਰੀ ਜਲਦੀ ਸ਼ੁਰੂ ਹੋਵੇਗੀ ਤੇ ਇਸ ਦਾ ਨੀਂਹ ਪੱਥਰ ਉਹ ਖੁਦ ਰੱਖਣਗੇ।

ਲਾਹੌਰ ਤੋਂ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਰਾਮ ਸਿੰਘ ਜਥਾ ਆਗੂ ਤੇ ਸ਼੍ਰੋਮਣੀ ਕਮੇਟੀ ਮੈਂਬਰ ਰਾਮਪਾਲ ਸਿੰਘ ਬਹਿਣੀਵਾਲ ਨੇ ਦੱਸਿਆ ਕਿ ਜਥੇਬੰਦੀ ਦਿਆਲ ਸਿੰਘ ਰਿਸਰਚ ਤੇ ਕਲਚਰਲ ਫੋਰਮ ਵੱਲੋਂ ਲਾਹੌਰ ਵਿਖੇ 'ਸਿੱਖ ਮੁਸਲਿਮ ਸਾਂਝ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਵਿਚ ਮੁੱਖ ਮਹਿਮਾਨ ਵਜੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਸ਼ਾਮਲ ਹੋਏ। ਸੈਮੀਨਾਰ ਵਿਚ ਗੁਰਪੁਰਬ ਮਨਾਉਣ ਲਈ ਵੱਖ-ਵੱਖ ਮੁਲਕਾਂ ਤੋਂ ਪੁੱਜੇ ਸਿੱਖ ਸ਼ਰਧਾਲੂ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਸੈਮੀਨਾਰ ਨੂੰ ਪ੍ਰਧਾਨ ਮੰਤਰੀ ਤੋਂ ਇਲਾਵਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ, ਪਾਕਿਸਤਾਨ ਇਵੈਕਿਊ ਟਰਸੱਟ ਪ੍ਰਾਪਟੀ ਬੋਰਡ ਦੇ ਚੇਅਰਮੈਨ ਸਈਅਦ ਆਸਿਫ ਹਾਸ਼ਮੀ, ਭਾਰਤ ਤੋਂ ਸਿੱਖ ਸ਼ਰਧਾਲੂਆਂ ਦੇ ਜਥੇ ਦੀ ਅਗਵਾਈ ਕਰ ਰਹੇ ਰਾਮਪਾਲ ਸਿੰਘ ਬਹਿਣੀਵਾਲ, ਮਨਮੋਹਨ ਸਿੰਘ ਖਾਲਸਾ ਯੂ.ਕੇ. ਤੇ ਫੋਰਮ ਦੇ ਆਗੂਆਂ ਨੇ ਸੰਬੋਧਨ ਕੀਤਾ।

ਇਸ ਦੌਰਾਨ ਪ੍ਰਧਾਨ ਮੰਤਰੀ ਗਿਲਾਨੀ ਨੇ ਸਿੱਖ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਪਾਕਿਸਤਾਨ ਸਥਿਤ ਸਿੱਖ ਗੁਰਧਾਮਾਂ ਦੀ ਸਾਂਭ-ਸੰਭਾਲ ਚੰਗੀ ਤਰ੍ਹਾਂ ਕੀਤੀ ਜਾ ਰਹੀ ਹੈ ਤੇ ਭਵਿੱਖ ਵਿੱਚ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਕੌਮਾਂਤਰੀ ਪੱਧਰ 'ਤੇ ਮੁਸਲਿਮ ਭਾਈਚਾਰੇ ਦਾ ਸਹਿਯੋਗੀ ਹੈ। ਇਸ ਮੌਕੇ ਉਨ੍ਹਾਂ ਪਾਕਿਸਤਾਨ ਓਕਾਫ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ੍ਰੀ ਨਨਕਾਣਾ ਸਾਹਿਬ ਵਿਖੇ ਕਾਇਮ ਕੀਤੇ ਜਾਣ ਵਾਲੀ ਪ੍ਰਸਤਾਵਿਤ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਇਮਾਰਤ ਦੀ ਉਸਾਰੀ ਲਈ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦਾ ਨੀਂਹ ਪੱਥਰ ਉਹ ਖੁਦ ਰੱਖਣਗੇ। ਉਨ੍ਹਾਂ ਦੁਨੀਆ ਭਰ ਤੋਂ ਆਏ ਸਿੱਖਾਂ ਨੂੰ ਖੁਸ਼ਆਮਦੀਦ ਕਹਿੰਦਿਆਂ ਕਿਹਾ ਕਿ ਉਹ ਕਦੇ ਵੀ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨਾਂ ਲਈ ਆ ਸਕਦੇ ਹਨ। ਇਸ ਮੌਕੇ ਉਨ੍ਹਾਂ ਹਾਲ ਹੀ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਹੋਈ ਮੁਲਾਕਾਤ ਦਾ ਵੀ ਜ਼ਿਕਰ ਕੀਤਾ ਤੇ ਦੱਸਿਆ ਕਿ ਇਹ ਮੁਲਾਕਾਤ ਬੜੇ ਖੁਸ਼ਗਵਾਰ ਮਾਹੌਲ ਵਿਚ ਹੋਈ ਹੈ।

# ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਦੇ ਪਲੇਠੇ ਇਜਲਾਸ ਬਾਰੇ ਖਾਮੋਸ਼

## ■ ਬਾਦਲ ਵੱਲੋਂ ਪੰਜ ਦਸੰਬਰ ਨੂੰ ਇਜਲਾਸ ਬੁਲਾਉਣ ਦਾ ਐਲਾਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੰਜ ਦਸੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਗਏ ਮੈਂਬਰਾਂ ਦਾ ਪਲੇਠਾ ਇਜਲਾਸ ਕਰਵਾਉਣ ਲਈ ਆਖਿਆ ਹੈ ਪਰ ਫਿਲਹਾਲ ਇਸ ਬਾਰੇ ਗ੍ਰਹਿ ਮੰਤਰਾਲੇ ਵੱਲੋਂ ਅਧਿਕਾਰਤ ਤੌਰ 'ਤੇ ਕੋਈ ਸੂਚਨਾ ਨਹੀਂ ਭੇਜੀ ਗਈ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 18 ਸਤੰਬਰ ਨੂੰ ਹੋਈਆਂ ਸਨ ਜਿਨ੍ਹਾਂ ਦੇ ਨਤੀਜੇ 22 ਸਤੰਬਰ ਨੂੰ ਐਲਾਨੇ ਗਏ ਸਨ। ਇਨ੍ਹਾਂ ਚੋਣਾਂ ਰਾਹੀਂ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਲਈ 170 ਮੈਂਬਰਾਂ ਦੀ ਚੋਣ ਕੀਤੀ ਗਈ ਸੀ।

ਇਸ ਚੋਣ ਦੇ ਨਤੀਜੇ ਆਉਣ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰਨਾ ਹੁੰਦਾ ਹੈ ਤੇ ਇਸ ਤੋਂ ਬਾਅਦ ਸਦਨ ਦੇ ਪਲੇਠੇ ਇਜਲਾਸ ਦੀ ਤਾਰੀਖ ਤੈਅ ਕੀਤੀ ਜਾਂਦੀ ਹੈ। ਪਲੇਠਾ ਇਜਲਾਸ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਹੁੰਦਾ ਹੈ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ 15 ਮੈਂਬਰ ਨਾਮਜ਼ਦ ਕਰਕੇ ਸਦਨ ਦੇ ਮੈਂਬਰਾਂ ਦੀ ਗਿਣਤੀ ਪੂਰੀ ਕੀਤੀ ਜਾਂਦੀ ਹੈ। ਇਨ੍ਹਾਂ 15 ਮੈਂਬਰਾਂ ਵਿਚ 5 ਮੈਂਬਰ ਪੰਜਾਬ ਤੋਂ ਤੇ 10 ਮੈਂਬਰ ਵੱਖ-ਵੱਖ ਸੂਬਿਆਂ ਤੋਂ ਨਾਮਜ਼ਦ ਹੋਣਗੇ। ਸਦਨ ਮੁਕੰਮਲ ਹੋਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਕਾਰਜਕਾਰਨੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਏਗੀ।



ਸ਼੍ਰੋਮਣੀ ਕਮੇਟੀ ਦੇ ਪਲੇਠੇ ਇਜਲਾਸ ਵਿਚ ਹੋ ਰਹੀ ਦੇਰੀ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਖੁਦ ਵੀ ਗੁਰਦੁਆਰਾ ਚੋਣ ਕਮਿਸ਼ਨ ਨੂੰ ਮਿਲ ਕੇ ਇਜਲਾਸ ਕਰਵਾਉਣ ਦੀ ਅਪੀਲ ਕਰ ਚੁੱਕੇ ਹਨ। ਹੁਣ ਇਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਗ੍ਰਹਿ ਮੰਤਰਾਲੇ ਨੂੰ ਇਹ ਪਲੇਠਾ ਸਦਨ ਕਰਵਾਉਣ ਲਈ ਪੰਜ ਦਸੰਬਰ ਦੀ ਤਾਰੀਖ ਦਾ ਵੀ ਸੁਝਾਅ ਭੇਜਿਆ ਹੈ। ਇਥੇ ਆਏ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਉਹ ਜਲਦੀ ਹੀ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰਨਗੇ।

ਇਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਦਲ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦਾ ਪਲੇਠਾ ਇਜਲਾਸ 5 ਦਸੰਬਰ ਨੂੰ ਹੋਏਗਾ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਗਏ ਮੈਂਬਰਾਂ ਦਾ ਪਲੇਠਾ ਇਜਲਾਸ ਕਾਂਗਰਸ ਦੀ ਦਖਲਅੰਦਾਜ਼ੀ ਕਾਰਨ ਹੀ ਲਟਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਰਵਾਉਣਾ ਚਾਹੁੰਦੀ ਸੀ ਤਾਂ ਜੋ ਇਹ ਚੋਣਾਂ ਦਾ ਪ੍ਰਭਾਵ ਵਿਧਾਨ ਸਭਾ ਚੋਣਾਂ 'ਤੇ ਨਾ ਪਵੇ ਪਰ ਸ਼੍ਰੋਮਣੀ ਅਕਾਲੀ ਦਲ ਨੇ ਬੜੀ ਜੱਦੋ-ਜਹਿਦ ਨਾਲ ਇਹ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਰਵਾਈਆਂ ਹਨ ਤੇ ਇਸ ਵਿਚ ਵੱਡੀ ਜਿੱਤ ਹਾਸਲ ਕੀਤੀ ਹੈ।


ਚੋਣਾਂ ਦੌਰਾਨ ਕਾਂਗਰਸ ਨੇ ਆਪਣੀਆਂ ਸਮਰਥਕ ਸਿੱਖ ਜਥੇਬੰਦੀਆਂ ਦੇ ਉਮੀਦਵਾਰ ਮੈਦਾਨ ਵਿਚ ਉਤਾਰੇ ਸਨ ਪਰ ਉਨ੍ਹਾਂ ਦੀ ਹਾਰ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਕਾਂਗਰਸ ਵੱਲੋਂ ਪਲੇਠੇ ਇਜਲਾਸ ਬਾਰੇ ਲੋੜੀਂਦਾ ਨੋਟੀਫਿਕੇਸ਼ਨ ਜਾਰੀ ਹੋਣ ਵਿਚ ਦੇਰੀ ਕਰਵਾਈ ਜਾ ਰਹੀ ਹੈ। ਇਸ ਮਾਮਲੇ ਬਾਰੇ ਡਿਪਟੀ ਕਮਿਸ਼ਨਰ ਰਜਤ ਅਗਰਵਾਲ ਨੇ ਦੱਸਿਆ ਕਿ ਫਿਲਹਾਲ ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਗਏ ਮੈਂਬਰਾਂ ਦਾ ਪਹਿਲਾ ਇਜਲਾਸ ਕਰਵਾਉਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਕੋਈ ਸੂਚਨਾ ਨਹੀਂ ਪੁੱਜੀ। ਇਹ ਸੂਚਨਾ ਆਉਣ ਤੋਂ ਬਾਅਦ ਹੀ ਇਜਲਾਸ ਦੀ ਤਾਰੀਖ ਤੈਅ ਹੋਏਗੀ। ਪੰਜ ਦਸੰਬਰ ਦੀ ਤਾਰੀਖ ਬਾਰੇ ਉਨ੍ਹਾਂ ਕਿਹਾ ਕਿ ਇਹ ਸੁਝਾਅ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜਿਆ ਗਿਆ ਹੈ ਪਰ ਇਸ ਬਾਰੇ ਵੀ ਹੁਣ ਤਕ ਉਧਰੋਂ ਕੋਈ ਹੁੰਗਾਰਾ ਨਹੀਂ ਆਇਆ।

## ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਤੋਂ ਸੇਧ ਲੈਣ ਦੀ ਲੋੜ: ਓਬਾਮਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਦਿੱਤੇ ਸੁਨੇਹੇ ਵਿਚ ਕਿਹਾ ਹੈ ਕਿ ਬਰਾਬਰੀ, ਈਮਾਨਦਾਰੀ ਤੇ ਲੋੜਵੰਦਾਂ ਦੀ ਮਦਦ ਕਰਨ ਦੀ ਭਾਵਨਾ ਤੋਂ ਹਰ ਕਿਸੇ ਨੂੰ ਪ੍ਰੇਰਨਾ ਲੈਣ ਦੀ ਲੋੜ ਹੈ। ਵਾਈਟ ਹਾਊਸ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦੁਨੀਆ ਭਰ ਵਿਚ ਵਸਦੇ ਸਿੱਖਾਂ ਨੂੰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ। ਇਸ ਪਵਿੱਤਰ ਦਿਹਾੜੇ ਮੌਕੇ ਸਾਰਿਆਂ ਨੂੰ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਨੂੰ ਯਾਦ ਰਖਦਿਆਂ ਇਮਾਨਦਾਰੀ ਤੇ ਕਿਰਤ ਅਧਾਰਤ ਜੀਵਨ ਜਿਊਣਾ ਚਾਹੀਦਾ ਹੈ।

ਇਸਾਈਆਂ ਦੇ ਧਾਰਮਕ ਆਗੂ ਪੋਪ ਬੈਨੇਡਿਕ-16 ਦੇ ਨੁਮਾਇੰਦੇ ਕਾਰਡੀਨਲ ਜੀਨ ਮੈਰੀ ਤੋਰਾਨ ਪ੍ਰਧਾਨ ਪੋਂਤੀਫਿਕਲ ਕੌਂਸਲ ਫਾਰ ਇੰਟਰ ਰੀਲੀਜਸ ਡਾਈਲਾਗ, ਬਿਸ਼ਪ ਲੁਗੀ ਚੇਲਾਤਾ ਸਕੱਤਰ ਪੋਂਤੀਫਿਕਲ ਕੌਂਸਲ ਫ਼ਾਰ ਇੰਟਰ ਰੀਲੀਜਸ ਡਾਈਲਾਗ, ਬਿਸ਼ਪ ਸੇਲਵਾਤੋਰ ਪੈਨਾਚੀਓ, ਭਾਰਤ ਵਿਚ ਵੈਟੀਕਨ ਦੇ ਰਾਜਦੂਤ ਥਾਮਸ ਡਾਬਰੇ, ਜਲੰਧਰ ਡਾਇਓਸੀਸ ਦੇ ਬਿਸ਼ਪ ਡਾਕਟਰ ਅਨਿਲ ਜੋਸ ਕੂਟੋ ਤੇ ਹੋਰ ਕਈ ਧਾਰਮਕ ਆਗੂ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਪੁੱਜੇ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵਫ਼ਦ ਨੂੰ ਜੀ ਆਇਆਂ ਨੂੰ ਕਿਹਾ।

# ਅਕਾਲੀ ਆਗੂਆਂ ਵੱਲੋਂ ਕਾਂਗਰਸ ਦੇ ਜਥੇਬੰਦਕ ਸਕੱਤਰ ਦੀ ਹੱਤਿਆ



- ਡੀ.ਐਸ.ਪੀ ਅਤੇ ਥਾਣੇਦਾਰ ਸਮੇਤ ਸੱਤਾਂ ਖਿਲਾਫ ਕੇਸ ਦਰਜ
- ਜ਼ਮੀਨੀ ਵਿਵਾਦ ਕਾਰਨ ਹੋਇਆ ਕਤਲ
- ਪੁਲਿਸ ਵੱਲੋਂ ਮਾਮਲਾ ਰਫਾ-ਦਫਾ ਕਰਨ ਦੀ ਕੋਸ਼ਿਸ਼

**ਸੰਗਰੂਰ:** ਜ਼ਿਲ੍ਹਾ ਕਾਂਗਰਸ ਕਮੇਟੀ ਦੇ ਜਥੇਬੰਦਕ ਸਕੱਤਰ ਅਮਰਿੰਦਰ ਸਿੰਘ ਰਿੱਕੀ ਦੁਲਟ ਦੀ 14 ਨਵੰਬਰ ਨੂੰ ਤੇਜ਼ਧਾਰ ਹਥਿਆਰਾਂ ਤੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਨੇ 11 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਜਿਨ੍ਹਾਂ ਵਿਚ ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਨਜ਼ਦੀਕੀ ਰਿਸ਼ਤੇਦਾਰ ਅਮਨਬੀਰ ਸਿੰਘ ਚੈਰੀ, ਡੀ.ਐਸ.ਪੀ. ਕੁਲਦੀਪ ਸ਼ਰਮਾ ਤੇ ਸਿਟੀ ਥਾਣਾ ਵਿਖੇ ਤਾਇਨਾਤ ਥਾਣੇਦਾਰ ਸੁਰਿੰਦਰ ਭੱਲਾ ਦਾ ਨਾਂ ਸ਼ਾਮਲ ਹੈ।

ਕਾਂਗਰਸੀ ਆਗੂ ਰਿੱਕੀ ਦੁਲਟ ਦੀ ਮਾਤਾ ਰਾਜਿੰਦਰ ਕੌਰ ਵਾਸੀ ਮਹਿਲ ਮੁਬਾਰਕ ਕਲੋਨੀ ਸੰਗਰੂਰ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਆਪਣੇ ਲੜਕੇ ਰਿੱਕੀ ਦੁਲਟ ਤੇ ਉਸ ਦੇ ਸਾਲੇ ਪ੍ਰਵੀਨ ਕੁਮਾਰ ਸਮੇਤ ਕਾਰ ਵਿਚ ਸਵਾਰ ਹੋ ਕੇ ਧੂਰੀ ਰੋਡ ਆਪਣੀ ਲੜਕੀ ਦੇ ਖੇਤ ਨੂੰ ਜਾ ਰਹੇ ਸਨ, ਜਦੋਂ ਉਨ੍ਹਾਂ ਰੇਲਵੇ ਓਵਰਬਰਿਜ ਪਾਰ ਕੀਤਾ ਤਾਂ ਉਨ੍ਹਾਂ ਦੀ ਕਾਰ ਨੂੰ ਦੋ ਕਾਰਾਂ ਨੇ ਘੇਰ ਲਿਆ। ਦੋਵਾਂ ਕਾਰਾਂ ਵਿਚ ਸਵਾਰ ਅੱਠ ਨੌਜਵਾਨਾਂ ਨੇ ਰਿੱਕੀ ਨੂੰ ਜ਼ਬਰਦਸਤੀ ਕਾਰ ਵਿਚੋਂ ਬਾਹਰ ਕੱਢ ਲਿਆ ਤੇ ਉਸ ਉਪਰ ਫਾਇਰ ਕੀਤੇ ਜੋ ਉਸ ਦੀਆਂ ਲੱਤਾਂ 'ਤੇ ਲੱਗੇ।

ਇਸ ਤੋਂ ਬਾਅਦ ਕਿਰਪਾਨਾਂ ਤੇ ਬੇਸਵਾਲ ਬੱਲੇ ਨਾਲ ਕਈ ਵਾਰ ਕੀਤੇ। ਇਸ ਤੋਂ ਬਾਅਦ ਇਹ ਸਾਰੇ ਨੌਜਵਾਨ ਫਰਾਰ ਹੋ ਗਏ। ਰਾਜਿੰਦਰ ਕੌਰ ਨੇ ਦੱਸਿਆ ਕਿ ਉਸ ਨੇ ਤੇ ਪ੍ਰਵੀਨ ਕੁਮਾਰ ਨੇ ਰਿੱਕੀ ਨੂੰ ਸਿਵਲ ਹਸਪਤਾਲ ਲਿਆਂਦਾ ਜਿਥੋਂ ਨਾਜ਼ੁਕ ਹਾਲਤ ਹੋਣ ਕਾਰਨ ਡਾਕਟਰਾਂ ਨੇ ਡੀ.ਐਮ.ਸੀ. ਲੁਧਿਆਣਾ ਰੈਫ਼ਰ ਕਰ ਦਿੱਤਾ ਪਰ ਰਿੱਕੀ ਦੀ ਰਸਤੇ ਵਿਚ ਹੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਉਨ੍ਹਾਂ ਦਾ ਅੱਠ ਵਿੱਘੇ ਜ਼ਮੀਨ ਨੂੰ ਲੈ ਕੇ ਸੁਖਵਿੰਦਰ ਸਿੰਘ ਉਰਫ ਸੁੱਖੀ ਨਾਲ ਵਿਵਾਦ ਸੀ ਜਿਸ ਕਾਰਨ ਉਸ ਦੇ ਲੜਕੇ ਦੀ ਹੱਤਿਆ ਕੀਤੀ ਗਈ ਹੈ।

ਪੁਲਿਸ ਨੇ ਸੁਖਵਿੰਦਰ ਸਿੰਘ ਉਰਫ ਸੁੱਖੀ ਵਾਸੀ ਸੰਗਰੂਰ, ਸੁਲਤਾਨ ਸਿੰਘ ਵਾਸੀ ਰਾਮਗੜ੍ਹ ਸਰਦਾਰਾਂ ਜ਼ਿਲ੍ਹਾ ਲੁਧਿਆਣਾ, ਅਮਨਦੀਪ ਸਿੰਘ ਉਰਫ ਅੰਮ੍ਰ ਵਾਸੀ ਸੰਗਰੂਰ, ਕੁਲਦੀਪ ਸਿੰਘ ਵਾਸੀ ਲੱਡਾ, ਚਾਰ ਅਣਪਛਾਤੇ ਨੌਜਵਾਨਾਂ ਤੇ ਅਮਨਬੀਰ ਸਿੰਘ ਚੈਰੀ, ਡੀ.ਐਸ.ਪੀ ਕੁਲਦੀਪ ਸ਼ਰਮਾ, ਥਾਣੇਦਾਰ ਸੁਰਿੰਦਰ ਕੁਮਾਰ ਭੱਲਾ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 302, 341, 148, 149, 120-ਬੀ ਤੇ ਅਸਲਾ ਐਕਟ ਦੀ ਧਾਰਾ 25 ਤਹਿਤ ਕੇਸ ਦਰਜ ਕਰ ਲਿਆ ਹੈ।

ਪੁਲਿਸ ਐਫ.ਆਈ.ਆਰ. ਦਰਜ ਕਰਨ ਤੋਂ ਟਾਲ ਮਟੋਲ ਕਰਦੀ ਰਹੀ ਪਰ ਰਿੱਕੀ ਦੁਲਟ ਦੇ ਨਜ਼ਦੀਕੀ ਰਿਸ਼ਤੇਦਾਰ ਤੇ ਮੁੱਖ ਪਾਰਲੀਮਾਨੀ ਸਕੱਤਰ ਸੁਖਪਾਲ ਸਿੰਘ ਨੰਨੂ ਦੀ ਦਖਲਅੰਦਾਜ਼ੀ ਮਗਰੋਂ ਪੁਲਿਸ ਨੇ ਐਫ.ਆਈ.ਆਰ. ਦਰਜ ਕੀਤੀ। ਉਧਰ ਲੋਕ ਨਿਰਮਾਣ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਇਸ ਮਾਮਲੇ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ।

# ਭਾਈ ਹਵਾਰਾ 'ਤੇ ਹਮਲੇ ਤੋਂ ਸਿੱਖ ਭਾਈਚਾਰਾ ਖ਼ਫ਼ਾ

**ਚੰਡੀਗੜ੍ਹ:** ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਚੰਡੀਗੜ੍ਹ ਅਦਾਲਤ ਦੇ ਅਹਾਤੇ ਵਿਚ ਹਿੰਦੂ ਸੰਗਠਨ ਦੇ ਕਾਰਕੁਨਾਂ ਵੱਲੋਂ ਭਾਈ ਜਗਤਾਰ ਸਿੰਘ ਹਵਾਰਾ 'ਤੇ ਹਮਲਾ ਕਰਨਾ ਸੋਚੀ ਸਮਝੀ ਸਾਜਿਸ਼ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਕੇਂਦਰ ਦੇ ਇਸ਼ਾਰੇ 'ਤੇ ਸੁਰੱਖਿਆ ਏਜੰਸੀਆਂ ਹਰ ਹੀਲੇ ਸਿੱਖ ਖਾੜਕੂਆਂ ਨੂੰ ਜਾਨੋਂ ਮਾਰਨ ਤੇ ਜਲੀਲ ਕਰਨ ਲਈ ਕੋਝੀਆਂ ਕੋਸ਼ਿਸ਼ ਕਰਦੀਆਂ ਹਨ ਤੇ ਧਮਕੀਆਂ ਦੇ ਬਾਵਜੂਦ ਇਨ੍ਹਾਂ ਸਿੰਘਾਂ ਨੂੰ ਅਦਾਲਤਾਂ ਵਿਚ ਪੇਸ਼ੀ ਮੌਕੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਜਾਣਬੁਝ ਕੇ ਨਹੀਂ ਕੀਤੇ ਜਾਂਦੇ।





ਖਾਲਸਾ ਨੇ ਰਾਸ਼ਟਰੀ ਸੁਰੱਖਿਆ ਸੇਵਾ ਸੰਮਤੀ ਨਾਂ ਦੀ ਕੱਟੜਪੰਥੀ ਸੰਸਥਾ ਨੂੰ ਤਾੜਨਾ ਕੀਤੀ ਕਿ ਉਹ ਸਿੱਖਾਂ ਦੀ ਆਨ, ਸ਼ਾਨ ਨੂੰ ਲਲਕਾਰਨ ਦਾ ਹੌਸਲਾ ਨਾ ਕਰਨ। ਟਕਸਾਲ ਮੁਖੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਵਿਚ ਬਣੇ ਧਾਰਮਿਕ ਸਦਭਾਵਨਾ ਦੇ ਮਾਹੌਲ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਅਜਿਹੀਆਂ ਧਾਰਮਿਕ ਸੰਸਥਾਵਾਂ 'ਤੇ ਪਾਬੰਦੀ ਲਾਵੇ।

ਭਾਈ ਮੋਹਕਮ ਸਿੰਘ ਚੇਅਰਮੈਨ ਖਾਲਸਾ ਐਕਸ਼ਨ ਕਮੇਟੀ ਨੇ ਕਿਹਾ ਕਿ ਭਿਓਰਾ ਤੇ ਹਵਾਰਾ 'ਤੇ ਅਦਾਲਤ ਦੇ ਬਾਹਰ ਹੋਏ ਹਮਲੇ ਪਿਛੇ ਵੀ ਪੁਲਿਸ ਤੇ ਸਰਕਾਰਾਂ ਦੀ ਕੂਟਨੀਤੀ ਹੀ ਹੈ। ਉਨ੍ਹਾਂ ਕਿਹਾ ਕਿ ਬਾਦਲ ਤੇ ਕੇਂਦਰ ਸਰਕਾਰ ਦੋਵੇਂ ਸਕੀਆਂ ਭੈਣਾਂ ਹਨ ਤੇ ਇਨ੍ਹਾਂ ਦੀ ਇਕ ਹੀ ਨੀਤੀ ਹੈ। ਸਰਕਾਰ ਚਾਹੁੰਦੀ ਹੈ ਕਿ ਵੀਡੀਓਗ੍ਰਾਫੀ ਕਰਕੇ ਅੰਦਰੋ-ਅੰਦਰ ਹੀ ਸਜ਼ਾ ਦੇ ਕੇ ਕੰਮ ਖਤਮ ਕਰ ਦਿੱਤਾ ਜਾਵੇ ਤੇ ਕੋਈ ਵੀ ਆਪਣੇ ਨਿਆਂ ਲਈ ਅਦਾਲਤ ਦਾ ਦਰਵਾਜ਼ਾ ਨਾ ਖੜਕਾਵੇ।

ਇਸੇ ਦੌਰਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਇਨ੍ਹਾਂ ਦੋਵਾਂ ਨਾਲ ਪਹਿਲਾਂ ਹੀ ਅਣਮਨੁੱਖੀ ਵਰਤਾਰਾ ਹੋ ਰਿਹਾ ਹੈ।

# ਵਿਧਾਨ ਸਭਾਂ ਚੋਣਾਂ ਦੌਰਾਨ ਭਿੜਨਗੇ ਅੱਧੀ ਦਰਜਨ ਬਾਦਲ





**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾਂ ਚੋਣਾਂ 'ਚ ਇਕ ਪਰਿਵਾਰ ਦੇ ਅੱਧੀ ਦਰਜਨ ਉਮੀਦਵਾਰ ਖੜ੍ਹੇ ਹੋਣਗੇ ਜਿਸ ਨਾਲ ਕੁਨਬਾਪ੍ਰਸਤੀ ਦਾ ਨਵਾਂ ਰਿਕਾਰਡ ਬਣੇਗਾ। ਬਾਦਲ ਪਰਿਵਾਰ ਦੇ ਛੇ ਉਮੀਦਵਾਰ 'ਚ ਇਸ ਵਾਰ ਕਈ ਥਾਈਂ ਆਪਸ 'ਚ ਸਿੱਧਾ ਮੁਕਾਬਲਾ ਵੀ ਹੋਵੇਗਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਚਚੇਰੇ ਭਰਾ ਪਰਮਜੀਤ ਸਿੰਘ ਲਾਲੀ ਨੇ ਆਪਣੇ ਘਰ ਪਿਛਲੇ ਦਿਨੀਂ ਕਰਾਏ ਅਖੰਡ ਪਾਠ ਸਾਹਿਬ ਦੌਰਾਨ ਸ਼ਕਤੀ ਪ੍ਰਦਰਸ਼ਨ ਕਰਕੇ ਆਪਣੀ ਹੋਂਦ ਦਾ ਅਹਿਸਾਸ ਕਰਾਇਆ ਹੈ ਕਿ ਉਹ ਇਸ ਵਾਰ ਵਿਧਾਨ ਸਭਾ ਚੋਣਾਂ ਲਈ ਦਿਲਚਸਪੀ ਰੱਖਦੇ ਹਨ।

ਲਾਲੀ ਬਾਦਲ ਦੇ ਚੋਣ ਮੈਦਾਨ ਵਿਚ ਉੱਤਰਨ ਦੀ ਤਿਆਰੀ ਦੇ ਸੰਕੇਤ ਤੋਂ ਬਾਅਦ ਲੱਗਦਾ ਹੈ ਕਿ ਇਸ ਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੇ ਭਰਾ ਗੁਰਦਾਸ ਸਿੰਘ ਬਾਦਲ ਦੇ ਪਰਿਵਾਰ ਵਿਚ ਪਏ ਦੁਫੇੜ ਤੋਂ ਬਾਅਦ ਪਿਛਲੀਆਂ ਚੋਣਾਂ ਵਿਚ ਦੋ ਬਾਦਲ ਭਰਾਵਾਂ ਦੇ ਇਕ ਹਲਕੇ ਤੋਂ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਵਜੋਂ ਆਹਮੋ-ਸਾਹਮਣੇ ਹੋਣ ਵਾਲਾ ਰਿਕਾਰਡ ਇਸ ਵਾਰ ਹੋਰ ਨਵੇਂ ਕੀਰਤੀਮਾਨ ਸਥਾਪਤ ਕਰੇਗਾ।

ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਅੰਦਰ ਮੈਦਾਨ ਵਿਚ ਉੱਤਰਨ ਵਾਲੀਆਂ ਤਿੰਨ ਧਿਰਾਂ ਵਿਚੋਂ ਦੋ ਦੇ ਮੁਖੀ ਇਕ ਪਰਿਵਾਰ ਤੇ ਪਿੰਡ ਦੇ ਹੋਣ ਕਰਕੇ ਇਹ ਕੋਈ ਅਤਿ ਕਥਨੀ ਨਹੀਂ ਕਿ ਇਸ ਵਾਰ ਜਿਥੇ ਛੇ ਬਾਦਲ ਅਲੱਗ ਅਲੱਗ ਹਲਕਿਆਂ ਤੋਂ ਵਿਧਾਨ ਸਭਾ ਚੋਣਾਂ ਦੌਰਾਨ ਮੈਦਾਨ ਵਿਚ ਨਿੱਤਰਨਗੇ, ਉਥੇ ਕਈ ਹਲਕਿਆਂ ਵਿਚ ਆਪਸ ਵਿਚ ਹੀ ਮੁਕਾਬਲਾ ਕਰਨਗੇ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦਾ ਭਤੀਜਾ ਮਨਪ੍ਰੀਤ ਸਿੰਘ ਬਾਦਲ ਇਸ ਵਾਰ ਆਪੋ-ਆਪਣੀਆਂ ਪਾਰਟੀਆਂ ਦੇ ਮੁਖੀ ਹੋਣ ਕਰਕੇ ਮੈਦਾਨ ਵਿਚ ਇਕ ਦੂਜੇ ਨੂੰ ਲਲਕਾਰ ਰਹੇ ਹਨ। ਦੂਜੇ ਪਾਸੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ, ਮਨਪ੍ਰੀਤ ਤੋਂ ਆਪਣੀ ਗਿੱਦੜਬਾਹਾ ਸੀਟ ਵਾਪਸ ਹਾਸਲ ਕਰਨ ਦੀ ਫਿਰਾਕ ਵਿਚ ਹਨ। ਇਸ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਦੋਵਾਂ ਵਿਚੋਂ ਹੀ ਕੋਈ ਮਨਪ੍ਰੀਤ ਬਾਦਲ ਦੇ ਸਾਹਮਣੇ ਮੈਦਾਨ ਵਿਚ ਆਵੇ।

ਮੁੱਖ ਮੰਤਰੀ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਗਿੱਦੜਬਾਹਾ ਦੇ ਜਨਤਕ ਇਕੱਠ ਵਿਚ ਹਰਸਿਮਰਤ ਕੌਰ ਬਾਦਲ ਨੂੰ ਗਿੱਦੜਬਾਹਾ ਤੋਂ ਉਮੀਦਵਾਰ ਬਣਾਉਣ ਦਾ ਇਸ਼ਾਰਾ ਕੀਤਾ ਹੈ। ਉਧਰ ਮਨਪ੍ਰੀਤ ਨੇ ਮੁੱਖ ਮੰਤਰੀ ਦੀ ਸੀਟ ਲੰਬੀ ਵਿਚ ਮੁੱਖ ਮੰਤਰੀ ਦੇ ਮੁਕਾਬਲੇ ਆਪਣੇ ਪਿਤਾ ਗੁਰਦਾਸ ਸਿੰਘ ਬਾਦਲ ਨੂੰ ਪਾਰਟੀ ਦਾ ਪਹਿਲਾਂ ਉਮੀਦਵਾਰ ਐਲਾਨਿਆ ਹੋਇਆ ਹੈ। ਅਕਾਲੀ ਦਲ ਬਾਦਲ ਤੇ ਪੀਪਲਜ਼ ਪਾਰਟੀ ਦੇ ਚਾਰ ਉਮੀਦਵਾਰਾਂ ਤੋਂ ਬਿਨਾਂ ਲੰਬੀ ਤੋਂ ਪਿਛਲੀ ਵਾਰ ਕਾਂਗਰਸ ਦੇ ਉਮੀਦਵਾਰ ਰਹੇ ਮਹੇਸ਼ ਇੰਦਰ ਬਾਦਲ ਵੀ ਮੈਦਾਨ ਵਿਚ ਉੱਤਰਨ ਦੇ ਇੱਛੁਕ ਹਨ।

ਲਾਲੀ ਬਾਦਲ ਦੇ ਘਰ ਅਖੰਡ ਪਾਠ ਦੇ ਭੋਗ ਮੌਕੇ ਕਾਂਗਰਸ ਅਕਾਲੀਆਂ ਤੇ ਪੀਪਲਜ਼ ਪਾਰਟੀ ਤੇ ਲੌਂਗੋਵਾਲ ਪਾਰਟੀ ਦੇ ਮੁਖੀਆਂ ਤੇ ਕਾਂਗਰਸ ਆਗੂਆਂ ਦੀ ਹਾਜ਼ਰੀ ਤੋਂ ਇਲਾਵਾ ਬਾਦਲ ਪਰਿਵਾਰ ਦੀ ਨਵੀਂ ਕਸ਼ਮਕਸ਼ ਵਿਚ ਲਾਲੀ ਬਾਦਲ ਲਈ ਇਸ ਤੋਂ ਕੋਈ ਢੁਕਵਾਂ ਮੌਕਾ ਨਹੀਂ ਕਿ ਉਹ ਚੋਣ ਲੜਨ ਲਈ ਐਲਾਨ ਕਰੇ ਤਾਂ ਕੋਈ ਪਾਰਟੀ ਉਸ ਦੇ ਸਿਰ 'ਤੇ ਹੱਥ ਨਾ ਧਰੇ।

ਹਾਲਾਂਕਿ ਭੋਗ ਤੋਂ ਬਾਅਦ ਲੋਕਾਂ ਦੇ ਧੰਨਵਾਦ ਲਈ ਦਿੱਤੇ ਇਸ਼ਤਿਹਾਰਾਂ ਵਿਚ ਉਸ ਨੇ ਆਪਣੇ ਨਾਂ ਪਿੱਛੇ ਅਕਾਲੀ ਦਲ ਆਗੂ ਲਾ ਕੇ ਆਪਣੇ ਆਪ ਨੂੰ ਮੁੱਖ ਮੰਤਰੀ ਬਾਦਲ ਪਰਿਵਾਰ ਤੋਂ ਵੱਖ ਨਹੀਂ ਕੀਤਾ ਪਰ ਜਿਸ ਤਰ੍ਹਾਂ ਇਹ ਘਟਨਾਕ੍ਰਮ ਚੱਲ ਰਿਹਾ ਹੈ ਉਸ ਤੋਂ ਸਾਫ਼ ਹੈ ਕਿ ਲਾਲੀ ਬਾਦਲ ਦੇ ਸਾਰੇ ਹੱਥਾਂ ਵਿਚ ਲੱਡੂ ਹਨ ਤੇ ਜੇ ਉਹ ਕਿਸੇ ਵੀ ਪਾਰਟੀ ਦੇ ਉਮੀਦਵਾਰ ਵਜੋਂ ਮੈਦਾਨ ਵਿਚ ਉੱਤਰੇ ਤੇ ਜੇ ਮਹੇਸ਼ ਇੰਦਰ ਵੀ ਕਿਸੇ ਹਲਕੇ ਤੋਂ ਕਾਂਗਰਸ ਦੀ ਟਿਕਟ ਹਾਸਲ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਛੇ-ਸੱਤ ਬਾਦਲ ਵਿਧਾਨ ਸਭਾ ਵਿਚ ਉਮੀਦਵਾਰ ਹੋਣਗੇ ਜੋ ਸ਼ਾਇਦ ਇਕ ਰਿਕਾਰਡ ਹੋਵੇਗਾ।

# ਨਿਆਂ: ਗੁਜਰਾਤ ਦੰਗਿਆਂ 'ਚ 31 ਦੋਸ਼ੀਆਂ ਨੂੰ ਉਮਰ ਕੈਦ

**ਮਹਿਸਾਨਾ (ਗੁਜਰਾਤ):** ਗੋਧਰਾ ਕਾਂਡ ਤੋਂ ਮਗਰੋਂ 2002 'ਚ ਸਰਦਾਰਪੁਰਾ (ਗੁਜਰਾਤ) ਵਿਚ ਹੋਏ ਦੰਗਿਆਂ ਦੇ ਮਾਮਲੇ ਵਿਚ ਗੁਜਰਾਤ ਦੀ ਵਿਸ਼ੇਸ਼ ਅਦਾਲਤ ਨੇ 73 ਮੁਲਜ਼ਮਾਂ ਵਿਚੋਂ 31 ਨੂੰ ਦੋਸ਼ੀ ਕਰਾਰ ਦਿੱਤਾ ਤੇ ਉਮਰ ਕੈਦ ਦੀ ਸਜ਼ਾ ਸੁਣਾਈ। ਸਰਦਾਰਪੁਰਾ ਦੰਗਿਆਂ 'ਚ ਘੱਟ ਗਿਣਤੀ ਦੇ 33 ਵਿਅਕਤੀ ਜਿਊਂਦੇ ਸਾੜ ਦਿੱਤੇ ਗਏ ਸਨ। ਮੁੱਖ ਜ਼ਿਲ੍ਹਾ ਸੈਸ਼ਨ ਜੱਜ ਐਸ.ਸੀ. ਸ੍ਰੀਵਾਸਤਵ ਨੇ 42 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ।

ਬਰੀ ਕੀਤੇ ਗਏ 42 ਜਣਿਆਂ ਵਿਚੋਂ 11 ਨੂੰ ਸਬੂਤਾਂ ਦੀ ਘਾਟ ਕਾਰਨ ਤੇ 31 ਨੂੰ ਸ਼ੱਕ ਦਾ ਲਾਭ ਦਿੱਤਾ ਗਿਆ ਹੈ। ਇਨ੍ਹਾਂ 'ਚੋਂ ਹਰੇਕ ਨੂੰ 25000 ਰੁਪਏ ਦਾ ਬੌਂਡ ਭਰਨ ਦੇ ਨਿਰਦੇਸ਼ ਦਿੱਤੇ ਗਏ। ਅਦਾਲਤ ਨੇ ਇਨ੍ਹਾਂ ਨੂੰ ਆਗਿਆ ਤੋਂ ਬਿਨਾਂ ਦੇਸ਼ 'ਚੋਂ ਬਾਹਰ ਨਾ ਜਾਣ ਦੇ ਨਿਰਦੇਸ਼ ਵੀ ਦਿੱਤੇ ਹਨ। ਗੋਧਰਾ ਕਾਂਡ ਮਗਰੋਂ ਹੋਏ ਦੰਗਿਆਂ ਬਾਰੇ ਇਹ ਪਹਿਲਾ ਮਾਮਲਾ ਹੈ ਜਿਸ ਦਾ ਫੈਸਲਾ ਸੁਣਾਇਆ ਗਿਆ ਹੈ ਤੇ ਵੱਡੀ ਗਿਣਤੀ ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸ ਕੇਸ ਦੀ ਜਾਂਚ ਸੁਪਰੀਮ ਕੋਰਟ ਵੱਲੋਂ ਨਿਯੁਕਤ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਕੀਤੀ ਸੀ।



ਦੋਸ਼ੀ ਕਰਾਰ ਦਿੱਤੇ ਗਏ 31 ਜਣਿਆਂ 'ਤੇ ਹੱਤਿਆ, ਕਤਲ ਦੀ ਕੋਸ਼ਿਸ਼, ਦੰਗੇ ਕਰਨ ਤੇ ਆਈ.ਪੀ.ਸੀ. ਦੇ ਹੋਰ ਸੈਕਸ਼ਨਾਂ ਅਧੀਨ ਦੋਸ਼ ਲਾਏ ਗਏ ਹਨ। ਇਨ੍ਹਾਂ ਵਿਰੁੱਧ ਲਾਏ ਗਏ ਮੁਜਰਮਾਨਾ ਸਾਜ਼ਿਸ਼ ਦੇ ਦੋਸ਼ ਅਦਾਲਤ ਨੇ ਰੱਦ ਕਰ ਦਿੱਤੇ। ਗੋਧਰਾ 'ਚ 27 ਫਰਵਰੀ 2002 ਨੂੰ ਰੇਲ ਗੱਡੀ ਨੂੰ ਅੱਗ ਲਾਏ ਜਾਣ ਦੀ ਘਟਨਾ 'ਚ 59 ਲੋਕ ਜਿਊਂਦੇ ਸੜ ਗਏ ਸਨ। ਇਸ ਤੋਂ ਫੌਰੀ ਬਾਅਦ ਸੂਬੇ ਭਰ 'ਚ ਦੰਗੇ ਭੜਕ ਪਏ ਸਨ ਤੇ ਵਿਜੈਪੁਰ ਤਾਲੁਕਾ ਦਾ ਸਰਦਾਰਪੁਰਾ ਕਸਬਾ ਵੀ ਹਿੰਸਾ ਦੀ ਭੇਟ ਚੜ੍ਹ ਗਿਆ ਸੀ।

ਇਕ ਵੱਡੀ ਹਿੰਸਕ ਭੀੜ ਨੇ 28 ਫਰਵਰੀ ਤੇ ਪਹਿਲੀ ਮਾਰਚ 2002 ਦੀ ਰਾਤ ਨੂੰ 'ਸ਼ੇਖਵਾਸ' ਦੇ ਨਾਂ ਨਾਲ ਜਾਣੀ ਜਾਂਦੀ ਗਲੀ ਨੂੰ ਘੇਰ ਲਿਆ ਸੀ। ਇਸ ਗਲੀ 'ਚ ਪਿੰਡ ਦੀ ਘੱਟ ਗਿਣਤੀ ਵਸੋਂ ਸੀ। ਕਿਸੇ ਮਾੜੀ ਘਟਨਾ ਦੇ ਡਰੋਂ ਘੱਟ ਗਿਣਤੀ ਦੇ ਲੋਕਾਂ ਨੇ ਇਬਰਾਹਿਮ ਸ਼ੇਖ ਨਾਂ ਦੇ ਵਿਅਕਤੀ ਦੇ ਘਰ 'ਚ ਸ਼ਰਨ ਲਈ ਸੀ ਪਰ ਭੀੜ ਨੇ ਪੈਟਰੋਲ ਛਿੜਕ ਕੇ ਇਸ ਘਰ ਨੂੰ ਅੱਗ ਲਾ ਦਿੱਤੀ ਜਿਸ 'ਚ 33 ਜਣੇ ਜਿਊਂਦੇ ਸੜ ਗਏ ਸਨ। ਮਰਨ ਵਾਲਿਆਂ ਵਿਚ 22 ਔਰਤਾਂ ਵੀ ਸ਼ਾਮਲ ਸਨ। ਸਰਦਾਰਪੁਰ ਮਾਮਲੇ 'ਚ ਪੁਲੀਸ ਨੇ ਕੁੱਲ 76 ਮੁਲਜ਼ਮ ਗ੍ਰਿਫਤਾਰ ਕੀਤੇ ਸਨ। ਇਨ੍ਹਾਂ 'ਚੋਂ ਦੋ ਦੀ ਮੁਕੱਦਮੇ ਦੌਰਾਨ ਮੌਤ ਹੋ ਗਈ ਜਦ ਕਿ ਇਕ ਨਾਬਾਲਗ ਸੀ, ਉਸ ਦਾ ਕੇਸ ਬਾਲਾਂ ਲਈ ਅਦਾਲਤ 'ਚ ਹੈ। ਅਦਾਲਤ ਨੇ ਜੂਨ 2009 'ਚ 73 ਮੁਲਜ਼ਮਾਂ ਵਿਰੁੱਧ ਦੋਸ਼ ਲਾਏ ਸਨ ਤੇ ਮੁਕੱਦਮੇ ਦੀ ਕਾਰਵਾਈ ਸ਼ੁਰੂ ਕੀਤੀ ਸੀ। ਸਰਕਾਰੀ ਵਕੀਲ ਵੱਲੋਂ ਇਹ ਕਿਹਾ ਗਿਆ ਸੀ ਕਿ ਘੱਟ ਗਿਣਤੀ ਭਾਈਚਾਰੇ 'ਤੇ ਹਮਲਾ ਸੋਚੀ-ਸਮਝੀ ਯੋਜਨਾ ਅਧੀਨ ਕੀਤਾ ਗਿਆ ਸੀ ਤੇ ਇਹ ਸਾਜ਼ਿਸ਼ ਸਥਾਨਕ ਆਗੂਆਂ ਨੇ ਗੋਧਰਾ ਕਾਂਡ ਮਗਰੋਂ ਪਕਾਈ ਸੀ। ਇਹ ਵੀ ਕਿਹਾ ਗਿਆ ਹੈ ਕਿ ਇਸ ਦੌਰਾਨ ਦੋਸ਼ੀਆਂ ਵੱਲੋਂ ਹਥਿਆਰ ਵੀ ਵੰਡੇ ਗਏ। ਦੰਗਾ ਪੀੜਤਾਂ ਦੇ ਐਡਵੋਕੇਟ ਵਾਈ.ਬੀ. ਸ਼ੇਖ ਨੇ ਕਿਹਾ ਕਿ 80 ਤੋਂ ਵੱਧ ਗਵਾਹ ਕੇਸ 'ਚ ਭੁਗਤੇ ਜੋ ਇਸ ਹਿੰਸਾ ਤੋਂ ਪੀੜਤ ਵੀ ਸਨ। ਉਨ੍ਹਾਂ ਨੇ ਪੁਲਿਸ ਨੂੰ ਬਿਆਨ ਦਿੰਦਿਆਂ ਇਨ੍ਹਾਂ ਮੁਲਜ਼ਮਾਂ ਦੇ ਨਾਂ ਲਾਏ ਸਨ ਤੇ ਮੁਕੱਦਮੇ ਦੌਰਾਨ ਉਨ੍ਹਾਂ ਦੀ ਸਹੀ ਪਛਾਣ ਵੀ ਕੀਤੀ ਸੀ। ਮੁਕੱਦਮੇ ਦੌਰਾਨ 112 ਗਵਾਹਾਂ ਦੀ ਜਿਰਹਾ ਹੋਈ, ਚਾਰਜਸ਼ੀਟ 'ਚ 157 ਦੇ ਨਾਂ ਦਿੱਤੇ ਗਏ ਸਨ। ਇਨ੍ਹਾਂ 'ਚ 20 ਡਾਕਟਰ, 17 ਤਫਤੀਸ਼ੀ ਗਵਾਹ, 40 ਦੰਗਾ ਪੀੜਤ, 20 ਪੁਲਿਸ ਵਾਲੇ ਤੇ 15 ਹੋਰ ਸ਼ਾਮਲ ਸਨ।

ਸਮਾਜਿਕ ਕਾਰਕੁਨ ਤੀਸਤਾ ਸੀਤਲਵਾੜ ਦਾ ਕਹਿਣਾ ਹੈ ਕਿ ਦੇਸ਼ 'ਚ ਪਹਿਲੀ ਵਾਰ ਦੰਗਿਆਂ ਦੇ ਕਿਸੇ ਮਾਮਲੇ 'ਚ ਮੁਲਜ਼ਮ ਦੋਸ਼ੀ ਕਰਾਰ ਦਿੱਤੇ ਗਏ ਹਨ। ਹੁਣ ਹੋਰ ਕੇਸਾਂ ਵਿਚ ਨਿਆਂ ਮਿਲਣ ਦੀ ਆਸ ਬੱਝ ਗਈ ਹੈ। ਨਿਆਂ ਮਿਲਣ ਤੱਕ ਲੜਾਈ ਜਾਰੀ ਰੱਖੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਰਦਾਰਪੁਰਾ ਮਾਮਲੇ 'ਚ 42 ਜਣਿਆਂ ਨੂੰ ਬਰੀ ਕਰਨ ਵਿਰੁੱਧ ਉਪਰਲੀ ਅਦਾਲਤ 'ਚ ਪਟੀਸ਼ਨ ਪਾਈ ਜਾਵੇਗੀ ਤੇ ਪੂਰੀ ਤਿਆਰੀ ਨਾਲ ਕੇਸ ਦੀ ਪੈਰਵਾਈ ਕੀਤੀ ਜਾਵੇਗੀ

## ਕੈਨੇਡਾ ਦਾ ਸੀਐਨ ਟਾਵਰ ਮੁੜ ਗਿੰਨੀਜ਼ ਬੁੱਕ ਵਿਚ ਦਰਜ

**ਟੋਰਾਂਟੋ:** ਸਭ ਤੋਂ ਉੱਚੇ ਕੱਦ ਕਾਰਨ ਪ੍ਰਸਿੱਧ ਸੀਐਨ ਟਾਵਰ ਨੇ ਟੋਰਾਂਟੋ ਨੂੰ ਤਿੰਨ ਦਹਾਕਿਆਂ ਤੋਂ ਦੁਨੀਆਂ ਭਰ ਦੇ ਸੈਲਾਨੀਆਂ ਵਿਚ ਮਸ਼ਹੂਰ ਕੀਤਾ ਹੋਇਆ ਹੈ। ਇਸ ਨੇ ਇਕ ਵਾਰ ਫਿਰ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਆਪਣਾ ਨਾਂ ਦਰਜ ਕਰਵਾਇਆ ਹੈ। ਇਸ ਵਾਰ ਰਿਕਾਰਡ ਇਸ ਦੀ ਹਾਲ ਹੀ ਵਿਚ ਚਾਲੂ ਕੀਤੀ ਗਈ 'ਛੱਜੇ ਦੀ ਚਹਿਲਕਦਮੀ' (ਐਜ-ਵਾਕਿੰਗ) ਕਰਕੇ ਹੈ।

ਕਿਸੇ ਉੱਚੀ ਇਮਾਰਤ ਦੇ ਉਪਰ ਖੁੱਲ੍ਹੀ ਕਿਨਾਰੀ 'ਤੇ ਚਹਿਲਕਦਮੀ ਕਰਨ ਵਾਲੀ ਇਸ 'ਖਿੱਚ' ਕਾਰਨ ਗਿੰਨੀਜ਼ ਅਧਿਕਾਰੀਆਂ ਵੱਲੋਂ ਬੀਤੇ ਦਿਨ ਸੀਐਨ ਟਾਵਰ ਨੂੰ ਬਾਕਾਇਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ। 1815.4 ਫੁੱਟ ਉਚਾ ਸੀਐਨ ਟਾਵਰ ਬਗੈਰ ਕਿਸੇ ਸਹਾਰੇ ਦੇ ਖਲੋਤੀ ਉੱਚੀ ਇਮਾਰਤ ਵਜੋਂ ਪਹਿਲਾਂ ਹੀ ਮਸ਼ਹੂਰ ਹੈ ਤੇ ਹਰ ਸਾਲ 20 ਲੱਖ ਸੈਲਾਨੀਆਂ ਨੂੰ ਅਚੰਭਤ ਕਰਦਾ ਹੈ।

ਇਸ ਦੀ ਉਸਾਰੀ 1972 ਵਿਚ ਸ਼ੁਰੂ ਹੋਈ ਤੇ 76 'ਚ ਮੁੱਕੀ। ਇਸ ਦੀ ਉਸਾਰੀ ਵੇਲੇ 15 ਮੀਟਰ ਡੂੰਘੀ ਨੀਂਹ ਵਿਚੋਂ ਕੋਈ 56 ਹਜ਼ਾਰ ਟਨ ਮਿੱਟੀ ਪੁੱਟੀ ਗਈ ਤੇ 7 ਹਜ਼ਾਰ ਕਿਊਬਿਕ ਮੀਟਰ ਕੰਕਰੀਟ, 450 ਟਨ ਸਰੀਏ ਤੇ 36 ਟਨ ਸਟੀਲ ਕੇਬਲਾਂ ਭਰੀਆਂ ਗਈਆਂ। 1976 ਵਿਚ ਖੁੱਲ੍ਹੇ



ਸੀਐਨ ਟਾਵਰ 'ਤੇ ਕੋਈ 63 ਕਰੋੜ ਡਾਲਰ (ਹੁਣ ਦੇ ਢਾਈ ਸੌ ਕਰੋੜ) ਖਰਚ ਆਏ ਸਨ। ਇਸ ਦੇ 356 ਮੀਟਰ ਉੱਚੇ ਪਹਿਲੇ ਗੁੰਬਦ ਦੇ ਕਿਨਾਰੇ 'ਤੇ ਸੈਲਾਨੀਆਂ ਦੇ ਟਹਿਲਣ ਵਾਲਾ ਨਵਾਂ ਆਕਰਸ਼ਣ 2011 ਦੀ ਪਹਿਲੀ ਅਗਸਤ ਨੂੰ ਲੋਕਾਂ ਲਈ ਖੋਲ੍ਹਿਆ ਗਿਆ ਸੀ। 175 ਡਾਲਰ ਦੀ ਟਿਕਟ ਲੈ ਕੇ ਇਸ ਡੇਢ ਮੀਟਰ ਚੌੜੇ ਛੱਜੇ 'ਤੇ ਸੈਲਾਨੀ ਚਹਿਲਕਦਮੀ ਕਰ ਸਕਦੇ ਹਨ। ਚਹਿਲਕਦਮੀ ਦਾ ਭੁਸ ਪੂਰਾ ਕਰਨ ਵਾਲੇ ਲੋਕਾਂ ਨੂੰ ਬੈਲਟ ਨਾਲ ਬੰਨ੍ਹ ਦਿੱਤਾ ਜਾਂਦਾ ਹੈ ਤੇ ਉਹ 150 ਮੀਟਰ ਤੱਕ ਆਸੇ ਪਾਸੇ ਜਾ ਸਕਦੇ ਹਨ।

## ਅਮਰੀਕੀਆਂ ਦਾ ਓਬਾਮਾ ਤੋਂ ਮੋਹ ਭੰਗ !

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਜਿਨ੍ਹਾਂ ਨੇ ਰਾਸ਼ਟਰਪਤੀ ਪਦ ਲਈ ਮੁੜ ਚੋਣ ਲੜਨ ਲਈ ਚੋਣ ਮੁਹਿੰਮ ਆਰੰਭੀ ਹੋਈ ਹੈ, ਲਈ ਬੁਰੀ ਖ਼ਬਰ ਹੈ ਕਿ ਆਰਥਿਕ ਮੰਦੀ ਤੇ ਬੇਰੁਜ਼ਗਾਰੀ ਦੇ ਭੰਬੋ ਅੱਧੇ ਤੋਂ ਵੱਧ ਅਮਰੀਕੀ ਨਾਗਰਿਕ ਉਸ ਨੂੰ ਮੁੜ ਰਾਸ਼ਟਰਪਤੀ ਬਣਦਿਆਂ ਦੇਖਣ ਦੇ ਚਾਹਵਾਨ ਨਹੀਂ ਹਨ। ਅਮਰੀਕਾ ਵਿਚ ਰਾਸ਼ਟਰਪਤੀ ਪਦ ਲਈ ਚੋਣਾਂ 2012 'ਚ ਹੋ ਰਹੀਆਂ ਹਨ।

ਇਨ੍ਹਾਂ ਚੋਣਾਂ ਸਬੰਧੀ ਕ੍ਰਿਸਚੀਅਨ ਸਾਇੰਸ ਮਾਨੀਟਰ ਟੀ.ਆਈ.ਪੀ.ਪੀ. ਵੱਲੋਂ ਕਰਵਾਏ ਚੋਣ ਸਰਵੇਖਣ ਮੁਤਾਬਕ ਆਮ ਅਮਰੀਕੀਆਂ ਦਾ ਰਾਸ਼ਟਰਪਤੀ ਓਬਾਮਾ ਤੋਂ ਭਰੋਸਾ ਉੱਠ ਚੁੱਕਾ ਹੈ। ਇਸ ਚੋਣ ਸਰਵੇਖਣ ਮੁਤਾਬਕ 40 ਫੀਸਦੀ ਆਮ ਅਮਰੀਕੀ ਸ੍ਰੀ ਓਬਾਮਾ ਨੂੰ ਇਕ ਮੌਕਾ ਹੋਰ ਦੇਣ ਦੇ ਹੱਕ ਵਿਚ ਹਨ, 50 ਫੀਸਦੀ ਨਹੀਂ ਚਾਹੁੰਦੇ ਕਿ ਉਹ ਦੁਬਾਰਾ ਸੱਤਾ 'ਚ ਆਉਣ ਜਦਕਿ 6 ਪ੍ਰਤੀਸ਼ਤ ਇਸ ਮਸਲੇ 'ਤੇ ਅਸਪਸ਼ਟ ਹਨ ਤੇ ਚਾਰ ਫੀਸਦੀ ਨੇ ਸਵਾਲ ਦਾ ਜਵਾਬ ਨਹੀਂ ਦਿੱਤਾ। 901 ਅਮਰੀਕੀਆਂ 'ਤੇ ਕੀਤੇ ਗਏ ਚੋਣ ਸਰਵੇਖਣ ਤੋਂ ਬਾਅਦ ਸਰਵੇਖਣ ਕਰਾਉਣ ਵਾਲੀ ਟੈਕਨੋ ਮੈਟਰਿਕਾ ਮਾਰਕੀਟ ਇੰਟੈਲੀਜੈਂਸ ਦੇ ਮੁਖੀ ਨੇ ਇਸ ਨੂੰ ਸ੍ਰੀ ਓਬਾਮਾ ਲਈ ਚਿੰਤਾ ਦਾ ਵਿਸ਼ਾ ਦੱਸਿਆ।

## ਲੋਪੇਜ਼ ਦੀ ਅਸਾਲਟ 'ਚੋਂ ਸਦਭਾਵਨਾ ਦੀਆਂ ਸੁਰਾਂ

**ਨਵੀਂ ਦਿੱਲੀ:** ਕੋਲੰਬੀਆ ਦੇ ਰੌਕ ਸੰਗੀਤਕਾਰ ਸੀਜ਼ਰ ਲੋਪੇਜ਼ ਨੇ ਕਿਹਾ ਕਿ ਉਹ ਮਹਾਤਮਾ ਗਾਂਧੀ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਹੈ ਤੇ ਉਹ ਆਪਣੀ ਏ.ਕੇ.47 ਤੋਂ ਬਣੀ ਗੰਨ-ਗਿਟਾਰ ਨਾਲ ਅਹਿੰਸਾ ਦਾ ਪ੍ਰਚਾਰ ਕਰ ਰਿਹਾ ਹੈ। 33 ਸਾਲਾ ਲੋਪੇਜ਼ ਜੋ ਦਿੱਲੀ ਕੌਮਾਂਤਰੀ ਕਲਾ ਮੇਲੇ 'ਚ ਹਿੱਸਾ ਲੈਣ ਲਈ ਇੱਥੇ ਪਹੁੰਚੇ ਸਨ, ਨੇ ਕਿਹਾ ਕਿ ਸੰਗੀਤ ਵਿਚ ਸੰਸਾਰ ਨੂੰ ਬੰਨ੍ਹ ਸਕਣ ਦੀ ਸ਼ਕਤੀ ਹੈ। ਉਨ੍ਹਾਂ ਆਪਣੇ ਦੇਸ਼ ਦੇ ਭਖਦੇ ਮੁੱਦਿਆਂ ਬਾਰੇ ਗੀਤ ਤਿਆਰ ਕੀਤੇ ਹਨ ਤੇ ਕਲਾ ਤੇ ਸੰਗੀਤ ਰਾਹੀਂ ਅੱਤਵਾਦ ਦਾ ਖਾਤਮਾ ਕਰਨਾ ਉਨ੍ਹਾਂ ਦਾ ਉਦੇਸ਼ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਬਚਪਨ ਤੋਂ ਹੀ ਮਹਾਤਮਾ ਗਾਂਧੀ ਤੇ ਉਨ੍ਹਾਂ ਵੱਲੋਂ ਆਜ਼ਾਦੀ ਲਈ ਅਹਿੰਸਾ ਰਾਹੀਂ ਲੜੀ ਲੜਾਈ ਦੇ ਪੈਰੋਕਾਰ ਰਹੇ ਹਨ। ਸੰਗੀਤ ਰਾਹੀਂ ਲੋਕਾਂ ਨੂੰ ਮੁੜ ਯਾਦ ਕਰਵਾਇਆ ਜਾ ਸਕਦਾ ਹੈ ਕਿ ਮਹਾਤਮਾ ਗਾਂਧੀ ਨੇ ਕਿਸ ਤਰ੍ਹਾਂ ਅਹਿੰਸਾ ਦੇ ਰਸਤੇ 'ਤੇ ਚਲਦਿਆਂ ਜੀਵਨ ਬਿਤਾਇਆ। ਉਸ ਨੇ ਦੱਸਿਆ ਕਿ ਉਹ ਹਰ ਸਾਲ ਉਨ੍ਹਾਂ ਦਾ ਜਨਮ ਦਿਨ ਮਨਾਉਂਦਾ ਹੈ।




ਆਪਣੇ ਦਿੱਲੀ ਦੌਰੇ ਦੌਰਾਨ ਸੀਜ਼ਰ ਲੋਪੇਜ਼ ਮਹਾਤਮਾ ਗਾਂਧੀ ਮਿਊਜ਼ੀਅਮ ਗਿਆ ਤੇ ਉਥੇ ਉਸ ਨੇ ਮਹਾਤਮਾ ਨੂੰ ਸ਼ਰਧਾਂਜਲੀ ਵਜੋਂ ਆਪਣੀ ਗੰਨ-ਗਿਟਾਰ ਭੇਟ ਕੀਤੀ। ਇਸ ਮੌਕੇ ਉਸ ਨੇ ਕਿਹਾ ਕਿ ਇਹ ਏ.ਕੇ.47 ਇਕੋ ਵੇਲੇ 300 ਲੋਕਾਂ ਨੂੰ ਮਾਰ ਸਕਦੀ ਹੈ ਤੇ ਇਸ ਨਾਲ ਉਹ ਅਜਿਹਾ ਸੰਗੀਤ ਤਿਆਰ ਕਰਦਾ ਹੈ ਜੋ ਹਜ਼ਾਰਾਂ ਲੋਕਾਂ ਦਾ ਦਰਦ ਦੂਰ ਕਰਦਾ ਹੈ। ਹੁਣ ਤਕ ਉਹ 17 ਦੇਸ਼ਾਂ ਵਿਚ ਆਪਣੀ ਗੰਨ-ਗਿਟਾਰ ਦੀ ਪੇਸ਼ਕਾਰੀ ਕਰ ਚੁੱਕਾ ਹੈ। ਸੀਜ਼ਰ ਅੱਠ ਸਾਲ ਤੋਂ 'ਬਟਾਲੀਅਨ ਆਫ ਇਮੀਡੀਏਟ ਆਰਟਿਸਟਿਕ ਰੀਐਕਸ਼ਨ' ਗਰੁੱਪ ਦਾ ਮੈਂਬਰ ਹੈ ਜੋ ਕੋਲੰਬੀਆ ਵਿਚ ਫੈਲੀ ਹਿੰਸਾ ਨੂੰ ਖਤਮ ਕਰਨਾ ਚਾਹੁੰਦਾ ਹੈ।

ਇਸ ਗਰੁੱਪ ਵਿਚ ਬਹੁਤ ਸਾਰੇ ਸੰਗੀਤਕਾਰ ਸ਼ਾਮਲ ਹਨ। ਉਹ ਨੇ ਦੱਸਿਆ ਕਿ ਉਨ੍ਹਾਂ ਦਾ ਇਹ ਗਰੁੱਪ ਜਦ ਵੀ ਦੇਸ਼ ਵਿਚ ਕਿਤੇ ਹਿੰਸਕ ਹਮਲਿਆਂ ਦੀ ਖ਼ਬਰ ਸੁਣਦਾ ਹੈ ਤਾਂ ਉਥੇ ਪਹੁੰਚ ਕੇ ਪੀੜਤਾਂ ਲਈ ਸੰਗੀਤ ਪੇਸ਼ ਕਰਦਾ ਹੈ। ਲੋਪੇਜ਼ ਦੀ ਇਹ ਗੰਨ-ਗਿਟਾਰ ਜੋ ਉਸ ਦੇ ਬੈਂਚ ਦੀ ਪ੍ਰਸਿੱਧੀ ਦਾ ਕਾਰਨ ਬਣੀ ਹੈ, ਇਕ ਲੂਥਰਨ ਪਾਦਰੀ ਨੇ ਇਕ ਅੱਤਵਾਦੀ ਵੱਲੋਂ ਆਤਮ-ਸਮਰਪਣ ਮੌਕੇ ਸਮਰਪਿਤ ਕੀਤੀ ਗਈ ਏ.ਕੇ.47 ਰਾਈਫਲ ਤੋਂ ਬਣਾਈ ਸੀ। ਇਹ ਰਾਈਫਲ ਉਸ ਨੂੰ ਸੰਯੁਕਤ ਰਾਸ਼ਟਰ ਵੱਲੋਂ ਦਾਨ ਕੀਤੀ ਗਈ ਸੀ ਤਾਂ ਕਿ ਇਸ ਮਾਰੂ ਹਥਿਆਰ ਨੂੰ 'ਸ਼ਾਂਤੀ ਹਥਿਆਰ' ਵਿਚ ਬਦਲਿਆ ਜਾ ਸਕੇ।

# ਭਾਰਤ-ਪਾਕਿ ਰਿਸ਼ਤਿਆਂ ਦੀ ਗੱਡੀ ਮੁੜ ਲੀਹ 'ਤੇ ਆਉਣੀ ਸ਼ੁਰੂ

**ਅੱਡੂ:** ਭਾਰਤ ਨੇ ਪਾਕਿਸਤਾਨ ਨੇ ਤਰਜੀਹੀ ਵਪਾਰ ਸਮਝੌਤੇ ਦੀ ਦਿਸ਼ਾ 'ਚ ਅੱਗੇ ਵਧਣ ਦਾ ਫੈਸਲਾ ਕੀਤਾ ਹੈ ਤੇ ਦੋਵੇਂ ਧਿਰਾਂ ਜਲਦੀ ਹੀ ਵੀਜ਼ਾਤੰਤਰ ਨੂੰ ਨਰਮ ਕਰਨ ਲਈ ਸਹਿਮਤ ਹੋ ਰਹੀਆਂ ਹਨ। ਸਾਫਟਾ ਅਧੀਨ ਪਾਕਿਸਤਾਨ ਨਾਲ ਤਰਜੀਹੀ ਵਪਾਰ ਸਮਝੌਤੇ ਦੀ ਦਿਸ਼ਾ 'ਚ ਅੱਗੇ ਵਧਣ ਦਾ ਫੈਸਲਾ ਉਦੋਂ ਕੀਤਾ ਗਿਆ, ਜਦੋਂ ਪ੍ਰਧਾਨ ਮੰਤਰੀ 17ਵੇਂ ਸਾਰਕ ਸਿਖਰ ਸੰਮੇਲਨ 'ਚ ਵੱਖਰੇ ਤੌਰ 'ਤੇ ਆਪਣੇ ਪਾਕਿ ਹਮਰੁਤਬਾ ਯੂਸਫ ਰਜ਼ਾ ਗਿਲਾਨੀ ਨੂੰ ਮਿਲੇ। ਦੋਵੇਂ ਮੁਲਕ ਇਸ ਦੌਰਾਨ ਅੱਵਲ ਤਰਜੀਹੀ ਮੁਲਕ ਦੀ ਤਰਜ਼ 'ਤੇ ਦੁਵੱਲੇ ਵਪਾਰਕ ਕਾਰੋਬਾਰ ਲਈ ਵੀ ਸਹਿਮਤ ਹੋਏ।

ਇਥੇ ਘੰਟਾ ਭਰ ਚੱਲੀ ਮੀਟਿੰਗ ਵਿਚ ਦੋਵੇਂ ਆਗੂਆਂ ਨੇ ਵੀਜ਼ਾਤੰਤਰ ਨੂੰ ਵਧੇਰੇ ਉਦਾਰ ਕਰਨ ਦਾ ਫੈਸਲਾ ਕੀਤਾ ਜੋ ਜਲਦੀ ਹੀ ਵਿਚਾਰਿਆ ਜਾ ਰਿਹਾ ਹੈ ਤੇ ਇਹ ਵੀ ਫੈਸਲਾ ਹੋਇਆ ਕਿ ਭਾਰਤ-ਪਾਕਿ ਸਾਂਝੇ ਕਮਿਸ਼ਨ ਨੂੰ ਪੁਨਰ ਸੁਰਜੀਤ ਕੀਤਾ ਜਾਵੇ ਜੋ 2005 ਤੋਂ ਸਰਗਰਮ ਨਹੀਂ ਸੀ। ਸਾਫਟਾ ਤਹਿਤ ਤਰਜੀਹੀ ਵਪਾਰਕ ਸਮਝੌਤੇ ਦੇ ਨੇਪਰੇ ਚੜ੍ਹ ਜਾਣ ਨਾਲ 2016 ਤਕ ਸਾਰੀਆਂ ਵਪਾਰਕ ਵਸਤਾਂ 'ਤੇ ਜ਼ੀਰੋ ਕਸਟਮ ਡਿਊਟੀ ਹੋਏਗੀ।



ਸਾਊਥ ਏਸ਼ੀਆ ਫਰੀ ਟਰੇਡ ਏਰੀਆ (ਸਾਫਟਾ) ਸਮਝੌਤਾ 2004 'ਚ ਇਸਲਾਮਾਬਾਦ 'ਚ ਸਾਰਕ ਸਿਖਰ ਸੰਮੇਲਨ ਦੌਰਾਨ ਹੋਇਆ ਸੀ ਜੋ ਬੰਗਲਾਦੇਸ਼, ਭਾਰਤ, ਭੂਟਾਨ, ਮਾਲਦੀਵ, ਨੇਪਾਲ, ਪਾਕਿਸਤਾਨ ਤੇ ਸ੍ਰੀਲੰਕਾ ਦੇ 1.8 ਅਰਬ ਲੋਕਾਂ ਦੇ ਖੇਤਰ ਨੂੰ ਮੁਕਤ ਵਪਾਰ ਖੇਤਰ ਐਲਾਨਦਾ ਹੈ। ਦੋਵੇਂ ਆਗੂਆਂ ਵਿਚਾਲੇ ਹਿੰਦ ਮਹਾਂਸਾਗਰ ਦੇ ਨਾਲ ਸ਼ਾਂਗਰੀਲਾ ਰਿਜ਼ੋਰਟ 'ਚ ਗੱਲਬਾਤ ਹੋਈ। ਉਨ੍ਹਾਂ ਨਾਲ ਉਨ੍ਹਾਂ ਦੇ ਵਿਦੇਸ਼ ਮੰਤਰੀਆਂ, ਵਿਦੇਸ਼ ਸਕੱਤਰਾਂ ਤੇ ਹੋਰਾਂ ਸਮੇਤ ਉਨ੍ਹਾਂ ਦੇ ਵਫਦ ਸਨ।

ਗੱਲਬਾਤ ਦੇ ਰੁਖ਼ ਨੂੰ ਡਾ. ਮਨਮੋਹਨ ਸਿੰਘ ਨੇ ਦਿਸ਼ਾ ਦਿੰਦਿਆਂ ਗਿਲਾਨੀ ਨੂੰ 'ਅਮਨ ਪਸੰਦ ਵਿਅਕਤੀ' ਕਰਾਰ ਦਿੱਤਾ ਤੇ ਕਿਹਾ ਕਿ ਦੋਵੇਂ ਮੁਲਕ ਤਲਖ਼ ਬਹਿਸਾਂ 'ਚ ਬਹੁਤ ਸਮਾਂ ਗਵਾ ਚੁੱਕੇ ਹਨ। ਹੁਣ ਦੋਵੇਂ ਮੁਲਕਾਂ ਦੇ ਇਤਿਹਾਸ 'ਚ ਨਵਾਂ ਪੰਨਾ ਲਿਖੇ ਜਾਣ ਦਾ ਸਮਾਂ ਆ ਗਿਆ ਹੈ ਤੇ ਆਪਸੀ ਦੂਸ਼ਣਬਾਜ਼ੀਆਂ ਦਾ ਸਮਾਂ ਹੁਣ ਬੜਾ ਪਿੱਛੇ ਰਹਿ ਜਾਣਾ ਚਾਹੀਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਉਹ ਬਹੁਤ ਖੁਸ਼ ਹਨ ਕਿ ਗਿਲਾਨੀ ਨੇ ਵੀ ਉਨ੍ਹਾਂ ਦੇ ਵਿਚਾਰਾਂ ਦੀ ਪੂਰੀ ਪ੍ਰੋੜਤਾ ਕੀਤੀ।


ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਨੂੰ ਵਿਲੱਖਣ ਮੌਕਾ ਮਿਲਿਆ ਹੈ ਤੇ ਇਸ ਕਰਕੇ ਅਗਲੇ ਪੜਾਅ ਦੀ ਗੱਲਬਾਤ ਹੋਣ ਵੀ ਸਕਾਰਾਤਮਕ ਤੇ ਨਤੀਜਾਕੁਨ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗਿਲਾਨੀ ਦੇ 'ਅਮਨ ਪਸੰਦ ਵਿਅਕਤੀ' ਹੋਣ ਦੀ ਉਨ੍ਹਾਂ ਦੀ ਰਾਇ ਪਿਛਲੇ ਤਿੰਨ ਸਾਲਾਂ 'ਚ ਹੋਰ ਪੱਕੀ ਹੋਈ ਹੈ। ਉਨ੍ਹਾਂ ਕਿਹਾ ਕਿ ਅਸੀਂ ਤੈਅ ਕਰ ਚੁੱਕੇ ਹਾਂ ਕਿ ਗੱਲਬਾਤ ਮੁੜ ਸ਼ੁਰੂ ਕੀਤੀ ਜਾਵੇ ਤੇ ਸਬੰਧਾਂ ਨੂੰ ਖਰਾਬ ਕਰਨ ਵਾਲੇ ਸਾਰੇ ਮੁੱਦੇ ਪੂਰੀ ਇਮਾਨਦਾਰੀ ਨਾਲ ਵਿਚਾਰੇ ਜਾਣ।

ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਦੇ ਲੋਕਾਂ ਦੀ ਹੋਣੀ ਆਪਸ 'ਚ ਸਬੰਧਤ ਹੈ। ਸ੍ਰੀ ਗਿਲਾਨੀ ਨੇ ਕਿਹਾ ਕਿ ਉਨ੍ਹਾਂ ਦੋਵਾਂ ਨੇ ਦੋਵੇਂ ਮੁਲਕਾਂ ਨਾਲ ਸਬੰਧਤ ਸਾਰੇ ਮੁੱਦੇ ਵਿਚਾਰੇ। ਪ੍ਰਧਾਨ ਮੰਤਰੀ ਡਾ. ਸਿੰਘ ਖੁੱਲ੍ਹ ਕੇ ਪੇਸ਼ ਆਏ। ਉਨ੍ਹਾਂ ਨੇ ਸਾਰੇ ਪੱਤੇ ਗੱਲਬਾਤ ਦੀ ਮੇਜ਼ 'ਤੇ ਖੋਲ੍ਹੇ ਤੇ ਕਿਹਾ ਕਿ ਉਹ ਸਾਰੇ ਮੁੱਦੇ ਵਿਚਾਰਨ ਲਈ ਤਿਆਰ ਹਨ। ਸ੍ਰੀ ਗਿਲਾਨੀ ਅਨੁਸਾਰ ਜਲ, ਦਹਿਸ਼ਤਵਾਦ, ਸਰ ਕਰੀਕ, ਸਿਆਚਿਨ, ਵਪਾਰ ਤੇ ਕਸ਼ਮੀਰ ਸਾਰੇ ਮਾਮਲੇ ਵਿਚਾਰੇ ਗਏ। ਉਨ੍ਹਾਂ ਕਿਹਾ ਕਿ ਹੁਣ ਗੱਲਬਾਤ ਦਾ ਅਗਲਾ ਪੜਾਅ ਵਧੇਰੇ ਸਕਾਰਾਤਮਕ ਰਹੇਗਾ।

ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ 'ਚ ਅਸਥਾਈ ਸੀਟ ਲਈ ਪਾਕਿਸਤਾਨ ਦੀ ਚੋਣ 'ਚ ਭਾਰਤ ਵੱਲੋਂ ਦਿੱਤੀ ਮਦਦ ਲਈ ਵੀ ਉਨ੍ਹਾਂ ਨੇ ਧੰਨਵਾਦ ਕੀਤਾ।

ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਸਾਰੇ ਸਾਰਕ ਮੁਲਕਾਂ ਵਿਚ ਵਪਾਰਕ ਸਬੰਧ ਆਮ ਵਾਂਗ ਹੋਣ ਨਾਲ ਦੱਖਣੀ ਏਸ਼ੀਆ ਨੂੰ ਇਸ ਦੀ ਦਿੱਖ ਨਿਖਰ ਜਾਵੇਗੀ। ਭਾਰਤ ਨੇ ਸਾਰਕ ਦੇ ਘੱਟ ਵਿਕਸਤ ਮੁਲਕਾਂ ਲਈ ਕਈ ਕਦਮ ਚੁੱਕੇ ਹਨ ਤੇ ਉਸ ਨੇ ਕਸਟਮ ਡਿਊਟੀ ਅਧੀਨ ਆਉਣ ਵਾਲੀਆਂ 480 ਵਸਤਾਂ ਦੀ ਗਿਣਤੀ ਘਟਾ ਕੇ 25 ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੀ ਜੋ ਭੂਗੋਲਿਕ ਸਥਿਤੀ ਤੇ ਅਕਾਰ ਹੈ ਉਸ ਦੇ ਮੱਦੇਨਜ਼ਰ ਉਸ ਦਾ ਫਰਜ਼ ਹੈ ਕਿ ਉਹ ਸਾਰਕ ਪ੍ਰਕਿਰਿਆ ਨੂੰ ਅੱਗੇ ਵਧਾਏ ਤੇ ਉਨ੍ਹਾਂ ਨੇ ਕਿਹਾ, "ਜੇਕਰ ਅਸੀਂ ਆਪਣੇ ਘਰ ਵਿਚ ਵਿਕਾਸ ਲਈ ਢੁਕਵਾਂ ਮਾਹੌਲ ਸਿਰਜਾਂਗੇ ਤਾਂ ਨਿਵੇਸ਼ਕ ਕਿਧਰੇ ਹੋਰ ਨਹੀਂ ਜਾਵੇਗਾ।"

# ਬੱਚਿਆਂ ਨੂੰ ਸਕੂਲ 'ਚ ਹੀ ਪੜ੍ਹਾਇਆ ਜਾਂਦੈ ਨਫ਼ਰਤ ਦਾ ਪਾਠ



**ਵਾਸ਼ਿੰਗਟਨ:** ਪਾਕਿਸਤਾਨ ਦੇ ਸਕੂਲ ਸਿਲੇਬਸਾਂ 'ਚ ਲੱਗੀਆਂ ਪੁਸਤਕਾਂ ਘੱਟ ਗਿਣਤੀਆਂ ਖਾਸ ਕਰ ਹਿੰਦੂਆਂ ਪ੍ਰਤੀ ਨਫ਼ਰਤ ਤੇ ਅਸਹਿਣਸ਼ੀਲਤਾ ਪੈਦਾ ਕਰਦੀਆਂ ਹਨ ਕਿ ਅਜਿਹੇ ਲੋਕ (ਹਿੰਦੂ ਤੇ ਹੋਰ ਘੱਟ ਗਿਣਤੀਆਂ) ਇਸਲਾਮ ਦੇ ਦੁਸ਼ਮਣ ਹਨ। ਇਹ ਖੁਲਾਸਾ ਅਮਰੀਕਾ ਸਰਕਾਰ ਦੀ ਰਿਪੋਰਟ 'ਚ ਕੀਤਾ ਗਿਆ ਹੈ। ਇਸ ਦਸਤਾਵੇਜ਼ ਅਨੁਸਾਰ ਪਾਕਿਸਤਾਨ ਦੇ ਸਮਾਜਿਕ ਸਿੱਖਿਆ ਦੀਆਂ ਸਕੂਲੀ ਪੁਸਤਕਾਂ ਭਾਰਤ ਤੇ ਬਰਤਾਨੀਆ ਵਿਰੁੱਧ ਨਾਂਹ-ਪੱਖੀ ਟਿੱਪਣੀਆਂ ਨਾਲ ਲਬਾਲਬ ਹਨ ਜਦਕਿ ਸਕੂਲਾਂ ਦੇ ਸਿਲੇਬਸਾਂ 'ਚ ਤੇ ਇੰਟਰਵਿਊਆਂ 'ਚ ਹਿੰਦੂਆਂ ਨੂੰ ਵਿਸ਼ੇਸ਼ ਤੌਰ 'ਤੇ ਆਲੋਚਨਾ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ।

ਹੋਰ ਘੱਟ ਗਿਣਤੀਆਂ ਜਿਵੇਂ ਈਸਾਈ ਤੇ ਅਹਿਮਦੀਆਂ ਨੂੰ ਵੀ ਬਖਸ਼ਿਆ ਨਹੀਂ ਜਾਂਦਾ। ਅਹਿਮਦੀ ਭਾਵੇਂ ਆਪਣੇ ਆਪ ਨੂੰ ਮੁਸਲਿਮ ਸਮਝਦੇ ਹਨ ਪਰ ਪਾਕਿਸਤਾਨੀ ਸੰਵਿਧਾਨ ਅਜਿਹਾ ਨਹੀਂ ਮੰਨਦਾ। ਅਮਰੀਕਾ ਅਨੁਸਾਰ ਸਕੂਲੀ ਪਾਠਕ੍ਰਮ ਪੁਸਤਕਾਂ ਦਾ ਇਸਲਾਮੀਕਰਨ ਮਰਹੂਮ ਤਾਨਾਸ਼ਾਹ ਜ਼ਿਆਉੱਲ ਹੱਕ ਦੇ ਵੇਲੇ ਹੋਇਆ ਸੀ ਜਿਸ ਨੇ ਸ਼ਾਸਨ 'ਚ ਮਦਦ ਲਈ ਕੱਟੜਪ੍ਰਸਤਾਂ ਨੂੰ ਪਲੋਸਣਾ ਸ਼ੁਰੂ ਕੀਤਾ ਸੀ।

ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ (ਯੂ.ਐਸ.ਸੀ.ਆਈ.ਆਰ.ਐਫ.) ਵੱਲੋਂ ਜਨਤਕ ਕੀਤੀ ਗਈ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਵੇਂ 2006 'ਚ ਸਰਕਾਰ ਨੇ ਪਾਠਕ੍ਰਮ 'ਚ ਸੋਧ ਕਰਨ ਦਾ ਐਲਾਨ ਕੀਤਾ ਸੀ ਪਰ ਮੂਲਵਾਦੀਆਂ ਦੇ ਦਬਾਅ ਕਾਰਨ ਇਹ ਸੰਭਵ ਨਾ ਹੋ ਸਕਿਆ।

139 ਸਫ਼ਿਆਂ ਦੀ ਰਿਪੋਰਟ 'ਚ ਕਮਿਸ਼ਨ ਨੇ ਕਿਹਾ ਹੈ ਕਿ ਭਾਵੇਂ ਪਾਕਿਸਤਾਨ ਨੂੰ ਉਦਾਰ ਮੁਲਕ ਸਮਝਿਆ ਗਿਆ ਸੀ ਪਰ ਭਾਰਤ ਨਾਲ ਤਿੰਨ ਜੰਗਾਂ ਤੋਂ ਮਗਰੋਂ ਬਣੀਆਂ ਕਮਜ਼ੋਰ ਸਰਕਾਰਾਂ ਵੱਲੋਂ ਮੂਲਵਾਦੀਆਂ ਨੂੰ ਖੁਸ਼ ਕਰਨ ਦੇ ਆਹਰਾਂ ਨੇ ਦੇਸ਼ ਨੂੰ ਇਸ ਦਸ਼ਾ ਵੱਲ ਧੱਕ ਦਿੱਤਾ। ਕਮਿਸ਼ਨ ਦੇ ਚੇਅਰਮੈਨ ਲਿਓਨਾਰਡ ਲਿਓ ਨੇ ਚੇਤਾਵਨੀ ਦਿੱਤੀ ਹੈ ਕਿ ਅਜਿਹਾ ਭੇਦਭਾਵ ਪਾਕਿਸਤਾਨ 'ਚ ਦਹਿਸ਼ਤਗਰਦੀ ਨੂੰ ਵਧਾਉਂਦਾ ਰਹੇਗਾ।

# ਭਾਰਤ ਦੇ ਮੰਦਰਾਂ 'ਚ ਭਗਦੜ ਨਾਲ 1000 ਮੌਤਾਂ

**ਨਵੀਂ ਦਿੱਲੀ:** ਦੇਸ਼ 'ਚ ਮੰਦਰਾਂ ਤੇ ਹੋਰ ਧਾਰਮਿਕ ਥਾਵਾਂ 'ਤੇ ਪੈਂਦੀ ਭਾਜੜ ਪਿਛਲੇ ਦਸ ਸਾਲਾਂ 'ਚ 1000 ਦੇ ਕਰੀਬ ਜਾਨਾਂ ਲੈ ਚੁੱਕੀ ਹੈ।

ਹਰਿਦੁਆਰ ਦੇ ਆਸ਼ਰਮ 'ਚ ਭਾਜੜ ਦੀ ਘਟਨਾ 'ਚ 16 ਜਾਨਾਂ ਚਲੇ ਜਾਣ ਤੋਂ ਪਹਿਲਾਂ ਇਸ ਸਾਲ 14 ਜਨਵਰੀ ਨੂੰ ਕੇਰਲਾ ਦੇ ਪ੍ਰਸਿੱਧ ਸਾਬਰੀਮਾਲਾ ਮੰਦਰ 'ਚ ਬਹੁਤ ਵੱਡੀ ਭਗਦੜ ਮੱਚੀ ਸੀ ਜਿਸ 'ਚ 104 ਤੋਂ ਵੱਧ ਸ਼ਰਧਾਲੂ ਮਾਰੇ ਗਏ ਸਨ।

ਇਹ ਭਾਜੜ ਉਦੋਂ ਪਈ ਸੀ ਜਦੋਂ ਪੁਲਮੇਤੂ ਵਿਖੇ ਘਰ ਪਰਤ ਰਹੇ ਸ਼ਰਧਾਲੂਆਂ 'ਚ ਇਕ ਜੀਪ ਜਾ ਵੜੀ ਸੀ। 4 ਮਾਰਚ, 2010 ਨੂੰ 63 ਲੋਕ ਉਦੋਂ ਮਾਰੇ ਗਏ ਸਨ ਜਦੋਂ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਦੇ ਕ੍ਰਿਪਾਲੂ ਮਹਾਰਾਜ ਦੇ ਆਸ਼ਰਮ ਵਿਚ ਰਸਮ ਮੌਕੇ ਭੋਜਨ ਵੰਡਣ ਦੌਰਾਨ ਇਸ ਦਾ ਗੇਟ ਢਹਿ ਗਿਆ ਸੀ। ਇਸ ਮੌਕੇ 10,000 ਦੇ ਕਰੀਬ ਲੋਕ ਇਕੱਠੇ ਹੋਏ ਸਨ। 30 ਸਤੰਬਰ, 2008 ਨੂੰ ਰਾਜਸਥਾਨ ਦੇ ਜੋਧਪੁਰ ਸ਼ਹਿਰ 'ਚ ਚਾਮੁੰਡਾ ਦੇਵੀ ਮੰਦਰ 'ਚ ਪਈ ਭਾਜੜ 'ਚ 250 ਦੇ ਕਰੀਬ ਸ਼ਰਧਾਲੂ ਮਾਰੇ ਗਏ ਤੇ 60 ਤੋਂ ਵੱਧ ਜ਼ਖ਼ਮੀ ਹੋ ਗਏ।



ਇਥੇ ਬੰਬ ਹੋਣ ਦੀ ਅਫਵਾਹ ਮਗਰੋਂ ਇਹ ਭਾਜੜ ਪਈ ਸੀ। 3 ਅਗਸਤ, 2008 ਨੂੰ ਹਿਮਾਚਲ ਪ੍ਰਦੇਸ਼ ਵਿਚ ਨੈਣਾ ਦੇਵੀ ਦੇ ਮੰਦਰ 'ਚ ਵੀ ਅਜਿਹਾ ਦੁਖਾਂਤ ਵਾਪਰਿਆ ਸੀ ਤੇ 150 ਤੋਂ ਵੱਧ ਲੋਕ ਮਾਰੇ ਗਏ ਸਨ। ਇਥੇ ਮਰਨ ਵਾਲਿਆਂ ਵਿਚ ਮੁੱਖ ਰੂਪ ਵਿਚ ਔਰਤਾਂ ਤੇ ਬੱਚੇ ਸਨ। ਇਸ ਮੌਕੇ 230 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ ਸਨ। ਇਸੇ ਸਾਲ 27 ਮਾਰਚ ਨੂੰ ਮੱਧ ਪ੍ਰਦੇਸ਼ ਦੇ ਧੁਰ ਅੰਦਰ ਪੈਂਦੇ ਇਕ ਮੰਦਰ 'ਚ ਅਜਿਹੇ ਹੀ ਦੁਖਾਂਤ 'ਚ 8 ਮੌਤਾਂ ਹੋ ਗਈਆਂ ਸਨ ਤੇ 10 ਲੋਕ ਗੰਭੀਰ ਜ਼ਖਮੀ ਹੋ ਗਏ ਸਨ।

5 ਜਨਵਰੀ, 2005 ਨੂੰ ਮਹਾਂਰਾਸ਼ਟਰ ਦੇ ਮੰਧਾਰ ਦੇਵੀ ਮੰਦਰ 'ਚ ਭਗਦੜ 'ਚ 340 ਜਾਨਾਂ ਚਲੀਆਂ ਗਈਆਂ ਸਨ। ਇਸ ਦਾ ਕਾਰਨ ਸ਼ਰਧਾਲੂਆਂ ਵੱਲੋਂ ਨਾਰੀਅਲ ਤੋੜਨ ਨਾਲ ਪੌੜੀਆਂ 'ਤੇ ਤਿਲਕਣ ਹੋਣ ਕਾਰਨ ਕੁਝ ਸ਼ਰਧਾਲੂ ਡਿੱਗ ਪਏ ਸਨ। ਜੁਲਾਈ 2008 ਵਿਚ ਪੁਰੀ ਉੜੀਸਾ 'ਚ ਸਾਲਾਨਾ ਜਗਨਨਾਥ ਯਾਤਰਾ 'ਚ ਛੇ ਵਿਅਕਤੀ ਮਾਰੇ ਗਏ ਸਨ ਤੇ 12 ਜ਼ਖਮੀ ਹੋ ਗਏ ਸਨ। ਜਨਵਰੀ 2008 ਵਿਚ ਆਂਧਰਾ ਪ੍ਰਦੇਸ਼ ਦੇ ਵਿਜੈਵਾੜਾ ਵਿਚ ਦੁਰਗਾ ਮਲੇਸ਼ਵਰ ਮੰਦਰ 'ਚ ਪੰਜ ਜਣੇ ਮਾਰੇ ਗਏ ਸਨ।

ਅਕਤੂਬਰ 2007 'ਚ ਗੁਜਰਾਤ ਦੇ ਪਾਵਾਗਾਹ 'ਚ 11 ਲੋਕ ਨਵੰਬਰ 2006 'ਚ ਜਗਨਨਾਥ ਮੰਦਰ 'ਚ ਚਾਰ ਬਜ਼ੁਰਗ ਮਾਰੇ ਗਏ ਸਨ। ਅਗਸਤ 2003 'ਚ ਨਾਸਿਕ 'ਚ ਲੱਗੇ ਕੁੰਭ ਮੇਲੇ 'ਚ 40 ਦੇ ਕਰੀਬ ਯਾਤਰੀ ਦਰੜੇ ਗਏ ਸਨ ਤੇ 125 ਜ਼ਖਮੀ ਹੋ ਗਏ ਸਨ। ਕੇਰਲਾ ਦੇ ਸਾਬਰੀਮਾਲਾ ਨੇੜੇ ਪਾਂਬਾ ਬੇਸ ਕੈਂਪ 'ਚ 14 ਜਨਵਰੀ 1999 ਨੂੰ ਛੋਟੀ ਪਹਾੜੀ ਦੇ ਖਿਸਕਣ ਨਾਲ ਮੱਚੀ ਭਗਦੜ 'ਚ 50 ਤੋਂ ਵੱਧ ਲੋਕ ਮਾਰੇ ਗਏ ਸਨ।

# ਮਲਿਕ ਵੱਲੋਂ ਕਸਾਬ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਵਕਾਲਤ

**ਆਡੂ:** ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਕਿਹਾ ਹੈ ਕਿ ਮੁੰਬਈ ਹਮਲਿਆਂ ਦਾ ਦੋਸ਼ੀ ਅਜਮਲ ਕਸਾਬ ਅਤਿਵਾਦੀ ਹੈ ਤੇ ਉਸ ਨੂੰ ਫਾਂਸੀ 'ਤੇ ਲਟਕਾਇਆ ਜਾਣਾ ਚਾਹੀਦਾ ਹੈ। ਜਨਾਬ ਮਲਿਕ ਜੋ ਇਥੇ ਪਾਕਿਸਤਾਨੀ ਵਫ਼ਦ ਦੇ ਮੈਂਬਰ ਵਜੋਂ ਸਾਰਕ ਸੰਮੇਲਨ 'ਚ ਹਿੱਸਾ ਲੈਣ ਆਏ ਸਨ, ਨੇ ਕਿਹਾ ਕਿ ਪਾਕਿਸਤਾਨੀ ਨਿਆਂਇਕ ਕਮਿਸ਼ਨ ਦੀ ਤਜਵੀਜ਼ਸ਼ੁਦਾ ਭਾਰਤ ਯਾਤਰਾ ਪਾਕਿਸਤਾਨ ਵਿਚ 26/11 ਦੇ ਮੁਲਜ਼ਮਾਂ ਵਿਰੁੱਧ ਚੱਲ ਰਹੇ ਮੁਕੱਦਮੇ ਦੀ ਕਾਰਵਾਈ ਤੇਜ਼ ਕਰਨ ਵਿਚ ਮਦਦ ਕਰੇਗੀ।

ਪਾਕਿ ਸਰਕਾਰ ਨੂੰ ਕਮਿਸ਼ਨ ਦੀ ਭਾਰਤ ਯਾਤਰਾ ਦਾ ਇੰਤਜ਼ਾਰ ਹੈ ਤਾਂ ਕਿ ਇਹ ਕਮਿਸ਼ਨ ਭਾਰਤ ਜਾ ਕੇ ਇਸ ਮਾਮਲੇ ਬਾਰੇ ਲੋੜੀਂਦੇ ਤੱਥਾਂ ਦੀ ਭਾਲ ਕਰ ਸਕੇ। ਇਹ ਕਮਿਸ਼ਨ ਤਿੰਨ-ਚਾਰ ਦਿਨਾਂ ਲਈ ਭਾਰਤ ਰਹਿ ਕੇ ਆਪਣੀ ਜਾਂਚ ਪੂਰੀ ਕਰੇਗਾ। ਉਨ੍ਹਾਂ ਕਿਹਾ ਕਿ 26/11 ਦੇ ਮੁਲਜ਼ਮਾਂ ਵਿਰੁੱਧ ਕੇਸ ਦੀ ਕਾਰਵਾਈ ਰਿਪੋਰਟਾਂ ਆਉਣ ਤੋਂ ਤੁਰੰਤ ਬਾਅਦ ਸ਼ੁਰੂ ਕਰ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ 24 ਸਾਲਾ ਕਸਾਬ 26/11 ਦੇ ਹਮਲਿਆਂ ਤੋਂ ਬਾਅਦ ਇਕਲੌਤਾ ਜਿਉਂਦਾ ਫੜਿਆ ਗਿਆ ਹਮਲਾਵਰ ਹੈ ਜਿਸ ਨੂੰ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ ਪਰ ਸੁਪਰੀਮ ਕੋਰਟ ਨੇ ਉਸ ਦੀ ਫਾਂਸੀ 'ਤੇ ਰੋਕ ਲਾਈ ਹੋਈ ਹੈ।

ਪਾਕਿਸਤਾਨ ਵੱਲੋਂ ਜਮਾਤ-ਉਦ-ਦਾਵਾ ਨੂੰ ਅਤਿਵਾਦ ਸੂਚੀ 'ਚ ਬਾਹਰ ਕੀਤੇ ਜਾਣ 'ਤੇ ਉਨ੍ਹਾਂ ਕਿਹਾ ਕਿ ਅਜਿਹਾ ਜਮਾਤ ਵਿਰੁੱਧ ਸਬੂਤਾਂ ਦੀ ਅਣਹੋਂਦ ਕਾਰਨ ਕੀਤਾ ਗਿਆ ਹੈ। ਪਾਕਿਸਤਾਨ ਦਾ ਪੱਖ ਰੱਖਦਿਆਂ ਉਨ੍ਹਾਂ ਮੁੜ ਕਿਹਾ ਕਿ ਪਾਕਿ ਨੂੰ ਓਸਾਮਾ ਬਿਨ ਲਾਦਿਨ ਦੇ ਦੇਸ਼ 'ਚ ਹੋਣ ਬਾਰੇ ਕੋਈ ਖ਼ਬਰ ਨਹੀਂ ਸੀ। ਉਨ੍ਹਾਂ ਕਿਹਾ ਕਿ ਦੋਵਾਂ ਗੁਆਂਢੀ ਮੁਲਕਾਂ ਵਿਚਕਾਰ ਸਬੰਧ ਚਿਰਾਂ ਬਾਅਦ ਸੁਖਾਵੇਂ ਹੋਣ ਵੱਲ ਵਧ ਰਹੇ ਹਨ। ਇਸ ਲਈ ਦੋਹਾਂ ਧਿਰਾਂ ਨੂੰ ਹੁਣ ਇਕ-ਦੂਜੇ ਦਾ ਖਿਆਲ ਰੱਖਣਾ ਹੀ ਪਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਦੌਰਾਨ ਦੋਵੇਂ ਦੇਸ਼ ਵੱਖ-ਵੱਖ ਖੇਤਰਾਂ ਵਿਚ ਇਕ-ਦੂਜੇ ਲਈ ਸਹਾਈ ਹੋਣਗੇ। ਅਜਿਹਾ ਤਦ ਹੀ ਸੰਭਵ ਹੈ ਜੇਕਰ ਇਕ-ਦੂਜੇ ਦੀਆਂ ਭਾਵਨਾਵਾਂ ਦਾ ਧਿਆਨ ਰੱਖਿਆ ਜਾਂਦਾ ਹੈ।






# ਪਾਕਿਸਤਾਨ 'ਚ ਖਾਲਿਸਤਾਨੀਆਂ ਨੂੰ ਮੱਠਾ ਹੁੰਗਾਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ-ਪਾਕਿ ਸਬੰਧਾਂ 'ਚ ਸੁਧਾਰ ਦਾ ਸੇਕ ਉਥੇ ਪਨਾਹ ਲਈ ਬੈਠੇ ਕਸ਼ਮੀਰੀ ਤੇ ਖਾਲਿਸਤਾਨੀ ਖਾੜਕੂਆਂ ਨੂੰ ਲੱਗਣਾ ਸ਼ੁਰੂ ਹੋ ਗਿਆ ਹੈ। ਇਹ ਪਾਕਿਸਤਾਨ ਵਿਖੇ ਮਨਾਏ ਗਏ ਗੁਰਪੁਰਬ ਸਮਾਗਮਾਂ ਦੌਰਾਨ ਵੇਖਣ ਨੂੰ ਮਿਲਿਆ ਜਿਥੇ ਖਾਲਿਸਤਾਨ ਪੱਖੀਆਂ ਦਾ ਪ੍ਰਭਾਵ ਤੇ ਸ਼ਰਧਾਲੂਆਂ ਵੱਲੋਂ ਮਿਲਦਾ ਹੁੰਗਾਰਾ ਬਦਲਦੇ ਸਮੇਂ ਦੇ ਨਾਲ-ਨਾਲ ਹੁਣ ਮੱਠਾ ਪੈ ਰਿਹਾ ਹੈ। ਅਸਲ 'ਚ ਅਮਰੀਕੀ ਦਬਾਅ ਕਾਰਨ ਪਾਕਿਸਤਾਨ ਨੇ ਜਿੱਥੇ ਘਰੇਲੂ ਅਤਿਵਾਦ ਨੂੰ ਨਕੇਲ ਪਾਉਣੀ ਸ਼ੁਰੂ ਕਰ ਦਿੱਤੀ ਹੈ ਉਥੇ ਕਸ਼ਮੀਰ ਤੇ ਪੰਜਾਬ 'ਚ ਸਰਗਮੀਆਂ ਚਲਾ ਰਹੇ ਖਾੜਕੂਆਂ ਖ਼ਿਲਾਫ਼ ਵੀ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ।

ਇਸ ਵਾਰ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਭਾਰਤ, ਅਮਰੀਕਾ, ਕੈਨੇਡਾ, ਆਸਟਰੇਲੀਆ ਤੇ ਪਾਕਿਸਤਾਨ ਸਮੇਤ ਹੋਰ ਮੁਲਕਾਂ ਤੋਂ ਵੱਡੀ ਗਿਣਤੀ ਵਿਚ ਸਿੱਖ ਸੰਗਤ ਇਕੱਠੀ ਹੋਈ। ਬੀਤੀ 10 ਨਵੰਬਰ ਨੂੰ ਗੁਰਦੁਆਰਾ ਸਾਹਿਬ ਵਿਖੇ ਹੋਏ ਧਾਰਮਿਕ ਸਮਾਗਮ ਵਿਚ ਸਿੱਖ ਆਗੂਆਂ ਦੇ ਨਾਲ-ਨਾਲ ਖਾਲਿਸਤਾਨੀ ਵਿਚਾਰਧਾਰਾ ਵਾਲੇ ਆਗੂਆਂ ਨੇ ਵੀ ਸੰਬੋਧਨ ਕੀਤਾ। ਸੰਬੋਧਨ ਕਰਨ ਵਾਲਿਆਂ ਵਿਚ ਦਲ ਖਾਲਸਾ ਦੇ ਇੰਗਲੈਂਡ ਤੋਂ ਆਗੂ ਮਨਮੋਹਨ ਸਿੰਘ ਖਾਲਸਾ, ਅਮਰੀਕਾ ਤੋਂ ਡਾ. ਗੁਰਮੀਤ ਸਿੰਘ ਔਲਖ, ਅਵਤਾਰ ਸਿੰਘ ਸੰਘੇੜਾ, ਅਮਰੀਕਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਡਾ. ਪ੍ਰਿਤਪਾਲ ਸਿੰਘ, ਕਾਰ ਸੇਵਾ ਜਥਾ ਯੂ.ਕੇ. ਦੇ ਭਾਈ ਜੋਗਾ ਸਿੰਘ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਸ਼ਾਮਲ ਸਨ।




ਮਿਲੀ ਜਾਣਕਾਰੀ ਅਨੁਸਾਰ ਸੰਬੋਧਨ ਦੌਰਾਨ ਸਿਰਫ ਇਕ ਗਰਮ ਖਿਆਲੀ ਆਗੂ ਨੇ ਹੀ ਖਾਲਿਸਤਾਨ ਦੇ ਪੱਖ ਵਿਚ ਨਾਅਰੇ ਲਾਏ ਤੇ ਆਖਿਆ ਕਿ ਸਿੱਖ ਇਸ ਵੇਲੇ ਗੁਲਾਮੀ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਸਿੱਖਾਂ ਨੂੰ ਆਜ਼ਾਦੀ ਦਾ ਨਿੱਘ ਮਾਨਣ ਲਈ ਵੱਖਰੇ ਤੇ ਆਜ਼ਾਦ ਖਿੱਤੇ ਦੀ ਲੋੜ ਹੈ। ਉਸ ਵੱਲੋਂ ਲਾਏ ਗਏ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰਿਆਂ ਦਾ ਵੀ ਕੁਝ ਹੀ ਵਿਅਕਤੀਆਂ ਨੇ ਹੁੰਗਾਰਾ ਭਰਿਆ।

ਇਸ ਮੌਕੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਗਰਮ ਖਿਆਲੀ ਆਗੂ ਦੀਆਂ ਗੱਲਾਂ ਦਾ ਮੋੜਵਾਂ ਜਵਾਬ ਦਿੱਤਾ। ਸ. ਸਰਨਾ ਨੇ ਕਿਹਾ ਕਿ ਉਹ ਇਸ ਗੱਲ ਨਾਲ ਕਤਈ ਸਹਿਮਤ ਨਹੀਂ ਹਨ ਕਿ ਸਿੱਖ ਗੁਲਾਮ ਹਨ ਤੇ ਸਿੱਖ ਕਦੇ ਗੁਲਾਮ ਨਹੀਂ ਹੋ ਸਕਦਾ। ਉਹ ਜਿਸ ਵੀ ਦੇਸ਼ ਵਿਚ ਰਹਿ ਰਹੇ ਹਨ, ਉਸ ਦੇਸ਼ ਪ੍ਰਤੀ ਵਫ਼ਾਦਾਰ ਹਨ ਤੇ ਦੇਸ਼ ਦੇ ਵਿਕਾਸ ਵਿਚ ਪੂਰਨ ਯੋਗਦਾਨ ਪਾ ਰਹੇ ਹਨ। ਹੈਰਾਨੀ ਹੈ ਕਿ ਇਸ ਮੌਕੇ ਦਿੱਤੇ ਗਏ ਜਵਾਬ ਦਾ ਕਿਸੇ ਹੋਰ ਆਗੂ ਨੇ ਵਿਰੋਧ ਨਹੀਂ ਕੀਤਾ। ਇਸ ਦੀ ਪੁਸ਼ਟੀ ਕਰਦਿਆਂ ਪਾਕਿਸਤਾਨ ਤੋਂ ਪਰਤੇ ਸ. ਸਰਨਾ ਨੇ ਦੱਸਿਆ ਕਿ ਇਸ ਬਾਰੇ ਉਨ੍ਹਾਂ ਦੀ ਪਾਕਿਸਤਾਨੀ ਦੇ ਓਕਾਫ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਸਈਅਦ ਆਸਿਤ ਹਾਸ਼ਮੀ ਨਾਲ ਨਿੱਜੀ ਤੌਰ 'ਤੇ ਵੀ ਗੱਲਬਾਤ ਹੋਈ। ਸ੍ਰੀ ਹਾਸ਼ਮੀ ਨੇ ਵੀ ਉਨ੍ਹਾਂ ਦੀ ਗੱਲ ਦਾ ਸਮਰਥਨ ਕੀਤਾ ਤੇ ਭਰੋਸਾ ਦਿੱਤਾ ਕਿ ਭਵਿੱਖ ਵਿਚ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਤੇ ਇਸ ਮੰਚ ਨੂੰ ਵਿਰੋਧੀ ਸਰਗਰਮੀਆਂ ਲਈ ਵਰਤਣ ਤੋਂ ਰੋਕਿਆ ਜਾਵੇਗਾ।

ਇਸ ਵਾਰ ਸਮਾਗਮ ਦੌਰਾਨ ਕਿਸੇ ਨੇ ਵੀ ਖਾਲਿਸਤਾਨ ਦੇ ਪੱਖ ਵਿਚ ਲਿਖਤ ਪ੍ਰਚਾਰ ਸਮੱਗਰੀ ਨਹੀਂ ਵੰਡੀ ਤੇ ਨਾ ਹੀ ਕਿਸੇ ਵੱਲੋਂ ਖਾਲਿਸਤਾਨ ਦੇ ਪੱਖ ਵਿਚ ਪ੍ਰਚਾਰ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕੁਝ ਵਰ੍ਹੇ ਪਹਿਲਾਂ ਖਾਲਿਸਤਾਨੀ ਪੱਖੀਆਂ ਦਾ ਮੰਚ 'ਤੇ ਕਬਜ਼ਾ ਕਰ ਰਹਿੰਦਾ ਸੀ ਤੇ ਮੰਚ 'ਤੇ ਖਾਲਿਸਤਾਨ ਦੇ ਪੱਖ ਵਿਚ ਹੀ ਤਕਰੀਰਾਂ ਹੁੰਦੀਆਂ ਸਨ। ਉਦੋਂ ਸ਼ਰਧਾਲੂਆਂ ਨੂੰ ਖਾਲਿਸਤਾਨ ਦੇ ਪੱਖ ਵਿਚ ਪ੍ਰਚਾਰ ਸਮੱਗਰੀ ਵੀ ਵੰਡੀ ਜਾਂਦੀ ਸੀ ਪਰ ਹੁਣ ਇਸ ਰੁਝਾਨ ਵਿਚ ਕਮੀ ਆਈ ਹੈ। ਸ. ਸਰਨਾ ਨੇ ਦੱਸਿਆ ਕਿ ਪਾਕਿਸਤਾਨ ਵਿਖੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਵੱਡਾ ਸੁਧਾਰ ਆਇਆ ਹੈ ਤੇ ਗੁਰਦੁਆਰਿਆਂ ਦੀ ਹਾਲਤ ਬਿਹਤਰ ਹੋ ਗਈ ਹੈ। ਪੰਜਾ ਸਾਹਿਬ ਵਿਖੇ ਸ਼ਰਧਾਲੂਆਂ ਲਈ ਨਵਾਂ ਲੰਗਰ ਹਾਲ ਤੇ ਸਰਾਂ ਬਣਾਈ ਗਈ ਹੈ। ਗਰਮ ਪਾਣੀ ਦੇ ਪ੍ਰਬੰਧ ਲਈ ਸੋਲਰ ਪ੍ਰਣਾਲੀ ਸਥਾਪਤ ਕੀਤੀ ਗਈ ਹੈ।

# ਬੌਬੀ ਬਾਂਸਲ ਨੂੰ ਐਂਗਲੋ ਸਿੱਖ ਜੰਗਾਂ ਦੇ ਨਕਸ਼ੇ ਮਿਲੇ

**ਚੰਡੀਗੜ੍ਹ:** ਪਰਵਾਸੀ ਭਾਰਤੀ ਤੇ ਬਰਤਾਨੀਆ ਵਿਚ ਜੰਮੇ ਪਲੇ ਬੌਬੀ ਸਿੰਘ ਬਾਂਸਲ ਦੀ ਪਹਿਲੀ ਪ੍ਰਕਾਸ਼ਨਾ 'ਦਾ ਲਾਇਨਜ਼ ਫਿਰੰਗੀਜ਼: ਯੂਰੋਪੀਅਨਜ਼ ਐਟ ਦ ਕੋਰਟ ਆਫ ਲਾਹੌਰ' ਨੂੰ ਛੇ ਕੌਮਾਂਤਰੀ ਪੁਰਸਕਾਰ ਮਿਲ ਚੁੱਕੇ ਹਨ ਜਦਕਿ ਉਸ ਨੂੰ ਨਵੀਂ ਪ੍ਰਾਪਤੀ ਇਹ ਹੋਈ ਹੈ ਕਿ ਉਹ ਪਹਿਲੇ ਵਿਸਕਾਊਂਟ ਹਿਊਗ ਗੱਫ ਨਾਲ ਸਬੰਧਤ ਦੁਰਲੱਭ ਇਤਿਹਾਸਕ ਨਕਸ਼ਿਆਂ ਦੇ ਸੰਗ੍ਰਹਿ ਦਾ ਮਾਲਕ ਹੋਵੇਗਾ। ਹਿਊਗ ਗੱਫ ਐਂਗਲੋ-ਸਿੱਖ ਜੰਗਾਂ ਵੇਲੇ ਭਾਰਤ 'ਚ ਬਰਤਾਨੀਆ ਫੌਜ ਦਾ ਕਮਾਂਡਰ-ਇਨ-ਚੀਫ ਸੀ।

1845 'ਚ ਇਹ ਸਮਾਂ ਮਹਾਰਾਜਾ ਦਲੀਪ ਸਿੰਘ ਦੇ ਰਾਜ ਵੇਲੇ ਦਾ ਹੈ। ਹਾਲ ਹੀ 'ਚ ਆਪਣੇ ਅਗਲੇ ਪ੍ਰਾਜੈਕਟ 'ਚ ਖੋਜ ਲਈ ਆਇਰਲੈਂਡ ਜਾ ਕੇ ਆਇਆ ਲੇਖਕ ਉਸ ਵੇਲੇ ਖਿੜ੍ਹ ਉੱਠਿਆ ਸੀ ਜਦੋਂ ਉਸ ਨੂੰ ਇਹ ਨਕਸ਼ੇ ਦਿਖਾਏ ਗਏ। ਵੱਡੀ ਇਤਿਹਾਸਕ ਮਹੱਤਤਾ ਵਾਲੇ ਇਹ ਦੁਰਲੱਭ ਨਕਸ਼ੇ 100 ਸਾਲ ਤੋਂ ਵੱਧ ਸਮੇਂ ਤੋਂ ਐਵੇਂ ਹੀ ਅਟਾਰੀ 'ਚ ਅਣਗੌਲੇ ਪਏ ਸਨ। ਮਗਰੋਂ ਜਾਂਚ-ਪੜਤਾਲ ਦੌਰਾਨ ਉਸ ਨੂੰ ਲੱਗਿਆ ਕਿ ਇਹ ਦੁਰਲੱਭ ਨਕਸ਼ੇ ਬੜੀ ਮਾੜੀ ਹਾਲਤ 'ਚ ਸਨ ਤੇ ਇਨ੍ਹਾਂ ਨੂੰ ਫੌਰੀ ਮੁੜ ਸੰਭਾਲਣ ਦੀ ਲੋੜ ਸੀ।

ਫੌਜੀ ਜਾਣਕਾਰੀ ਬਾਰੇ ਉਤਸ਼ਾਹੀ ਕਿਸੇ ਵਿਅਕਤੀ ਲਈ ਇਹ ਨਕਸ਼ੇ ਵੱਡੀ ਦੌਲਤ ਸਨ।



ਬੌਬੀ ਦਾ ਕਹਿਣਾ ਹੈ ਕਿ ਇਹ ਬੜਾ ਕਮਾਲ ਦਾ ਇਤਫਾਕ ਸੀ ਕਿ ਉਹ ਸਹੀ ਸਮੇਂ, ਸਹੀ ਥਾਂ ਆਇਰਲੈਂਡ ਪੁੱਜਿਆ ਸੀ ਪਰ ਉੜਕ ਇਹ ਨਕਸ਼ੇ ਹਾਸਲ ਕਰਨ ਲਈ ਉਸ ਨੂੰ ਬਹੁਤ ਸਬਰ, ਕਵਾਇਦ ਤੇ ਗੱਲਬਾਤ ਚਲਾਉਣੀ ਪਈ।

ਇਨ੍ਹਾਂ ਨਕਸ਼ਿਆਂ ਵਿਚੋਂ ਇਕ ਨਕਸ਼ਾ ਸਭਰਾਵਾਂ ਦੀ ਲੜਾਈ ਦਾ ਸੀ ਜੋ 10 ਫਰਵਰੀ 1846 ਨੂੰ ਲੜੀ ਗਈ ਸੀ। ਇਸ ਦੇ ਇਕ ਪਾਸੇ ਜਨਰਲ ਹਿਊਗ ਗਫ਼ ਆਪਣੇ 10,000 ਆਦਮੀਆਂ ਨਾਲ ਸੀ ਤੇ ਦੂਜੇ ਪਾਸੇ ਲਾਹੌਰ ਦਰਬਾਰ ਦੇ 30,000 ਲੜਾਕੂ ਸਨ ਜਿਨ੍ਹਾਂ ਦੀ ਅਗਵਾਈ ਦਰਬਾਰ ਦੇ ਸਭ ਤੋਂ ਵਫ਼ਾਦਾਰ ਜਨਰਲ ਸ਼ਾਮ ਸਿੰਘ ਕਰ ਰਹੇ ਸਨ। ਮੁਦਕੀ ਤੇ ਮਾਹਰਾਜਪੁਰ ਦੀਆਂ ਲੜਾਈਆਂ ਦੇ ਨਕਸ਼ੇ ਵੀ ਇਸ ਖਜ਼ਾਨੇ 'ਚ ਸ਼ੁਮਾਰ ਹਨ।

ਵੱਖ-ਵੱਖ ਆਕਾਰਾਂ ਦੇ ਇਹ ਨਕਸ਼ੇ ਜਨਰਲ ਹਿਊਗ ਗਫ ਦੀ ਲੜਾਈਆਂ ਦੀ ਨਿੱਜੀ ਯੋਜਨਾ ਅਨੁਸਾਰ ਸਨ। ਪੰਜਾਬ 'ਚ ਇਹ ਜੰਗਾਂ ਲੜਨ ਮਗਰੋਂ ਗਫ਼ ਡਬਲਿਨ ਤੇ ਗਾਲਵੇਅ 'ਚ ਵਾਹਵਾ ਪੈਨਸ਼ਨ 'ਤੇ ਆਰਾਮ ਨਾਲ ਜ਼ਿੰਦਗੀ ਜੀਵਿਆ। ਲੰਮਾ ਸਮਾਂ ਇਹ ਨਕਸ਼ੇ ਆਇਰਲੈਂਡ ਤੇ ਸਕਾਟਲੈਂਡ 'ਚ ਉਸ ਦੇ ਪਰਿਵਾਰ ਕੋਲ ਰਹੇ, ਫਿਰ ਪਤਾ ਨਹੀਂ ਕਿਉਂ ਇਹ ਗਫ਼ ਦੀ ਗਾਲਵੇਅ 'ਚ ਪੈਂਦੀ ਰਿਹਾਇਸ਼ ਵਿਚ ਸੁੱਟ ਦਿੱਤੇ ਗਏ। ਸਿੱਖ ਇਤਿਹਾਸ ਲਈ ਇਹ ਦੁਰਲੱਭ ਖਜ਼ਾਨਾ ਹਨ।

ਬੌਬੀ ਦਾ ਕਹਿਣਾ ਹੈ ਕਿ ਵੱਡਾ ਮੁੱਲ ਹੋਣ ਦੇ ਬਾਵਜੂਦ ਇਹ ਨਕਸ਼ੇ ਵੇਚਣਗੇ ਨਹੀਂ ਬਲਕਿ ਕਿਸੇ ਸਿੱਖ ਅਜਾਇਬ ਘਰ 'ਚ ਇਨ੍ਹਾਂ ਦੀ ਪ੍ਰਦਰਸ਼ਨੀ ਲਾਉਣਗੇ। ਉਨ੍ਹਾਂ ਕਿਹਾ ਕਿ ਉਹ ਇਹ ਨਕਸ਼ੇ ਹਾਸਲ ਕਰਕੇ ਮਾਣ ਮਹਿਸੂਸ ਕਰਦੇ ਹਨ। ਜਲਦੀ ਹੀ ਬੌਬੀ ਅਫਗਾਨਿਸਤਾਨ ਦੇ ਸਿੱਖਾਂ 'ਤੇ ਟੀ.ਵੀ. ਦਸਤਾਵੇਜ਼ੀ ਫਿਲਮ ਲਈ ਕਾਬੁਲ ਜਾ ਰਿਹਾ ਹੈ।

## *ਪਰਵਾਸੀ ਭਾਰਤੀਆਂ ਲਈ ਨਵੀਂ ਸਕੀਮ*

**ਚੰਡੀਗੜ੍ਹ:** ਪੰਜਾਬ ਦੀ ਖੁਸ਼ਹਾਲੀ ਲਈ ਪਰਵਾਸੀ ਭਾਰਤੀਆਂ ਦਾ ਵਧੇਰੇ ਯੋਗਦਾਨ ਹਾਸਲ ਕਰਨ ਲਈ ਰਾਜ ਸਰਕਾਰ ਵੱਲੋਂ ਨਵੀਂ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਤਹਿਤ ਜੇ ਕੋਈ ਪਰਵਾਸੀ ਭਾਰਤੀ ਆਪਣੀ ਜਨਮ ਭੂਮੀ ਵਿਖੇ ਕਿਸੇ ਵਿਕਾਸ ਪ੍ਰਾਜੈਕਟ ਲਈ 25 ਫੀਸਦੀ ਦਾ ਯੋਗਦਾਨ ਪਾਵੇਗਾ ਤਾਂ ਬਾਕੀ 50 ਤੋਂ 75 ਫੀਸਦੀ ਹਿੱਸਾ ਰਾਜ ਸਰਕਾਰ ਵੱਲੋਂ ਪਾਇਆ ਜਾਵੇਗਾ।

ਪੰਜਾਬ ਦੇ ਪਰਵਾਸੀ ਭਾਰਤੀ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਨੇ ਪਰਵਾਸੀ ਭਾਰਤੀਆਂ ਨੂੰ ਰਾਜ ਵਿਚ ਨਿਵੇਸ਼ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਨੂੰ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਮੁਹੱਈਆ ਕਰਾਉਣ ਤੇ ਮਨੁੱਖੀ ਸਰੋਤ ਵਿਕਾਸ ਦੇ ਮੌਕੇ ਦੇਣ ਲਈ ਰਾਜ ਵੱਲੋਂ ਪੂਰੇ ਵਿਸ਼ਵ ਦਾ ਧਿਆਨ ਖਿੱਚਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਰਾਜ ਸਰਕਾਰ ਸਿੱਖਿਆ ਤੇ ਸਿਹਤ ਸੇਵਾਵਾਂ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਸਿੱਖਿਆ ਪ੍ਰਣਾਲੀ ਨੂੰ ਚੁਸਤ ਦਰੁਸਤ ਬਣਾਉਣ ਲਈ ਕਈ ਅਹਿਮ ਕਦਮ ਚੁੱਕੇ ਗਏ ਹਨ। ਪੰਜਾਬ ਨੇ ਪ੍ਰਾਹੁਣਚਾਰੀ ਖੇਤਰ ਨੂੰ ਉਦਯੋਗ ਘੋਸ਼ਿਤ ਕੀਤਾ ਹੈ ਕਿਉਂਕਿ ਇਸ ਵਿਚ ਸੈਰ ਸਪਾਟੇ ਨੂੰ ਪ੍ਰਫੁੱਲਤ ਕਰਨ ਦੀਆਂ ਭਾਰੀ ਸੰਭਾਵਨਾਵਾਂ ਹਨ। ਉਨ੍ਹਾਂ ਕਿਹਾ ਕਿ ਆਦਰਸ਼ ਸਕੂਲਾਂ ਦੀ ਸ਼ੁਭ ਸ਼ੁਰੂਆਤ ਨੇ ਪਰਵਾਸੀ ਭਾਰਤੀਆਂ ਲਈ ਸਿੱਖਿਆ ਦੇ ਖੇਤਰ ਵਿਚ ਨਿਵੇਸ਼ਕਾਰੀ ਦੇ ਬੂਹੇ ਖੋਲ੍ਹ ਦਿੱਤੇ ਹਨ।

# ਕੇਂਦਰ ਵੱਲੋਂ ਆਨੰਦ ਵਿਆਹ ਕਾਨੂੰਨ ਬਾਰੇ ਹਾਂਪੱਖੀ ਹੁੰਗਾਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕੇਂਦਰ ਸਰਕਾਰ ਵੱਲੋਂ ਆਨੰਦ ਵਿਆਹ ਕਾਨੂੰਨ ਬਾਰੇ ਹਾਂਪੱਖੀ ਹੁੰਗਾਰਾ ਭਰਿਆ ਗਿਆ ਹੈ। ਭਾਰਤ ਦੇ ਕਾਨੂੰਨ, ਨਿਆਂ ਤੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸਲਮਾਨ ਖੁਰਸ਼ੀਦ ਨੇ ਇਥੇ ਚੰਡੀਗੜ੍ਹ ਟੈਰੀਟੋਰੀਅਲ ਕਾਂਗਰਸ ਕਮੇਟੀ ਦੇ ਘੱਟ ਗਿਣਤੀ ਸੈੱਲ ਦੀ ਕਾਨਫਰੰਸ ਦੌਰਾਨ ਕਿਹਾ ਕਿ ਭਾਰਤ ਸਰਕਾਰ ਆਨੰਦ ਮੈਰਿਜ ਐਕਟ-1909 ਦੇ ਮਾਮਲੇ ਨੂੰ ਜਲਦੀ ਹੱਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਕੇਂਦਰੀ ਮੰਤਰੀ ਮੰਡਲ ਨੇੜੇ ਭਵਿੱਖ ਵਿਚ ਅੰਤਮ ਫੈਸਲਾ ਲੈ ਲਵੇਗਾ।

ਉਨ੍ਹਾਂ ਕਿਹਾ ਕਿ ਆਨੰਦ ਮੈਰਿਜ ਐਕਟ ਦੇ ਮੁੱਦੇ 'ਤੇ ਪੰਜਾਬ ਵੱਲੋਂ ਖਾਸ ਤੌਰ 'ਤੇ ਦਬਾਅ ਪੈ ਰਿਹਾ ਹੈ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਮੁੱਦੇ 'ਤੇ ਉਨ੍ਹਾਂ ਨਾਲ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿਰਫ ਪੰਜਾਬ ਨਾਲ ਸਬੰਧਤ ਨਹੀਂ ਹੈ ਤੇ ਇਸ ਨੂੰ ਕੌਮੀ ਪੱਧਰ 'ਤੇ ਹੀ ਹੱਲ ਕੀਤਾ ਜਾਵੇਗਾ। ਕੇਂਦਰੀ ਮੰਤਰੀ ਨੇ ਕਿਹਾ ਕਿ ਅੱਜਕੱਲ੍ਹ ਖਾਸ ਕਰਕੇ ਵਿਦੇਸ਼ ਜਾਣ ਵੇਲੇ ਵਿਆਹਾਂ ਦੀ ਰਜਿਸਟ੍ਰੇਸ਼ਨ ਕਰਵਾਉਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਮੁੱਦੇ ਨੂੰ ਹੱਲ ਕਰਨ ਲਈ ਭਾਰਤ ਸਰਕਾਰ ਦੋ ਤਜਵੀਜਾਂ ਉਪਰ ਕੰਮ ਕਰ ਰਹੀ ਹੈ।



ਇਸ ਬਾਬਤ ਸਰਕਾਰ ਜਾਂ ਤਾਂ ਮੌਜੂਦਾ ਕਾਨੂੰਨ ਅਧੀਨ ਸਿੱਖਾਂ ਨੂੰ ਵਿਆਹ ਰਜਿਸਟਰਡ ਕਰਾਉਣ ਦਾ ਕੋਈ ਹੱਲ ਕੱਢੇਗੀ ਤੇ ਜਾਂ ਫਿਰ ਜਨਮ ਤੇ ਮੌਤ ਐਕਟ ਵਿਚ ਸੋਧ ਕਰਕੇ ਸਿੱਖ ਭਾਈਚਾਰੇ ਦੇ ਵਿਆਹ ਰਜਿਸਟਰਡ ਕਰਵਾਉਣ ਦਾ ਕੋਈ ਹੱਲ ਕੱਢਿਆ ਜਾਵੇਗਾ। ਜ਼ਿਕਰਯੋਗ ਹੈ ਕਿ ਸਿੱਖਾਂ ਨੂੰ ਹੁਣ ਹਿੰਦੂ ਮੈਰਿਜ ਐਕਟ-1955 ਤਹਿਤ ਹੀ ਵਿਆਹ ਰਜਿਸਟਰਡ ਕਰਵਾਉਣੇ ਪੈਂਦੇ ਹਨ। ਇਸ ਮੁੱਦੇ 'ਤੇ ਸ਼੍ਰੋਮਣੀ ਕਮੇਟੀ, ਅਕਾਲੀ ਦਲ ਤੇ ਸਮੂਹ ਸਿੱਖ ਸੰਸਦ ਮੈਂਬਰ ਪਹਿਲਾਂ ਹੀ ਮੌਜੂਦਾ ਐਕਟ 'ਚ ਤਰਮੀਮ ਕਰਨ ਦੀ ਤਜ਼ਵੀਜ ਭਾਰਤ ਸਰਕਾਰ ਨੂੰ ਪੇਸ਼ ਕਰ ਚੁੱਕੇ ਹਨ।

ਇਸ ਮੌਕੇ ਕੇਂਦਰੀ ਮੰਤਰੀ ਨੇ ਕਿਹਾ ਕਿ ਆ ਰਹੇ ਪਾਰਲੀਮੈਂਟ ਸੈਸ਼ਨ ਦੌਰਾਨ ਲੋਕਪਾਲ ਸਮੇਤ ਪੰਜ ਮੁੱਖ ਬਿਲ ਪੇਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਸੱਚਰ ਕਮੇਟੀ ਦੀ ਰਿਪੋਰਟ ਮੁਸਲਿਮ ਭਾਈਚਾਰੇ ਲਈ ਹੈ ਪਰ ਇਸ ਰਾਹੀਂ ਘੱਟ ਗਿਣਤੀਆਂ ਨੂੰ ਮਿਲਣ ਵਾਲੇ ਅਧਿਕਾਰ ਮੁਸਲਮਾਨਾਂ ਦੇ ਨਾਲ-ਨਾਲ ਸਿੱਖਾਂ, ਬੁੱਧੀਆਂ, ਪਾਰਸੀਆਂ ਤੇ ਕ੍ਰਿਸ਼ਚੀਅਨ ਭਾਈਚਾਰੇ 'ਤੇ ਵੀ ਲਾਗੂ ਹੋਣਗੇ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਲਈ ਭਾਰਤ ਸਰਕਾਰ ਵਿਚ ਨੌਕਰੀਆਂ 'ਚ 15 ਫੀਸਦੀ ਕੋਟਾ ਦਿੱਤਾ ਜਾਂਦਾ ਹੈ ਤੇ ਬੈਂਕਾਂ ਵਿਚ ਕਰਜ਼ੇ ਦੇਣ ਦੀ ਪ੍ਰਕ੍ਰਿਆ 'ਚ ਵੀ 15 ਫੀਸਦੀ ਘੱਟ ਗਿਣਤੀਆਂ ਲਈ ਕੋਟਾ ਤੈਅ ਹੈ।

ਉਨ੍ਹਾਂ ਦੱਸਿਆ ਕਿ ਬੈਂਕਾਂ ਵਿਚੋਂ 13.5 ਫੀਸਦੀ ਕਰਜ਼ੇ ਘੱਟ ਗਿਣਤੀਆਂ ਨੂੰ ਮਿਲੇ ਹਨ ਤੇ ਨੌਕਰੀਆਂ ਵਿਚ ਵੀ ਇਹ ਵਰਗ 9-10 ਫੀਸਦੀ ਦੇ ਕਰੀਬ ਸ਼ਾਮਲ ਹੋ ਚੁੱਕਾ ਹੈ। ਘੱਟ ਗਿਣਤੀਆਂ ਨਾਲ ਸਬੰਧਤ 50 ਲੱਖ ਬੱਚਿਆਂ ਲਈ ਸਕਾਲਰਸ਼ਿਪ ਸਕੀਮ ਜਾਰੀ ਹੈ ਤੇ ਇਸ ਵਰਗ ਦੀਆਂ ਔਰਤਾਂ ਨੂੰ ਸਮਾਜ ਵਿਚ ਮੋਹਰੀ ਰੋਲ ਅਦਾ ਕਰਨ ਲਈ ਲੀਡਰਸ਼ਿਪ ਪ੍ਰੋਗਰਾਮ ਤਹਿਤ ਸ਼ਾਮਲ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਰਤ ਸਮੇਤ 8 ਦੇਸ਼ਾਂ ਵਿੱਚ ਮੌਤ ਦੀ ਸਜ਼ਾ ਦੇਣ ਦਾ ਕਾਨੂੰਨ ਬਰਕਰਾਰ ਹੈ। ਭਾਵੇਂ ਉਹ ਨਿੱਜੀ ਤੌਰ 'ਤੇ ਇਸ ਕਾਨੂੰਨ ਦੇ ਹੱਕ ਵਿਚ ਨਹੀਂ ਹਨ ਪਰ ਇਹ ਫੈਸਲਾ ਪਾਰਲੀਮੈਂਟ ਵਿਚ ਹੀ ਹੋਣਾ ਸੰਭਵ ਹੈ।

ਇਸ ਮੌਕੇ ਕਾਂਗਰਸੀ ਆਗੂਆਂ ਨੇ ਮੰਤਰੀ ਅੱਗੇ ਤਜਵੀਜ਼ ਰੱਖੀ ਕਿ ਅਨੰਦ ਮੈਰਿਜ ਐਕਟ ਵਿਚ ਸੋਧ ਕਰਕੇ ਸਿੱਖਾਂ ਲਈ ਵਿਆਹ ਰਜਿਸਟਰਡ ਕਰਵਾਉਣ ਲਈ ਵੱਖਰਾ ਕਾਨੂੰਨ ਬਣਾਇਆ ਜਾਵੇ ਕਿਉਂਕਿ ਹੁਣ ਸਿੱਖਾਂ ਨੂੰ ਹਿੰਦੂ ਮੈਰਿਜ ਐਕਟ ਤਹਿਤ ਵਿਆਹ ਰਜਿਸਟਰਡ ਕਰਵਾਉਣੇ ਪੈਂਦੇ ਹਨ। ਇਸ ਮੌਕੇ ਸ੍ਰੀ ਖੁਰਸ਼ੀਦ ਨੇ ਕਿਹਾ ਕਿ ਸਿੱਖਾਂ ਦੇ ਵਿਆਹ ਵੱਖਰੇ ਤੌਰ 'ਤੇ ਆਨੰਦ ਮੈਰਿਜ ਐਕਟ ਤਹਿਤ ਰਜਿਸਟਰਡ ਕਰਨ ਦੀ ਪ੍ਰਵਾਨਗੀ ਕਾਨੂੰਨ ਵਿਭਾਗ ਨੇ ਦੇ ਦਿੱਤੀ ਹੈ ਤੇ ਕਾਨੂੰਨ ਤੇ ਮਨੁੱਖੀ ਅਧਿਕਾਰ ਵਿਭਾਗ ਤੋਂ ਇਸ ਬਾਬਤ ਮਨਜ਼ੂਰੀ ਦੀ ਉਡੀਕ ਕੀਤੀ ਜਾ ਰਹੀ ਹੈ।

ਕੇਂਦਰੀ ਮੰਤਰੀ ਨੇ ਭਰੋਸਾ ਦਿੱਤਾ ਕਿ ਇਹ ਐਕਟ ਜਲਦ ਹੀ ਲਾਗੂ ਹੋ ਜਾਵੇਗਾ। ਇਸ ਮੌਕੇ ਮੌਜੂਦ ਕੇਂਦਰੀ ਮੰਤਰੀ ਅਤੇ ਚੰਡੀਗੜ੍ਹ ਦੇ ਸੰਸਦ ਮੈਂਬਰ ਪਵਨ ਕੁਮਾਰ ਬਾਂਸਲ ਨੇ ਵੀ ਇਸ ਮੰਗ ਦੀ ਹਮਾਇਤ ਕਰਦਿਆਂ ਕਿਹਾ ਕਿ ਆਨੰਦ ਮੈਰਿਜ ਐਕਟ ਵਿਚ ਸੋਧ ਹੋਣ ਨਾਲ ਦੁਨੀਆ ਭਰ ਵਿਚ ਵਸਦੇ ਸਿੱਖਾਂ ਨੂੰ ਵੱਖਰੇ ਕਾਨੂੰਨ ਤਹਿਤ ਵਿਆਹ ਰਜਿਸਟਰਡ ਕਰਵਾਉਣ ਦੇ ਮੌਕੇ ਮਿਲਣਗੇ। ਇਸ ਦੌਰਾਨ ਸੰਸਦ ਮੈਂਬਰ ਤੇ ਕਾਂਗਰਸ ਦੇ ਕਾਨੂੰਨ ਤੇ ਮਨੁੱਖੀ ਅਧਿਕਾਰ ਵਿੰਗ ਦੇ ਚੇਅਰਮੈਨ ਡਾਕਟਰ ਅਭਿਸ਼ੇਕ ਮਨੂ ਸਿੰਘਵੀ ਨੇ ਭਰੋਸਾ ਦਿੱਤਾ ਕਿ ਆਨੰਦ ਮੈਰਿਜ ਵਿੱਚ ਸੋਧ ਦੀ ਤਜਵੀਜ਼ ਬਹੁਸੰਮਤੀ ਨਾਲ ਪਾਸ ਹੋਵੇਗੀ।

# ਪੰਜਾਬ ਦਾ ਦੂਜਾ ਕਬੱਡੀ ਵਿਸ਼ਵ ਕੱਪ ਵੇਖਦਿਆਂ

**ਖੇਡ ਮੈਦਾਨ 'ਚੋਂ**

**ਪ੍ਰਿੰ. ਸਰਵਣ ਸਿੰਘ**

ਪੰਜਾਬ ਵਿਚ ਇਕ ਬੰਨੇ ਕਬੱਡੀ ਦਾ ਵਿਸ਼ਵ ਕੱਪ ਹੋ ਰਿਹੈ ਤੇ ਦੂਜੇ ਬੰਨੇ ਵਿਧਾਨ ਸਭਾ ਦੀਆਂ ਚੋਣਾਂ ਲਈ ਸਿਆਸਤ ਹੋ ਰਹੀ ਹੈ। ਕਬੱਡੀ ਦੇ 53 ਮੈਚ ਖੇਡੇ ਜਾਣੇ ਹਨ ਤੇ ਵਿਧਾਨ ਸਭਾ ਲਈ 117 ਸੀਟਾਂ ਦੀਆਂ ਚੋਣਾਂ ਹੋਣੀਆਂ ਹਨ। ਜ਼ੋਰ ਖਿਡਾਰੀਆਂ ਦਾ ਵੀ ਲੱਗਾ ਹੋਇਐ ਤੇ ਸਿਆਸਤਦਾਨ ਵੀ ਪੂਰੇ ਸਰਗਰਮ ਹਨ। ਵਿਸ਼ਵ ਕੱਪ ਕਰਾਉਣ ਨਾਲ ਕਬੱਡੀ ਦੀ ਖੇਡ ਵਧੇਰੇ ਮਕਬੂਲ ਹੋ ਰਹੀ ਹੈ ਤੇ ਇਸ ਦੀਆਂ ਧੁੰਮਾਂ ਕੁਲ ਪੰਜਾਬੀ ਜਹਾਨ ਵਿਚ ਪੈ ਰਹੀਆਂ ਹਨ। ਕਬੱਡੀ ਦੀ ਮਕਬੂਲੀਅਤ ਤੋਂ ਸਿਆਸਤਦਾਨ ਆਪਣਾ ਸਿਆਸੀ ਲਾਹਾ ਲੈ ਰਹੇ ਹਨ। ਖਿਡਾਰੀਆਂ ਨੇ ਇਨਾਮ ਜਿੱਤਣੇ ਹਨ ਤੇ ਸਿਆਸੀ ਨੇਤਾਵਾਂ ਨੇ ਵੋਟਾਂ।

ਕਬੱਡੀ ਨੂੰ ਪੰਜਾਬੀਆਂ ਦੀ ਮਾਂ ਖੇਡ ਕਿਹਾ ਜਾਂਦਾ ਹੈ ਪਰ ਪੰਜਾਬ ਵਿਚ ਹੋ ਰਹੇ ਕਬੱਡੀ ਵਿਸ਼ਵ ਕੱਪ ਨੂੰ ਵੇਖਦਿਆਂ ਲੱਗਦਾ ਹੈ ਜਿਵੇਂ ਸਾਰੇ ਪੰਜਾਬੀ ਪੁੱਤਰ ਇਸ ਨੂੰ ਆਪਣੀ ਮਾਂ ਖੇਡ ਨਾ ਸਮਝ ਰਹੇ ਹੋਣ। ਪਹਿਲੀ ਨਵੰਬਰ ਨੂੰ ਪੰਜਾਬ ਦਿਵਸ ਉਤੇ ਬਠਿੰਡੇ ਵਿਚ ਵਿਸ਼ਵ ਕੱਪ ਦਾ ਉਦਘਾਟਨ ਹੋਇਆ ਤਾਂ ਪੰਜਾਬ ਸਰਕਾਰ ਚਲਾ ਰਹੀ ਪਾਰਟੀ ਤੋਂ ਬਿਨਾਂ ਕਿਸੇ ਹੋਰ ਪਾਰਟੀ ਦਾ ਕੋਈ ਨੇਤਾ ਸਮਾਗਮ ਵਿਚ ਸ਼ਾਮਲ ਨਹੀਂ ਸੀ। ਖੇਡ ਖੇਤਰ ਵਿਚ ਅਜਿਹਾ ਨਹੀਂ ਹੋਣਾ ਚਾਹੀਦਾ। ਖੇਡ ਵਿਚ ਸਿਆਸਤ ਖੇਡ ਲਈ ਨੁਕਸਾਨਦੇਹ ਹੈ।

ਕੁਝ ਸਾਲ ਪਹਿਲਾਂ ਪਟਿਆਲੇ ਵਿਚ ਹੋਈਆਂ ਹਿੰਦ-ਪਾਕਿ ਪੰਜਾਬ ਖੇਡਾਂ ਦੇ ਉਦਘਾਟਨ ਸਮੇਂ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੰਚ ਉਤੇ ਵਿਰੋਧੀ ਧਿਰ ਦੇ ਨੇਤਾ ਸ. ਪ੍ਰਕਾਸ਼ ਸਿੰਘ ਬਾਦਲ ਵੀ ਹਾਜ਼ਰ ਸਨ। ਲਹਿੰਦੇ ਪੰਜਾਬ ਦਾ ਮੁੱਖ ਮੰਤਰੀ ਜਨਾਬ ਪਰਵੇਜ਼ ਇਲਾਹੀ ਮੁੱਖ ਮਹਿਮਾਨ ਸੀ। ਬਠਿੰਡੇ ਵਿਚ ਵਿਸ਼ਵ ਕਬੱਡੀ ਕੱਪ ਦੇ ਉਦਘਾਟਨ ਸਮੇਂ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਦੀਆਂ ਹੋਰ ਸਿਆਸੀ ਪਾਰਟੀਆਂ ਦੇ ਨੇਤਾ ਵੀ ਹਾਜ਼ਰ ਹੁੰਦੇ ਤਾਂ ਉਦਘਾਟਨੀ ਸਮਾਗਮ ਦਾ ਜਲੌਅ ਹੋਰ ਵੀ ਵਧਦਾ।

ਪਹਿਲੇ ਵਿਸ਼ਵ ਕੱਪ ਵਿਚ ਨੌਂ ਮੁਲਕਾਂ ਦੀਆਂ ਟੀਮਾਂ ਨੇ ਭਾਗ ਲਿਆ ਸੀ। ਉਨ੍ਹਾਂ ਵਿਚ ਸਪੇਨ ਤੇ ਇਰਾਨ ਦੀਆਂ ਟੀਮਾਂ ਕਾਫੀ ਕਮਜ਼ੋਰ ਸਨ। ਦੂਜੇ ਕੱਪ ਵਿਚ ਚੌਦਾਂ ਟੀਮਾਂ ਭਾਗ ਲੈ ਰਹੀਆਂ ਹਨ। ਇਨ੍ਹਾਂ ਵਿਚ ਵੀ ਕੁਝ ਟੀਮਾਂ ਬੇਹੱਦ ਕਮਜ਼ੋਰ ਹਨ। ਨੇਪਾਲ, ਸ੍ਰੀਲੰਕਾ, ਅਫਗਾਨਿਸਤਾਨ ਤੇ ਅਰਜਨਟੀਨਾ ਐਵੇਂ ਖਾਨਾਪੂਰਤੀ ਲਈ ਹੀ ਹਨ। ਸਪੇਨ, ਨਾਰਵੇ ਤੇ ਜਰਮਨੀ ਦੀਆਂ ਟੀਮਾਂ ਵਿਚ ਖੇਡਦੇ ਤਾਂ ਸਾਰੇ ਪੰਜਾਬੀ ਮੁੰਡੇ ਹੀ ਹਨ ਪਰ ਉਹ ਹੈਨ ਦੋਮ ਦਰਜੇ ਦੀਆਂ ਟੀਮਾਂ। ਇਹੋ ਕਾਰਨ ਹੈ ਕਿ ਜਦੋਂ ਇਨ੍ਹਾਂ ਟੀਮਾਂ ਦੇ ਮੈਚ ਹੁੰਦੇ ਹਨ ਤਾਂ ਦਰਸ਼ਕਾਂ ਲਈ ਕੋਈ ਕਸ਼ਿਸ਼ ਨਹੀਂ ਹੁੰਦੀ। ਕਸ਼ਿਸ਼ ਪੈਦਾ ਕਰਨ ਲਈ ਲੜਕੀਆਂ ਦੀਆਂ ਚਾਰ ਟੀਮਾਂ ਸ਼ਾਮਲ ਕੀਤੀਆਂ ਗਈਆਂ ਹਨ।

ਕਬੱਡੀ ਪ੍ਰੇਮੀਆਂ ਨੂੰ ਖਿੱਚ ਪਾਉਣ ਵਾਲੀਆਂ ਪੰਜ-ਛੇ ਟੀਮਾਂ ਹੀ ਹਨ। ਜਿੰਦਣ ਇਨ੍ਹਾਂ ਵਿਚਕਾਰ ਕੋਈ ਮੈਚ ਹੋਵੇ ਤਾਂ ਦਰਸ਼ਕਾਂ ਨੂੰ ਅਨੰਦ ਆ ਜਾਂਦੈ ਜਦ ਕਿ ਇਕਪਾਸੜ ਮੈਚਾਂ ਵਿਚ ਉਹ ਬੋਰ ਹੀ ਹੁੰਦੇ ਹਨ। ਦੋ ਨਵੰਬਰ ਨੂੰ ਫਰੀਦਕੋਟ ਵਿਚ ਮੈਚ ਸ਼ੁਰੂ ਹੋਏ ਤਾਂ ਤਿੰਨੇ ਮੈਚ ਇਕਪਾਸੜ ਰਹੇ। ਪਹਿਲੇ ਮੈਚ ਵਿਚ ਆਸਟ੍ਰੇਲੀਆ ਨੇ ਨੇਪਾਲ ਨੂੰ 68-23, ਦੂਜੇ ਵਿਚ ਕੈਨੇਡਾ ਨੇ ਅਫਗਾਨਿਸਤਾਨ ਨੂੰ 63-15 ਤੇ ਤੀਜੇ ਵਿਚ ਭਾਰਤ ਨੇ ਜਰਮਨੀ ਨੂੰ 70-18 ਅੰਕਾਂ ਉਤੇ ਹਰਾ ਦਿੱਤਾ। ਦੂਜੇ ਦਿਨ ਗੁਰਦਾਸਪੁਰ ਵਿਚ ਪਹਿਲਾ ਮੈਚ ਦੋਮ ਦਰਜੇ ਦੀਆਂ ਟੀਮਾਂ ਨਾਰਵੇ ਤੇ ਸਪੇਨ ਦਾ ਹੋਇਆ ਜੋ ਨਾਰਵੇ ਨੇ 49-35 ਅੰਕਾਂ ਨਾਲ ਜਿੱਤਿਆ। ਦੂਜਾ ਮੈਚ ਇਟਲੀ ਤੇ ਅਰਜਨਟੀਨਾ ਦਾ 68-8 ਅੰਕਾਂ ਨਾਲ ਫਿਰ ਇਕਤਰਫਾ ਰਿਹਾ। ਦੂਜੇ ਵਿਸ਼ਵ ਕੱਪ ਦਾ ਸਭ ਤੋਂ ਫਸਵਾਂ ਮੈਚ ਅਮਰੀਕਾ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਇਸ ਮੈਚ ਦਾ ਹਰੇਕ ਧਾਵਾ ਤੇ ਹਰੇਕ ਜੱਫਾ ਵੇਖਣ ਵਾਲਾ ਸੀ। ਇਸ ਮੈਚ ਨੇ ਕਬੱਡੀ ਦਰਸ਼ਕਾਂ ਦੀ ਵਿਸ਼ਵ ਕੱਪ ਵਿਚਲੀ ਦਿਲਚਸਪੀ ਨੂੰ ਮੁੜ ਕੱਪ ਵੱਲ ਮੋੜ ਲਿਆ। ਇਸ ਫਸਵੇਂ ਮੈਚ ਵਿਚ ਅਮਰੀਕਾ 41 ਦੇ ਮੁਕਾਬਲੇ 43 ਅੰਕਾਂ ਨਾਲ ਜਿੱਤਿਆ।

ਢੁੱਡੀਕੇ ਵਿਚ ਖੇਡੇ ਗਏ ਤਿੰਨ ਮੈਚਾਂ ਵਿਚੋਂ ਕੈਨੇਡਾ ਤੇ ਆਸਟ੍ਰੇਲੀਆ ਵਿਚਾਲੇ ਮੈਚ ਹੀ ਕਾਂਟੇਦਾਰ ਰਿਹਾ ਜੋ ਕੈਨੇਡਾ ਨੇ 39 ਦੇ ਮੁਕਾਬਲੇ 51 ਅੰਕਾਂ ਨਾਲ ਜਿਤਿਆ। ਪੁਲਿਸ ਦੀਆਂ ਬੇਲੋੜੀਆਂ ਰੋਕਾਂ ਕਾਰਨ ਓਨੇ ਦਰਸ਼ਕ ਕਬੱਡੀ ਮੈਚ ਵੇਖਣ ਲਈ ਨਹੀਂ ਪੁੱਜ ਸਕੇ ਜਿੰਨਿਆਂ ਦੀ ਆਸ ਕੀਤੀ ਗਈ ਸੀ। ਮੈਨੂੰ ਖ਼ੁਦ ਢੁੱਡੀਕੇ ਦੇ ਖੇਡ ਮੈਦਾਨ ਵਿਚ ਪੁੱਜਣ 'ਚ ਮੁਸ਼ਕਲ ਆਈ ਜਿਥੇ ਮੈਂ ਤੀਹ ਸਾਲ ਖੇਡਿਆ ਤੇ ਪੜ੍ਹਾਇਆ ਸੀ। ਅਵੱਲੀ ਗੱਲ ਇਹ ਹੋਈ ਕਿ ਯੋਗਾ ਗੁਰੂ ਰਾਮਦੇਵ ਦੇ ਆਉਣ ਉਤੇ ਇੰਗਲੈਂਡ ਤੇ ਅਫਗਾਨਿਸਤਾਨ



ਬਾਬਾ ਰਾਮਦੇਵ ਕਬੱਡੀ ਪਾਉਂਦਾ ਹੋਇਆ

ਦੀਆਂ ਟੀਮਾਂ ਵਿਚਕਾਰ ਚਲਦਾ ਮੈਚ ਰੋਕ ਦਿੱਤਾ ਗਿਆ। ਸਵਾਮੀ ਰਾਮਦੇਵ ਤੋਂ ਖਿਡਾਰੀਆਂ ਨੂੰ ਆਸ਼ੀਰਵਾਦ ਦੁਆਇਆ ਗਿਆ। ਫਿਰ ਰਾਮਦੇਵ ਨੇ ਕਬੱਡੀ ਪਾਈ ਤੇ ਦਾਇਰੇ ਵਿਚ ਖੜ੍ਹ ਕੇ ਹੀ ਟੀ.ਵੀ. ਤੋਂ ਇੰਟਰਵਿਊ ਦਿੱਤਾ। ਮੈਚ ਦੋ ਚਾਰ ਮਿੰਟ ਨਹੀਂ ਵੀਹ ਪੱਚੀ ਮਿੰਟ ਰੁਕਿਆ ਰਿਹਾ। ਵਿਸ਼ਵ ਕੱਪ ਦੇ ਚਲਦੇ ਮੈਚ ਵਿਚ ਅਜਿਹੀ ਰੁਕਾਵਟ ਸ਼ੋਭਾ ਨਹੀਂ ਦਿੰਦੀ।

ਰੂਪਨਗਰ ਵਿਚ ਦੋ ਮੈਚ ਇਕਪਾਸੜ ਰਹੇ ਜਦ ਕਿ ਅਮਰੀਕਾ ਤੇ ਇਟਲੀ ਦੇ ਮੈਚ ਵਿਚ ਦਰਸ਼ਕਾਂ ਨੇ ਵਧੇਰੇ ਦਿਲਚਸਪੀ ਵਿਖਾਈ। ਉਹ ਮੈਚ ਅਮਰੀਕਾ ਨੇ 56-37 ਦੇ ਫਰਕ ਨਾਲ ਜਿੱਤਿਆ ਤੇ ਆਪਣੇ ਪੂਲ ਵਿਚ ਪਹਿਲਾ ਨੰਬਰ ਪੱਕਾ ਕਰ ਲਿਆ। ਪਹਿਲੇ ਦੋ ਮੈਚਾਂ ਵਿਚ ਨਾਰਵੇ ਨੇ ਅਰਜਨਟੀਨਾ ਨੂੰ 62-25 ਅਤੇ ਪਾਕਿਸਤਾਨ ਨੇ ਸ੍ਰੀਲੰਕਾ ਨੂੰ 71-9 ਅੰਕਾਂ ਨਾਲ ਹਰਾਇਆ। ਸੰਗਰੂਰ ਵਿਚ ਕੈਨੇਡਾ ਤੇ ਇੰਗਲੈਂਡ ਵਿਚਾਲੇ ਗਹਿਗੱਡਵੇਂ ਭੇੜ ਵੇਖਣ ਨੂੰ ਮਿਲੇ ਤੇ ਕੁਝ ਅੰਕਾਂ ਦਾ ਨਿਰਣਾ ਟੀ.ਵੀ. ਦੇ ਰੀਪਲੇਅ ਵੇਖ ਕੇ ਕਰਨਾ ਪਿਆ। ਉਥੇ ਜਰਮਨੀ ਨੇ ਨੇਪਾਲ ਨੂੰ 58-23, ਭਾਰਤ ਨੇ ਆਸਟ੍ਰੇਲੀਆ ਨੂੰ 68-23 ਤੇ ਕੈਨੇਡਾ ਨੇ ਇੰਗਲੈਂਡ ਨੂੰ 42-34 ਨੰਬਰਾਂ ਨਾਲ ਹਰਾਇਆ।

ਚੋਹਲਾ ਸਾਹਿਬ ਵਿਚ ਸਪੇਨ ਦੀ ਟੀਮ ਸ੍ਰੀਲੰਕਾ ਤੋਂ 70-26, ਅਮਰੀਕਾ ਦੀ ਅਰਜਨਟੀਨਾ ਤੋਂ 71-17 ਤੇ ਪਾਕਿਸਤਾਨ ਦੀ ਇਟਲੀ ਤੋਂ 50-37 ਅੰਕਾਂ ਨਾਲ ਜਿੱਤੀ। ਪਟਿਆਲੇ ਵਿਚ ਵਧੇਰੇ ਮੈਚ ਇਕਪਾਸੜ ਜਾਂ ਕਮਜ਼ੋਰ ਟੀਮਾਂ ਵਿਚਕਾਰ ਖੇਡੇ ਗਏ। ਉਥੇ ਅਫਗਾਨਿਸਤਾਨ ਨੇ ਨੇਪਾਲ ਨੂੰ 48-41, ਭਾਰਤ ਨੇ ਇੰਗਲੈਂਡ ਨੂੰ 58-22 ਤੇ ਆਸਟ੍ਰੇਲੀਆ ਨੇ ਜਰਮਨੀ ਨੂੰ 60-29 ਅੰਕਾਂ ਨਾਲ ਹਰਾਇਆ। ਕਪੂਰਥਲੇ ਵਿਚ ਨਾਰਵੇ ਨੇ ਸ੍ਰੀਲੰਕਾ ਨੂੰ 63-24, ਪਾਕਿਸਤਾਨ ਨੇ ਅਰਜਨਟੀਨਾ ਨੂੰ 82-11 ਤੇ ਇਟਲੀ ਨੇ ਸਪੇਨ ਨੂੰ 52-31 ਨਾਲ ਸ਼ਿਕੱਸਤ ਦਿੱਤੀ। ਦੋਦੇ ਵਿਚ ਇੰਗਲੈਂਡ ਨੇ ਆਸਟ੍ਰੇਲੀਆ ਨੂੰ 45-22, ਜਰਮਨੀ ਨੇ ਅਫਗਾਨਿਸਤਾਨ ਨੂੰ 62-26 ਤੇ ਭਾਰਤ ਨੇ ਕੈਨੇਡਾ ਨੂੰ 51-24 ਅੰਕਾਂ ਨਾਲ ਹਰਾਇਆ। ਅੰਮ੍ਰਿਤਸਰ ਵਿਚ ਚਾਰ ਮੈਚ ਹੋਏ ਜੋ ਅਮਰੀਕਾ ਨੇ ਸਪੇਨ ਨੂੰ, ਅਰਜਨਟੀਨਾ ਨੇ ਸ੍ਰੀਲੰਕਾ ਨੂੰ 53-49, ਪਾਕਿਸਤਾਨ ਨੇ ਨਾਰਵੇ ਨੂੰ 67-15 ਤੇ ਭਾਰਤ ਨੇ ਤੁਰਕਮੇਨਿਸਤਾਨ ਨੂੰ 50-12 ਅੰਕਾਂ ਨਾਲ ਹਰਾ ਕੇ ਜਿੱਤੇ। ਫਿਰੋਜ਼ਪੁਰ ਵਿਚ ਕੈਨੇਡਾ ਨੇ ਨੇਪਾਲ ਨੂੰ 64-22, ਇੰਗਲੈਂਡ ਨੇ ਜਰਮਨੀ ਨੂੰ 65-19 ਤੇ ਔਰਤਾਂ ਦੀਆਂ ਟੀਮਾਂ ਦੇ ਮੈਚ ਵਿਚ ਭਾਰਤ ਨੇ ਇੰਗਲੈਂਡ ਨੂੰ 51-8 ਅੰਕਾਂ ਨਾਲ ਹਰਾਇਆ। ਅਫ਼ਗਾਨਿਸਤਾਨ ਦੀ ਟੀਮ ਨੂੰ ਆਸਟ੍ਰੇਲੀਆ ਵਿਰੁਧ ਵਾਕ ਓਵਰ ਮਿਲਿਆ।

ਵਿਸ਼ਵ ਕੱਪ ਦੇ ਹਰ ਮੈਚ ਪਿੱਛੋਂ ਹਰੇਕ ਟੀਮ ਦੇ ਦੋ ਦੋ ਖਿਡਾਰੀਆਂ ਦੇ ਡੋਪ ਟੈਸਟ ਲਈ ਨਮੂਨੇ ਲਏ ਜਾਂਦੇ ਹਨ ਤੇ 48 ਘੰਟਿਆਂ ਬਾਅਦ ਨਤੀਜਾ ਕੱਢਿਆ ਜਾਂਦਾ ਹੈ। ਵਰਲਡ ਕੱਪ ਦੇ ਮੈਚ ਅੰਮ੍ਰਿਤਸਰ ਪੁੱਜਣ ਤਕ 10 ਮੁਲਕਾਂ ਦੀਆਂ ਟੀਮਾਂ ਦੇ 27 ਖਿਡਾਰੀ ਡਰੱਗੀ ਸਾਬਤ ਹੋ ਚੁੱਕੇ ਹਨ। ਉਨ੍ਹਾਂ ਵਿਚ ਆਸਟ੍ਰੇਲੀਆ ਦੇ ਸੱਤ, ਕੈਨੇਡਾ ਦੇ ਪੰਜ, ਅਮਰੀਕਾ ਦੇ ਚਾਰ, ਇੰਗਲੈਂਡ ਦੇ ਚਾਰ, ਨਾਰਵੇ ਦੇ 2 ਅਤੇ ਭਾਰਤ, ਜਰਮਨੀ, ਇਟਲੀ, ਅਰਜਨਟੀਨਾ ਤੇ ਸਪੇਨ ਦੇ ਇਕ ਇਕ ਹਨ। ਅਜੇ ਤਕ ਪਾਕਿਸਤਾਨ, ਅਫਗਾਨਿਸਤਾਨ, ਸ੍ਰੀਲੰਕਾ ਤੇ ਨੇਪਾਲ ਦਾ ਕੋਈ ਖਿਡਾਰੀ ਡਰੱਗੀ ਨਹੀਂ ਨਿਕਲਿਆ। ਇਹ ਸਤਰਾਂ ਲਿਖਣ ਤਕ ਟੀਮਾਂ ਦੀ ਸਥਿਤੀ ਇਹ ਬਣ ਚੁੱਕੀ ਹੈ ਕਿ ਭਾਰਤ, ਅਮਰੀਕਾ, ਪਾਕਿਸਤਾਨ ਤੇ ਕੈਨੇਡਾ ਦੀਆਂ ਟੀਮਾਂ ਹੀ ਸੈਮੀ ਫਾਈਨਲ ਮੈਚ ਖੇਡਣਗੀਆਂ। ਉਹ ਵੀ ਤਦ ਜੇਕਰ ਇਨ੍ਹਾਂ 'ਚੋਂ ਕਿਸੇ ਟੀਮ ਦੇ ਛੇ ਤੋਂ ਵੱਧ ਖਿਡਾਰੀ ਡੋਪ ਟੈਸਟਾਂ ਵਿਚ ਫੇਲ੍ਹ ਨਾ ਹੋਏ। ਹਾਲ ਦੀ ਘੜੀ ਕਬੱਡੀ ਵਿਸ਼ਵ ਕੱਪ ਡੋਪ ਵਿਚ ਡੁੱਬ ਗਿਆ ਜਾਪਦੈ। ਆਸਟ੍ਰੇਲੀਆ ਦੀ ਟੀਮ ਤਾਂ ਡੋਪ ਵਿਚ ਡੁੱਬ ਕੇ ਪਹਿਲਾਂ ਹੀ ਸਾਹ ਤੋੜ ਬੈਠੀ ਹੈ ਤੇ ਕੁਝ ਹੋਰ ਟੀਮਾਂ ਵੀ ਡੁੱਬਣ ਦੇ ਨੇੜੇ ਹਨ।

# ਪੰਥ ਦੇ ਰਾਖਿਆਂ ਨੇ ਕਰਵਾਇਆ ਤਿੰਨ ਕਰੋੜੀ ਡਾਂਸ

**ਪਾਠਕਾਂ ਦੀ ਗੱਲ**

ਪਹਿਲੀ ਨਵੰਬਰ ਦਾ ਦਿਨ 'ਪੰਜਾਬ ਦਿਵਸ' ਦੇ ਨਾਮ 'ਤੇ ਮਨਾਇਆ ਜਾਂਦਾ ਹੈ, ਉਹ ਪੰਜਾਬ ਜਿਸ ਨੂੰ ਲੰਗੜਾ ਪੰਜਾਬ ਜਾਂ ਪੰਜਾਬੀ ਸੂਬੀ ਆਖ ਕੇ ਵੀ ਪੀੜਾ ਮਹਿਸੂਸ ਕਰਨ ਵਾਲੇ ਲੋਕ ਯਾਦ ਕਰਦੇ ਹਨ। ਨਵੰਬਰ ਦੇ ਮਹੀਨੇ ਨੇ ਹੀ ਚੁਰਾਸੀ ਦੇ ਦੰਗਿਆਂ ਦੌਰਾਨ ਹਜ਼ਾਰਾਂ ਮਾਸੂਮਾਂ ਅਤੇ ਬੇ-ਦੋਸ਼ਿਆਂ ਨੂੰ ਚਿੱਟੇ ਦਿਨ ਅੱਗਾਂ ਲਾ ਕੇ ਜਿਉਂਦਿਆਂ ਹੀ ਸਾੜ ਦਿੱਤਾ ਗਿਆ। ਸਿੱਖਾਂ ਦਾ ਕਤਲੇਆਮ ਸਿਖ਼ਰ ਦੁਪਹਿਰੇ ਹੁੰਦਾ ਰਿਹਾ। ਉਦੋਂ ਅੰਬਰ ਵੀ

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ:916-687-3536**

ਰੋਇਆ, ਧਰਤੀ ਵੀ ਰੋਈ ਤੇ ਸਾਰੀ ਦੁਨੀਆਂ ਵੀ ਇਹ ਦਰਦਨਾਕ ਕਾਰਾ ਵੇਖ ਕੇ ਸੁੰਨ ਤੇ ਭੌਰ-ਭੌਰ ਹੋ ਗਈ। ਸਤਾਈ ਸਾਲ ਬੀਤਣ ਤੋਂ ਬਾਅਦ ਵੀ ਉਹ ਉਜੜੇ ਹੋਏ ਅਤੇ ਬੇਘਰ ਹੋਏ ਲੋਕ ਅਜੇ ਇਨਸਾਫ਼ ਲਈ ਸੜਕਾਂ 'ਤੇ ਭੱਜੇ-ਫਿਰਦੇ ਹਨ, ਆਪਣੇ ਮੁੜ ਵਸੇਬੇ ਲਈ ਸਰਕਾਰਾਂ ਦੇ ਤਰਲੇ-ਵਾਸਤੇ ਪਾਉਂਦੇ ਰਹਿੰਦੇ ਹਨ।

ਉਧਰ, ਇਸ ਪਹਿਲੀ ਨਵੰਬਰ ਵਾਲੇ ਦਿਨ ਪੰਜਾਬ ਦੇ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਠਿੰਡੇ ਦੇ ਸਟੇਡੀਅਮ ਵਿਚ ਵਿਸ਼ਵ ਕਬੱਡੀ ਕੱਪ ਦੀ ਸ਼ੁਰੂਆਤ ਦੇ ਸਮਾਗਮ ਦਾ ਐਸਾ ਸ਼ਾਨਦਾਰ ਅਤੇ ਅਨੋਖਾ ਉਦਘਾਟਨ ਕੀਤਾ ਕਿ ਸਾਰੀ ਸਿੱਖ ਕੌਮ ਤਾਂ ਕੀ, ਸਾਰੀ ਦੁਨੀਆਂ ਹੀ ਦੰਗ ਰਹਿ ਗਈ। ਉਧਰ, ਰਾਜਧਾਨੀ ਦਿੱਲੀ ਵਿਚ ਇੰਡੀਆ ਗੇਟ ਵਿਖੇ 1984 ਦੇ ਸਿੱਖ ਕਤਲੇਆਮ ਦੇ ਉਜੜੇ ਲੋਕ ਮੁਜ਼ਾਹਰੇ ਕਰ ਰਹੇ ਸਨ, ਤੇ ਇਧਰ, ਬਠਿੰਡੇ 'ਚ ਉਸੇ ਹੀ ਦਿਨ 'ਸਿੱਖ ਕੌਮ ਦੇ ਆਗੂ ਤੇ ਪਿਤਾਮਾ', 'ਪੰਥ ਦੇ ਰਖਵਾਲੇ' ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ, ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਤੇ ਐਮ.ਪੀ. ਹਰਸਿਮਰਤ ਕੌਰ ਬਾਦਲ, ਸਮੇਤ ਪਰਿਵਾਰ ਅਤੇ ਸਮੇਤ ਮੰਤਰੀ ਮੰਡਲ ਦੇ ਬਠਿੰਡੇ ਬਾਲੀਵੁਡ ਦੇ ਬਾਦਸ਼ਾਹ ਸ਼ਾਹਰੁਖ਼ ਖਾਨ ਦਾ ਨਾਚ ਦੇਖ ਰਹੇ ਸਨ। ਬਾਦਸ਼ਾਹ ਖਾਨ ਆਪਣੇ ਬੇਹੂਦਾ ਗੀਤ 'ਛਮਕ ਛੱਲੋ' ਉਤੇ ਆਪਣੇ ਡਾਂਸ ਗਰੁਪ ਦੀਆਂ ਅੱਧ-ਨੰਗੀਆਂ ਕੁੜੀਆਂ ਨਾਲ ਨੱਚ ਰਿਹਾ ਸੀ ਅਤੇ ਪੰਥ ਦੇ ਰਖਵਾਲੇ ਉਨ੍ਹਾਂ ਤੋਂ ਸਦਕੇ ਜਾ ਰਹੇ ਸਨ, ਇਨ੍ਹਾਂ ਦਾ ਡਾਂਸ ਵੇਖ ਕੇ ਤਾੜੀਆਂ ਵਜਾ



ਸ਼ਾਹਰੁਖ ਖਾਨ ਆਪਣੇ ਡਾਂਸ ਗਰੁਪ ਨਾਲ 'ਛਮਕ ਛੱਲੋ' ਗੀਤ ਪੇਸ਼ ਕਰਦਾ ਹੋਇਆ

ਰਹੇ ਸਨ। ਸਾਰੀ ਦੁਨੀਆਂ ਨੂੰ ਅਖ਼ਬਾਰਾਂ ਅਤੇ ਮੀਡੀਏ ਰਾਹੀਂ ਪਤਾ ਲੱਗ ਚੁੱਕਾ ਹੈ ਕਿ ਬਾਦਲ ਸਰਕਾਰ ਨੇ ਸ਼ਾਹਰੁਖ਼ ਖਾਨ ਅਤੇ ਉਹਦੀ ਡਾਂਸ ਪਾਰਟੀ ਨੂੰ ਤਿੰਨ ਕਰੋੜ ਰੁਪਏ ਅਦਾ ਕਰਕੇ ਇਸ ਡਾਂਸ ਦਾ ਅਤੇ ਗਾਣੇ ਦਾ ਲੁਤਫ਼ ਉਠਾਇਆ ਹੈ ਅਤੇ ਪੰਜਾਬ ਦੇ ਨਾਮ ਨੂੰ ਰੌਸ਼ਨ ਕੀਤਾ ਹੈ ਕਿ ਪੰਜਾਬ ਦੇ ਕਿਸਾਨ ਭਾਵੇਂ ਰੋਜ਼ ਫਾਹੇ ਲੱਗ ਲੱਗ ਪਏ ਮਰਨ, ਪੰਜਾਬ ਦੀ ਨਵੀਂ ਪੀੜ੍ਹੀ ਭਾਵੇਂ ਨਸ਼ਿਆਂ ਵਿਚ ਡੁੱਬ ਜਾਵੇ, 1984 ਦੇ ਉਜੜੇ ਹੋਏ ਲੋਕ ਭਾਵੇਂ ਉਜੜੇ ਫਿਰਨ, ਸਾਰਾ ਪੰਜਾਬ ਭਾਵੇਂ ਭੁੱਖਾ ਪਿਆ ਰਹੇ ਤੇ ਢੱਠੇ ਖੂਹ ਵਿਚ ਜਾਵੇ, ਅਸੀਂ ਤਾਂ ਤਿੰਨ ਕਰੋੜ ਰੁਪਏ ਖਰਚ ਕੇ ਦੁਨੀਆਂ ਨੂੰ ਦੱਸ ਦੇਵਾਂਗੇ ਕਿ ਦੁੱਖ ਵਿਚ ਵੀ ਸੁੱਖ ਕਿਵੇਂ ਮਨਾਈਦਾ ਹੈ; ਕਿ ਜੇ ਅਸੀਂ ਚੰਮ ਦੀਆਂ ਨਾ ਚਲਾਈਆਂ ਤਾਂ ਸਾਨੂੰ ਲੋਕੀਂ ਯਾਦ ਕਿਵੇਂ ਕਰਿਆ ਕਰਨਗੇ?

ਕਮਾਲ ਦੀ ਗੱਲ ਇਹ ਕਿ ਪੰਜਾਬ ਦੀ ਕਾਂਗਰਸ ਵੀ ਅਤੇ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਵੀ ਦਿਨ-ਰਾਤ ਕੁਰਲਾ ਰਹੇ ਹਨ ਕਿ ਪੰਜਾਬ ਦੇ ਖ਼ਜ਼ਾਨੇ ਨੂੰ ਖਾਲੀ ਹੋ ਗਏ ਹਨ ਅਤੇ ਪੰਜਾਬ ਕਰਜ਼ਿਆਂ ਦੀ ਦਲ ਦਲ ਵਿਚ ਧੱਸਦਾ ਜਾ ਰਿਹਾ ਹੈ; ਹਰ ਪਾਸੇ ਹਾਹਾਕਾਰ ਮਚੀ ਹੋਈ ਹੈ ਪਰ ਪੰਥ ਦੇ ਰਾਖੇ ਅਤੇ ਸਾਡੇ ਧਾਰਮਿਕ ਲੀਡਰ ਜੋ ਨੇਕ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਦਾਦ ਤਾਂ ਦੇਣੀ ਬਣਦੀ ਹੀ ਹੈ ਅਤੇ ਉਨ੍ਹਾਂ ਦੀ ਵਾਹ-ਵਾਹ ਵੀ ਰੱਜ ਕੇ ਹੋਣੀ ਚਾਹੀਦੀ ਹੈ। ਪੰਜਾਬ ਦੇ ਲੋਕ ਇਹ ਵੀ ਜਾਣ ਚੁੱਕੇ ਹਨ ਕਿ ਤਿੰਨ ਕਰੋੜ ਰੁਪਏ ਤਾਂ ਕਿੰਗ ਖਾਨ ਲੈ ਗਿਆ ਹੈ ਅਤੇ ਬਾਕੀ ਗਾਉਣ ਵਾਲਿਆਂ 'ਤੇ ਮਾਇਆ ਦੀ ਕਿੰਨੀ ਬਾਰਿਸ਼ ਹੋਈ ਹੈ, ਉਸ ਦਾ ਵੀ ਪਤਾ ਲੱਗ ਜਾਵੇਗਾ। ਖਬਰਾਂ ਮੁਤਾਬਕ ਅਗਲੇ ਪ੍ਰੋਗਰਾਮਾਂ 'ਤੇ ਕੈਟਰੀਨਾ ਕੈਫ਼ ਜਾਂ ਦੀਪਿਕਾ ਪਾਦੂਕੋਣ ਦੀ ਵਾਰੀ ਆਉਣ ਵਾਲੀ ਹੈ। ਇਕ-ਇਕ ਕਰੋੜ ਰੁਪਏ ਉਨ੍ਹਾਂ ਦੀ ਨਜ਼ਰ ਵੀ ਕੀਤਾ ਜਾਣਾ ਹੈ। ਜੇ ਉਨ੍ਹਾਂ ਵਿਚੋਂ ਇਕ ਆਈ ਤਾਂ ਇਕ ਕਰੋੜ ਹੋ ਗਿਆ, ਤੇ ਜੇ ਦੋ ਆਈਆਂ ਤਾਂ ਦੋ ਕਰੋੜ ਹੋ ਗਿਆ। ਵਾਹ, ਮੇਰੇ ਧਰਮ ਅਤੇ ਪੰਜਾਬ ਦੇ ਰਾਖਿਓ! ਇਕ ਪਾਸੇ ਤਾਂ ਅਸੀਂ ਆਪਣੇ ਸਭਿਆਚਾਰ ਨੂੰ ਸਾਂਭਣ ਦੇ ਰੋਣੇ ਰੋ ਰਹੇ ਹਾਂ ਅਤੇ ਦਿਨ ਰਾਤ ਦੁਹਾਈਆਂ ਦਿੰਦੇ ਹਾਂ ਕਿ ਬਾਲੀਵੁਡ ਤੇ ਟੈਲੀਵਿਜ਼ਨ ਨੇ ਸਾਡੇ ਸਮਾਜ ਦੀ ਬਰਬਾਦੀ ਕਰ ਦਿੱਤੀ ਹੈ; ਸਾਡੀਆਂ ਬਹੂ-ਬੇਟੀਆਂ ਫ਼ੈਸ਼ਨ ਦੀ ਇਸ ਸੁਨਾਮੀ ਦੀ ਮਾਰ ਵਿਚ ਆ ਰਹੀਆਂ ਹਨ, ਫਿਰ ਸਾਡੇ ਧਾਰਮਿਕ ਪਿਤਾਮਾ ਅਤੇ ਲੀਡਰ, ਕੈਟਰੀਨਾ ਅਤੇ ਪਾਦੂਕੋਣ ਵਰਗੀਆਂ ਕੁੜੀਆਂ ਨੂੰ ਆਪਣੀਆਂ ਨੂੰਹਾਂ-ਧੀਆਂ ਦੇ ਸਾਹਮਣੇ ਨਚਾ ਕੇ ਕਿਹੜੀ ਸਭਿਅਤਾ ਅਤੇ ਕਿਹੜੇ ਧਰਮ ਦੀ ਰਾਖੀ ਕਰ ਰਹੇ ਹਨ? ਕਿੰਨਾ ਚੰਗਾ ਹੁੰਦਾ, ਜੇ ਸੁਖਬੀਰ ਸਿੰਘ ਬਾਦਲ ਇਸ 4-5 ਕਰੋੜ ਰੁਪਏ ਨਾਲ ਪੰਜਾਬ ਦੇ ਗਰੀਬ ਕਿਸਾਨਾਂ ਦਾ ਕੁਝ ਭਲਾ ਕਰ ਦਿੰਦੇ ਜਾਂ ਇਸ ਪੈਸੇ ਨਾਲ ਚੁਰਾਸੀ ਦੇ ਉਜੜੇ ਹੋਏ ਲੋਕਾਂ ਲਈ ਨਿੱਕੇ ਨਿੱਕੇ ਘਰ ਨਹੀਂ ਤਾਂ ਛੱਪਰ ਹੀ ਬਣਵਾ ਦਿੰਦੇ? ਪਰ ਲੀਡਰਸ਼ਿਪ ਨੂੰ ਨਾ ਕਦੀ ਫ਼ਰਕ ਪਿਆ ਹੈ ਅਤੇ ਨਾ ਹੀ ਕਦੀ ਫ਼ਰਕ ਪੈਣਾ ਹੈ। ਫ਼ਰਕ ਇਨਸਾਨਾਂ ਨੂੰ ਪੈਂਦੇ ਹਨ, ਪੱਥਰਾਂ ਨੂੰ ਨਹੀਂ। ਸਤਾਈ ਸਾਲ ਪਹਿਲਾਂ ਨਵੰਬਰ ਦੇ ਇਹੋ ਦਿਨ ਸਨ ਜਦੋਂ ਸਿੱਖ ਕਤਲੇਆਮ ਹੋਇਆ, ਜੇ ਉਨ੍ਹਾਂ ਉਜੜੇ ਹੋਏ ਲੋਕਾਂ ਦੇ ਅਥਰੂ ਪੂੰਝਣ ਦੀ ਬਜਾਏ ਅੱਧ-ਨੰਗੀਆਂ ਕੁੜੀਆਂ ਨਚਾ ਕੇ ਪੰਜਾਬ ਦੇ ਲੋਕਾਂ ਦਾ ਮਨੋਰੰਜਨ ਕਰ ਰਹੇ ਹਨ ਤਾਂ ਫਿੱਟ ਲਾਹਨਤ ਹੈ। ਹੁਣ ਇਸ ਗੱਲ ਨੂੰ ਵੀ ਪੰਜਾਬ ਦੇ ਲੋਕਾਂ ਨੂੰ ਚੰਗੀ ਤਰ੍ਹਾਂ ਵਿਚਾਰ ਲੈਣਾ ਚਾਹੀਦਾ ਹੈ ਕਿ ਇਹ ਮਨੋਰੰਜਨ ਤੇ ਮਹਿੰਗੇ ਤਮਾਸ਼ੇ ਉਨ੍ਹਾਂ ਨੂੰ ਕਿਉਂ ਦਿਖਾਏ ਜਾ ਰਹੇ ਹਨ, ਕਿਉਂਕਿ ਚੋਣ ਸਿਰ 'ਤੇ ਹੈ। ਉਨੇ ਪੈਸੇ ਕਬੱਡੀ ਖਿਡਾਰੀਆਂ ਨੂੰ ਇਨਾਮ ਦੇਣ 'ਤੇ ਨਹੀਂ ਖਰਚੇ ਹੋਣਗੇ ਜਿੰਨੇ ਇਹ ਨਾਚ ਨਚਾਉਣ ਅਤੇ ਆਪਣੀ ਫੋਕੀ ਵਾਹ-ਵਾਹ ਕਰਵਾਉਣ ਲਈ ਖਰਚੇ ਗਏ ਹਨ।

ਪੰਜਾਬ ਦੇ ਵੋਟਰ ਸਿਆਣੇ ਵੀ ਹਨ ਤੇ ਸਮਝਦਾਰ ਵੀ। ਉਨ੍ਹਾਂ ਨੂੰ ਦੇਖਣਾ ਤੇ ਸੋਚਣਾ ਚਾਹੀਦਾ ਹੈ ਕਿ ਸਿਆਣਾ ਮਦਾਰੀ ਬਾਂਦਰ ਨੂੰ ਫੜਨ ਤੋਂ ਪਹਿਲਾਂ ਉਸ ਨੂੰ ਛੂਲੀਆਂ ਖਾਣ ਨੂੰ ਕਿਉਂ ਦਿੰਦਾ ਹੈ? ਅੱਜ ਆਪਣੇ ਧਰਮ, ਸਭਿਆਚਾਰ ਅਤੇ ਸਮਾਜ ਨੂੰ ਬਚਾਉਣ ਦਾ ਵਕਤ ਹੈ। ਅੱਜ ਸਾਡੇ ਪਰਿਵਾਰ ਟੁੱਟ ਰਹੇ ਹਨ, ਰਿਸ਼ਤੇ ਟੁੱਟ ਰਹੇ ਹਨ ਅਤੇ ਸਾਂਝਾਂ ਟੁੱਟ ਰਹੀਆਂ ਹਨ, ਇਸ 'ਤੇ ਵਿਚਾਰ ਕਰੋ। ਅੱਜ ਹਰ ਮਾਂ-ਬਾਪ ਆਪਣੇ ਜਵਾਨ ਬੱਚਿਆਂ, ਖ਼ਾਸ ਕਰਕੇ ਜਵਾਨ ਧੀਆਂ ਤੋਂ ਫਿਕਰਮੰਦ ਹੀ ਨਹੀਂ, ਰੱਜ ਕੇ ਦੁਖੀ ਹੈ। ਉਹ ਫ਼ਿਕਰਮੰਦ ਹਨ ਕਿ ਜਿਸ ਤਰ੍ਹਾਂ ਦੀ ਰਹਿਣੀ-ਬਹਿਣੀ ਅਤੇ ਫ਼ੈਸ਼ਨ ਸਾਡੀਆਂ ਨੂੰਹਾਂ-ਧੀਆਂ ਅਪਨਾ ਰਹੀਆਂ ਹਨ, ਉਸ ਨੂੰ ਵੇਖ ਕੇ ਅਵਾਜ਼ਾਰ ਮਾਪੇ ਗੁੱਠੀਂ ਲੱਗ-ਲੱਗ ਕੇ ਰੋ ਰਹੇ ਹਨ। ਹੁਣ ਸਾਡੇ ਲੀਡਰਾਂ ਨੇ ਘਟੀਆ 'ਛਮਕ ਛੱਲੋ' ਵਰਗੇ ਤਮਾਸ਼ੇ ਦਿਖਾ ਕੇ ਸਾਡੀਆਂ ਧੀਆਂ-ਭੈਣਾਂ ਦੇ ਨਿਘਾਰ ਲਈ ਹੋਰ ਰਸਤੇ ਖੋਲ੍ਹ ਦਿੱਤੇ ਹਨ। ਮੈਂ ਪੜ੍ਹਿਆ ਹੈ ਕਿ 'ਨੰਨ੍ਹੀ ਛਾਂ' ਵਾਲੀ ਅਤੇ ਧੀਆਂ ਨੂੰ ਕੁੱਖ ਵਿਚ ਮਾਰਨ 'ਤੇ ਮਗਰਮੱਛ ਦੇ ਅੱਥਰੂ ਸੁੱਟਣ ਵਾਲੀ ਹਰਸਿਮਰਤ ਕੌਰ ਬਾਦਲ ਨੇ ਸ਼ਾਹਰੁਖ਼ ਖਾਨ ਅਤੇ ਉਹਦੇ ਨਾਲ ਨੱਚ ਰਹੀਆਂ ਕੁੜੀਆਂ ਨੂੰ ਦੇਖ ਕੇ ਪ੍ਰਸ਼ੰਸਾ ਵੀ ਰੱਜ ਕੇ ਪ੍ਰਗਟਾਈ ਅਤੇ ਫੋਟੋ ਖਿਚਵਾਏ।

ਪੰਜਾਬ ਦੇ ਵਾਸੀਓ! ਪੰਜਾਬ ਦੀਆਂ ਧੀਆਂ-ਭੈਣਾਂ ਲਈ ਇਹ ਨਵਾਂ ਸੁਨੇਹਾ ਬਾਦਲਕਿਆਂ ਨੇ ਚੋਣਾਂ ਤੋਂ ਪਹਿਲਾਂ ਤੁਹਾਨੂੰ ਦਿੱਤਾ ਹੈ ਕਿ ਆਓ ਪੰਜਾਬੀਓ! ਤੁਹਾਨੂੰ ਜੀਊਣਾ ਸਿਖਾਈਏ ਕਿ ਇਵੇਂ ਵੀ ਜੀਵੀਦਾ ਹੈ। ਵਾਹ! ਮੇਰੇ ਧਰਮ ਦੇ ਰਾਖਿਓ ਜੀ ਵਾਹ!! ਵਾਹ ਮੇਰੇ ਪੰਜਾਬ ਦਿਓ ਪੰਥਕ ਅਖਵਾਉਂਦੇ ਲੀਡਰੋ ਜੀ ਵਾਹ!!! ਹੁਣ ਤੁਸੀਂ ਰੱਬ ਤੋਂ ਨਹੀਂ ਡਰਦੇ, ਰੱਬ ਤੁਹਾਡੇ ਕੋਲੋਂ ਡਰਦਾ ਹੈ!

# ਏਕ ਸਮੇਂ ਸ੍ਰੀ ਆਤਮਾ ਉਚਰਿਓ ਮਤਿ ਸਿਉ ਬੈਨ

ਇਸ ਲਿਖਤ ਦਾ ਸਿਰਲੇਖ 'ਅਕਾਲ ਉਸਤਤਿ' ਵਿਚ ਦੋਹਰਾ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਭਾਈ ਰਣਧੀਰ ਸਿੰਘ ਰਚਿਤ 'ਸ਼ਬਦਾਰਥ ਦਸਮ ਗ੍ਰੰਥ' ਵਿਚ ਇਹ ਲਿਖਤ 221 ਤੋਂ 230 ਨੰਬਰ ਤੱਕ ਹੈ ਪਰ ਭਾਈ ਕਾਹਨ ਸਿੰਘ ਨਾਭਾ ਅਤੇ ਇੰਟਰਨੈਟ ਤੇ ਪ੍ਰਾਪਤ 'ਸ੍ਰੀ ਦਸਮ ਗ੍ਰੰਥ ਸਾਹਿਬ-ਪੰਜਾਬੀ, ਹਿੰਦੀ ਅਤੇ ਇੰਗਲਿਸ਼ ਟਰਾਂਸਲੇਸ਼ਨ' ਅਨੁਸਾਰ ਇਹ ਰਚਨਾ 201 ਤੋਂ 210 ਤੱਕ ਹੈ। ਭਾਈ ਕਾਹਨ ਸਿੰਘ ਨਾਭਾ ਇਸੇ ਵਿਸ਼ੇ 'ਤੇ ਟਿਪਣੀ ਕਰਦਿਆਂ ਕਹਿੰਦੇ ਹਨ ਕਿ ਇਹ ਪ੍ਰਸ਼ਨ ਹਨ ਇਸ ਲਈ ਇਨ੍ਹਾਂ ਦੇ ਉਤਰ ਦੀ ਖੋਜ ਹੋਣੀ ਚਾਹੀਦੀ ਹੈ। ਸ੍ਰੀ



ਡਾ. ਗੁਰਨਾਮ ਕੌਰ

ਗੁਰੂ ਗ੍ਰੰਥ ਸਾਹਿਬ ਵਿਚ ਆਮ ਤੌਰ 'ਤੇ ਜਿਥੇ ਕਿਤੇ ਪ੍ਰਸ਼ਨ ਉਠਾਏ ਗਏ ਹਨ, ਉਦਾਹਰਣ ਲਈ 'ਸਿਧ ਗੋਸਟਿ' ਦਾ ਹਵਾਲਾ ਦਿੱਤਾ ਜਾ ਸਕਦਾ ਹੈ, ਉਥੇ ਉਤਰ ਵੀ ਨਾਲ ਦਿੱਤੇ ਗਏ ਹਨ। ਇਥੇ ਸਿਰਫ ਪ੍ਰਸ਼ਨ ਉਠਾਏ ਗਏ ਹਨ। ਭਾਈ ਕਾਹਨ ਸਿੰਘ ਨਾਭਾ ਦੀ ਟਿਪਣੀ ਪੜ੍ਹਦਿਆਂ ਮਨ ਵਿਚ ਜਿਗਿਆਸਾ ਪੈਦਾ ਹੋਈ ਕਿ ਕਿਉਂ ਨਾ ਇਨ੍ਹਾਂ ਪ੍ਰਸ਼ਨਾਂ ਦੇ ਸੰਖੇਪ ਉਤਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਭਾਲਣ ਦੀ ਕੋਸ਼ਿਸ਼ ਕੀਤੀ ਜਾਵੇ? ਸਫਲਤਾ ਨਾ ਵੀ ਮਿਲੇ ਤਾਂ ਵੀ ਯਤਨ ਕਰਨ ਵਿਚ ਤਾਂ ਕੋਈ ਹਰਜ਼ ਨਹੀਂ ਹੈ। ਇਸ ਲਈ ਪਹਿਲਾਂ ਇਸ ਰਚਨਾ ਦਾ ਵਿਸਤਾਰ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਫਿਰ ਇਸ ਵਿਚ ਉਠਾਏ ਗਏ ਪ੍ਰਸ਼ਨਾਂ ਦੇ ਆਧਾਰ 'ਤੇ ਇਸ ਵਿਚ ਆਏ ਸੰਕਲਪਾਂ ਦਾ ਗੁਰਬਾਣੀ ਦੇ ਆਧਾਰ 'ਤੇ ਉਤਰ ਲੱਭਣ ਦਾ ਯਤਨ ਕੀਤਾ ਜਾਵੇਗਾ।

ਪਹਿਲੇ ਛੰਦ ਵਿਚ ਦੱਸਿਆ ਹੈ ਕਿ ਇੱਕ ਵਾਰ ਸ੍ਰੀ ਆਤਮਾ ਨੇ ਬੁੱਧੀ (intellect) ਨੂੰ ਬੇਨਤੀ ਕੀਤੀ ਕਿ ਤੁਸੀਂ ਧਰਤੀ ਦੇ ਮਾਲਕ ਅਕਾਲ ਪੁਰਖ ਦੀ ਉਸਤਤਿ ਮੈਨੂੰ ਹਰ ਸੰਭਵ ਤਰੀਕੇ ਨਾਲ ਬਿਆਨ ਕਰੋ। ਅਗਲੇ ਛੰਦ ਵਿਚ ਪ੍ਰਸ਼ਨ ਕੀਤਾ ਹੈ ਕਿ ਆਤਮਾ ਦਾ ਸਰੂਪ ਕੀ ਹੈ ਅਰਥਾਤ ਉਸ ਦਾ ਸੁਭਾਅ ਕੀ ਹੈ ਅਤੇ ਸ੍ਰਿਸ਼ਟੀ ਕੀ ਹੈ? ਧਰਮ ਦਾ ਮਕਸਦ ਕੀ ਹੈ? ਮੈਨੂੰ ਵਿਸਤਾਰ ਵਿਚ ਸਮਝਾਉ:

ਏਕ ਸਮੇਂ ਸ੍ਰੀ ਆਤਮਾ  
ਉਚਰਿਓ ਮਤਿ ਸਿਉ ਬੈਨ।  
ਸਭ ਪ੍ਰਤਾਪ ਜਗਦੀਸ਼ ਕੋ  
ਕਹਹੁ ਸਕਲ ਬਿਧਿ ਤੈਨ। 201 (221)  
ਕੋ ਆਤਮਾ ਸਰੂਪ ਹੈ?  
ਕਹਾ ਸ੍ਰਿਸਟਿ ਕੋ ਬਿਚਾਰ?  
ਕਉਨ ਧਰਮ, ਕੋ ਕਰਮ ਹੈ?  
ਕਹੋ ਸਕਲ ਬਿਸਥਾਰ। 202 (222)

ਅਗਲੇ ਛੰਦ ਵਿਚ ਜਨਮ ਅਤੇ ਮਰਨ ਸਬੰਧੀ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਜਨਮ ਕੀ ਹੈ ਅਤੇ ਮਰਨ ਕੀ ਹੈ? ਇਸੇ ਪ੍ਰਸ਼ਨ ਦਾ ਅਰਥ ਸ਼ਬਦਾਰਥ ਵਿਚ ਦਿੱਤਾ ਹੈ ਕਿ ਜਿਉਣਾ ਕਿਥੇ ਹੁੰਦਾ ਹੈ ਅਤੇ ਮਰਨਾ ਕਿਥੇ ਹੁੰਦਾ ਹੈ? ਸਵਰਗ ਕਿਸ ਨੂੰ ਕਹਿੰਦੇ ਹਨ ਅਤੇ ਨਰਕ ਕੀ ਹੁੰਦਾ ਹੈ? ਸਿਆਣਪ ਕੀ ਹੈ ਅਤੇ ਤਰਕ-ਵਿਤਰਕ ਕਿਸ ਨੂੰ ਕਹਿੰਦੇ ਹਨ? ਦਲੀਲ ਅਰਥਾਤ ਸ਼ੁਧ ਵਿਚਾਰ ਕੀ ਹੈ ਅਤੇ ਬੇਦਲੀਲੀ ਅਰਥਾਤ ਅਸ਼ੁਧ ਵਿਚਾਰ ਕਿਸ ਨੂੰ ਕਹਿੰਦੇ ਹਨ? ਨਿੰਦਾ ਜਾਂ ਚੁਗਲੀ ਕੀ ਹੁੰਦੀ ਅਤੇ ਵਡਿਆਈ ਜਾਂ ਉਸਤਤਿ ਕੀ ਹੁੰਦੀ ਹੈ? ਪਾਪ ਕਿਸ ਨੂੰ ਕਹਿੰਦੇ ਹਨ ਅਤੇ ਧਰਮ ਕਿਸ ਨੂੰ ਕਹਿੰਦੇ ਹਨ। ਯੋਗ ਅਰਥਾਤ ਤਿਆਗ ਕੀ ਹੁੰਦਾ ਹੈ ਅਤੇ ਭੋਗ ਅਰਥਾਤ ਵਿਲਾਸ ਜਾਂ ਐਸ਼ੋ-ਇਸ਼ਰਤ ਨੂੰ ਮਾਨਣਾ ਕੀ ਹੁੰਦਾ ਹੈ? ਇਥੇ ਇੱਕ ਗੱਲ ਇਹ ਵੀ ਧਿਆਨ ਦੇਣ ਵਾਲੀ ਹੈ ਕਿ ਸਾਰੇ ਪ੍ਰਸ਼ਨਾਂ ਵਿਚ ਆਪਸ ਵਿਚ ਵਿਰੋਧੀ ਸੁਭਾ ਵਾਲੇ ਸੰਕਲਪਾਂ ਜਾਂ ਵਿਚਾਰਾਂ ਸਬੰਧੀ ਪ੍ਰਸ਼ਨ ਪੁੱਛੇ ਗਏ ਹਨ ਜਿਵੇਂ ਜਨਮ ਅਤੇ ਮੌਤ, ਆਤਮਾ ਅਤੇ ਸ੍ਰਿਸ਼ਟੀ, ਧਰਮ ਅਤੇ ਕਰਮ, ਸਵਰਗ ਅਤੇ ਨਰਕ, ਸਿਆਣਪ ਅਤੇ ਮੂਰਖਤਾ, ਤਰਕ ਅਤੇ ਵਿਤਰਕ, ਉਸਤਤਿ ਅਤੇ ਨਿੰਦਾ, ਯੋਗ ਅਤੇ ਭੋਗ, ਗੁਣ ਅਤੇ ਔਗੁਣ ਆਦਿ:

ਕਹ ਜੀਤਬ ਕਹ ਮਰਨ ਹੈ?  
ਕਵਨ ਸੁਰਗ ਕਹ ਨਰਕ?  
ਕੋ ਸੁਘੜਾ, ਕੋ ਮੂੜਤਾ?  
ਕਹਾ ਤਰਕ ਅਵਤਰਕ? 203 (223)  
ਕੋ ਨਿੰਦਾ, ਜਸ ਹੈ ਕਵਨ?  
ਕਵਨ ਪਾਪ? ਕਹਾਂ ਧਰਮ?  
ਕਵਨ ਜੋਗ, ਕੋ ਭੋਗ ਹੈ?  
ਕਵਨ ਕਰਮ ਅਪਕਰਮ? 204 (224)

ਅੱਗੇ ਪ੍ਰਸ਼ਨ ਕੀਤਾ ਹੈ ਕਿ ਉਦਮ ਜਾਂ ਮਿਹਨਤ ਕਿਸ ਨੂੰ ਕਹਿੰਦੇ ਹਨ ਅਤੇ ਸਹਿਨਸ਼ੀਲਤਾ ਕਿਸ ਨੂੰ ਕਹਿੰਦੇ ਹਨ। ਭਾਈ ਰਣਧੀਰ ਸਿੰਘ ਨੇ ਸ਼ਬਦਾਰਥ ਵਿਚ "ਕਹਹੁ ਸੁਸ੍ਰਮ ਕਾ ਕੋ ਕਹਹਿ?" ਦਾ ਅਰਥ ਕਰਦਿਆਂ ਲਿਖਿਆ ਹੈ (ਅ) ਮਿਹਨਤ, ਮਨ ਵੱਸ ਕਰਨ ਲਈ ਅਭਿਆਸ, (ਅ) ਸਾਧਨਾ ਕਰਨ ਦੀ ਖੇਚਲ। ਇਸੇ ਪੰਕਤੀ ਦੇ ਅਗਲੇ ਅੱਧ "ਦਮ ਕੋ ਕਹਾ ਕਹੰਤ?" ਵਿਚ 'ਦਮ' ਦਾ ਅਰਥ ਕਰਦਿਆਂ ਲਿਖਿਆ ਹੈ 'ਸਰੀਰ ਦੇ ਪ੍ਰਧਾਨ ਅੰਗਾਂ-ਇੰਦ੍ਰਿਆਂ ਨੂੰ ਵੱਸ ਕਰਨ ਦਾ ਅਭਿਆਸ, ਮਸ਼ਕ'। 'ਕਹੰਤ' ਦਾ ਅਰਥ ਕਰਦਿਆਂ ਲਿਖਿਆ ਹੈ 'ਦਮ ਕਿਸ ਨੂੰ ਕਹਿੰਦੇ ਹਨ?' ਅੰਗਰੇਜ਼ੀ ਅਨੁਵਾਦ ਵਿਚ ਲਿਖਿਆ ਹੈ, "That is called effort? and that should endurance be called?" ਅੱਗੇ ਪ੍ਰਸ਼ਨ ਵਿਚ ਬਹਾਦਰ ਜਾਂ ਸੂਰਮਾ ਕੌਣ ਹੁੰਦਾ ਹੈ ਅਤੇ ਦਾਤਾ ਜਾਂ ਦਾਨੀ ਕੌਣ ਹੁੰਦਾ ਇਸ ਦੀ ਪੁੱਛ ਕੀਤੀ ਹੈ, ਤੰਤਰ ਅਤੇ ਮੰਤਰ ਕੀ ਹੁੰਦਾ ਹੈ? 'ਮੰਤ' ਦਾ ਅਰਥ ਭਾਈ ਸਾਹਿਬ ਨੇ 'ਸਾਧਨਾ ਦਾ ਵਿਚਾਰ' ਕੀਤਾ ਹੈ। ਅਗਲੀਆਂ ਪੰਕਤੀਆਂ ਵਿਚ ਰੰਕ ਅਤੇ ਰਾਜਾ ਦੀ ਗੱਲ ਕੀਤੀ ਹੈ ਕਿ ਪਰਜਾ ਕੌਣ ਹੁੰਦੀ ਹੈ ਅਤੇ ਰਾਜਾ ਕੌਣ ਹੁੰਦਾ ਹੈ? ਹਰਖ ਅਰਥਾਤ ਖੁਸ਼ੀ ਕੀ ਹੁੰਦੀ ਹੈ ਅਤੇ ਸੋਗ ਅਰਥਾਤ ਗ਼ਮੀ ਕੀ ਹੁੰਦੀ ਹੈ? ਰੋਗੀ ਜਾਂ ਬੀਮਾਰ ਕੌਣ ਹੁੰਦਾ ਹੈ ਅਤੇ ਮੋਹ-ਮਮਤਾ ਵਿਚ ਕੌਣ ਹੈ? ਮੈਨੂੰ ਇਸ ਦਾ ਸਾਰ-ਤੱਤ ਸਮਝਾਉ, ਉਸ ਦੀ ਹਕੀਕਤ ਦੱਸੋ:

ਕਹਹੁ ਸੁਸ੍ਰਮ ਕਾ ਕੋ ਕਹਹਿ?  
ਦਮ ਕੋ ਕਹਾ ਕਹੰਤ?  
ਕੋ ਸੂਰਾ ਦਾਤਾ ਕਵਨ?  
ਕਹਹੁ ਤੰਤ ਕੋ ਮੰਤ? 205 (225)  
ਕਹਾ ਰੰਕ ਰਾਜਾ ਕਵਨ?  
ਹਰਖ ਸੋਗ ਹੈ ਕਵਨ?  
ਕੋ ਰੋਗੀ ਰਾਗੀ ਕਵਨ?  
ਕਹਹੁ ਤਤੁ ਮੁਹਿ ਤਵਨ!! 206 (226)

ਇਸ ਤੋਂ ਅੱਗੇ ਸਵਾਲ ਕੀਤਾ ਹੈ ਕਿ ਅਨੰਦ-ਪ੍ਰਸੰਨ, ਖੁਸ਼ ਕੌਣ ਹੈ ਅਤੇ ਮਜ਼ਬੂਤ ਕੌਣ ਹੈ? "ਕਹਾ ਸ੍ਰਿਸਟ ਕੋ ਚਰ" ਦਾ ਅਰਥ ਭਾਈ ਰਣਧੀਰ ਸਿੰਘ ਨੇ 'ਸ੍ਰਿਸ਼ਟਿ-ਸ੍ਰੇਸਟਾਚਾਰ, ਸ਼ਰੀਫ ਬੰਦੇ ਦਾ ਚਲਨ' ਕੀਤਾ ਹੈ ਅਤੇ ਅੰਗਰੇਜ਼ੀ ਅਨੁਵਾਦ ਅਨੁਸਾਰ ਇਸ ਦਾ ਅਰਥ ਬਣਦਾ ਹੈ ਕਿ ਸੰਸਾਰ ਦੀ ਉਤਪਤੀ ਦਾ ਉਦੇਸ਼ ਕੀ ਹੈ? ਪਰ ਜੇ ਅਸੀਂ ਇਸ ਤੋਂ ਅਗਲੀ ਪੰਕਤੀ ਦੇ ਅਰਥਾਂ ਨੂੰ ਗਹੁ ਨਾਲ ਵਾਚੀਏ ਤਾਂ ਜਾਪਦਾ ਹੈ ਕਿ ਭਾਈ ਰਣਧੀਰ ਸਿੰਘ ਦੇ ਕੀਤੇ ਅਰਥ ਜ਼ਿਆਦਾ ਢੁਕਵੇਂ ਹਨ ਕਿਉਂ ਕਿ ਅਗਲੀ ਪੰਕਤੀ ਵੀ ਸ੍ਰਿਸ਼ਟੀ ਨਾਲ ਸਬੰਧਤ ਨਾ ਹੋ ਕੇ ਮਨੁੱਖ ਨਾਲ ਹੀ ਸਬੰਧਤ ਹੈ। ਅਗਲੀ ਪੰਕਤੀ ਵਿਚ 'ਧ੍ਰਿਸ਼ਟ' ਦਾ ਅਰਥ ਕਰਦਿਆਂ ਭਾਈ ਸਾਹਿਬ ਨੇ ਲਿਖਿਆ ਹੈ (ੳ) ਚਤੁਰ, ਸਿਆਣਾ, ਸਾਹਸੀ, ਉਤਸ਼ਾਹੀ (ਅ) ਢੀਠ, ਨਿਰਲੱਜ, ਦਲੇਰ। ਅੰਗਰੇਜ਼ੀ ਅਨੁਵਾਦ ਵਿਚ ਇਸ ਦਾ ਅਰਥ 'superb' ਕੀਤਾ ਹੈ ਜਿਸ ਦਾ ਪੰਜਾਬੀ ਵਿਚ ਅਰਥ ਸ਼ਾਨਦਾਰ, ਅਤਿ ਚੰਗਾ ਜਾਂ ਵਧੀਆ ਬਣਦਾ ਹੈ। ਇਸ ਲਈ ਸ਼ਬਦਾਰਥ ਅਨੁਸਾਰ ਭਾਈ ਸਾਹਿਬ ਵੱਲੋਂ ਕੀਤੇ ਪਹਿਲੇ ਅਰਥ ਅਰਥਾਤ ਸਿਆਣਾ, ਉਤਸ਼ਾਹੀ ਜ਼ਿਆਦਾ ਢੁਕਵੇਂ ਪ੍ਰਤੀਤ ਹੁੰਦੇ ਹਨ ਖਾਸ ਕਰਕੇ ਸਿਆਣਾ। ਅਗਲਾ ਸਵਾਲ ਹੈ ਕਿ ਨੀਚ ਜਾਂ ਭ੍ਰਿਸ਼ਟਿਆ ਹੋਇਆ ਅਰਥਾਤ ਛੇਕਿਆ ਹੋਇਆ ਜਾਂ ਦੁਸ਼ਟ ਕੌਣ ਹੈ, ਇਸ ਦਾ ਜ਼ਿਕਰ ਵਿਸਤਾਰ ਵਿਚ ਕਰੋ। ਅਠਵੇਂ ਛੰਦ ਵਿਚ ਪ੍ਰਸ਼ਨ ਕੀਤਾ ਹੈ ਕਿ ਭਰਮ-ਮੂਲਕ ਕਰਮ ਕਿਹੜੇ ਹਨ ਅਰਥਾਤ ਵਹਿਮ ਪੈਦਾ ਕਰਨ ਵਾਲੇ ਕਰਮ ਕਿਹੜੇ ਹਨ? ਅਤੇ ਭਰਮ ਦਾ ਨਾਸ ਕਿਵੇਂ ਹੁੰਦਾ ਹੈ ਅਰਥਾਤ ਭਰਮ ਦਾ ਨਾਸ ਕਰਨ ਲਈ ਕੀ ਕਰਨਾ ਚਾਹੀਦਾ ਹੈ? ਮਨਾਂ ਦੀਆਂ ਚੇਸ਼ਟਾਵਾਂ ਭਾਵ ਲਾਲਸਾਵਾਂ ਕੀ ਹੁੰਦੀਆਂ ਹਨ ਅਤੇ 'ਅਚੇਤ ਪ੍ਰਕਾਸ਼' ਅਰਥਾਤ ਸੁਤੇ-ਚਾਨਣ ਕੀ ਹੁੰਦਾ ਹੈ:

ਕਵਨ ਰਿਸਟ ਕੋ ਪੁਸਟ ਹੈ?  
ਕਹਾ ਸ੍ਰਿਸਟ ਕੋ ਚਾਰ?  
ਕਵਨ ਧ੍ਰਿਸਟ ਕੋ ਭ੍ਰਿਸਟ ਹੈ?  
ਕਹੋ ਸਕਲ ਬਿਸਥਾਰ? 207 (227)  
ਕਹਾ ਭਰਮ ਕੋ ਕਰਮ ਹੈ?  
ਕਹਾ ਭਰਮ ਕੋ ਨਾਸ?  
ਕਹਾ ਚਿਤਨ ਕੀ ਚੇਸਟਾ?  
ਕਹਾ ਅਚੇਤ ਪ੍ਰਕਾਸ਼? 208 (228)

ਕਿਸੇ ਕਰਮ ਨੂੰ ਲਗਾਤਾਰ ਕਰਦੇ ਰਹਿਣ ਦਾ ਬੰਧੇਜ ਜਾਂ ਪਾਲਣਾ ਕੀ ਹੁੰਦੀ ਹੈ ਅਤੇ ਸੰਜਮ ਕਿਸ ਨੂੰ ਕਹਿੰਦੇ ਹਨ? ਗਿਆਨ ਕਿਸ ਨੂੰ ਕਹਿੰਦੇ ਹਨ ਅਤੇ ਅਗਿਆਨ ਕੀ ਹੁੰਦਾ ਹੈ? ਰੋਗੀ ਅਰਥਾਤ ਰੋਗ ਵਿਚ ਗ੍ਰਸਿਆ ਹੋਇਆ ਕੌਣ ਹੈ ਅਤੇ ਸੋਗੀ ਭਾਵ ਚਿੰਤਾ ਵਿਚ ਕੌਣ ਰਹਿੰਦਾ ਹੈ? ਅੱਗੇ ਬਹੁਤ ਅਹਿਮ ਪ੍ਰਸ਼ਨ ਪੁੱਛਿਆ ਹੈ ਕਿ ਧਰਮ ਦੀ ਅਧੋਗਤੀ ਕਿਵੇਂ ਹੁੰਦੀ ਹੈ ਅਰਥਾਤ ਧਰਮ ਦੀ ਹਾਨੀ ਕਿਵੇਂ ਹੁੰਦੀ ਹੈ। ਸੂਰਮਾ ਜਾਂ ਬਹਾਦਰ ਕੌਣ ਹੁੰਦਾ ਹੈ ਅਤੇ ਸੁੰਦਰ ਕੌਣ ਹੈ? ਯੋਗ ਦਾ ਸਾਰ-ਤੱਤ ਕੀ ਹੈ? ਦਾਤਾ ਜਾਂ ਦਾਨੀ ਕੌਣ ਹੈ ਅਤੇ ਗਿਆਨਵਾਨ ਕੌਣ ਹੈ? ਚੰਗੀ ਤਰ੍ਹਾਂ ਵਿਚਾਰ ਕੇ ਦੱਸੋ। ਭਾਈ ਸਾਹਿਬ ਨੇ ਆਖਰੀ ਪੰਕਤੀ ਵਿਚ "ਕੋ ਦਾਤਾ, ਗਿਆਨੀ ਕਵਨ?" ਤੋਂ ਬਾਅਦ "ਕਹੋ ਬਿਚਾਰ ਬਿਚਾਰ" ਲਿਖਿਆ ਹੈ ਅਤੇ ਇਸ ਦੇ ਅਰਥ ਕਰਦਿਆਂ ਲਿਖਿਆ ਹੈ ਜੋ ਵਿਚਾਰ (ਸੁਆਲ ਪੇਸ਼ ਕੀਤੇ ਗਏ ਹਨ, ਇਨ੍ਹਾਂ ਨੂੰ) ਚੰਗੀ ਤਰ੍ਹਾਂ ਨਿਰਣੇ ਕਰਕੇ ਦੱਸੋ। ਪਰ ਅੰਗਰੇਜ਼ੀ ਅਨੁਵਾਦ ਵਿਚ ਇਸੇ ਪੰਕਤੀ ਨੂੰ ਗੁਰਮੁਖੀ ਵਿਚ ਇਉਂ ਲਿਖਿਆ ਹੈ, "ਕੋ ਦਾਤਾ ਗਿਆਨੀ ਕਵਨ ਕਹੋ ਬਿਚਾਰ ਅਬਿਚਾਰ" ਅਤੇ ਇਸ ਦਾ ਅਨੁਵਾਦ ਕੀਤਾ ਹੈ, Tell me the judicious and injudicious:

## ਗੁਰਮਤਿ ਚਿੰਤਨ

ਕਹਾ ਨੇਮ ਸੰਜਮ ਕਹਾ?  
ਕਹਾ ਗਿਆਨ ਅਗਿਆਨ?  
ਕੋ ਰੋਗੀ ਸੋਗੀ ਕਵਨ?  
ਕਹਾ ਧਰਮ ਕੀ ਹਾਨਿ? 209 (229)  
ਕੋ ਸੂਰ ਸੁੰਦਰ ਕਵਨ?  
ਕਹਾ ਜੋਗ ਕੋ ਸਾਰ?  
ਕੋ ਦਾਤਾ ਗਿਆਨੀ ਕਵਨ?  
ਕਹੋ ਬਿਚਾਰ ਬਿਚਾਰਿ। 210 (230)

ਇਸ ਰਚਨਾ ਦੇ ਅਧਿਐਨ ਤੋਂ ਮੋਟੇ ਤੌਰ 'ਤੇ ਜੋ ਸੰਕਲਪ ਸਾਹਮਣੇ ਆਉਂਦੇ ਹਨ, ਉਨ੍ਹਾਂ ਦਾ ਸੁਭਾਅ ਕੀ ਹੈ ਜਾਂ ਉਹ ਕੀ ਹਨ? ਜਾਣਨ ਲਈ ਪ੍ਰਸ਼ਨ ਪੁੱਛੇ ਗਏ ਹਨ, ਉਹ ਹਨ-ਆਤਮਾ, ਸ੍ਰਿਸ਼ਟੀ, ਧਰਮ, ਕਰਮ, ਜਨਮ, ਮੌਤ, ਸਵਰਗ, ਨਰਕ, ਸਿਆਣਪ, ਮੂਰਖ, ਤਰਕ, ਬਿਤਰਕ ਜਾਂ ਜਿਸ ਨੂੰ ਗੁਰਬਾਣੀ ਵਿਚ ਵਾਦ ਜਾਂ ਬਾਦ ਕਿਹਾ ਹੈ, ਉਸਤਤਿ, ਨਿੰਦਾ, ਧਰਮ ਜਾਂ ਪੁੰਨ, ਪਾਪ, ਭੋਗ, ਯੋਗ, ਗੁਣ, ਅਪਕਰਮ ਜਾਂ ਔਗੁਣ, ਉਦਮ, ਸਹਿਣਸ਼ੀਲਤਾ, ਸੂਰਾ, ਦਾਤਾ, ਤੰਤਰ, ਮੰਤਰ, ਰੰਕ, ਰਾਜਾ, ਹਰਖ, ਸੋਗ, ਰੋਗੀ, ਰਾਗੀ, ਰਿਸ਼ਟ, ਅਨੰਦਤਿ, ਮਜ਼ਬੂਤ, ਸ੍ਰੇਸ਼ਟਾਚਾਰ, ਸਿਆਣਾ, ਭ੍ਰਿਸ਼ਟ ਜਾਂ ਨੀਚ, ਭਰਮ-ਮੂਲਕ ਕਰਮ, ਭਰਮ-ਨਾਸ਼ਕ ਕਰਮ, ਚਿਤ ਦੀ ਚੇਸ਼ਟਾ, ਅਚੇਤ ਪ੍ਰਕਾਸ਼, ਨੇਮ, ਸੰਜਮ, ਗਿਆਨ, ਅਗਿਆਨ, ਰੋਗੀ, ਸੋਗੀ, ਧਰਮ ਦੀ ਅਧੋਗਤੀ, ਸੂਰਾ, ਸੁੰਦਰ, ਯੋਗ ਦਾ ਸਾਰ-ਤੱਤ, ਦਾਤਾ, ਗਿਆਨੀ ਅਤੇ ਜੋ ਆਖਰੀ ਪੰਕਤੀ ਨੂੰ ਅੰਗਰੇਜ਼ੀ ਅਨੁਵਾਦ ਅਨੁਸਾਰ ਮੰਨਦੇ ਹਾਂ ਤਾਂ ਜੋ ਅਗਲਾ ਸੰਕਲਪ ਬਣਦਾ ਹੈ ਉਹ ਹੈ ਨਿਆਂਯੁਕਤ ਜਾਂ ਬਿਬੇਕ-ਪੂਰਨ ਅਤੇ ਅਨਿਆਂ। ਕੋਸ਼ਿਸ਼ ਕੀਤੀ ਜਾਵੇਗੀ ਕਿ ਹਰ ਇੱਕ ਸੰਕਲਪ ਦੀ ਗੁਰਮਤਿ ਅਨੁਸਾਰ ਸੰਖੇਪ ਵਿਚ ਵਿਚਾਰ ਕੀਤੀ ਜਾਵੇ।

'ਅਕਾਲ ਉਸਤਤਿ' ਵਿਚ ਉਪਰ ਦਿੱਤੇ ਛੰਦਾਂ ਵਿਚ ਜੋ ਸਭ ਤੋਂ ਪਹਿਲਾ ਪ੍ਰਸ਼ਨ ਪੁੱਛਿਆ ਗਿਆ ਹੈ ਉਹ 'ਆਤਮਾ' ਅਤੇ ਉਸ ਦਾ ਸੁਭਾਅ ਹੈ। ਗੁਰਮਤਿ ਵਿਚ ਆਤਮਾ ਦੋਹਾਂ ਅਰਥਾਂ ਵਿਚ ਆਇਆ ਹੈ: ਬ੍ਰਹਮ ਅਤੇ ਜੀਵ-ਆਤਮਾ। ਗੁਰਮਤਿ ਵਿਚ ਮਨੁੱਖ ਨੂੰ ਜਗਦੀਸ਼-ਅੰਸ਼ ਪਰਵਾਨ ਕੀਤਾ ਗਿਆ ਹੈ ਅਤੇ ਜੀਵ-ਆਤਮਾ ਪਰਮਾਤਮਾ ਦੀ ਜੋਤਿ ਤੋਂ ਹੀ ਪ੍ਰਕਾਸ਼ਿਤ ਹੈ। ਗੁਰੂ ਅਮਰਦਾਸ 'ਅਨੰਦੁ' ਬਾਣੀ ਵਿਚ ਇਸ ਤੱਥ ਨੂੰ ਸਪਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਇਸ ਸਰੀਰ ਵਿਚ ਪਰਮਾਤਮਾ ਆਪਣੀ ਜੋਤਿ ਰੱਖਦਾ ਹੈ ਤਾਂ ਜੀਵ ਸਰੀਰਕ ਰੂਪ ਵਿਚ ਸੰਸਾਰ 'ਤੇ ਜਨਮ ਲੈਂਦਾ ਹੈ:

ਏ ਸਰੀਰਾ ਮੇਰਿਆ  
ਹਰਿ ਤੁਮ ਮਹਿ ਜੋਤਿ ਰਖੀ  
ਤਾ ਤੂ ਜਗ ਮਹਿ ਆਇਆ॥ (ਪੰਨਾ 921)

ਗੁਰੂ ਅਮਰਦਾਸ ਹੀ ਮਨੁੱਖ ਦੇ ਜਨਮ ਲੈਣ ਅਰਥਾਤ ਜੀਵ-ਆਤਮਾ ਦੇ ਸੰਸਾਰ 'ਤੇ ਆਉਣ ਦਾ, ਮਨੁੱਖ ਦੇ ਜੀਵਨ ਦਾ ਮਕਸਦ ਕੀ ਹੈ? ਦੱਸਦੇ ਹੋਏ ਇਸ ਨੂੰ ਰਾਗੁ ਆਸਾ ਵਿਚ ਸਪਸ਼ਟ ਕਰਦੇ ਹਨ ਕਿ ਹੇ ਮਨ! ਤੇਰਾ ਸਰੋਤ, ਤੇਰਾ ਅਸਲਾ ਪਰਮਾਤਮ-ਜੋਤਿ ਹੈ, ਪਰਮਾਤਮ-ਸਰੂਪ ਹੈ, ਇਸ ਲਈ ਆਪਣੇ ਮੂਲ ਨੂੰ ਪਛਾਣ। ਇਹ ਹੀ ਤੇਰੀ ਜ਼ਿੰਦਗੀ ਦਾ, ਤੇਰੇ ਜੀਵਨ ਦਾ ਖਾਸਾ ਹੈ। ਤੂੰ ਪ੍ਰਕਾਸ਼ਮਾਨ ਹਰੀ ਦਾ ਰੂਪ ਹੈਂ; ਇਸ ਲਈ ਆਪਣਾ ਅਸਲਾ ਪਛਾਣ। ਇਸ ਤੋਂ ਆਤਮਾ ਦੇ ਸੁਭਾ ਦਾ ਵੀ ਪਤਾ ਲੱਗ ਜਾਂਦਾ ਹੈ:

ਮਨ ਤੂੰ ਜੋਤਿ ਸਰੂਪੁ ਹੈ  
ਆਪਣਾ ਮੂਲੁ ਪਛਾਣੁ॥ (ਪੰਨਾ 441)

ਇਸ ਦੀ ਪ੍ਰੋੜਤਾ ਗੁਰਬਾਣੀ ਵਿਚ ਹੋਰ ਵੀ ਬਹੁਤ ਸਾਰੀਆਂ ਥਾਂਵਾਂ 'ਤੇ ਹੋ ਜਾਂਦੀ ਹੈ ਜਿਥੇ ਆਤਮਾ ਸ਼ਬਦ ਆਤਮਾ ਅਤੇ ਪਰਮਾਤਮਾ ਦੋਹਾਂ ਹੀ ਅਰਥਾਂ ਵਿਚ ਆਇਆ ਹੈ। ਸ੍ਰੀ ਰਾਗੁ ਕੀ ਵਾਰ ਵਿਚ ਗੁਰੂ ਅਮਰਦਾਸ ਦਾ ਹੀ ਸਲੋਕ ਹੈ ਜਿਸ ਵਿਚ ਦੱਸਿਆ ਹੈ ਕਿ ਗੁਰੂ ਦੀ ਸਿੱਖਿਆ ਰਾਹੀਂ ਗੁਰੂ ਦੇ ਸੁਭਾਅ ਵਿਚ ਆਪਣੇ ਸੁਭਾਅ ਨੂੰ ਲੀਨ ਕਰਕੇ ਉਸ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਨੀ ਚਾਹੀਦੀ ਹੈ ਜਿਸ ਨੇ ਜੀਵ-ਆਤਮਾ ਦਾ ਪ੍ਰਕਾਸ਼ ਕੀਤਾ ਹੈ। ਇਸ ਤਰ੍ਹਾਂ ਜੀਵ-ਆਤਮਾ ਦੇ ਹਿਰਦੇ ਵਿਚ ਪਰਮਾਤਮਾ ਦੀ ਹੋਂਦ ਦਾ ਸਿਦਕ ਬੱਝ ਜਾਂਦਾ ਹੈ ਅਤੇ ਉਸ ਨੂੰ ਹੋਰ ਧਾਰਮਿਕ ਕਹੇ ਜਾਣ ਵਾਲੇ ਕਰਮਾਂ ਜਿਵੇਂ ਤੀਰਥ-ਇਸ਼ਨਾਨ ਆਦਿ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਸਤਿਗੁਰੂ ਦੇ ਪਿਆਰ ਵਿਚ ਉਸ ਦਾ ਮਨ ਡੋਲਣ ਤੋਂ ਹਟ ਕੇ ਟਿਕਾਉ ਵਿਚ ਆ ਜਾਂਦਾ ਹੈ। ਉਸ ਨੂੰ ਪਰਮਾਤਮਾ ਦੀ ਸੋਝੀ ਹੋ ਜਾਂਦੀ ਹੈ। ਉਸ ਪਰਮਾਤਮਾ ਨੂੰ ਅਨੁਭਵ ਕਰਨਾ ਜੀਵ-ਆਤਮਾ ਦਾ ਕੁਦਰਤੀ ਸੁਭਾ ਹੈ ਕਿਉਂਕਿ ਜੀਵ-ਆਤਮਾ ਪਰਮਾਤਮ-ਜੋਤਿ ਦਾ ਹਿੱਸਾ ਹੈ ਪਰ ਵਿਕਾਰਾਂ ਦੀ ਮੈਲ ਕਾਰਨ ਉਹ ਆਪਣੇ ਅਸਲੇ ਦੀ ਪਛਾਣ ਭੁੱਲ ਜਾਂਦਾ ਹੈ। ਗੁਰੂ ਦੀ ਸਿੱਖਿਆ ਰਾਹੀਂ ਇਹ ਮੈਲ ਮਨ ਤੋਂ ਧੋਤੀ ਜਾਂਦੀ ਹੈ:

ਆਤਮਾ ਦੇਉ ਪੂਜੀਐ  
ਗੁਰ ਕੈ ਸਹਜਿ ਸੁਭਾਇ॥  
ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ  
ਤਾ ਘਰ ਹੀ ਪਰਚਾ ਪਾਇ॥  
ਆਤਮਾ ਅਡੋਲੁ ਨ ਡੋਲਈ  
ਗੁਰ ਕੈ ਭਾਇ ਸੁਭਾਇ॥ (ਪੰਨਾ 87)

ਇਸ ਪ੍ਰਾਪਤੀ ਵਿਚ ਅਕਾਲ ਪੁਰਖ ਦੀ ਨਦਰਿ, ਉਸ ਦੀ ਮਿਹਰ ਸ਼ਾਮਲ ਹੈ ਕਿਉਂਕਿ ਜੇ ਉਸ ਦੀ ਮਿਹਰ ਹੁੰਦੀ ਹੈ ਤਾਂ ਹੀ ਉਸ ਦੇ ਨਾਮ ਦਾ ਸਿਮਰਨ ਹੁੰਦਾ ਹੈ ਅਤੇ ਨਾਮ ਸਿਮਰਨ ਰਾਹੀਂ ਮਨੁੱਖ ਦਾ ਹਿਰਦਾ ਦ੍ਰਵਦਾ ਹੈ। ਉਸ ਦੇ ਅੰਦਰੋਂ ਦਵੈਤ ਅਤੇ ਦੂਰੀ ਖਤਮ ਹੋ ਜਾਂਦੀ ਹੈ ਅਤੇ ਉਸ ਨੂੰ ਸਭ ਅੰਦਰ ਇੱਕੋ ਆਤਮਾ ਨਜ਼ਰ ਆਉਂਦਾ ਹੈ:

ਨਦਰਿ ਕਰੇ ਤਾ ਸਿਮਰਿਆ ਜਾਇ॥  
ਆਤਮਾ ਦ੍ਰਵੈ ਰਹੈ ਲਿਵ ਲਾਇ॥  
ਆਤਮਾ ਪਰਾਤਮਾ ਏਕੋ ਕਰੈ॥  
ਅੰਤਰ ਕੀ ਦੁਬਿਧਾ ਅੰਤਰਿ ਮਰੈ॥1॥  
(ਪੰਨਾ 661)

ਪਰਮਾਤਮ-ਜੋਤਿ ਹਰ ਇੱਕ ਜੀਵ-ਆਤਮਾ ਦੇ ਅੰਦਰ ਵੱਸ ਰਹੀ ਹੈ ਪਰ ਬੁਰੀ ਬੁੱਧੀ ਕਾਰਨ ਮਨੁੱਖ ਨੂੰ ਇਸ ਦਾ ਅਨੁਭਵ ਨਹੀਂ ਹੁੰਦਾ ਪਰ ਪਰਮਾਤਮਾ-ਰੂਪ ਗੁਰੂ ਨੂੰ ਮਿਲਣ ਨਾਲ ਉਸ ਦੀ ਸਿੱਖਿਆ ਰਾਹੀਂ ਦੁਰਮਤਿ ਦੂਰ ਹੋ ਜਾਂਦੀ ਅਤੇ ਪਰਮਾਤਮ-ਜੋਤਿ ਦਾ ਅਨੁਭਵ ਹੁੰਦਾ ਹੈ। ਅਜਿਹਾ ਮਨੁੱਖ ਫਿਰ ਪਰਮਾਤਮਾ ਦੇ ਗੁਣਾਂ ਵਿਚ ਸੁਰਤਿ ਜੋੜ ਕੇ ਉਸ ਦੇ ਗੁਣਾਂ ਦੀ ਵਿਚਾਰ ਕਰਦਾ ਰਹਿੰਦਾ ਹੈ। ਇਸ ਪ੍ਰਾਪਤੀ ਲਈ ਭਲੇ ਪੁਰਸ਼ਾਂ ਦੀ ਸੰਗਤਿ ਨੂੰ ਵੀ ਇੱਕ ਬਹੁਤ ਮਹੱਤਵ-ਪੂਰਨ ਤੱਥ ਮੰਨਿਆ ਹੈ ਜਿਸ ਵਿਚ ਮਨੁੱਖ ਨੂੰ ਇਹ ਪ੍ਰਾਪਤੀ ਹੁੰਦੀ ਹੈ। (ਪੰਨਾ 607)

ਸਿੱਖ ਧਰਮ ਚਿੰਤਨ ਵਿਚ ਕਿਸੇ ਸਵਰਗ ਪ੍ਰਾਪਤੀ ਜਾਂ ਵਿਅਕਤੀਗਤ ਮੁਕਤੀ ਦਾ ਉਸ ਕਿਸਮ ਦਾ ਪਰੰਪਰਕ ਸੰਕਲਪ ਪਰਵਾਨ ਨਹੀਂ ਕੀਤਾ ਗਿਆ। ਗੁਰਮਤਿ ਵਿਚ ਜੀਵ-ਆਤਮਾ ਦਾ ਆਪਣੇ ਸ੍ਰੋਤ ਵਿਚ ਸਮਾ ਜਾਣਾ ਹੀ ਮੁਕਤੀ ਹੈ। ਇਸ ਦਾ ਪ੍ਰਗਟਾਵਾ ਗੁਰੂ ਅਰਜਨ ਦੇਵ ਆਪਣੀ ਬਾਣੀ ਵਿਚ ਕਰਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਕਿਰਨ ਸੂਰਜ ਵਿਚ ਮਿਲ ਜਾਂਦੀ ਹੈ, ਬੂੰਦ ਜਲ ਵਿਚ ਸਮਾ ਜਾਂਦੀ ਹੈ, ਇਸੇ ਤਰ੍ਹਾਂ ਜੀਵ-ਆਤਮਾ ਆਪਣੇ ਮੂਲ ਪਰਮਾਤਮ-ਜੋਤਿ ਵਿਚ ਸਮਾ ਕੇ ਸੰਪੂਰਨ ਹੋ ਜਾਂਦੀ ਹੈ ਅਤੇ ਫਿਰ ਹਰ ਪਾਸੇ ਉਹ ਪਰਮਾਤਮਾ ਹੀ ਨਜ਼ਰ ਆਉਂਦਾ ਹੈ, ਉਸ ਇੱਕ ਦਾ ਹੀ ਪਸਾਰਾ ਦਿਖਾਈ ਦਿੰਦਾ ਹੈ। ਇਹ ਜੀਵਨ ਮੁਕਤੀ ਹੈ ਜੋ ਮਨੁੱਖ ਆਪਣੇ ਜੀਵਨ-ਕਾਲ ਵਿਚ ਹੀ ਪ੍ਰਾਪਤ ਕਰ ਲੈਂਦਾ ਹੈ। ਇਸ ਕਥਨ ਤੋਂ ਆਤਮਾ ਦਾ ਸੁਭਾ ਵੀ ਸਪਸ਼ਟ ਹੋ ਜਾਂਦਾ ਹੈ:

ਸੂਰਜ ਕਿਰਣਿ ਮਿਲੇ ਜਲ ਕਾ  
ਜਲੁ ਹੂਆ ਰਾਮ॥  
ਜੋਤੀ ਜੋਤਿ ਰਲੀ  
ਸੰਪੂਰਨੁ ਥੀਆ ਰਾਮ॥ (ਪੰਨ 846)

## ਸਿਆਣਿਆਂ ਦਾ ਕਿਹਾ

(1) ਅੱਜ ਸ਼ਹਿਰ ਦੇ ਕਿਸੇ ਬੱਚੇ ਨੂੰ ਪੁੱਛ ਲਵੋ ਕਿ ਮਧਾਣੀ, ਚਰਖਾ, ਸੰਦੂਕ, ਤੰਦੂਰ, ਕੁੰਡੀ ਸੋਟਾ, ਮੰਜਾ, ਪੀੜੀ, ਪਿੰਨੂ, ਗੁੱਲੀ ਡੰਡਾ, ਬਾਂਟੇ, ਗੱਡਾ, ਹਲ, ਪੰਜਾਲੀ, ਦਾਤੀ, ਖੂਹ, ਪਿੱਪਲ, ਬਰੋਟਾ, ਕਿੱਕਰ, ਟਾਹਲੀ, ਕਿਸ ਸ਼ੈਅ ਦਾ ਨਾਂ ਹੈ? ਸ਼ਾਇਦ ਹੀ ਦੱਸ ਸਕਣ।

(2) ਭਾਰਤ ਵਿਚ ਖੁਸ਼ਹਾਲੀ ਆਈ ਤਾਂ ਸਿਰਫ ਉਨ੍ਹਾਂ ਲੋਕਾਂ ਲਈ ਜਿਹੜੇ ਉਸ ਜਮਾਨੇ ਵਿਚ ਵੀ ਖੁਸ਼ਹਾਲ ਸਨ, ਜਦ ਦੇਸ਼ ਆਜ਼ਾਦੀ ਲਈ ਲੜ ਰਿਹਾ ਸੀ।

(3) ਜਦੋਂ ਤੱਕ ਜਨਤਾ ਦੀਆਂ ਅੱਖਾਂ ਵਿਚ ਅੱਥਰੂ ਹਨ, ਮਨ ਵਿਚ ਪੀੜ ਹੈ, ਉਦੋਂ ਤੱਕ ਗੁਰੂ ਨਾਨਕ ਸਾਹਿਬ ਦਾ ਮਿਸ਼ਨ ਪੂਰਾ ਨਹੀਂ ਹੋਵੇਗਾ।

(4) ਭੁਚਾਲ ਇਕ ਅਜਿਹੀ ਆਫਤ ਹੈ, ਜਿਸ ਦਾ ਇਤਿਹਾਸ ਉਸ ਸਮੇਂ ਤੋਂ ਹੀ ਸਵੀਕਾਰ ਕੀਤਾ ਜਾ ਸਕਦਾ ਹੈ ਜਦੋਂ ਦੀ ਮਨੁੱਖ ਦੀ ਹੋਂਦ ਹੈ।

(5) ਚੁੱਪ ਵਿਚ ਸਾਰੀਆਂ ਚਿੰਤਾਵਾਂ ਦਾ ਬੋਝ ਪੈਂਦਾ ਹੈ।

(6) ਹਰ ਉਸ ਘਟਨਾ ਤੋਂ ਬਚ ਕੇ ਰਹੀਏ ਜੋ ਜੀਵਨ ਲਈ ਹਾਨੀਕਾਰਕ ਹੋ ਸਕਦੀ ਹੈ।

(7) ਆਤਮ ਸੰਭਾਲ ਦੀ ਉਤੇਜਨਾ ਸਭ ਤੋਂ ਵੱਧ ਸ਼ਕਤੀਸ਼ਾਲੀ ਹੈ।

(8) ਖਾਣਾ-ਪੀਣਾ ਸਰੀਰ ਦੀ ਲੋੜ ਹੈ, ਮਾਨਸਿਕ ਲੋੜ ਪਿਛੋਂ ਹੈ।

(9) ਜਿਉਣਾ ਬੋਝਲ ਹੋ ਸਕਦਾ ਹੈ ਜੇ ਤੁਹਾਡੇ ਜੀਵਨ ਦਾ ਕੋਈ ਉਦੇਸ਼ ਨਹੀਂ, ਕੋਈ ਲਕਸ਼ ਨਹੀਂ।

(10) ਇੱਛਾ ਹੀ ਸਭ ਸੰਵੇਗਾਂ ਦੀ ਜਨਨੀ ਹੈ।

(11) ਨਸ਼ੇ ਕਈ ਪ੍ਰਕਾਰ ਦੇ ਹਨ, ਬਹੁਤ ਵਾਰੀ ਅਸੀਂ ਇਹ ਮਹਿਸੂਸ ਹੀ ਨਹੀਂ ਕਰਦੇ।

(12) ਜਦੋਂ ਕ੍ਰੋਧ ਆਉਂਦਾ ਹੈ, ਦਲੀਲ ਤਰਕ, ਉਸੇ ਸਮੇਂ ਖਤਮ ਹੋ ਜਾਂਦੇ ਹਨ।

(13) ਇੱਛਾ ਬਲਵਾਨ ਹੈ।

(14) ਕ੍ਰੋਧ ਉਦੋਂ ਆਉਂਦਾ ਹੈ ਜਦੋਂ ਕਿਸੇ ਗੱਲ ਤੋਂ ਦੁਖੀ ਹੁੰਦੇ ਹੋ।

(15) ਜੋ ਮਨੁੱਖ ਈਰਖਾਲੂ ਹੈ, ਉਹ ਆਪਣੇ ਅੰਦਰ ਉਣਾ ਮਹਿਸੂਸ ਕਰਦਾ ਹੈ।

(16) ਕਮਜ਼ੋਰ ਮਨੁੱਖ ਸਦਾ ਹੀ ਈਰਖਾਲੂ ਹੁੰਦਾ ਹੈ।

(17) ਜਦੋਂ ਤੁਸੀਂ ਆਤਮ-ਸਿਧੀ ਕਰ ਲੈਂਦੇ ਹੋ, ਅਨੰਦ ਹੀ ਅਨੰਦ ਹੁੰਦਾ ਹੈ।

(18) ਆਤਮਾ ਨੂੰ ਅੰਦਰੋਂ ਜਾਣ ਲੈਣ, ਪਛਾਣ ਲੈਣ ਤੋਂ ਭਾਵ ਹੈ, ਪੂਰਨਤਾ ਬਾਹਰੋਂ ਨਹੀਂ ਅੰਦਰੋਂ ਆਉਂਦੀ ਹੈ।

(19) ਡਰ ਬਹੁਤ ਸਾਰੇ ਸੰਵੇਗਾਂ ਦੀ ਜੜ੍ਹ ਹੈ ਅਤੇ ਇਹ ਪ੍ਰੇਰਨਾ ਦਾ ਸਭ ਤੋਂ ਵੱਡਾ ਸਰੋਤ ਹੈ।

(20) ਜਿਸ ਤੋਂ ਤੁਸੀਂ ਡਰ ਰਹੇ ਹੋ, ਹੋ ਸਕਦਾ ਹੈ ਕਿ ਤੁਸੀਂ ਉਸ 'ਤੇ ਪਹਿਲਾਂ ਹਮਲਾ ਕਰ ਦੇਵੋ।

(21) ਬ੍ਰਹਮਗਿਆਨੀ ਅਤੇ ਵਿਦਵਾਨ ਵਿਚ ਬਹੁਤ ਅੰਤਰ ਹੈ।

(22) ਉਸ ਧਰਮ ਦਾ ਕੀ ਲਾਭ ਜੋ ਸਾਨੂੰ ਘਰ-ਬਾਹਰ ਛੱਡ ਕੇ ਜੰਗਲਾਂ ਵਿਚ ਜਾਣ ਦੀ ਸਲਾਹ ਦੇਵੇ।

(23) ਉਸ ਧਰਮ ਦਾ ਕੀ ਲਾਭ ਜਿਸ ਵਿਚ ਆਪਣੇ ਆਪ ਨੂੰ, ਆਪਣੀਆਂ ਗਲਤੀਆਂ ਨੂੰ ਸੋਧਣ ਦੀ ਕੋਈ ਗੁੰਜਾਇਸ਼ ਹੀ ਨਾ ਹੋਵੇ।

(24) ਸਾਡਾ ਅੱਜ ਦਾ ਸਿੱਖ ਸਮਾਜ ਖੇਰੂੰ ਖੇਰੂੰ ਹੋਇਆ ਪਿਆ ਹੈ। ਸਾਨੂੰ ਆਪਣੇ ਅਤੀਤ ਤੋਂ ਸਿੱਖਣਾ ਚਾਹੀਦਾ ਹੈ।

(25) ਬੀਤੇ ਜੀਵਨ ਦੀਆਂ ਜਿੱਤਾਂ ਤੇ ਹਾਰਾਂ ਸਾਨੂੰ ਠੀਕ ਰਾਹ 'ਤੇ ਚੱਲਣ ਦਾ ਮਾਰਗ ਦਰਸ਼ਨ ਕਰ ਸਕਦੀਆਂ ਹਨ।

(26) ਬੀਤੇ ਸਮੇਂ ਦੇ ਅਨੁਸਾਰ ਹੀ ਤੁਸੀਂ ਭਵਿੱਖ ਦੇ ਫੁੱਲਾਂ ਨੂੰ ਦੇਖਦੇ ਹੋ।

(27) ਭਵਿੱਖ ਨੂੰ ਚਾਨਣਾ ਬਣਾਉਣ ਲਈ, ਭੂਤ ਕਾਲ, ਵਰਤਮਾਨ ਵਿਚ ਜਨਮ ਲੈਂਦਾ ਹੈ।

(28) ਸਾਰੇ ਅਧਿਆਪਕਾਂ/ਪ੍ਰਚਾਰਕਾਂ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਨ੍ਹਾਂ ਨੇ ਸਤਿ ਨੂੰ ਜਾਣ ਲਿਆ ਹੈ।

(29) ਮਜ਼ਹਬਾਂ ਦੇ ਪੈਰੋਕਾਰ ਆਪਣੇ ਅਨੁਸਾਰ ਹੀ ਪੜ੍ਹਾਉਂਦੇ ਹਨ, ਆਪਣੇ ਦ੍ਰਿਸ਼ਟੀਕੋਣ ਤੋਂ ਹੀ ਦਸਦੇ ਹਨ।

(30) ਧਰਮ ਮਾਨਵਤਾ ਨੂੰ ਉਪਰ ਚੁੱਕਣ ਲਈ ਇਕ ਬਹੁਤ ਵੱਡੀ ਤਾਕਤ ਹੈ। ਧਰਮ ਤੋਂ ਮੂੰਹ ਮੋੜ ਕੇ ਕੇਵਲ ਸੰਤਾਪ ਹੀ ਮਿਲਦਾ ਹੈ। ਜਿਹੜਾ ਧਰਮ ਦੀ ਪ੍ਰਵਾਹ ਨਹੀਂ ਕਰਦਾ ਉਹ ਅਸ਼ਾਂਤ ਹੀ ਰਹਿੰਦਾ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN#978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਭਲਾ ਹਰਨਾਕਸ਼ ਹਾਲੇ ਹੈਗੇ ਆ...?

***ਸੌਣਾ ਪਸ਼ੂਆਂ ਵਾਲੇ ਕਮਰੇ ਵਿਚ ਹੋਵੇ ਤਾਂ ਇਤਰ ਫੁਲੇਲ ਲਾ ਕੇ ਜਾਣ ਦਾ ਕੋਈ ਮਤਲਬ ਨਹੀਂ ਹੁੰਦਾ। ਕੁੱਤਾ ਸੋਹਣਾ ਵੀ ਹੋ ਸਕਦੈ ਤੇ ਨਸਲੀ ਵੀ ਪਰ ਇਸ ਗੱਲ ਦੀ ਕੀ ਗਰੰਟੀ ਹੈ ਕਿ ਉਹ ਵੱਢੇ ਨਾ? ਪਾਪ ਦੀ ਹੱਟੀ 'ਚੋਂ ਪੁੰਨ ਦਾ ਪ੍ਰਸ਼ਾਦ ਨਹੀਂ ਮਿਲ ਸਕਦਾ। ਕਈ ਆਈਆਂ ਤਾਂ ਪਰੀਆਂ ਦੇ ਦੇਸ਼ ਤੋਂ ਸਨ ਪਰ ਅਕਲ ਪੱਖੋਂ ਊਣੀਆਂ ਹੋਣ ਕਾਰਨ ਹੁਸਨ ਵੀ ਘੱਟੇ 'ਚ ਰੋਲ ਗਈਆਂ। ਜੇ ਧੀ ਵੱਲ ਵੇਖਦਿਆਂ ਬਾਪ ਦੀ ਨਜ਼ਰ ਵਿਚ ਖੋਟ ਐ ਤਾਂ ਸਾਧਾਂ-ਸੰਤਾਂ ਤੋਂ ਕਾਹਨੂੰ ਪੁੱਛਣ ਜਾਂਦੇ ਓ ਕਿ ਕਲਯੁੱਗ ਕਿੱਡਾ ਵੱਡਾ ਹੋ ਗਿਐ? ਸਾਨ੍ਹਾਂ ਦੇ ਕਾਫਲੇ ਵਿਚ ਗਊ ਦੇ ਸੁਰੱਖਿਅਤ ਹੋਣ ਦੀ ਉਮੀਦ ਢੇਰੀ ਢਾਹ ਕੇ ਬੈਠ ਗਈ ਹੁੰਦੀ ਐ। ਇਕ ਬਾਦਸ਼ਾਹ ਨੇ ਪੁੱਛਿਆ, 'ਪਰਜਾ ਕਿਵੇਂ ਖ਼ੁਸ਼ ਰਹਿ ਸਕਦੀ ਹੈ?' ਉਤਰ ਸੀ, 'ਮੰਤਰੀ ਮੰਡਲ ਨੂੰ ਗਿਆਨ ਦਿਓ ਕਿ ਲੋਕ ਮੂਰਖ਼ ਕਿਵੇਂ ਬਣਾਏ ਜਾ ਸਕਦੇ ਹਨ?' ਇਜ਼ੱਤ ਦੇ ਅਰਥ ਉਨ੍ਹਾਂ ਤੋਂ ਵੱਧ ਕੋਈ ਨ੍ਹੀਂ ਜਾਣ ਸਕਦਾ ਜਿਨ੍ਹਾਂ ਦੀ ਕਦੇ ਲਹਿ ਗਈ ਹੋਵੇ। ਕਈ ਲਲਾਰੀਆਂ ਨੇ ਚੁੰਨੀਆਂ ਰੰਗੀਆਂ ਤਾਂ ਬੜੀਆਂ ਗੂੜ੍ਹੀਆਂ ਸਨ ਪਰ ਉਨ੍ਹਾਂ ਦਾ ਰੰਗ ਚਿੱਟਾ ਕਰਨ ਵਿਚ ਮਾਹਿਰ ਲੋਕ ਹੋਰ ਨਿਕਲੇ। ਕੌਲਿਆਂ ਨਾਲ ਲੱਗ ਕੇ ਉਨ੍ਹਾਂ ਨੂੰ ਹੀ ਰੋਣਾ ਪੈਂਦਾ ਹੈ ਜਿਨ੍ਹਾਂ ਦੇ ਆਸਰੇ ਮੁੱਕ ਗਏ ਹੋਣ। ਜਿਨ੍ਹਾਂ ਦੇ ਪੱਕੇ ਕੰਮ ਤੇ ਖੇੜੇ ਦੋਵੇਂ ਨਾ ਰਹੇ ਹੋਣ, ਉਨ੍ਹਾਂ ਨੂੰ ਪੁੱਛ ਕੇ ਦੇਖਿਓ, ਜਿਉਣਾ ਕੁਰਬਾਨ ਹੋ ਕੇ ਵੀ ਨਹੀਂ ਮਿਲਦਾ। ਸਰਕਾਰਾਂ ਤੇ ਹਾਕਮ ਸਿਰਫ਼ ਦਾਅਵੇ ਕਰਦੇ ਨੇ ਕਿ ਸਭ ਸੁੱਖ ਸਾਂਦ ਹੈ ਪਰ ਅਸਲ ਵਿਚ ਸੁੱਖ ਤੇ ਸ਼ਾਂਤੀ ਦੀਆਂ ਪੱਸਲੀਆਂ ਉਨ੍ਹਾਂ ਨੇ ਹੀ ਹੂਰੇ ਮਾਰ ਕੇ ਅੰਦਰ ਪਾਈਆਂ ਹੁੰਦੀਆਂ ਹਨ। ਪੌੜੀਆਂ ਗਿਣ ਕੇ ਨਹੀਂ, ਚੜ੍ਹ ਕੇ ਪਤਾ ਲੱਗਦੈ ਕਿ ਚੁਬਾਰਾ ਹੇਠੋਂ ਕਿੱਡੀ ਦੂਰ ਐ? ਹਰਨਾਕਸ਼ ਨੇ ਤਾਂ ਭਗਤ ਪ੍ਰਹਿਲਾਦ ਨੂੰ ਜਨਮ ਦਿੱਤਾ ਸੀ ਪਰ ਹੁਣ ਪ੍ਰਹਿਲਾਦ ਦੇ ਘਰ ਹਰਨਾਕਸ਼ ਹਿੜ ਹਿੜ ਨ੍ਹੀਂ ਕਰ ਰਿਹਾ? ਜੇ ਮੰਨਦੇ ਹੋ ਕਿ ਸਰਵ-ਨਾਸ਼ ਕਿਸੇ ਚੀਜ਼ ਦਾ ਨਹੀਂ ਹੁੰਦਾ ਤਾਂ ਆਹ ਸਵਾਲ ਸੱਚ ਦੀ ਬੋਲੀ ਹੀ ਤਾਂ ਬੋਲਣ ਲੱਗੈ...***

ਵਿਹੜੇ 'ਚ ਵਾਣ ਦੇ ਨੰਗੇ ਮੰਜੇ 'ਤੇ ਛੇਵੀਂ ਜਮਾਤ 'ਚ ਪੜ੍ਹਦੀ ਦੀਪੀ ਨੇ ਕਿਤਾਬਾਂ ਦਾ ਮਣ ਪੱਕਾ ਝੋਲਾ ਵਗਾਹ ਕੇ ਮਾਰਿਆ ਜਿਵੇਂ ਘੁਮਿਆਰਾਂ ਦਾ ਗਧਾ ਇੱਟਾਂ ਢੋਅ ਕੇ ਭੱਠੇ ਤੋਂ ਵਿਹਲਾ ਹੋ ਕੇ ਆਇਆ ਹੋਵੇ ਤੇ ਨਲਕੇ ਹੇਠ ਛੋਟੇ ਵੀਰ ਨੂੰ ਨਹਾਉਂਦੀ ਦਾਦੀ ਮਾਂ ਨੂੰ ਬੜੇ ਪਿਆਰ ਨਾਲ ਕਿਹਾ, "ਮਾਂ?"

"ਹਾਂ ਪੁੱਤ, ਆ ਗਈ ਪੜ੍ਹ ਕੇ?"

"ਮਾਂ, ਮੈਡਮ ਨੇ ਅੱਜ ਕਹਾਣੀ ਬੜੀ ਸੋਹਣੀ ਸੁਣਾਈ।"

"ਕਾਹਦੀ?"

"ਮੈਡਮ ਦੱਸਦੀ ਸੀ ਕਿ ਹਰਨਾਕਸ਼ ਹੁੰਦਾ ਸੀ, ਬੜਾ ਪਾਪੀ ਸੀ, ਮਾੜੇ ਗਰੀਬਾਂ 'ਤੇ ਬਹੁਤ ਜ਼ੁਲਮ ਕਰਦਾ ਸੀ।"

"ਫੇਰ?"

"ਮੈਡਮ ਆਂਹਦੀ ਸੀ, ਕੁੱਤੇ ਦੀ ਮੌਤੇ ਮਰਿਆ ਫਿਰ। ਜਦੋਂ ਮਰਿਆ-ਨਾ ਦਿਨ ਸੀ ਨਾ ਰਾਤ, ਨਾ ਅੰਦਰ ਨਾ ਬਾਹਰ, ਨਾ ਧਰਤੀ 'ਤੇ, ਨਾ ਅਕਾਸ਼ 'ਤੇ।"

"ਪੁੱਤ ਰੱਬ ਦੇ ਘਰ ਦੇਰ ਤਾਂ ਹੋ ਜਾਂਦੀ ਐ ਨ੍ਹੇਰ ਨ੍ਹੀਂ ਪੈਂਦਾ।"

"ਮਾਂ, ਚੱਲ ਆਏਂ ਦੱਸ, ਤੂੰ ਕਦੇ ਹਰਨਾਕਸ਼ ਦੇਖਿਆ? ਮੈਡਮ ਆਂਹਦੀ ਹੁਣ ਮੁੱਕ ਗਏ ਨੇ...ਮਾਂ ਸੱਚੀਂ?"

...ਤੇ ਮਾਂ ਤੀਰਥੋ ਹੰਝੂਆਂ ਦੀ ਪੰਡ ਅੱਖਾਂ 'ਚ ਘੁੱਟ ਕੇ, ਉਬਾਲੇ ਮਾਰਦਾ ਜਵਾਲਾਮੁਖੀ ਅੰਦਰੇ ਦੱਬ ਕੇ ਦੱਬਵੇਂ ਪੈਰੀਂ ਪੋਤੀ ਨੂੰ ਬਿਨਾਂ ਜਵਾਬ ਦਿੱਤਿਆਂ ਚੁਬਾਰੇ ਚੜ੍ਹ ਕੇ, ਕੁੰਡੀ ਮਾਰ ਪੱਟਾਂ 'ਤੇ ਹੱਥ ਮਾਰ ਅਨਾਰ ਵਾਂਗ ਫਟ ਗਈ, "ਕੀ ਦੱਸਾਂ ਇਸ ਮਾਸੂਮ ਜਿੰਦੜੀ ਨੂੰ ਹਰਨਾਕਸ਼ ਐਸ ਕਮਰੇ 'ਚ ਆਉਂਦਾ ਸੀ, ਕਮਲੀਏ ਧੀਏ ਹਰਨਾਕਸ਼ ਕਦੇ ਵੀ ਨਹੀਂ ਮੁੱਕੇ, ਸਿਰਫ਼ ਝੱਗਾ ਪਜਾਮਾ ਹੀ ਬਦਲਦੇ ਆਏ ਨੇ।"

ਚੀਸਾਂ, ਹਾਉਕਿਆਂ ਤੇ ਦੁੱਖਾਂ 'ਚ ਲੱਥ-ਪੱਥ ਹੋਈ ਤੀਰਥੋ ਦੀ ਅੰਬਰ ਦੀ ਹਿੱਕ ਪਾੜ ਦੇਣ ਵਾਲੀ ਕਹਾਣੀ ਨੂੰ ਬੀਤਿਆਂ ਸੱਚੀਂ ਦਹਾਕਾ ਵੀ ਪੂਰਾ ਨਹੀਂ ਹੋਇਆ। ਸਿਰੋਂ ਨੰਗੀਆਂ ਹੋਈਆਂ ਨੂੰਹ ਪਾਲੋ ਅਤੇ ਸੱਸ, ਜ਼ਮੀਨ ਜਾਇਦਾਦ ਦੀਆਂ ਵਾਰਿਸ ਤਾਂ ਹੈਗੀਆਂ ਨੇ ਪਰ ਮਾਲਕ ਨਹੀਂ। ਦੋ ਮਾਸੂਮ ਬੱਚਿਆਂ ਨੂੰ ਲੈ ਕੇ ਉਹ ਉਸੇ ਘਰ ਵਿਚ ਰਹਿੰਦੀਆਂ ਨੇ ਜਿਥੇ ਹਰਨਾਕਸ਼ ਦਾ ਬੜੀ ਦੇਰ ਪਹਿਰਾ ਰਿਹੈ।

ਤੀਰਥੋ ਨੂੰ ਤੁਸੀਂ ਵੀ ਜਾਣਦੇ ਹੋ ਪਰ ਮੈਂ ਉਹਨੂੰ ਥੋੜ੍ਹਾ ਨੇੜੇ ਤੋਂ ਜਾਣਦਾ ਹਾਂ। ਤੁਸੀਂ ਸ਼ਾਇਦ ਉਸ ਨੂੰ ਵੇਖਿਆ ਨਹੀਂ ਹੋਵੇਗਾ ਪਰ ਮੈਂ ਉਹਦੇ ਬੜੀ ਵਾਰ ਦਰਸ਼ਨ ਕੀਤੇ ਹਨ। ਧਰਮ ਰਾਜ ਸ਼ਾਇਦ ਚੁੱਪ ਬੈਠਾ ਇਸ ਅਭਾਗਣ ਤੋਂ ਸ਼ਰਮਿੰਦਾ ਹੋ ਰਿਹਾ ਹੋਵੇ ਕਿ ਤੀਰਥੋ ਨਾਲ ਇਹ ਸਭ ਕੁਝ ਸ਼ਾਇਦ ਉਦੋਂ ਹੋ ਗਿਆ ਹੋਵੇ ਜਦੋਂ ਉਹਦੀ ਕਿਤੇ ਅੱਖ ਲੱਗ ਗਈ ਹੋਊ!

ਅਸਲ ਵਿਚ ਦਰਸ਼ਨ ਸਿੰਘ ਬਿਮਾਰ ਰਹਿਣ ਕਰਕੇ ਆਪਣੇ ਹਿੱਸੇ ਦੀ ਜ਼ਮੀਨ ਵੱਡੇ ਭਰਾਵਾਂ ਨੂੰ ਹਾਲੇ 'ਤੇ ਵਾਹੁਣ ਲਈ ਦੇ ਬੈਠਾ। ਨਾਮੁਰਾਦ ਬਿਮਾਰੀ ਨੇ ਐਸਾ ਪਿੱਛਾ ਕੀਤਾ ਕਿ ਪੂਰੇ ਟੱਬਰ ਦੀ ਮੱਤ ਹੀ ਮਾਰ ਹੋ ਗਈ। ਪੁੱਤ ਬਲਦੇਵ ਸਿੰਹੁ ਪੜ੍ਹਨੋ ਹਟਾਉਣਾ ਪੈ ਗਿਆ। ਕਿੱਲਾ ਭਰਾਵਾਂ ਕੋਲ ਗਹਿਣੇ ਧਰ ਦਿੱਤਾ ਪਰ ਮੌਤ ਨੇ ਵਿਚੋਲਗਿਰੀ ਕਰਨ ਤੋਂ ਸਿਰ ਨਹੀਂ ਫੇਰਿਆ। ਤੇ ਆਖ਼ਿਰ ਜੁਆਨੀ 'ਚ ਵੜਦੇ ਬਲਦੇਵ ਨੂੰ 'ਕੱਲਾ ਛੱਡ ਕੇ ਸੁਆਸਾਂ ਦੀ ਬੇੜੀ ਨੇ ਪੱਤਣ ਆਉਣ ਹੀ ਨਹੀਂ ਦਿੱਤਾ!

ਦਰਸ਼ਨ ਸਿੰਹੁ ਕੇਸਾਧਾਰੀ ਨਹੀਂ ਸੀ ਪਰ ਗੁਰੂਘਰ ਅਕਸਰ ਜਾਂਦਾ ਤੇ ਬਿਮਾਰੀ ਦੇ ਅਰਸੇ ਵਿਚ ਹੱਥ ਘੱਟ ਜੋੜਦਾ, ਪਾਠ ਵੱਧ ਕਰਦਾ। ਫਿਰ ਬਲਦੇਵ ਸਿੰਹੁ ਘਰ ਦੀਆਂ ਤੰਗੀਆਂ ਤੁਰਸ਼ੀਆਂ ਦਾ ਲੱਕ ਤੋੜਨ ਦੀ ਹਿੰਮਤ ਨਾਲ ਮਿਹਨਤੀ ਬਣ ਗਿਆ ਤੇ ਪੂਰੀ ਤਰ੍ਹਾਂ ਗੁਰੂ ਦੇ ਲੜ ਜਾ ਲੱਗਾ। ਖੇਤੀਬਾੜੀ ਵਿਚ ਦੋਵੇਂ ਤਾਇਆਂ ਨਾਲ ਪੂਰਾ ਹੱਥ ਵੰਡਾਉਂਦਾ ਪਰ ਤਾਏ ਬੇਈਮਾਨੀ ਦੀ ਬੁੱਕਲ ਵਿਚ ਸਾਰੇ ਦੇ ਸਾਰੇ ਵੜ ਗਏ।

ਹੌਲੀ-ਹੌਲੀ ਉਹ ਆਪਣੇ ਹਿੱਸੇ ਦੀ ਜ਼ਮੀਨ ਮੰਗਣ ਲੱਗਾ। "ਆਪਣਾ ਕੀ ਵੰਡਿਆ ਐ?" ਨਾਲ ਗੱਲ ਅਗਾਂਹ ਪਿਛਾਂਹ ਕਰ ਦਿੱਤੀ ਜਾਂਦੀ। ਪਰ ਜਿਸ ਦਿਨ ਬਲਦੇਵ ਨੂੰ ਪਤਾ ਲੱਗਾ ਕਿ ਬਿਮਾਰੀ ਦਾ ਲਾਭ ਲੈ ਕੇ ਬਾਪੂ ਤੋਂ ਭੁਲੇਖੇ ਨਾਲ ਇਕ ਦੀ ਥਾਂ ਪੂਰੇ ਪੰਜ ਹੀ ਗਹਿਣੇ ਲਿਖਾ ਲਏ ਗਏ ਸਨ ਤਾਂ ਗੱਲ ਵੱਸੋਂ ਨਿਕਲ ਗਈ।

ਤਾਇਆਂ ਦੀ ਭਤੀਜੇ ਨਾਲ ਦੁਸ਼ਮਣੀ ਜੰਗਲ ਦੀ ਅੱਗ ਵਾਂਗ ਉਚੀਆਂ ਲਾਟਾਂ ਵਰਗੀ ਬਣ ਗਈ। ਪੁਲਿਸ ਅਤੇ ਕੋਰਟ ਕਚਹਿਰੀਆਂ ਜ਼ੋਰਾਵਰਾਂ ਦੀਆਂ ਬਣ ਗਈਆਂ। ਬਲਦੇਵ ਸਿੰਹੁ ਦੇ ਅੰਦਰ ਸਿੰਘਾਂ ਵਾਲੀ ਅਣਖ ਉਬਾਲੇ ਮਾਰਨ ਲੱਗੀ ਪਰ ਸਭ ਕੁਝ ਕਰਨ ਤੋਂ ਅਸਮਰੱਥ। ਵਿਧਵਾ ਮਾਂ ਤੇ ਪਤਨੀ ਦਾ ਚਿਹਰਾ ਸਾਹਮਣੇ ਆਉਂਦਿਆਂ ਬਦਲਾ ਲੈਣ ਦੀ ਫੂਕ ਨਿਕਲ ਜਾਂਦੀ। ਫਿਰ ਵੀ ਵਾਹਿਗੁਰੂ 'ਤੇ ਆਸ ਰੱਖ, ਉਹ ਉਸ ਬਾਣੇ ਵਾਲੇ ਕਾਫ਼ਲੇ ਅੱਗੇ ਫਰਿਆਦ ਲੈ ਕੇ ਚਲਾ ਗਿਆ ਜਿਹੜਾ ਉਹਨੂੰ ਲਗਦਾ ਸੀ ਨਾਜਾਇਜ਼ 'ਤੇ ਧੱਕਾ ਇਹ ਕਿਸੇ ਨਾਲ ਹੋਣ ਹੀ ਨਹੀਂ ਦਿੰਦੇ।

ਅਸਲ੍ਹੇ ਨਾਲ ਭਰੀਆਂ ਜੀਪਾਂ ਜਦੋਂ ਅਗਲੇ ਦਿਨ ਬਲਦੇਵ ਸਿੰਹੁ ਦੇ ਘਰ ਪੁੱਜੀਆਂ ਤਾਂ ਤਾਏ ਤਾਂ ਡਰਦੇ ਮਾਰੇ ਸੁੰਗੜ ਕੇ ਰਾਹ ਪੱਧਰਾ ਕਰ ਗਏ ਪਰ ਉਹਨੂੰ ਕੀ ਪਤਾ ਸੀ ਕਿ ਜ਼ਮੀਨ ਜ਼ੋਰਾਵਰਾਂ ਦੇ ਹੱਥਾਂ 'ਚੋਂ ਨਿਕਲ ਕੇ ਬਦਮਾਸ਼ਾਂ ਦੇ ਟੋਲੇ ਕੋਲ ਚਲੀ ਗਈ ਹੈ?

ਘਰ ਦੇ ਆਂਗਣ ਵਿਚ ਜਦੋਂ ਬਦਮਾਸ਼ਾਂ ਦੇ ਕਾਫ਼ਲੇ ਦੇ ਸਰਦਾਰ ਨੇ ਫਤਿਹ ਬੁਲਾਉਂਦੀ ਪਾਲੋ ਦਾ ਚਿਹਰਾ ਵੇਖਿਆ ਤਾਂ ਸ਼ੈਤਾਨ ਦੀ ਅੱਖ ਅੰਦਰੋਂ ਖੁੱਲ੍ਹ ਗਈ, "ਬਲਦੇਵ ਸਿਹਾਂ, ਹੁਣ ਮੌਜਾਂ ਕਰ। ਅੱਜ ਤੋਂ ਤੇਰੀ 'ਵਾ ਵੱਲ ਵੀ ਕੋਈ ਅੱਖ ਚੁਕ ਕੇ ਨਹੀਂ ਦੇਖੇਗਾ।"

ਫਿਰ ਆਏ ਤੀਜੇ ਦਿਨ ਲੁੱਚਾ ਉਹਦੇ ਘਰੇ ਗੇੜੀ ਮਾਰਨ ਲੱਗ ਪਿਆ ਸ਼ਰੀਫ਼ ਦੀ ਇੱਜ਼ਤ ਵੱਲ ਖਰੂਦ ਕਰਦੀਆਂ ਅੱਖਾਂ ਚਾਂਭਲ ਗਈਆਂ। ਹੁਸਨ ਨੂੰ ਕਲਾਵੇ 'ਚ ਘੁੱਟਣ ਦੀਆਂ ਵਿਉਂਤਾਂ ਘੜੀਆਂ ਜਾਣ ਲੱਗ ਪਈਆਂ। ਬਲਦੇਵ ਸਿੰਘ ਜ਼ੋਰ-ਜਬਰੀ ਡੇਰੇ ਲੈ ਆਂਦਾ ਗਿਆ। ਉਹਦੇ ਦੁਆਲੇ ਰਫ਼ਲਾਂ ਤਣੀਆਂ ਰਹਿਣ ਲੱਗ ਪਈਆਂ। ਇਉਂ ਲੱਗਦਾ ਸੀ ਜਿਵੇਂ ਉਹਦਾ ਸਾਹ ਵੀ ਬਾਹਰ ਨਿਕਲਣ ਤੋਂ ਕਰਫ਼ੂ ਆਰਡਰ ਵਾਂਗ ਰੋਕ ਦਿੱਤਾ ਗਿਆ। ਜ਼ਮੀਨ 'ਤੇ ਬਦਮਾਸ਼ਾਂ ਦੇ ਟੋਲੇ ਦੀ ਸਰਦਾਰੀ ਹੋ ਗਈ।

ਇਕ ਵਾਰ ਅੱਧੀ ਰਾਤ ਜਦੋਂ ਬਲਦੇਵ ਸਿੰਘ ਦੀ ਗੈਰ-ਹਾਜ਼ਰੀ ਵਿਚ ਧਾੜਵੀਆਂ ਦੀ ਵਾਛੜ ਹੋਈ ਤਾਂ ਸੁੰਗੜ ਕੇ 'ਕੱਠੀ ਹੋਈ ਤੀਰਥੋ ਨੇ ਦਰਵਾਜ਼ੇ ਦੀਆਂ ਝੀਤਾਂ ਥਾਣੀਂ ਵੇਖ ਲਿਆ ਕਿ ਬਾਹਰ ਕੌਣ ਹੈ ਪਰ ਬੇਵੱਸ ਕਰ ਕੁਝ ਨਾ ਸਕੀ। ਹੱਟਾ-ਕੱਟਾ ਜਦੋਂ ਅੰਦਰ ਵੜਿਆ ਤਾਂ ਨੂੰਹ ਸੱਸ ਦਾ ਸਾਹ ਸੂਤਿਆ ਗਿਆ। ਧਰਤੀ ਜਿਵੇਂ ਹਚਕੋਲੇ ਖਾਣ ਲੱਗ ਪਈ ਹੋਵੇ!

"ਬਾਬਾ ਜੀ ਦੁੱਧ ਲਿਆਵਾਂ?" ਪਾਲੋ ਦੀ ਕੰਬਦੀ ਜ਼ੁਬਾਨ ਜਿਵੇਂ ਮਸਾਂ ਬਾਹਰ ਆਈ ਹੋਵੇ।

"ਦੁੱਧ? ਤੈਨੂੰ ਐਸ ਵੇਲੇ ਆਉਣ ਦਾ ਮਤਲਬ ਨ੍ਹੀਂ ਪਤਾ?" ਲਾਣ੍ਹ ਦੀ ਸੜਿਆਂਦ ਮਾਰਦਾ ਗੁਰੂ ਦਾ ਪਿਆਰਾ ਨਕਲੀ ਬਾਣੇ 'ਚ ਗਰਜਿਆ, "ਚਾਰ ਮਹੀਨੇ ਹੋ ਗਏ, ਹੁਣ ਹੋਰ ਘੜੀ ਨ੍ਹੀਂ ਲੰਘਦੀ।" ਤੇ ਨਾਲੇ ਧੂਹ ਕੇ ਅਬਲਾ ਨੂੰ ਚੁਬਾਰੇ 'ਚ ਲੈ ਵੜਿਆ।

ਪੈਰਾਂ 'ਚ ਧਰੀ ਤੀਰਥੋ ਦੀ ਚੁੰਨੀ ਠੁੱਡ ਨਾਲ ਉਡਾਉਂਦਿਆਂ ਫਿਰ ਗੜ੍ਹਕਿਆ, "ਬੁੜ੍ਹੀਏ, ਅੰਦਰ ਵੜ ਜਾ। ਪੁੜਪੁੜੀ 'ਚ ਇਕੋ ਲੰਘਾਈ ਬਹੁਤ ਐ।"

ਤੇ ਰਫ਼ਲ ਦੇ ਬੱਟ ਦੀ ਚੀਕ ਅੰਦਰ ਘੁੱਟ ਕੇ ਤੀਰਥੋ ਕੌਲੇ ਨਾਲ ਲੱਗ ਕੇ ਹਟਕੋਰੇ ਲੈਣ ਲੱਗ ਪਈ। ਤੇ ਰਾਕਸ਼ ਸੋਨੇ ਦੀ ਲੰਕਾ ਢਾਹ ਕੇ ਹੇਠਾਂ ਉਤਰਦਿਆਂ ਕਹਿਣ ਲੱਗਾ, "ਕਿਸੇ ਨੂੰ ਦੱਸਿਆ ਜਾਂ ਰਾਹ 'ਚ ਆਈ ਤਾਂ ਰੋੜੇ ਸਾਨੂੰ ਚੁਗਣੇ ਬੜੇ ਸੁਖ਼ਾਲੇ ਆਉਂਦੇ ਆ। ਨਾਲੇ ਪਾਲੋ ਨੂੰ ਆਖੀਂ, ਭੁੱਲ ਜਾਏ ਬੜਾ ਬਲਦੇਵ। ਹੁਣ ਅਸੀਂ ਲਾਹਵਾਂਗੇ ਉਹਦੀਆਂ ਰੀਝਾਂ।"

ਤੇ ਫਿਰ ਅਹਿਮਦਸ਼ਾਹ ਅਬਦਾਲੀ ਕੰਧਾਰ ਟੱਪ ਗਿਆ ਸੀ।

ਉਧਰ, ਡੇਰੇ 'ਚ ਨਿੱਤ ਦਿਨ ਬੇਵੱਸ ਅਬਲਾਵਾਂ ਦੀਆਂ ਚੀਕਾਂ ਦਾ ਉਡਦਾ ਗਹਿਰਾ ਧੂੰਆਂ, ਕਰੂੰਬਲਾਂ ਵਰਗੇ ਕੋਮਲ ਨਿਯਮਾਂ ਨਾਲ ਖੇਡੀ ਜਾਂਦੀ ਲੁੱਚੀ ਖੇਡ ਤੋਂ ਸਹਿਮਿਆ ਬਲਦੇਵ ਸਿੰਹੁ ਅੰਦਰੋਂ ਵਿਲਕਣ ਲੱਗ ਪਿਆ ਸੀ ਕਿ ਘਰ ਮੇਰੇ ਵੀ ਸੁੱਖ ਸਾਂਦ ਨਹੀਂ ਹੋਵੇਗੀ। ਇਹ ਪਹਿਰਾ ਉਹਦੀ ਇੱਜ਼ਤ ਨਾਲ ਅਠਖੇਲੀਆਂ ਕਰਨ ਕਰਕੇ ਹੀ ਹੋ ਸਕਦੈ।

ਇਕ ਦਿਨ ਜਦੋਂ ਰਾਕਸ਼ ਵਰਦੀ ਵਾਲਿਆਂ ਨਾਲ ਪੀਂਦਾ ਟੁੰਨ ਹੋ ਗਿਆ ਤਾਂ ਬਲਦੇਵ ਨੂੰ ਲੱਗਾ ਕਿ ਐਸ ਵੇਲੇ ਭੱਜਿਆ ਜਾ ਸਕਦੈ। ਹਾਲੇ ਖਾਲ੍ਹ ਹੀ ਟੱਪੀ ਸੀ ਕਿ ਦਰਿਆ ਲੰਘਣ ਤੋਂ ਪਹਿਲਾਂ ਹੀ

(ਬਾਕੀ ਸਫਾ 36 'ਤੇ)

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਦੁਨੀਆਂ ਦਾ ਰੰਗ

ਸੱਚ ਨੱਚਦਾ ਸੂਲੀ 'ਤੇ
ਲਾਹ ਕੇ ਸੰਗ ਵੇਖਿਆ।
ਸੁਣੋਂ ਦੁਨੀਆਂ ਦਾ
ਕਿਹੜਾ ਕਿਹੜਾ ਰੰਗ ਵੇਖਿਆ।

ਗੋਤੇ ਇਸ਼ਕ ਵਿਚ ਖਾਂਦੀ ਵੇਖੀ
ਸਾਧਾਂ ਦੀ ਫਕੀਰੀ,
ਚੁੱਕੀ ਫਿਰੇ ਅਸਮਾਨ ਕਿੱਦਾਂ
ਸਿਰ 'ਤੇ ਟਟੀਹਰੀ।
ਵੱਟਾ ਯਾਰੀਆਂ ਨੂੰ ਲਾਇਆ
ਪੱਗਾਂ ਯਾਰਾਂ ਨੇ ਵਟਾ ਕੇ,
ਬੇੜੀ ਅੱਧ ਵਿਚ ਡੋਬੀ
ਸਹੁੰ ਉਮਰਾਂ ਦੀ ਖਾ ਕੇ,
ਖ਼ਤ ਪੁੱਜਦਾ ਠਿਕਾਣੇ 'ਤੇ
ਬੇਰੰਗ ਵੇਖਿਆ...।

ਕਈ ਧੀਆਂ ਤਾਂ ਧਿਆਣੀਆਂ ਸੀ
ਪੈ ਗਈਆਂ ਕੁਰਾਹੇ,
ਲਾਂਬੂ ਇੱਜ਼ਤਾਂ ਨੂੰ ਲਾਇਆ
ਪੱਗਾਂ ਰੋਲੀਆਂ ਚੁਰਾਹੇ।
ਬੜੇ ਠੇਡੇ ਖਾਂਦੇ ਵੇਖੇ
ਅਸੀਂ ਸਿਰਾਂ ਵਾਲੇ ਤਾਜ,
ਬੰਦੇ ਸੀਗੇ ਸੀ ਸਿਆਣੇ
ਲੈ ਗਏ ਕੈਸ਼ ਵਿਚ ਦਾਜ,
ਅਸੀਂ ਸੱਪ ਹੱਥੋਂ ਸੱਪ
ਹੁੰਦਾ ਡੰਗ ਵੇਖਿਆ...।

ਕਈ ਵਿਆਹੀਆਂ ਨੇ ਵੀ ਕੰਤਾਂ ਨਾਲ
ਕੀਤੀਆਂ ਗੱਦਾਰੀਆਂ,
ਕਈ ਸਿਰਾਂ ਦਿਆਂ ਸਾਈਆਂ
ਕੂੰਜਾਂ ਰੋਲ ਰੋਲ ਮਾਰੀਆਂ।
ਕਈਆਂ ਬਾਪ ਬਣ ਪੁੱਤਾਂ ਦਾ
ਖ਼ਿਆਲ ਕਦੇ ਕੀਤਾ ਨ੍ਹੀਂ,
ਕਈ ਮਾਂਵਾਂ ਨੇ ਵੀ ਸਿਰਾਂ ਉਤੋਂ
ਪਾਣੀ ਵਾਰ ਪੀਤਾ ਨ੍ਹੀਂ,
ਘਰਾਂ ਖੁੱਲ੍ਹਿਆਂ ਦਾ ਵਿਹੜਾ
ਅਸੀਂ ਤੰਗ ਵੇਖਿਆ...।

ਏਥੇ ਮੁਲਕ ਦਿਆਂ ਹਾਕਮਾਂ ਨੇ
ਮੁਲਕ ਬੜਾ ਖਾਧਾ ਏ,
ਅਸੀਂ ਹੱਥੋ-ਪਾਈ ਹੁੰਦੇ ਦੇਖੇ
ਪੱਤਰੀ ਤੇ ਪਾਧਾ ਏ।
ਏਥੇ ਕੌਡੀਆਂ ਦੇ ਭਾਅ ਨੇ
ਜ਼ਮੀਰਾਂ ਵਿਕ ਜਾਂਦੀਆਂ,
ਉਤੋਂ ਲਗਦੇ ਸ਼ਰੀਫ਼ ਵਿਚੋਂ
ਨੀਤਾਂ ਫਿੱਟ ਜਾਂਦੀਆਂ,
ਜਿਹੜਾ ਰਾਤੀਂ ਸੀ ਅਮੀਰ
ਸੁਬ੍ਹਾ ਨੰਗ ਵੇਖਿਆ...।

ਲੋਕੀਂ ਬੁਰਾ ਭਲਾ ਤੈਨੂੰ ਵੀ ਤਾਂ
ਆਖਦੇ ਅਸ਼ੋਕ,
ਕਿਤੇ ਬੈਠ ਕੇ ਵਿਚਾਰੀਂ
ਕੀਹਨੂੰ ਛੱਡਦੇ ਨੇ ਲੋਕ।
ਸੁਣੀਂ ਉਚਿਆਂ ਚੁਬਾਰਿਆਂ ਤੋਂ
ਉਚਿਆਂ ਦੀ ਗੱਲ,
'ਭੌਰੇ' ਵੱਡੇ ਹੀ ਨੇ ਵੇਖੇ
ਲਾਹੁੰਦੇ ਛੋਟਿਆਂ ਦੀ ਖੱਲ,
ਪਰ ਸੋਨੇ ਨੂੰ ਨ੍ਹੀਂ ਲਗਦਾ ਏ
ਜੰਗ ਵੇਖਿਆ...।

ਸੱਚ ਨੱਚਦਾ ਸੂਲੀ 'ਤੇ
ਲਾਹ ਕੇ ਸੰਗ ਵੇਖਿਆ।
ਸੁਣੋਂ ਦੁਨੀਆਂ ਦਾ
ਕਿਹੜਾ ਕਿਹੜਾ ਰੰਗ ਵੇਖਿਆ।

## 'ਭਾਅ ਜੀ' ਬਰਜਿੰਦਰ ਸਿੰਘ ਹਮਦਰਦ ਦੀ ਬੁੱਕਲ ਦਾ ਨਿੱਘ

### ਧੁੱਪੇ ਬੈਠੀਆਂ ਯਾਦਾਂ

ਸਮੇਂ ਦੀ ਘਸੁੰਨ ਮੁੱਕੀ ਵਿਚ ਸ਼ਕਲ ਨੇ ਬਦਲ ਹੀ ਜਾਣਾ ਹੁੰਦਾ ਹੈ ਤੇ ਚਿਹਰੇ ਤੋਂ ਜਦੋਂ ਕੁਦਰਤ ਦਾ ਸ਼ਿੰਗਾਰ ਉਤਰਦਾ ਹੈ ਤਾਂ ਮੱਲੋ-ਜ਼ੋਰੀ ਕਹਿਣਾ ਹੀ ਪੈਂਦੇ ਕਿ ਜ਼ਮਾਨਾ ਬਦਲ ਗਿਆ ਹੈ। ਸਬੰਧਾਂ ਵਿਚ ਤਬਦੀਲੀ ਤਾਂ ਆ ਸਕਦੀ ਹੈ ਪਰ ਸਤਿਕਾਰ 'ਚ ਪਰਿਵਰਤਨ ਸਿਆਣੇ ਬੰਦਿਆਂ ਨੇ ਕਦੇ ਵੀ ਨਹੀਂ ਲਿਆਂਦਾ। ਪੰਜਾਬੀ ਪੱਤਰਕਾਰੀ ਵਿਚ 'ਅਜੀਤ' ਦਾ ਯੋਗਦਾਨ ਅਤੇ ਡਾ. ਸਾਧੂ ਸਿੰਘ ਹਮਦਰਦ ਤੋਂ ਬਾਅਦ ਡਾ. ਬਰਜਿੰਦਰ ਸਿੰਘ ਹਮਦਰਦ ਵਲੋਂ 'ਅਜੀਤ' ਨੂੰ ਐਵਰੈਸਟ ਵਾਂਗ ਸਿਖ਼ਰ ਤੱਕ ਲਿਜਾਣਾ 'ਭਾਅ ਜੀ' ਕਰਕੇ ਜਾਣੇ ਜਾਂਦੇ ਸ. ਬਰਜਿੰਦਰ ਸਿੰਘ ਦੀ ਦੇਣ ਅੱਗੇ ਸਿਰ ਨੀਵਾਂ ਹੀ ਕਰਨਾ ਪੈਂਦਾ ਹੈ। ਮੇਰੇ ਸਮੇਤ ਸੈਂਕੜੇ ਲੇਖਕਾਂ ਪੱਤਰਕਾਰਾਂ ਨੂੰ ਉਸੇ ਨੇ ਕਲਮ ਫੜਨ ਦਾ ਹੁਨਰ ਸਿਖਾਇਆ ਸੀ ਤੇ ਕਾਮਯਾਬੀ ਦੀ ਸਰਦਲ ਤੋਂ ਉਰ੍ਹਾਂ ਨਹੀਂ ਰਹਿਣ ਦਿੱਤਾ। ਮੈਂ ਹਮੇਸ਼ਾ ਕਹਿੰਦਾ ਹਾਂ ਕਿ ਡਾ. ਬਰਜਿੰਦਰ ਸਿੰਘ ਹਮਦਰਦ ਮੈਨੂੰ ਆਪਣਾ ਪੁੱਤਰ ਮੰਨਣ ਜਾਂ ਨਾ ਪਰ ਮੈਂ ਉਸ ਨੂੰ ਬਾਪ ਜਿੰਨਾ ਸਤਿਕਾਰ ਹੀ ਦਿੰਦਾ ਹਾਂ। ਭਾਅ ਜੀ ਦੀਆਂ ਹਜ਼ਾਰਾਂ ਮੁਲਾਕਾਤਾਂ ਨੇ ਲਿਖਣਾ ਤੇ ਬੋਲਣਾ ਹੀ ਨਹੀਂ ਸਿਖਾਇਆ, ਸਗੋਂ ਸ਼ਬਦਾਂ ਨਾਲ ਅਠਖੇਲੀਆਂ ਕਿਵੇਂ ਕਰੀਦੀਆਂ ਹਨ, ਇਹ ਵੀ ਦੱਸਿਆ ਹੈ। ਫੁੱਲਾਂ ਤੋਂ ਤ੍ਰੇਲ ਵਾਲੇ ਮੋਤੀ ਵੀ ਤਲੀ 'ਤੇ ਟਿਕਾਉਣੇ ਭਾਅ ਜੀ ਤੋਂ ਸਿੱਖੇ ਜਾ ਸਕਦੇ ਹਨ।

ਮੈਂ ਕਿਤੇ ਵੀ ਰਹਾਂ, 'ਅਜੀਤ' ਦਾ ਦਫ਼ਤਰ ਮੇਰੇ ਪੇਕਿਆਂ ਦਾ ਘਰ ਹੈ। ਸ਼ਬਦਾਂ ਦਾ ਹੁਨਰ ਮੈਂ ਇਥੋਂ ਹੀ ਸਿੱਖਿਆ ਹੈ। ਗੁਰਭਜਨ ਗਿੱਲ, ਹੁਸਨ ਲੜੋਏ ਤੇ ਮੇਰੇ ਸਮੇਤ ਆਮ ਤੋਂ ਖਾਸ ਬਣਾਉਣ ਲਈ ਅਸੀਂ ਭਾਅ ਜੀ ਦੇ ਪੈਰਾਂ ਤੇ ਗੋਡਿਆਂ ਵੱਲ ਹੀ ਝੁਕੇ ਰਹੇ ਹਾਂ। ਜਲੰਧਰ ਦੂਰਦਰਸ਼ਨ ਤੋਂ ਇਕ ਰਾਤ ਪ੍ਰਸਾਰਿਤ 'ਮੇਰੀ ਜੀਵਨੀ ਤੇ ਲਿਖਣ ਸ਼ੈਲੀ' ਬਾਰੇ ਪ੍ਰੋਗਰਾਮ ਵਿਚ ਭਾਅ ਜੀ ਬਰਜਿੰਦਰ ਸਿੰਘ ਨੇ ਅੱਧੇ ਘੰਟੇ ਦੇ ਸਮੇਂ ਵਿਚ ਪੂਰੇ ਸੱਤ ਮਿੰਟ ਮੇਰੇ ਬਾਰੇ ਬੋਲਿਆ ਸੀ। ਇਹ ਫੋਟੋ 28 ਵਰ੍ਹੇ ਪੁਰਾਣੀ ਹੈ; ਉਦੋਂ ਹੁਸਨ ਲੜੋਆ ਨਵਾਂ ਨਵਾਂ ਮੈਥੋਂ ਬਾਅਦ ਬੰਗਾ ਤੋਂ ਪਹਿਲਾਂ 'ਅਜੀਤ' ਦਾ ਰਿਪੋਰਟਰ ਤੇ ਫਿਰ ਆਫਿਸ ਇੰਚਾਰਜ ਬਣਿਆ ਸੀ। ਇਹ ਲੜੋਏ ਦੇ ਦਫ਼ਤਰ ਦੀ ਸਰਗਰਮੀ ਹੈ, ਜਦੋਂ ਭਾਅ ਜੀ ਸ੍ਰੀ ਅਨੰਦਪੁਰ ਸਾਹਿਬ ਜਾਂਦਿਆਂ ਬੰਗਾ ਰੁਕ ਗਏ, ਉਦੋਂ ਮੈਂ ਕੋਟ ਫਤੂਹੀ ਦੇ ਸਰਕਾਰੀ ਸਕੂਲ ਜਾਂਦਿਆਂ 'ਭਾਅ ਜੀ' ਦੇ ਘਰ 'ਚ ਦੀਦਾਰ ਲਈ ਪੂਰਾ ਦਿਨ ਸਕੂਲ ਹੀ ਛੱਡ ਦਿੱਤਾ ਸੀ। ਕਈ ਮੇਰੀ ਫੋਟੋ ਨੂੰ ਤਾਂ ਐਨਕਾਂ ਲਾਹ ਕੇ ਵੀ ਦੇਖਣਗੇ ਕਿ 'ਹੈਂ ਏਦਾਂ ਦਾ ਵੀ ਹੁੰਦਾ ਸੀ?' ਪਰ ਕਮਾਲ ਇਹ ਹੈ ਕਿ ਹੁਸਨ ਜਿੱਦਾਂ ਦਾ ਬੰਗਿਆਂ ਤੋਂ ਵਿਛੜਿਆ ਸੀ, ਉਵੇਂ ਦਾ ਉਵੇਂ ਅਮਰੀਕਾ ਵਿਚ ਫਿਰ 'ਤੇਜ਼ ਤਰਾਰ' ਹੀ ਟੱਕਰਿਆ! ਇਸ ਬੰਦੇ ਨੂੰ ਉਮਰ ਵੀ ਕਹੀ ਜਾਂਦੀ ਐ, "ਮੈਂ ਕੁਛ ਨ੍ਹੀਂ ਕਹਿੰਦੀ।"



'ਭਾਅ ਜੀ' ਬਰਜਿੰਦਰ ਸਿੰਘ ਹਮਦਰਦ ਦੀ ਗੱਲ ਹੁੱਬ ਕੇ ਕਰਨ ਲੱਗਿਆਂ ਮੈਂ ਮਾਣ ਹੀ ਮਹਿਸੂਸ ਕਰਦੈਂ!

*-ਐਸ. ਅਸ਼ੋਕ ਭੌਰਾ*

# ਜੇ ਹਉ ਜਾਣਾ ਆਖਾ ਨਾਹੀ

ਮਨੁੱਖੀ ਮਨ ਸਮੁੰਦਰੋਂ ਡੂੰਘਾ ਹੈ ਤੇ ਇਸ ਦੀਆਂ ਅਥਾਹ ਪਰਤਾਂ ਹਨ। ਫ਼ਰਾਇਡ ਤੇ ਜੰਗ ਨੇ ਅਜਿਹੀਆਂ ਅਵਸਥਾਵਾਂ ਬਾਰੇ ਬਹੁਤ ਖੋਜ ਕੀਤੀ ਹੈ ਪਰ ਉਨ੍ਹਾਂ ਦਾ ਵੀ ਇਨ੍ਹਾਂ ਸਬੰਧੀ ਅਪਣਾ ਸਿੱਧਾ ਤਜ਼ਰਬਾ ਬਹੁਤ ਘੱਟ ਹੈ। ਸੰਸਾਰ ਵਿਚ ਮਨ ਹੀ ਇਕ ਅਜਿਹੀ ਧਾਰਾ ਹੈ ਜੋ ਸਮੇਂ ਦੇ ਵਿਪਰੀਤ ਵੀ ਚਲ ਸਕਦੀ ਹੈ। ਮਨੁਖੀ ਮਨ ਤੇ ਯਾਦ-ਸ਼ਕਤੀ ਆਪਸ ਵਿਚ ਨਹੁੰ ਤੇ ਮਾਸ ਵਾਂਗ ਜੁੜੇ ਹੁੰਦੇ ਹਨ ਤੇ ਇਕ ਦੂਜੇ ਨੂੰ ਪ੍ਰਭਾਵਤ ਕਰਦੇ ਹਨ। ਜਿਨ੍ਹਾਂ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ:408-991-4249**

ਵਿਅਕਤੀਆਂ ਦੀ ਯਾਦਦਾਸ਼ਤ ਕੁਝ ਸਮੇਂ ਲਈ ਚਲੀ ਜਾਂਦੀ ਹੈ, ਉਨ੍ਹਾਂ ਤੇ ਇਸ ਦੇ ਪਰਤਣ ਪਿਛੋਂ ਕੀ ਬੀਤਦਾ ਹੈ, ਇਹ ਉਹੀ ਜਾਣ ਸਕਦੇ ਹਨ। ਅਸੀਂ ਆਮ ਤੌਰ ਤੇ ਸਮਝਦੇ ਹਾਂ ਕਿ ਯਾਦਦਾਸ਼ਤ ਦਾ ਪਰਤਣਾ ਗੂਹੜੀ ਨੀਂਦ ਤੋਂ ਜਾਗਣ ਵਾਂਗ ਹੀ ਸਾਧਾਰਣ ਤੇ ਪੀੜ-ਰਹਿਤ ਵਾਕਾ ਹੁੰਦਾ ਹੈ ਪਰ ਅਜਿਹਾ ਨਹੀਂ ਹੈ। ਇਹ ਹਾਲਤ ਧੁਰ ਅੰਦਰੋਂ ਇਕ ਅਸਹਿ ਸਦਮੇ ਦੇ ਕੋਹਣ ਵਰਗੀ ਹੁੰਦੀ ਹੈ ਜਿਸ ਨਾਲ ਮਨ ਗੁਆਚੇ ਪਲਾਂ ਦੀ ਭਾਲ ਵਿਚ ਵਾਰ ਵਾਰ ਤਰਲੋ-ਮੱਛੀ ਹੁੰਦਾ ਰਹਿੰਦਾ ਹੈ। ਇਸ ਤੱਥ ਨੂੰ ਉਜਾਗਰ ਕਰਨ ਵਾਲੀ ਇਕ ਆਪ ਬੀਤੀ ਸੱਚੀ ਘਟਨਾ ਬਿਆਨ ਕਰ ਰਿਹਾ ਹਾਂ ਜਿਸ ਬਾਰੇ ਮੈਂ ਆਪ ਵੀ ਬਹੁਤਾ ਨਹੀਂ ਜਾਣਦਾ।

ਇਹ ਗੱਲ ਸਤੰਬਰ 1997 ਦੀ ਹੈ। ਮੇਰੀ ਪਤਨੀ ਅਮਰੀਕਾ ਆਈ ਹੋਈ ਸੀ। ਪਰਿਵਾਰ ਵਿਚੋਂ ਕੇਵਲ ਮੈਂ ਤੇ ਮੇਰਾ ਛੋਟਾ ਲੜਕਾ ਹੀ ਪਟਿਆਲੇ ਰਹਿ ਰਹੇ ਸਾਂ। ਮੇਰਾ ਲੜਕਾ ਮੈਡੀਕਲ ਕਾਲਜ਼ ਵਿਚ ਦਾਖ਼ਲੇ ਲਈ ਪੀ ਐਮ ਟੀ ਦੀ ਤਿਆਰੀ ਕਰ ਰਿਹਾ ਸੀ। ਉਹ ਹਰ ਰੋਜ਼ ਸਵੇਰੇ ਚਾਰ ਵਜੇ ਅਰਬਨ ਅਸਟੇਟ ਤੋਂ ਪਟਿਆਲੇ ਮਹਿੰਦਰਾ ਕਾਲਜ ਦੀ ਪ੍ਰੋਫੈਸਰ ਰਣਜੀਤ ਕੌਰ ਤੁੱਲੀ ਕੋਲ ਟਿਊਸ਼ਨ ਪੜ੍ਹਨ ਜਾਂਦਾ ਸੀ ਤੇ ਨੌਂ ਵਜੇ ਘਰ ਮੁੜਦਾ ਸੀ। ਮੈਂ ਉਸ ਨੂੰ ਚਾਹ ਪਿਆ ਕੇ ਪੜ੍ਹਨ ਤੋਰ ਦਿੰਦਾ ਤੇ ਆਪ ਆਪਣੇ ਜਪੁਜੀ ਸਾਹਿਬ ਦੀ ਵਿਆਖਿਆ ਦੇ ਪ੍ਰਾਜੈਕਟ ਤੇ ਕੰਮ ਕਰਨ ਬੈਠ ਜਾਂਦਾ।

ਰੋਜ਼ ਵਾਂਗ ਉਸ ਨੂੰ ਭੇਜ ਕੇ ਚਾਹ ਦਾ ਪਿਆਲਾ ਲੈ ਕੇ ਮੈਂ ਸਟੱਡੀ ਟੇਬਲ ਤੇ ਗਿਆ ਤਾਂ ਸਾਹਮਣੇ 'ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ' ਦੀ ਤੁਕ ਵਿਆਖਿਆ ਦੀ ਉਡੀਕ ਕਰ ਰਹੀ ਸੀ। ਇਸ ਤੁਕ ਬਾਰੇ ਮੈਂ ਪਿਛਲੇ ਇਕ ਦਿਨ ਤੋਂ ਸੋਚ ਰਿਹਾ ਸਾਂ ਪਰ ਇਸ ਦੀ ਅੜਾਉਣੀ ਹੱਲ ਨਹੀਂ ਸੀ ਹੋ ਰਹੀ। ਪੜ੍ਹ ਕੇ ਇੰਜ ਲਗਦਾ ਸੀ ਜਿਵੇਂ ਗੁਰੂ ਨਾਨਕ ਕਹਿ ਰਹੇ ਹੋਣ ਕਿ ਜੇ ਮੈਂ ਜਾਣਦਾ ਵੀ ਹੋਵਾਂ ਤਾਂ ਵੀ ਬਿਆਨ ਨਾ ਕਰ ਸਕਾਂ। ਮੈਂ ਇਸ ਤੁਕ ਦਾ ਸਿੱਧਾ ਸਾਦਾ ਅਰਥ ਕੱਢਦਾ ਸਾਂ ਕਿ ਜੇ ਉਨ੍ਹਾਂ ਨੂੰ ਕਰਤਾਰ ਦੀ ਸਿਫਤਿ ਦਾ ਪਤਾ ਵੀ ਹੁੰਦਾ ਤਾਂ ਵੀ ਉਹ ਇਸ ਦਾ ਵਰਣਨ ਨਾ ਕਰ ਸਕਦੇ, ਭਾਵ ਉਨ੍ਹਾਂ ਨੂੰ ਇਸ ਬਾਰੇ ਕੋਈ ਗਿਆਨ ਹੀ ਨਹੀਂ ਸੀ। ਪਰ ਫਿਰ ਸੋਚਦਾ ਕਿ ਉਨ੍ਹਾਂ ਦੇ ਸ਼ਰਧਾਲੂ ਤੇ ਸਭ ਮੌਜੂਦਾ ਟੀਕਾਕਾਰ ਤਾਂ ਗੁਰੂ ਸਾਹਿਬ ਨੂੰ ਪੂਰੇ ਜਾਣੀ ਜਾਣ ਮੰਨਦੇ ਹਨ। ਜੇ ਇਹ ਸਭ ਵਿਦਵਾਨ ਉਨ੍ਹਾਂ ਤੇ ਪੂਰਨ ਵਿਸ਼ਵਾਸ ਕਰਦੇ ਹਨ ਤਾਂ ਫਿਰ ਉਨ੍ਹਾਂ ਦੀ ਲਿਖੀ ਗੱਲ ਨੂੰ ਸਹੀ ਕਿਉਂ ਨਹੀਂ ਮੰਨਦੇ? ਇਹ ਸਵਾਲ ਮੇਰੇ ਸਾਹਮਣੇ ਮੁੜ ਮੁੜ ਖੜਾ ਹੋਈ ਜਾਂਦਾ। ਸੋਚਦਾ ਸਾਂ ਕਿ ਕੀ ਇਸ ਵਿਚ ਕੋਈ ਅਜਿਹਾ ਡੂੰਘਾ ਰੱਹਸ ਤਾਂ ਨਹੀਂ ਜੋ ਮੇਰੀ ਸਮਝ ਵਿਚ ਨਾ ਆਇਆ ਹੋਵੇ ਤੇ ਉਨ੍ਹਾਂ ਦੀ ਵਿਚ ਆ ਗਿਆ ਹੋਵੇ? ਇਸ ਦਵੰਦ ਕਾਰਣ ਮੇਰਾ ਕੰਮ ਰੁਕਿਆ ਪਿਆ ਸੀ।

ਅਜਿਹੇ ਦਵੰਦ ਵੇਲੇ ਮੈਂ ਸਾਰਾ ਜਪੁਜੀ ਸਾਹਿਬ ਮੁੱਢ ਤੋਂ ਫਿਰ ਪੜਦਾ ਤੇ ਸਮੂਚੇ ਅਰਥ ਜੋੜਨ ਦੀ ਕੋਸ਼ਿਸ਼ ਕਰਦਾ। ਉਸ ਦਿਨ ਮੇਰੀ ਇੱਛਾ ਹੋਈ ਕਿ ਮੈਂ ਪੜ੍ਹਨ ਦੀ ਥਾਂ ਜਪੁਜੀ ਸਾਹਿਬ ਦੀ ਕੈਸਟ ਸੁਣਾਂ ਤੇ ਨਾਲ ਨਾਲ ਚਾਹ ਦਾ ਇਕ ਹੋਰ ਪਿਆਲਾ ਪੀਵਾਂ। ਮੈਂ ਕੈਸਟ ਚਲਾਉਣ ਲਈ ਡਰਾਇੰਗ ਰੂਮ ਦੇ ਇਕ ਕੋਨੇ 'ਚ ਪਏ ਡੈਕ ਕੋਲ ਗਿਆ। ਵੇਖਿਆ, ਮੇਜ਼ ਤੇ ਨਵੀਆਂ-ਪੁਰਾਣੀਆਂ ਸੌ ਡੇਢ ਸੌ ਕੈਸਟਾਂ ਦਾ ਢੇਰ ਲਗਾ ਪਿਆ ਸੀ ਜਿਨ੍ਹਾਂ ਵਿਚੋਂ ਜਪੁਜੀ ਸਾਹਿਬ ਵਾਲੀ ਟੇਪ ਲਭਣਾ ਆਸਾਨ ਕੰਮ ਨਹੀਂ ਸੀ। ਮੇਰਾ ਲੜਕਾ ਗਾਣਿਆਂ ਦਾ ਬੜਾ ਸ਼ੌਕੀਨ ਸੀ। ਉਹ ਨਿੱਤ ਨਵੀਆਂ ਕੈਸਟਾਂ ਖਰੀਦ ਕੇ ਜਾਂ ਰਿਕਾਰਡ ਕਰਾ ਕੇ ਲਿਆਈ ਜਾਂਦਾ ਤੇ ਬਿਨਾ ਸਿਰਲੇਖ ਲਿਖੇ ਸੁਣ ਸੁਣ ਢੇਰ ਲਾਈ ਜਾਂਦਾ। ਜਪੁਜੀ ਸਾਹਿਬ ਤੋਂ ਹਟ ਕੇ ਮੇਰਾ ਧਿਆਨ ਕੈਸਟਾਂ ਦੀ ਛਾਂਟ-ਛੰਟਾਈ ਵਲ ਚਲਾ ਗਿਆ ਤਾਂ ਜੋ ਰੋਜ਼ ਰੋਜ਼ ਲੱਭਣ ਲਭਾਉਣ ਦਾ ਝੰਜਟ ਖ਼ਤਮ ਹੋ ਸਕੇ।

ਚਾਹ ਦਾ ਹੱਥਲਾ ਕੱਪ ਇਕ ਪਾਸੇ ਰੱਖ ਕੇ ਮੈਂ ਡੈਕ ਕੋਲ ਬੈਠ ਗਿਆ ਤੇ ਇਕ ਇਕ ਕੈਸਟ ਵਜਾ ਕੇ ਉਸ ਦਾ ਵਿਸ਼ਾ-ਵਸਤੂ ਪਰਖਣ ਲਗਿਆ। ਕੈਸਟਾਂ 'ਤੇ ਟਾਈਟਲ ਲਿਖਣ ਲਈ ਮੈਨੂੰ ਇਕ ਮਾਰਕਰ ਦੀ ਲੋੜ ਪਈ ਜੋ ਪਲਾਸਟਿਕ 'ਤੇ ਪੱਕੀ ਤਰਾਂ ਉਕਰ ਸਕੇ। ਉਸੇ ਵੇਲੇ ਮੈਨੂੰ ਇਕ ਸਿਲਵਰ-ਰੰਗਾ ਮਾਰਕਰ ਯਾਦ ਅਇਆ ਜੋ 4-5 ਮਹੀਨੇ ਪਹਿਲਾਂ ਮੈਂ ਆਪਣੀ ਲੜਕੀ ਦੀ ਸ਼ਾਦੀ ਦੇ ਕਾਰਡ ਲਿਖਣ ਲਈ ਖਰੀਦਿਆ ਸੀ। ਮੈਂ ਉਸ ਨੂੰ ਕਾਹਲ ਨਾਲ ਲੱਭਿਆ ਤੇ ਟੈਸਟ ਕੀਤਾ ਕਿ ਚਲਦਾ ਵੀ ਹੈ ਕਿ ਨਹੀਂ। ਮਾਰਕਰ ਨਵੇਂ ਵਾਂਗ ਸੀ ਤੇ ਇਸ ਦੀ ਲਿਖਾਈ ਮਿਟਦੀ ਵੀ ਨਹੀਂ ਸੀ। ਮੈਂ ਇਸ ਨਾਲ ਕੈਸਟਾਂ ਤੇ ਵਿਸ਼ੇ ਅਨੁਸਾਰ ਸਿਰਲੇਖ ਲਿਖਣ ਦਾ ਕੰਮ ਅਰੰਭ ਕਰ ਦਿਤਾ।

ਪਹਿਲੀ ਕੈਸਟ ਫ਼ਿਲਮ ਅਨਾਰਕਲੀ ਦੇ ਗਾਣਿਆਂ ਦੀ ਸੀ, ਦੂਜੀ ਇਕ ਇਨਕਮ ਟੈਕਸ ਵਿਭਾਗ ਦੇ ਨੌਜਵਾਨ ਕਲਰਕ ਮਹਿੰਦਰ ਕੁਮਾਰ ਦੇ ਵਹਿਮੀ ਕਿਰਦਾਰ ਦੀ ਅਸਲ ਰਿਕਾਰਡਿੰਗ ਸੀ। ਤੀਜੀ ਵਿਚ ਸਾਲ 1980 ਵਿਚ ਕਾਮਰੇਡ ਸੋਹਨ ਸਿੰਘ ਜੋਸ਼ ਨਾਲ ਦਿੱਲੀ ਵਿਚ ਕੀਤੀ ਤਿੰਨ ਘੰਟੇ ਦੀ ਮੁਲਾਕਾਤ ਅੰਕਿਤ ਸੀ। ਹਰ ਕੈਸਟ ਦਾ ਮਜ਼ਮੂਨ ਜਾਨਣ ਦੇ ਨਾਲ ਨਾਲ ਮੈਂ ਉਨ੍ਹਾਂ ਦੇ ਕੁਝ ਅੰਸ਼ ਸੁਨਣ ਦਾ ਆਨੰਦ ਵੀ ਲੈ ਰਿਹਾ ਸਾਂ ਜਿਸ ਨਾਲ ਹੌਲੀ ਹੌਲੀ ਅਤੀਤ ਦੀਆਂ ਯਾਦਾਂ ਵਿਚ ਉਤਰਦਾ ਜਾ ਰਿਹਾ ਸਾਂ। ਇਸ ਤੋਂ ਅਗਲੀ ਕੈਸਟ ਦਲੀਪ ਕੁਮਾਰ ਤੇ ਵਹੀਦਾ ਰਹਿਮਾਨ ਦੀ ਪੁਰਾਣੀ ਫਿਲਮ 'ਆਦਮੀ' ਦੇ ਗਾਣੇ 'ਆਜ ਪੁਰਾਨੀ ਰਾਹੋਂ ਸੇ ਕੋਈ ਮੁਝੇ ਆਵਾਜ਼ ਨਾ ਦੇ' ਨਾਲ ਭਰੀ ਹੋਈ ਸੀ। ਮੇਰੇ ਲੜਕੇ ਨੇ ਮੇਰੇ ਕਹਿਣ 'ਤੇ ਇਸ ਗੀਤ ਨੂੰ ਕਈ ਵਾਰ ਰਿਕਾਰਡ ਕਰਵਾਇਆ ਹੋਇਆ ਸੀ ਕਿਉਂਕਿ ਮੈਂ ਇਸ ਨੂੰ ਲਗਾਤਾਰ ਸੁਣੀ ਜਾਣਾ ਪਸੰਦ ਕਰਦਾ ਸਾਂ। ਦਰਅਸਲ ਇਹ ਗੀਤ ਮੈਨੂੰ ਚੜ੍ਹਦੀ ਕਲਾ ਦਾ ਪ੍ਰਤੀਕ ਲਗਦਾ ਸੀ ਜੋ ਭੁੱਲੇ-ਭਟਕੇ ਮਨੁਖ ਨੂੰ ਸੁਧਾਰਵਾਦੀ ਰਾਹ 'ਤੇ ਚਲਣ ਦੀ ਚੇਤਨਾ ਤੇ ਸਾਹਸ ਦਿੰਦਾ ਸੀ। ਇਹ ਗੀਤ ਮੈਂ ਹਮੇਸ਼ਾ ਉਨ੍ਹਾਂ ਸਭ ਭਾਈ ਭੈਣਾਂ ਨੂੰ ਰੋਜ਼ ਸੁਨਣ ਲਈ ਹਦਾਇਤ ਕਰਦਾ ਸਾਂ ਜੋ ਮੇਰੇ ਕੋਲ ਸ਼ਰਾਬ ਆਦਿ ਨਸ਼ੇ ਤੇ ਹੋਰ ਬੁਰੀਆਂ ਆਦਤਾਂ ਛਡਣ ਲਈ ਇਲਾਜ਼ ਕਰਵਾਉਣ ਆਉਂਦੇ ਸਨ। ਇਸ ਕੈਸਟ ਨੂੰ ਸੁਣਦਿਆਂ ਹੀ ਮੇਰੇ ਮਨ ਵਿਚ ਗੀਤ ਦੀਆਂ ਦਿਲਕਸ਼ ਧੁਨੀਆਂ ਵਜਣੀਆਂ ਸ਼ੁਰੂ ਹੋ ਗਈਆਂ ਤੇ ਦਲੀਪ ਕੁਮਾਰ ਦਾ ਵਿਜਈ ਤੇ ਆਸ਼ਾਵਾਦੀ ਚਿਹਰਾ ਸਾਹਮਣੇ ਫਿਰਨ ਲੱਗਾ। ਮੈਂ ਇਸ ਦੀਆਂ ਸੁਰ-ਲਹਿਰਾਂ ਤੇ ਸਵਾਰ ਹੋ ਅੰਤਰੀਵ ਨੂੰ ਲੁਭਾਉਂਦੇ ਕਿਸੇ ਰੰਗੀਨ ਦਿਸਹੱਦੇ ਵਲ ਨਿਕਲ ਗਿਆ ਜਿਸ ਦੀਆਂ ਦੁਰਾਡੀਆਂ ਵਾਟਾਂ ਤੋਂ ਆਸਾਨੀ ਨਾਲ ਪਰਤ ਆਉਣਾ ਸੰਭਵ ਨਹੀਂ ਸੀ।

ਜਦੋਂ ਵਾਪਸ ਪਰਤਿਆ ਤਾਂ ਮੈਨੂੰ ਅਚਾਨਕ ਪਹੁ ਫੁੱਟਣ ਵਾਂਗ ਸੋਝੀ ਦਾ ਅਹਿਸਾਸ ਹੋਇਆ। ਮੈਂ ਘਰ ਵਿਚ ਇਕ ਬੈਡ ਰੂਮ ਤੋਂ ਦੂਜੇ ਵਲ ਚੱਕਰ ਲਾ ਰਿਹਾ ਸਾਂ ਤੇ ਭਰੇ ਗਲੇ ਨਾਲ ਆਪਣੇ ਲੜਕੇ ਨੂੰ ਉਚੀ ਉਚੀ ਅਵਾਜਾਂ ਮਾਰ ਰਿਹਾ ਸਾਂ। ਮੈਨੂੰ ਇੰਜ ਲਗ ਰਿਹਾ ਸੀ ਜਿਵੇਂ ਮੇਰਾ ਲੜਕਾ ਹੁਣੇ ਹੁਣੇ ਮੇਰੇ ਨਾਲ ਗੱਲਾਂ ਕਰ ਰਿਹਾ ਸੀ ਪਰ ਹੁਣ ਇਕ ਦਮ ਅਲੋਪ ਹੋ ਗਿਆ ਹੈ। ਮੈਂ ਅਜਿਹੇ ਭੈ ਨਾਲ ਕੰਬ ਰਿਹਾ ਸਾਂ ਜਿਵੇਂ ਕੋਈ ਦੁਰਘਟਨਾ ਵਾਪਰ ਗਈ ਹੋਵੇ। ਦੁਰਘਟਨਾ ਦੀ ਥਾਂ ਅਤੇ ਸਮੇਂ ਬਾਰੇ ਵਿਚਾਰ ਵੀ ਮੇਰੇ ਦਿਮਾਗ ਵਿਚ ਘਰ ਕੀਤੀ ਬੈਠੇ ਸਨ। ਮੈਨੂੰ ਅਚੰਭਾ ਹੋ ਰਿਹਾ ਸੀ ਕਿ ਘਰ ਤੋਂ ਦੋ ਕਿਲੋਮੀਟਰ ਦੀ ਦੂਰੀ ਤੇ ਸਵੇਰੇ ਪੰਜ ਵਜੇ ਦੀ ਹੋਈ ਦੁਰਘਟਨਾ ਦੀ ਖ਼ਬਰ ਮੈਨੂੰ ਹੁਣ ਤੀਕਰ ਕਿਉਂ ਨਹੀ ਮਿਲੀ। ਬਿਨਾ ਰੁਕੇ ਮੈਂ ਉਸ ਨੂੰ ਆਵਾਜ਼ਾਂ ਮਾਰ ਰਿਹਾ ਸਾਂ ਤੇ ਉਸ ਦੀ ਹੈਲਮਟ ਦੀ ਭਾਲ ਕਰ ਰਿਹਾ ਸਾਂ। ਹੈਲਮਟ ਕਿਧਰੇ ਨਾ ਦਿਖਣ ਤੇ ਮੇਰੀਆਂ ਭੁੱਬਾਂ ਨਿਕਲ ਗਈਆਂ। ਮੈਨੂੰ ਵਿਸ਼ਵਾਸ ਹੋ ਰਿਹਾ ਸੀ ਕਿ ਹੁਣੇ ਆ ਕੇ ਕੋਈ ਮੈਨੂੰ ਉਸ ਨਾਲ ਹੋਈ ਅਨਹੋਣੀ ਦੀ ਮਨਹੂਸ ਖ਼ਬਰ ਸੁਣਾਵੇਗਾ। ਡਰ ਤੇ ਕਮਜ਼ੋਰੀ ਨਾਲ ਮੇਰੀਆਂ ਲੱਤਾਂ ਕੰਬ ਰਹੀਆਂ ਸਨ। ਨਿਢਾਲ ਹੋ ਕੇ ਮੈਂ ਕੁਰਸੀ ਤੇ ਬੈਠ ਗਿਆ ਤੇ ਭਰੇ ਮਨ ਨਾਲ ਦੁਖੀ ਸੁਨੇਹਾ ਲਿਆਉਣ ਵਾਲੇ ਦੀ ਉਡੀਕ ਕਰਨ ਲਗ ਪਿਆ।

ਘੜੀ 'ਤੇ ਨਜ਼ਰ ਮਾਰੀ ਤਾਂ ਸਵੇਰ ਦੇ ਸਾਢੇ ਦਸ ਵਜੇ ਸਨ। ਸਮਝ ਨਾ ਪਈ ਕਿ ਮੈਂ ਡਿਪਾਰਟਮੈਂਟ ਜਾਣ ਦੀ ਬਜਾਏ ਬਿਨਾ ਤਿਆਰ ਹੋਏ ਹੀ ਘਰੇ ਕਿਉਂ ਬੈਠਾ ਸਾਂ। ਇਹ ਸੋਚ ਕੇ ਕਿ ਮੇਰੀ ਤਾਂ ਸਾਢੇ ਨੌਂ ਵਜੇ ਕਲਾਸ ਸੀ, ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮੈਨੂੰ ਪਤਾ ਨਹੀਂ ਸੀ ਲਗ ਰਿਹਾ ਕਿ ਮੇਰੇ ਨਾਲ ਕੀ ਹੋਇਆ ਹੈ ਅਤੇ ਅੱਗੋਂ ਮੈਨੂੰ ਕੀ ਕਰਨਾ ਚਾਹੀਦਾ ਹੈ। ਯਾਦਦਾਸ਼ਤ ਦੀਆਂ ਨਿਸ਼ਾਨ-ਦੇਹੀਆਂ ਗਵਾਚਣ ਨਾਲ ਮਨ ਸਮੁੰਦਰ ਵਿਚ ਦਿਸ਼ਾ-ਵਿਹੀਨ ਕਿਸ਼ਤੀ ਵਾਂਗ ਹੋਇਆ ਪਿਆ ਸੀ। ਇਸ ਅਕਿਹ ਸਦਮੇ ਕਾਰਣ ਡੌਰ ਭੌਰ ਹੋਇਆ ਮੈਂ ਫਿਰ ਉਦਾਸੀ ਦੇ ਵਹਿਣ ਵਿਚ ਵਹਿ ਗਿਆ ਤੇ ਆਪਣੇ ਲੜਕੇ ਬਾਰੇ ਸੋਚ ਕੇ ਹਟਕੋਰੇ ਲੈਣ ਲੱਗਾ।

ਇੰਨੇ ਨੂੰ ਬਾਹਰੋਂ ਗੇਟ ਖੜਕਣ ਦੀ ਆਵਾਜ਼ ਆਈ। ਆਪ ਮੁਹਾਰੇ ਮੇਰਾ ਰੋਣਾ ਫਿਰ ਫੁੱਟ ਆਇਆ। ਮਨ ਤਗੜਾ ਕਰ ਕੇ ਕੰਬਦੇ ਹੱਥਾਂ ਨਾਲ ਬੂਹਾ ਖੋਲ੍ਹਿਆ ਤਾਂ ਵੇਖਿਆ ਕਿ ਐਡਵੋਕੇਟ ਸਰਬਜੀਤ ਸਿੰਘ ਵਿਰਕ ਅੰਦਰ ਵਲ ਚਲੇ ਆ ਰਹੇ ਸਨ। ਵਿਰਕ ਸਾਹਿਬ ਯੂਨੀਵਰਸਿਟੀ ਵਿਚ ਮੇਰੇ ਵਿਦਿਆਰਥੀ ਰਹੇ ਸਨ ਤੇ ਹੁਣ ਪਟਿਆਲੇ ਵਕਾਲਤ ਕਰਦੇ ਹਨ। ਅਰਬਨ ਅਸਟੇਟ ਵਿਚ ਮੇਰੇ ਗਵਾਂਢੀ ਵੀ ਸਨ ਤੇ ਪਰਿਵਾਰਕ ਸਾਂਝ ਵਾਲੇ ਮਿੱਤਰ ਵੀ। ਉਨ੍ਹਾਂ ਨੂੰ ਉਸ ਵੇਲੇ ਆਪਣੇ ਬੂਹੇ ਤੇ ਵੇਖ ਕੇ ਮੇਰਾ ਕਲੇਜਾ ਬੈਠ ਗਿਆ। ਮੈਨੂੰ ਆਪਣੀ ਕਾਲੀ ਸੋਚ ਦੇ ਸੱਚ ਹੋਣ ਬਾਰੇ ਕੋਈ ਸ਼ੱਕ ਨਾ ਰਿਹਾ। ਉਨ੍ਹਾਂ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਮੈਂ ਜੋਰ ਨਾਲ ਡੁਸਕ ਕੇ ਪੁਛਿਆ, "ਵਿਰਕ ਸਾਹਿਬ ਕਾਕਾ ਕਿੱਥੇ ਐ?"

"ਕਾਕਾ ਇੱਥੇ ਈ ਹੋਣੈ ਪ੍ਰੋਫੈਸਰ ਸਾਹਿਬ, ਆਓ ਬੈਠੀਏ।" ਉਹ ਆਸਾਧਾਰਨ ਹਲੀਮੀ ਨਾਲ ਬੋਲੇ ਜਿਵੇਂ ਕੋਈ ਮਨਹੂਸ ਖ਼ਬਰ ਦੇਣ ਤੋਂ ਪਹਿਲਾਂ ਦਿਲਾਸਾ ਦੇ ਰਹੇ ਹੋਣ। ਉਨ੍ਹਾਂ ਮੇਰੀ ਗਲੇਡੂਆਂ ਭਰੀ ਆਵਾਜ਼ ਵੀ ਨਾ ਗੌਲੀ। ਮੈਨੂੰ ਲਗਿਆ, ਜਿਵੇਂ ਉਹ ਸੋਚ ਰਹੇ ਹੋਣ ਕਿ ਇਹ ਤਾਂ ਉਸ ਖ਼ਬਰ ਸਾਹਮਣੇ ਕੁਝ ਵੀ ਨਹੀਂ ਜੋ ਉਹ ਹੁਣੇ ਸੁਣਾਉਣਗੇ। ਉਨ੍ਹਾਂ ਦੇ ਇਸ ਵਤੀਰੇ ਕਾਰਣ ਮੇਰਾ ਤੌਖ਼ਲਾ ਹੋਰ ਵੀ ਵਧ ਗਿਆ। "ਵਿਰਕ ਸਾਹਿਬ, ਮੈਨੂੰ ਸਹੀ ਸਹੀ ਦਸੋ, ਉਸ ਨੂੰ ਕੀ ਹੋਇਆ ਹੈ?" ਮੈਂ ਉਨ੍ਹਾਂ ਤੋਂ ਸੱਚ ਉਗਲਾਉਣ ਦੀ ਕਾਹਲ ਨਾਲ ਵਿਲਕਵੀਂ ਅਰਜੋਈ ਕੀਤੀ। "ਕਾਕਾ ਇਥੇ ਬਾਹਰ ਹੀ ਹੈ, ਮੇਰੇ ਨਾਲ ਹੀ ਆਇਆ ਹੈ।" ਉਨ੍ਹਾਂ ਮੈਨੂੰ ਰਸਮੀ ਜਿਹੀ ਤਸੱਲੀ ਦਿਤੀ। "ਝੂਠ ਹੈ। ਜੇ ਨਾਲ ਆਇਆ ਹੈ ਤਾਂ ਉਸ ਨੂੰ ਅੰਦਰ ਕਿਉਂ ਨਹੀਂ ਲਿਆਏ?" ਮੇਰੇ ਗੁਸੀਲੇ ਤਕਾਜ਼ੇ ਦੀ ਤਾਬ ਨਾ ਝਲਦਿਆਂ ਉਹ ਬੂਹਾ ਖੋਲ੍ਹ ਕੇ ਬਾਹਰ ਨਿਕਲੇ ਤੇ ਕਾਕੇ ਨੂੰ ਅੰਦਰ ਸੱਦ ਲਿਆਏ।

> ***ਮੈਨੂੰ ਲਗਿਆ, ਮੇਰੀ ਯਾਦਦਾਸ਼ਤ ਤਾਂ ਠੀਕ ਹੈ ਪਰ ਫਿਰ ਵੀ ਕੋਈ ਭਾਣਾ ਜਰੂਰ ਵਰਤਿਆ ਹੈ। ਮੈਂ ਠੱਗਿਆ ਠੱਗਿਆ ਜਿਹਾ ਮਹਿਸੂਸ ਕਰ ਰਿਹਾ ਸਾਂ ਜਿਵੇਂ ਮੇਰੇ ਨਾਲ ਕੋਝੀ ਚਾਲ ਖੇਡ ਕੇ ਕੋਈ ਅਲੋਪ ਹੋ ਗਿਆ ਹੋਵੇ। ਮੈਂ ਦਿਮਾਗ਼ 'ਤੇ ਬੋਝ ਪਾ ਕੇ ਘਟਨਾਵਾਂ ਦੀਆਂ ਟੁੱਟੀਆਂ ਕੜੀਆਂ ਲੱਭਣ ਦੀ ਕੋਸ਼ਿਸ਼ ਕਰਨ ਲੱਗਾ। ਜਿਉਂ ਹੀ ਕੁਝ ਸੋਚਣ ਦਾ ਯਤਨ ਕਰਦਾ, ਸਿਰ ਵਿਚ ਡੂੰਘੀਆਂ ਚੀਸਾਂ ਪੈਂਦੀਆਂ ਤੇ ਕਲੇਜਾ ਬਾਹਰ ਆਉਣ ਨੂੰ ਕਰਦਾ। ਵਿਰਕ ਸਾਹਿਬ ਮੈਨੂੰ ਟਿਕਟਿਕੀ ਲਾ ਕੇ ਵੇਖ ਰਹੇ ਸਨ ਜਿਵੇਂ ਮੇਰੇ ਵਿਹਾਰ ਨੂੰ ਤਾੜਦੇ ਹੋਣ। ਅੱਜ ਮੈਨੂੰ ਉਹ ਕੁਝ ਓਪਰੇ ਓਪਰੇ ਲਗ ਰਹੇ ਸਨ।***

ਕਾਕਾ ਮੇਰੀ ਕਾਲੀ ਸੋਚ ਤੋਂ ਉਲਟ ਬਿਲਕੁਲ ਠੀਕ ਠਾਕ ਸੀ। ਮੈਂ ਉਸ ਨੂੰ ਘੁੱਟ ਕੇ ਗਲ ਨਾਲ ਲਾਇਆ ਤੇ ਪੁੱਛਿਆ, "ਬੇਟੇ ਤੂੰ ਕਿੱਥੇ ਚਲਾ ਗਿਆ ਸੀ, ਮੈਂ ਤੈਨੂੰ ਕਦੋਂ ਦਾ ਲੱਭ ਰਿਹਾ ਹਾਂ?"

"ਤੁਸੀਂ ਸਵੇਰ ਦੇ ਕੀ ਕਰੀ ਜਾਨੇ ਓਂ, ਪਾਪਾ? ਆਪੇ ਤਾਂ ਤੁਸੀਂ ਮੈਨੂੰ ਵਿਰਕ ਅੰਕਲ ਕੋਲ ਭੇਜਿਆ ਸੀ।" ਉਸ ਨੇ ਪ੍ਰੇਸ਼ਾਨੀ ਜਿਹੀ ਨਾਲ ਉਤਰ ਦਿਤਾ।

"ਮੈਂ ਭੇਜਿਆ ਹੁੰਦਾ ਤਾਂ ਇਥੇ ਬੈਠਾ ਤੇਰੀ ਉਡੀਕ ਵਿਚ ਰੋਂਦਾ ਕਿਉਂ ਫਿਰਦਾ?" ਮੈਂ ਆਪਣਾ ਸੱਚ ਦ੍ਰਿੜਾਇਆ। "ਤੁਹਾਨੂੰ ਪਤਾ ਕੀ ਲਗਣਾ ਸੀ, ਵਾਰ ਵਾਰ ਤਾਂ ਉਹੀ ਗੱਲਾਂ ਪੁੱਛੀ ਜਾਂਦੇ ਸੀ। ਯਾਦ ਤਾਂ ਤੁਹਾਨੂੰ ਕੁਝ ਰਹਿੰਦਾ ਨਹੀਂ ਸੀ।" ਉਸ ਨੇ ਛਿੱਥਾ ਪੈ ਕੇ ਕਿਹਾ। ਇਹ ਸੁਣ ਕੇ ਵਿਰਕ ਸਾਹਿਬ ਨੇ ਉਂਗਲ ਦੀ ਸੈਨਤ ਨਾਲ ਉਸ ਨੂੰ ਅੱਗੇ ਹੋਰ ਕੁਝ ਕਹਿਣ ਤੋਂ ਵਰਜ ਦਿਤਾ ਤੇ ਚਾਹ ਬਣਾਉਣ ਰਸੋਈ ਵਿਚ ਭੇਜ ਦਿਤਾ।

ਮੈਨੂੰ ਲਗਿਆ, ਮੇਰੀ ਯਾਦਦਾਸ਼ਤ ਤਾਂ ਠੀਕ ਹੈ ਪਰ ਫਿਰ ਵੀ ਕੋਈ ਭਾਣਾ ਜਰੂਰ ਵਰਤਿਆ ਹੈ। ਮੈਂ ਠੱਗਿਆ ਠੱਗਿਆ ਜਿਹਾ ਮਹਿਸੂਸ ਕਰ ਰਿਹਾ ਸਾਂ ਜਿਵੇਂ ਮੇਰੇ ਨਾਲ ਕੋਝੀ ਚਾਲ ਖੇਡ ਕੇ ਕੋਈ ਅਲੋਪ ਹੋ ਗਿਆ ਹੋਵੇ। ਮੈਂ ਦਿਮਾਗ਼ 'ਤੇ ਬੋਝ ਪਾ ਕੇ ਘਟਨਾਵਾਂ ਦੀਆਂ ਟੁੱਟੀਆਂ ਕੜੀਆਂ ਲੱਭਣ ਦੀ ਕੋਸ਼ਿਸ਼ ਕਰਨ ਲੱਗਾ। ਜਿਉਂ ਹੀ ਕੁਝ ਸੋਚਣ ਦਾ ਯਤਨ ਕਰਦਾ, ਸਿਰ ਵਿਚ ਡੂੰਘੀਆਂ ਚੀਸਾਂ ਪੈਂਦੀਆਂ ਤੇ ਕਲੇਜਾ ਬਾਹਰ ਆਉਣ ਨੂੰ ਕਰਦਾ। ਵਿਰਕ ਸਾਹਿਬ ਮੈਨੂੰ ਟਿਕਟਿਕੀ ਲਾ ਕੇ ਵੇਖ ਰਹੇ ਸਨ ਜਿਵੇਂ ਮੇਰੇ ਵਿਹਾਰ ਨੂੰ ਤਾੜਦੇ ਹੋਣ। ਅੱਜ ਮੈਨੂੰ ਉਹ ਕੁਝ ਓਪਰੇ ਓਪਰੇ ਲਗ ਰਹੇ ਸਨ। ਮੈਨੂੰ ਸੱਖਣਾ ਜਿਹਾ ਬੈਠਾ ਦੇਖ ਕੇ ਬੋਲੇ, "ਪ੍ਰੋਫੈਸਰ ਸਾਹਿਬ, ਕੀ ਟਾਈਮ ਹੋਇਆ ਹੈ?" "ਪੌਣੇ ਗਿਆਰਾਂ।" ਮੈਂ ਕਿਹਾ, "ਓਹ, ਮੈਂ ਤਾਂ ਕਚਹਿਰੀ ਜਾਣਾ ਐ! ਤੁਸੀਂ ਵੀ ਯੂਨੀਵਰਸਿਟੀ ਨੀਂ ਗਏ ਅੱਜ?" ਉਨ੍ਹਾਂ ਮੈਨੂੰ ਪੁੱਛਿਆ।

"ਐਵੇਂ ਈ," ਮੈਨੂੰ ਕੋਈ ਠੋਸ ਜਵਾਬ ਨਾ ਸੁਝਾ।

ਇੰਨੇ ਨੂੰ ਕਾਕਾ ਚਾਹ ਬਣਾ ਕੇ ਲੈ ਆਇਆ। ਚਾਹ ਪੀਂਦੇ ਪੀਂਦੇ ਮੇਜ਼ ਤੇ ਪਈ ਇਕ ਹੋਮਿਓਪੈਥਿਕ ਦਵਾਈ ਦੀ ਸ਼ੀਸ਼ੀ ਵਲ ਵੇਖ ਕੇ ਵਿਰਕ ਸਾਹਿਬ ਬੋਲੇ, "ਪ੍ਰੋਫੈਸਰ ਸਾਹਿਬ, ਆਹ ਮੇਜ਼ ਤੇ ਦਵਾਈ ਕਿਹੀ ਪਈ ਐ?" ਮੈਂ ਦਵਾਈ ਦੀ ਸ਼ੀਸ਼ੀ ਵਲ ਤਕਿਆ ਹੀ ਸੀ ਕਿ ਉਨ੍ਹਾਂ ਫਿਰ ਪੁਛਿਆ, "ਤੁਸੀਂ ਆਪ ਲੈਣ ਲਈ ਰੱਖੀ ਐ?" ਮੈਂ ਨਾਂਹ ਵਿਚ ਸਿਰ ਹਿਲਾਇਆ। "ਪਰ ਇਹ ਦਵਾਈ ਹੈ ਕਿਹੜੀ?" ਉਨ੍ਹਾਂ ਘੋਖ ਕੇ ਪੁੱਛਿਆ। ਮੈਂ ਦਵਾਈ ਦਾ ਲੇਬਲ ਪੜ ਕੇ ਨਾਂ ਦੱਸ ਦਿਤਾ। "ਇਹ ਦਵਾਈ ਕਾਹਦੇ ਲਈ ਦਈਦੀ ਐ?" ਉਨ੍ਹਾਂ ਸ਼ੀਸ਼ੀ ਹੱਥ ਵਿਚ ਚੁੱਕ ਕੇ ਰਵਾਜਨੀ ਲਹਿਜੇ ਵਿਚ ਪੁਛਿਆ।

"ਜਿਹਦੀ ਯਾਦਦਾਸ਼ਤ ਖੋ ਜਾਵੇ, ਉਸ ਨੂੰ ਦਈਦੀ ਐ।" ਮੈਂ ਦਸਿਆ। ਮੇਰਾ ਉਤਰ ਸੁਣ ਵਿਰਕ ਸਾਹਿਬ ਸੰਝ ਨੂੰ ਫਿਰ ਗੇੜਾ ਮਾਰਨ ਦਾ ਆਖ ਉਠ ਖੜੇ ਹੋਏ। ਜਾਂਦੇ ਜਾਂਦੇ ਉਹ ਕਾਕੇ ਨੂੰ ਬਾਹਰ ਬੁਲਾ ਕੇ ਕੋਈ ਓਹਲੇ ਦੀ ਗੱਲ ਕਰ ਗਏ ਤੇ ਜਾਣ ਲਗੇ "ਪਾਪਾ ਲਈ ਨਾਸ਼ਤੇ ਦਾ ਪ੍ਰਬੰਧ" ਕਰਨ ਲਈ ਉਚੀ ਜਿਹੀ ਹਦਾਇਤ ਕਰ ਗਏ।

ਵਿਰਕ ਸਾਹਿਬ ਦੇ ਜਾਣ ਬਾਅਦ ਮੈਂ ਆਪਣੇ ਲੜਕੇ ਨੂੰ ਪੁਛਿਆ, "ਤੂੰ ਮੁੱਢ ਤੋਂ ਦੱਸ ਬੇਟੇ ਮੈਨੂੰ ਕੀ ਹੋਇਆ ਸੀ? ਇਹ ਮਸਲਾ ਕੀ ਹੈ?" ਉਹ ਕਹਿਣ ਲੱਗਾ, "ਮੈਂ ਘੜੀ ਘੜੀ ਕੀ ਦੱਸੀ ਜਾਵਾਂ ਜੀ? ਜਦੋਂ ਮੈਂ ਨੌਂ ਵਜੇ ਆਇਆ, ਤੁਸੀਂ ਵਾਰ ਵਾਰ ਇਕੋ ਗੱਲ ਪੁੱਛੀ ਜਾਂਦੇ ਸੀ ਕਿ ਮੈਂ ਕਿੱਥੇ ਗਿਆ ਸੀ ਜਿਵੇਂ ਤੁਹਾਨੂੰ ਕੁਝ ਪਤਾ ਹੀ ਨਾ ਹੋਵੇ। ਜੋ ਮੈਂ ਦੱਸਦਾ ਤੁਸੀਂ ਨਾਲ ਦੀ ਨਾਲ ਭੁੱਲੀ ਜਾਂਦੇ ਸੀ। ਫਿਰ ਮੈਂ ਮੰਮਾ ਤੇ ਭਰਾ ਨੂੰ ਕਾਲ ਕਰ ਕੇ ਤੁਹਾਡੀ ਹਾਲਤ ਬਾਰੇ ਦਸਿਆ। ਉਨ੍ਹਾਂ ਨੇ ਦਸ ਵਾਰ ਕਾਲਾਂ ਕਰ ਕੇ ਤੁਹਾਡੇ ਨਾਲ ਗੱਲ ਕਰਨ ਦੀ ਕੋਸਿਸ਼ ਕੀਤੀ। ਤੁਸੀਂ ਉਨ੍ਹਾਂ ਨਾਲ ਗੱਲ ਸ਼ੁਰੂ ਤਾਂ ਕਰ ਲੈਂਦੇ ਪਰ ਥੋੜੀ ਦੇਰ ਬਾਦ ਭੁੱਲ ਜਾਂਦੇ ਤੇ ਫਿਰ ਪੁੱਛਣ ਲਗ ਜਾਂਦੇ ਕਿ ਕੌਣ ਬੋਲ ਰਿਹਾ ਹੈ? ਕੀ ਹਾਲ ਹੈ? ਅਖੀਰ ਉਨ੍ਹਾਂ ਨੇ ਮੈਨੂੰ ਕਿਹਾ ਕਿ ਇਨ੍ਹਾਂ ਨੂੰ ਕੁਝ ਯਾਦ ਨਹੀਂ ਰਹਿੰਦਾ। ਇਨ੍ਹਾਂ ਦੀ ਮੈਮਰੀ ਫੇਲ ਹੋ ਗਈ ਹੈ, ਕਿਸੇ ਨੂੰ ਸੱਦ ਕੇ ਤੁਰੰਤ ਹਸਪਤਾਲ ਲੈ ਜਾ।"

"ਫਿਰ?" ਮੈਂ ਉਤਸੁਕਤਾ ਨਾਲ ਪੁਛਿਆ।

"ਫਿਰ ਮੈਂ ਸੋਚਿਆ ਵਿਰਕ ਅੰਕਲ ਨੂੰ ਨਾਲ ਲੈ ਕੇ ਤੁਹਾਨੂੰ ਹਸਪਤਾਲ ਲੈ ਜਾਵਾਂ। ਪਰ ਉਹ ਕਚਹਿਰੀ ਚਲੇ ਗਏ ਸਨ ਤੇ ਮੈਨੂੰ ਉਨ੍ਹਾਂ ਦਾ ਉਥੋਂ ਦਾ ਪਤਾ ਮਾਲੂਮ ਨਹੀਂ ਸੀ। ਮੈਂ ਤੁਹਾਨੂੰ ਪਤਾ ਪੁਛੱਣ ਆਇਆ। ਤੁਸੀਂ ਪਤਾ ਤਾਂ ਠੀਕ ਦੱਸ ਦਿਤਾ ਪਰ ਨਾਲ ਦੀ ਨਾਲ ਹੀ ਭੁੱਲ ਗਏ ਤੇ ਪੁੱਛਣ ਲਗੇ ਕਿੱਥੇ ਚੱਲਿਆਂ ਹੈਂ। ਮੈਂ ਤੁਹਾਨੂੰ ਦਸਿਆ ਕਿ ਤੁਹਾਡੀ ਮੈਮਰੀ ਫੇਲ੍ਹ ਹੋ ਗਈ ਹੈ। ਤੁਹਾਨੂੰ ਹੁਣੇ ਤਾਂ ਦਸਿਆ ਹੈ ਕਿ ਵਿਰਕ ਅੰਕਲ ਨਾਲ ਤੁਹਾਨੂੰ ਹਸਪਤਾਲ ਲੈ ਕੇ ਜਾਣਾ ਹੈ। ਤੁਸੀਂ ਕਿਹਾ ਜੇ ਮੈਮਰੀ ਫੇਲ੍ਹ ਹੋ ਗਈ ਹੈ ਤਾਂ ਮੈਨੂੰ 'ਕੈ...ਇੰ... ਦੇ ਦੇ।' ਮੈਂ ਤੁਹਾਨੂੰ ਕੈ...ਇੰ...ਦੀ ਖੁਰਾਕ ਦੇ ਕੇ ਅੰਕਲ ਨੂੰ ਸੱਦਣ ਕਚਹਿਰੀ ਚਲਾ ਗਿਆ। ਜੇ ਨਹੀਂ ਯਕੀਨ ਆਉਂਦਾ ਔਹ ਵੇਖ ਲੋ ਸ਼ੀਸ਼ੀ ਹਾਲੇ ਮੇਜ਼ 'ਤੇ ਹੀ ਪਈ ਹੈ। ਅਸੀਂ ਆਏ ਤਾਂ ਤੁਸੀ ਠੀਕ ਗੱਲ ਕਰ ਰਹੇ ਸੀ।"

"ਪਰ ਵਿਰਕ ਸਾਹਿਬ ਆਉਣ ਲੱਗੇ ਤੈਨੂੰ ਬਾਹਰ ਕਿਉਂ ਛੱਡ ਆਏ ਸਨ ਤੇ ਜਾਂਦੇ ਹੋਏ ਤੇਰੇ ਨਾਲ ਬਾਹਰ ਕੀ ਘੁਸਰ ਮੁਸਰ ਕਰ ਰਹੇ ਸਨ?" ਮੈਂ ਸਮਝ ਦੀ ਕੜੀ ਜੋੜਨ ਲਈ ਪੁੱਛਿਆ।

"ਜਦੋਂ ਮੈਂ ਉਨ੍ਹਾਂ ਨੂੰ ਤੁਹਾਡੀ ਹਾਲਤ ਬਾਰੇ ਦਸਿਆ ਤਾਂ ਕਹਿਣ ਲਗੇ ਕਿ ਤੂੰ ਬਾਹਰ ਖੜੀਂ, ਪਹਿਲਾਂ ਮੈਂ ਆਪਣੇ ਤੌਰ ਤੇ ਅੰਦਰ ਜਾ ਕੇ ਪਤਾ ਲਾਵਾਂਗਾ ਕਿ ਕਿਤੇ ਕੋਈ ਡਰਾਮਾ ਤਾਂ ਨਹੀਂ ਕਰ ਰਹੇ। ਹੁਣ ਜਾਂਦੇ ਹੋਏ ਕਹਿ ਗਏ ਹਨ ਕਿ ਹਾਲ ਦੀ ਘੜੀ ਤਾਂ ਉਨ੍ਹਾਂ ਨੂੰ ਸਭ ਕੁਝ ਠੀਕ ਲੱਗਿਆ ਐ ਪਰ ਜੇ ਕੋਈ ਗੱਲ ਹੋਈ ਤਾਂ ਫਿਰ ਆ ਜਾਣਗੇ।"

ਉਸ ਦੀ ਗੱਲ ਸੁਣ ਕੇ ਮੈਂ ਸੋਫੇ ਤੇ ਪਿੱਠ ਲਾ ਕੇ ਬੈਠ ਗਿਆ। ਦਿਮਾਗ਼ ਤੇ ਬੋਝ ਪਾ ਕੇ ਸੋਚਣ ਲੱਗਾ ਕਿ ਕੀ ਜੋ ਇਹ ਕਹਿ ਰਿਹਾ ਹੈ ਉਹ ਸੱਚ ਹੈ? ਸਰਬਜੀਤ ਦੇ ਆਉਣ ਅਤੇ ਮੇਜ਼ ਤੇ ਪਈ ਸ਼ੀਸ਼ੀ ਬਾਰੇ ਸੋਚ ਕੇ ਮੈਨੂੰ ਉਸ ਦੀ ਗੱਲ ਤੇ ਵਿਸ਼ਵਾਸ ਕਰਨਾ ਪਿਆ ਪ੍ਰੰਤੂ ਕੁਝ ਯਾਦ ਨਾ ਆਉਣ ਕਰ ਕੇ ਮੇਰਾ ਮਨ ਕਾਹਲਾ ਪੈਣ ਲਗ ਪਿਆ। ਮੈਂ ਵਾਰ ਵਾਰ ਯਾਦ ਕਰਨ ਦੀ ਕੋਸ਼ਿਸ਼ ਕਰਦਾ ਪਰ ਮੇਰੇ ਖਿਆਲਾਂ ਦੀ ਪੈੜ ਮੇਰੇ ਹੋਸ਼ ਪਰਤਣ ਤੇ ਕਾਕੇ ਦੀ ਹੈਲਮਟ ਲਭੱਣ ਤੇ ਜਾ ਕੇ ਮੁੱਕ ਜਾਂਦੀ। ਮੇਰਾ ਸਿਰ ਫਟਣ ਲਗਿਆ। ਮੈਂ ਕਾਕੇ ਨੂੰ ਆਖ ਕੇ ਚਾਹ ਦਾ ਇਕ ਕੱਪ ਲਿਆ। ਮਗਰੋਂ ਖਾਣਾ ਖਾ ਕੇ ਸੌਂ ਗਿਆ।

ਦੁਪਹਿਰ ਬਾਦ ਉਠਿਆ ਤਾਂ ਸਿਰ ਪੀੜ ਥੋੜੀ ਘੱਟ ਸੀ ਤੇ ਖਿਆਲ ਵੀ ਬਦਲੇ ਹੋਏ ਸਨ। ਹੁਣ ਮੈਂ ਘਟਨਾਵਾਂ ਦੀ ਲੜੀ ਬਾਰੇ ਨਾ ਸੋਚ ਕੇ ਇਹ ਜਾਨਣ ਦੀ ਕੋਸਿਸ਼ ਕਰਨ ਲੱਗਾ ਕਿ ਮੈਨੂੰ ਇਹ ਹੋਇਆ ਕੀ ਸੀ? ਮੇਰਾ ਧਿਆਨ ਸਵੇਰ ਦੀ ਚਾਹ ਤੇ ਗਿਆ ਜਿਸ ਨੂੰ ਪੀਂਦੇ ਪੀਂਦੇ ਮੈਂ ਚਿੱਤ ਹੋਇਆ ਸੀ। ਮੈਂ ਸੋਚਿਆ ਕਿ ਹੋ ਸਕਦਾ ਹੈ ਚਾਹ ਵਿਚ ਕੋਈ ਜਹਿਰੀਲੀ ਚੀਜ਼ ਪੈ ਗਈ ਹੋਵੇ ਜਿਸ ਨਾਲ ਮੇਰੇ ਹੋਸ਼ੋ-ਹਵਾਸ਼ ਗ਼ੁਮ ਹੋ ਗਏ ਹੋਣ। ਇਹ ਸੋਚ ਕੇ ਮੇਰਾ ਸਭ ਤੋਂ ਪਹਿਲਾ ਸ਼ੱਕ ਉਸ ਡੇਅਰੀ ਵਾਲੇ 'ਤੇ ਗਿਆ ਜਿਥੋਂ ਮੈਂ ਦੁੱਧ ਲਿਆਉਂਦਾ ਸਾਂ। ਮੈਂ ਉਸ ਨੂੰ ਕਈ ਵਾਰ ਟੋਕਿਆ ਸੀ ਕਿ ਉਹ ਆਪਣਾ ਦੁੱਧ ਦਾ ਢੋਲ ਬਿਜਲੀ ਦੇ ਲਾਟੂ ਹੇਠ ਨਾ ਰਖਿਆ ਕਰੇ ਕਿਉਂਕਿ ਇਸ ਦੁਆਲੇ ਛਿਪਕਲੀਆਂ ਮੰਡਰਾਉਂਦੀਆਂ ਰਹਿੰਦੀਆਂ ਸਨ ਪਰ ਉਸ ਨੇ ਇਕ ਨਹੀਂ ਸੀ ਸੁਣੀ। ਮੈਂ ਕਾਕੇ ਨੂੰ ਕਿਹਾ ਕਿ ਉਹ ਫਟਾ-ਫੱਟ ਮੈਨੂੰ ਡੇਅਰੀ ਵਾਲੇ ਬੁੱਢੇ ਕੋਲ ਲੈ ਚਲੇ। ਲੋਹਾ ਲਾਖਾ ਹੋ ਕੇ ਮੈਂ ਉਸ ਨੂੰ ਉਸ ਦੀ ਕੁਤਾਹੀ ਬਾਰੇ ਫਿਟਲਾਹਣਤ ਪਾਈ ਤੇ ਆਪਣੀ ਵਿਥਿਆ ਸੁਣਾਈ। ਉਸ ਨੇ ਹਲੀਮੀ ਨਾਲ ਕਿਹਾ, "ਮੇਰੇ ਦੋ ਸੌ ਗਾਹਕਾਂ ਵਿਚੋਂ ਹੋਰ ਕਿਸੇ ਦੀ ਤਾਂ ਜੀ ਕੋਈ ਅਜਿਹੀ ਸ਼ਿਕਾਇਤ ਨਹੀਂ ਆਈ। ਤੇ ਕਾਕਾ ਜੀ ਨੇ ਵੀ ਤਾਂ ਉਸੇ ਦੁੱਧ ਦੀ ਚਾਹ ਪੀਤੀ ਹੋਣੀ ਐ? ਇਹ ਤਾਂ ਠੀਕ ਠਾਕ ਹਨ। ਫਿਰ ਵੀ ਮੈ ਤੁਹਾਡੀ ਗੱਲ ਮੰਨ ਕੇ ਢੋਲ ਹੁਣੇ ਦੂਜੇ ਪਾਸੇ ਰੱਖ ਦਿੰਦਾ ਹਾਂ।" ਮੈਨੂੰ ਉਸ ਦੀ ਗੱਲ ਵਿਚ ਥੋੜਾ ਤਰਕ ਲਗਿਆ ਤੇ ਮੈਂ ਗੁੱਸਾ ਪੀ ਕੇ ਘਰ ਮੁੜ ਆਇਆ।

ਸ਼ਾਮ ਹੋਣ ਨਾਲ ਮੇਰਾ ਸਿਰ-ਦਰਦ ਪਰਤ ਆਇਆ ਤੇ ਮੈਂ ਉਸੇ ਦਵਾਈ ਦੀ ਇਕ ਹੋਰ ਖ਼ੁਰਾਕ ਲੈ ਕੇ ਲੇਟ ਗਿਆ। ਰਾਤ ਨੂੰ ਸਰਬਜੀਤ ਵਿਰਕ ਹਾਲ ਪੁੱਛਣ ਆਇਆ ਤੇ ਸਵੇਰੇ ਹਸਪਤਾਲ ਦਿਖਾਉਣ ਦੀ ਸਲਾਹ ਦੇ ਕੇ ਚਲਾ ਗਿਆ। ਅਮਰੀਕਾ ਤੋਂ ਫਿਰ ਬਚਿੱਆਂ ਦੇ ਫੋਨ ਆਏ, ਉਨ੍ਹਾਂ ਨੇ ਵੀ ਇਸੇ ਗੱਲ ਤੇ ਜੋਰ ਦਿਤਾ। ਸਵੇਰੇ ਮੈਂ ਉਂਜ ਠੀਕ ਸਾਂ ਪਰ ਸਭ ਦੀ ਰਾਏ ਦਾ ਮਾਣ ਰਖਣ ਲਈ ਕਾਕੇ ਨਾਲ ਹਸਪਤਾਲ ਚਲਾ ਗਿਆ। ਉਥੇ ਡਾਕਟਰਾਂ ਨੇ ਮੈਨੂੰ ਕਈ ਵਿਭਾਗਾਂ ਵਿਚ ਘੁਮਾ ਕੇ ਸਾਇਕੈਟਰੀ ਵਿਭਾਗ ਵਿਚ ਭੇਜ ਦਿਤਾ। ਸਾਇਕੈਟਰੀ ਵਾਲਿਆਂ ਨੇ ਇਸ ਨੂੰ ਬੇਹੋਸ਼ੀ ਦਾ ਦੌਰਾ ਦੱਸ ਕੇ ਸੀ ਟੀ ਸਕੈਨ ਕਰਾਉਣ ਲਈ ਕਿਹਾ ਤੇ ਚਿੰਤਾ-ਮੁਕਤ ਰਹਿਣ ਦੀ ਸਲਾਹ ਦਿਤੀ। ਉਨ੍ਹਾਂ ਤੋਂ ਮੈਨੂੰ ਇਹੀ ਉਮੀਦ ਸੀ।

ਦਰਅਸਲ ਮਨੁੱਖੀ ਮਨ ਦੀਆਂ ਸੂਖ਼ਮ ਪੇਚਗੀਆਂ ਉਨ੍ਹਾਂ ਦੀ ਪਹੁੰਚ ਤੋਂ ਬਹੁਤ ਦੂਰ ਸਨ। ਮੇਰਾ ਕੋਈ ਸਾਧਾਰਣ ਬੇਹੋਸ਼ੀ ਦਾ ਦੌਰਾ ਨਹੀਂ ਸੀ। ਇਸ ਵਿਚ ਮੈਂ ਤੁਰ ਫਿਰ ਰਿਹਾ ਸਾਂ, ਗੱਲਾਂ ਬਾਤਾਂ ਕਰ ਰਿਹਾ ਸਾਂ, ਠੀਕ ਐਡਰੈਸ ਦੱਸ ਰਿਹਾ ਸਾਂ ਤੇ ਆਪਣੀ ਸੱਹੀ ਦਵਾਈ ਆਪ ਦੱਸ ਰਿਹਾ ਸਾਂ। ਪਰ ਹਰ ਗੱਲ ਨਾਲ ਦੀ ਨਾਲ ਭੁੱਲ ਜਾਂਦਾ ਸਾਂ। ਇਸ ਬੇਹੋਸ਼ੀ ਵਿਚ ਮੈਂ ਕੋਈ ਫ਼ੈਸਲਾ ਲੈ ਕੇ ਅਮਲ ਨਹੀਂ ਸੀ ਕਰ ਸਕਦਾ ਕਿਉਂਕਿ ਯਾਦਦਾਸ਼ਤ ਦੀ ਲਕੀਰ ਨਾਲ ਦੀ ਨਾਲ ਮਿਟ ਜਾਂਦੀ ਸੀ। ਇਸ ਦਾ ਸਭ ਰੰਗ ਢੰਗ ਤਾਂ ਅੱਜ ਕੱਲ ਦੇ ਐਲਜ਼ਾਈਮਰ ਰੋਗ ਵਰਗਾ ਸੀ ਜਿਸ ਨੂੰ ਕੋਈ ਵੀ ਡਾਕਟਰ ਜਾਂ ਮਨੋਵਿਗਿਆਨੀ ਠੀਕ ਨਹੀ ਕਰ ਸਕਿਆ। ਪਰ ਮੈਂ ਤਾਂ ਠੀਕ ਹੋ ਚੁੱਕਾ ਸਾਂ। ਇਸ ਲਈ ਮੈਂ ਡਾਕਟਰੀ ਸਲਾਹ ਅਨਸੁਣੀ ਕਰ ਕੇ ਇਸ ਦੇ ਅਸਲੀ ਕਾਰਣ ਦੀ ਖੋਜ ਜਾਰੀ ਰਖੀ।

ਦੋ ਤਿੰਨ ਦਿਨ ਦੀ ਭਾਲ ਮਗਰੋਂ ਵੀ ਜਦੋਂ ਮੇਰੇ ਹੱਥ ਪੱਲੇ ਕੁਝ ਨਾ ਪਿਆ ਤਾਂ ਮੈਂ ਸਿਮੂਲੇਸ਼ਨ ਖੋਜ਼ ਵਿਧੀ ਦਾ ਸਹਾਰਾ ਲਿਆ। ਇਸ ਵਿਧੀ ਦਾ ਗਿਆਨ ਮੈਨੂੰ 1973 ਦਾ ਸੀ ਜਦੋਂ ਮੈਂ ਸਰ

*(ਬਾਕੀ ਅਗਲੇ ਸਫੇ 'ਤੇ)*

# ਪੱਗ ਤਾਂ ਪੰਜਾਬੀਆਂ ਦਾ ਗਹਿਣਾ ਮਿੱਤਰੋ

ਪੱਗ ਦੀ ਸਿੱਖ ਧਰਮ ਵਿਚ ਬੜੀ ਅਹਿਮੀਅਤ ਹੈ, ਉਂਜ ਵੇਖਿਆ ਜਾਏ ਤਾਂ ਇਹ ਸਿਰਫ਼ 6-7 ਮੀਟਰ ਦਾ ਕੱਪੜਾ ਹੈ ਪਰ ਪੂਣੀ ਕਰਕੇ ਸਿਰ ਉਤੇ ਬੰਨ੍ਹਣ ਤੋਂ ਬਾਅਦ ਕਿਸੇ ਮਹਾਰਾਜੇ ਵਾਂਗ ਇਹ ਸਾਡੇ ਸਿਰ ਦਾ ਤਾਜ ਬਣ ਜਾਂਦੀ ਹੈ। ਪੱਗ ਬੰਨ੍ਹੀ ਹੋਵੇ ਤਾਂ 'ਸਰਦਾਰ' ਮਗਰ ਆਪ ਮੁਹਾਰੇ ਜੀ ਲੱਗ ਜਾਂਦਾ ਹੈ। ਪੱਗ ਪੰਜਾਬੀਆਂ ਦੀ ਆਨ, ਸ਼ਾਨ ਤੇ ਮਾਣ ਮਰਿਆਦਾ ਸਭ ਕੁਝ ਹੈ ਪਰ



ਨਿੰਮਾ ਡੱਲੇਵਾਲਾ
ਫੋਨ:513-432-9754

ਅਫ਼ਸੋਸ ਇਸ ਨਵੇਂ ਦੌਰ ਦੀ ਫ਼ੈਸ਼ਨ ਦੀ ਹਨ੍ਹੇਰੀ ਇਸ 'ਤੇ ਝੱਖੜ ਬਣ ਝੁੱਲ ਕੇ ਭਾਰੂ ਪੈ ਰਹੀ ਹੈ। ਇਸ ਵਿਚ ਕਿਸੇ ਦਾ ਕੋਈ ਵੀ ਕਸੂਰ ਨਹੀਂ, ਸਭ ਸਾਡੀਆਂ ਹੀ ਗਲਤੀਆਂ ਹਨ। ਅਸੀਂ ਭੁੱਲਦੇ ਜਾ ਰਹੇ ਹਾਂ ਕਿ ਪੱਗ ਸਾਡੇ ਗੁਰੂਆਂ ਵਲੋਂ ਦਿੱਤਾ ਵੱਖਰੀ ਪਛਾਣ ਦਾ ਵੱਡਮੁੱਲਾ ਤੋਹਫ਼ਾ ਵੀ ਹੈ।

ਵੱਡਾ ਸਵਾਲ ਹੈ ਕਿ ਆਪਣੇ ਧਰਮ ਪ੍ਰਤੀ ਅਸੀਂ ਕਿਉਂ ਨਹੀਂ ਇਮਾਨਦਾਰ ਹੋ ਸਕਦੇ? ਯੋਧਿਆਂ, ਸੂਰਬੀਰਾਂ ਅਤੇ ਸ਼ੇਰਾਂ ਦੀ ਕੌਮ ਅਖਵਾਉਣ ਵਾਲੀ ਸਿੱਖ ਕੌਮ ਆਪਣੇ ਪ੍ਰਣ ਤੋਂ ਕਿਉਂ ਡਗਮਗਾ ਰਹੀ ਹੈ? ਕਿੱਥੇ ਗਏ ਸਾਡੇ ਉਹ ਪੰਜ ਕੱਕਾਰ ਜੋ ਸਿੱਖ ਕੌਮ ਨੂੰ ਸਾਡੇ ਗੁਰੂ ਨੇ ਸਾਂਭਣ ਵਾਲੀ ਅਮਾਨਤ ਵਜੋਂ ਸੌਂਪੇ ਸਨ? ਕੁਝ ਵਿਰਲੇ ਹੀ ਹਨ ਇਸ ਅਮਾਨਤ ਦੀ ਰਾਖੀ ਵਾਸਤੇ ਮਰ ਮਿਟਣ ਵਾਲੇ। ਬੱਸ, ਹੁਣ ਨਾਂ ਪਿੱਛੇ ਸਿੰਘ ਅਤੇ ਬਾਂਹ ਵਿਚ ਪਾਇਆ ਕੜਾ ਹੀ ਰਹਿ ਗਿਆ ਹੈ ਸਾਡੇ ਪੱਲੇ। ਡਰ ਲਗਦਾ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਕਿਤੇ ਨਾਂ ਪਿੱਛੇ ਸਿੰਘ ਲਾਉਣ ਤੋਂ ਵੀ ਨਾ ਹਟ ਜਾਵੇ। ਜ਼ਰਾ ਸੋਚੋ, ਬੱਚਿਆਂ ਦੇ ਪਹਿਲਾਂ ਵਰਗੇ ਨਾਂ ਅੱਜ ਕੌਣ ਰੱਖਦਾ ਹੈ? ਜ਼ਰੂਰੀ ਨਹੀਂ ਕਿ ਬਦਲਦੇ ਸਮੇਂ ਦੀਆਂ ਸਭ ਗੱਲਾਂ ਹੀ ਠੀਕ ਹੋਣ!

ਬੱਚੇ ਸੁਰਤ ਸੰਭਾਲਣ ਤੱਕ ਬੜੇ ਵਧੀਆ ਗੁੱਟੀ 'ਤੇ ਰੁਮਾਲ ਜਾਂ ਪਟਕਾ ਬੰਨ੍ਹ ਕੇ ਸਕੂਲੇ ਜਾਣਗੇ। ਜ਼ਰਾ ਸੁਰਤ ਸੰਭਾਲੀ; ਜਵਾਨੀ ਦੇ ਰਾਹ 'ਤੇ ਮਾੜਾ ਜਿਹਾ ਪੈਰ ਰੱਖਿਆ ਤਾਂ ਸ਼ੁਰੂ ਹੋ ਜਾਂਦੀ ਹੈ ਵਾਲ ਕਟਾਉਣ ਦੀ ਜ਼ਿਦ। ਉਨ੍ਹਾਂ ਨੂੰ ਭਰਮ ਹੁੰਦਾ ਹੈ ਕਿ ਉਹ ਸੋਹਣੇ ਬਣ ਗਏ। ਕੌੜਾ ਸੱਚ ਇਹ ਹੈ ਕਿ ਜਦੋਂ ਪਿਓ ਹੀ ਪੱਗ ਬੰਨ੍ਹਣ ਤੋਂ ਹਟ ਗਿਆ ਤਾਂ ਉਹ ਬੱਚਿਆਂ ਨੂੰ ਕਿਹੜੀ ਤਾਲੀਮ ਦੇ ਸਕਦਾ ਹੈ?

ਜਿਹੜੇ ਮੂੰਹ 'ਤੇ ਹੈ ਨੀ ਮੁੱਛ,
ਉਹਦਾ ਜੱਗ 'ਤੇ ਨਾ ਕੁੱਛ।
ਜਿਹਦੇ ਹੈ ਨੀ ਯਾਰੋ ਦਾੜ੍ਹੀ,
ਉਹਦੀ ਕਿਸਮਤ ਮਾੜੀ।
ਜਿਹਦੇ ਸਿਰ 'ਤੇ ਨੇ ਵਾਲ,
ਬਾਜਾਂ ਵਾਲਾ ਉਹਦੇ ਨਾਲ।
ਜਿਹੜਾ ਬੰਨ੍ਹਦਾ ਏ ਪੱਗ,
ਉਹ ਨਾ ਗੁਰੂ ਤੋਂ ਅਲੱਗ।
ਜਿਹਨੂੰ ਬੰਨ੍ਹਣੀ ਨਾ ਆਉਂਦੀ,
ਉਹਨੂੰ ਬੰਨ੍ਹਣੀ ਸਿਖਾਇਓ।
'ਨਿੰਮਾ' ਕਹੇ ਮੇਰੇ ਵੀਰੋ
ਹਾੜ੍ਹਾ ਪੱਗ ਨਾ ਭੁਲਾਇਓ।

ਇਕ ਝਾਤੀ ਜ਼ਿੰਦਗੀ ਨਾਲ ਜੁੜੇ ਮਨੋਰੰਜਨ ਦੇ ਸਭ ਤੋਂ ਵੱਡੇ ਸਾਧਨ ਹਿੰਦੀ ਫ਼ਿਲਮਾਂ ਵੱਲ ਮਾਰੀਏ ਤਾਂ ਹੁਣ ਹਰ ਫ਼ਿਲਮ ਵਿਚ ਪੰਜਾਬੀ ਸੀਨ ਅਤੇ ਪੰਜਾਬੀ ਪੱਗ ਵਾਲੇ ਸਰਦਾਰ ਦਾ ਕਿਰਦਾਰ ਲਾਜ਼ਮੀ ਬਣ ਚੁੱਕਾ ਹੈ। ਹਰ ਫਿਲਮ ਸਿਤਾਰਾ ਪੱਗ ਬੰਨ੍ਹ ਕੇ ਜਿਹੜੀ ਵੀ ਫ਼ਿਲਮ ਵਿਚ ਆਇਆ, ਉਹ ਫਿਲਮ ਸਫ਼ਲਤਾ ਦੀਆਂ ਸਿਖ਼ਰਾਂ 'ਤੇ ਪਹੁੰਚੀ। ਜ਼ਰਾ ਇਕ ਨਜ਼ਰ ਪੁਰਾਣੀਆਂ ਫਿਲਮਾਂ 'ਤੇ ਮਾਰ ਕੇ ਵੇਖੋ ਤਾਂ ਪੱਗ ਵਾਲਾ ਸਰਦਾਰ ਚੌਕੀਦਾਰ ਵਾਂਗੂੰ ਗੇਟ ਕੋਲ ਖੜ੍ਹਾ ਜਾਂ ਕਾਰ ਦਾ ਦਰਵਾਜ਼ਾ ਖੋਲ੍ਹਦਾ ਹੀ ਨਜ਼ਰ ਆਏਗਾ। ਹੁਣ ਉਹੀ ਫਿਲਮਾਂ ਵਾਲੇ ਪੱਗਾਂ ਬੰਨ੍ਹਣ ਵਾਲੇ ਅਤੇ ਪੰਜਾਬ ਤੋਂ ਪੰਜਾਬੀ ਮੁੰਡਿਆਂ ਨੂੰ ਬੁਲਾਉਂਦੇ ਹਨ। ਵਿਆਹ ਵਰਗਾ ਜ਼ਿੰਦਗੀ ਦਾ ਸਭ ਤੋਂ ਵੱਡਾ ਕਾਰਜ ਸਿਰ 'ਤੇ ਸਿਹਰਾ ਬੰਨ੍ਹੇ ਬਿਨਾ ਨਹੀਂ ਹੁੰਦਾ, ਤੇ ਉਹ ਸਿਹਰਾ ਵੀ ਪੱਗ ਤੋਂ ਬਿਨਾ ਨਹੀਂ ਬੰਨ੍ਹਿਆ ਜਾ ਸਕਦਾ। ਨਾ ਸਿਰਫ਼ ਸਿੱਖ ਧਰਮ ਵਿਚ ਸਗੋਂ ਹੋਰ ਧਰਮਾਂ ਵਿਚ ਵੀ ਇੰਜ ਹੁੰਦਾ ਹੈ।

ਕਿਹੜੀਆਂ ਕੀਮਤਾਂ 'ਤੇ ਸਾਨੂੰ ਇਹ ਸਰਦਾਰੀਆਂ ਮਿਲੀਆਂ? ਕਿੰਨੀਆਂ ਕੁਰਬਾਨੀਆਂ ਤੇ ਲਹੂ ਦੇ ਵਹਿਣ ਵਹੇ ਇਸ ਕੁਝ ਮੀਟਰ ਦੇ ਕੱਪੜੇ ਦੀ ਦਸਤਾਰ ਬਦਲੇ? ਪੰਜ ਸਿਰਾਂ ਦੀਆਂ ਨੀਹਾਂ 'ਤੇ ਇਹ ਸਰਦਾਰੀਆਂ ਵਾਲਾ ਮਹਿਲ ਉਸਰਿਆ। ਉਸ ਤੋਂ ਬਾਅਦ ਤਾਂ ਆਮ ਇਨਸਾਨ ਵੀ ਸਿੰਘ ਯਾਨਿ ਸ਼ੇਰ ਬਣ ਗਿਆ। ਸੂਰਬੀਰਤਾ ਦਾ ਇਹ ਅਜਿਹਾ ਪਿਆਲਾ ਸੀ ਜਿਸ ਦਾ ਸਰੂਰ ਰਹਿੰਦੀ ਦੁਨੀਆਂ ਤੱਕ ਰਹਿਣਾ ਹੈ।

ਜਿਹੜਾ ਵੀ ਪੰਜਾਬੀ ਯਾਰੋ,
ਪੱਗ ਭੁਲਾ ਗਿਆ ਏ।
ਸਮਝੋ ਕਿ ਉਹੋ
ਸੱਚਾ ਰੱਬ ਭੁਲਾ ਗਿਆ ਏ।
ਕਈਆਂ ਸੀਸ ਕਟਾਏ ਨੇ,
ਕਈ ਖੋਪਰ ਲੁਹਾਏ ਨੇ।
ਕਿਹਦੀ ਹੈ ਮਜਾਲ,
ਹੱਥ ਪੱਗ ਨੂੰ ਪਾ ਗਿਆ ਏ।
ਗੁਰਾਂ ਦਿੱਤਾ ਮਾਣ
ਤੇ ਪਛਾਣ ਜਿਹੜਾ ਭੁੱਲਿਆ।
ਕਾਹਦਾ ਇਨਸਾਨ
ਨਿੰਮਾ ਸੱਚ ਸੁਣਾ ਗਿਆ ਏ।

ਪੱਗ ਬੰਨ੍ਹਣ ਦੇ ਮਾਮਲੇ ਵਿਚ ਬਹਾਨਿਆਂ ਦੀਆਂ ਅਸੀਂ ਸਭ ਹੱਦਾਂ ਪਾਰ ਕਰ ਗਏ ਹਾਂ। ਪੰਜਾਬ, ਪੰਜਾਬੀਆਂ ਦਾ ਅਸਲ ਘਰ, ਤੇ ਆਪਣੇ ਘਰ ਕਾਹਦਾ ਡਰ। ਅਗਰ ਉਥੇ ਕਿਸੇ ਨੌਜਵਾਨ ਨੂੰ ਪੁੱਛੋ ਕਿ ਪੱਗ ਕਿਉਂ ਨਹੀਂ ਬੰਨ੍ਹਦਾ ਤਾਂ ਬਹਾਨਾ ਸਿਰ ਦੁਖਣ ਦਾ ਲੱਗ ਜਾਂਦਾ ਹੈ; ਅਖੇ ਮੈਨੂੰ ਸੁਖਾਉਂਦੀ ਨਹੀਂ, ਜਾਂ ਆਉਂਦੀ ਨਹੀਂ, ਪਰ ਅਸੀਂ ਸਭ ਜਾਣਦੇ ਹਾਂ ਕਿ ਇਹ ਇਕ ਬਹਾਨਾ ਹੈ। ਤੇ ਹੁਣ ਗੱਲ ਕਰੀਏ, ਬਾਹਰਲੇ ਮੁਲਕਾਂ ਦੀ ਜਿੱਥੇ



ਕੋਨੇ ਕੋਨੇ ਵਿਚ ਪੰਜਾਬ ਵੱਸਦਾ ਹੈ। ਕੰਮਾਂ ਕਾਰਾਂ ਨੂੰ ਲੈ ਕੇ ਓਪਰੇ ਮੁਲਕਾਂ ਵਿਚ ਕਈ ਗੰਭੀਰ ਮਸਲੇ ਖੜ੍ਹੇ ਹੁੰਦੇ ਹਨ ਪਰ ਇਸ ਦੇ ਵੀ ਅਸੀਂ ਹੀ ਜ਼ਿੰਮੇਵਾਰ ਹਾਂ। ਅਮਰੀਕਾ ਵਿਚ 9/11 ਤੋਂ ਬਾਅਦ ਸਿੱਖ ਭਾਈਚਾਰਾ ਕਈ ਭੁਲੇਖਿਆ ਦਾ ਸ਼ਿਕਾਰ ਹੋਇਆ ਸੀ। ਸਿੱਖਾਂ ਨੂੰ ਪੱਗ ਕਰਕੇ ਮੁਸਲਮਾਨ ਸਮਝਿਆ ਗਿਆ ਅਤੇ ਉਨ੍ਹਾਂ 'ਤੇ ਹਮਲੇ ਹੋਏ। ਪਰ ਇਹ ਮਾਰ ਵੀ ਸਾਨੂੰ ਸਾਡੀਆਂ ਗ਼ਲਤੀਆਂ ਕਾਰਨ ਹੀ ਪਈ ਹੈ। ਸਿੱਖ ਆਪਣੀ ਨਿਵੇਕਲੀ ਦਸਤਾਰ ਬਾਰੇ ਓਪਰੇ ਮੁਲਕਾਂ ਤੇ ਸਭਿਆਚਾਰਾਂ ਵਿਚ ਸਹੀ ਪਛਾਣ ਬਣਾਉਣ ਲਈ ਕਦੇ ਯਤਨਸ਼ੀਲ ਹੀ ਨਹੀਂ ਹੋਏ। ਗੁਰਦੁਆਰਿਆਂ ਵਿਚ ਲੜਾਈਆਂ ਤਾਂ ਬਥੇਰੀਆਂ ਕਰੀ ਜਾਂਦੇ ਹਨ ਪਰ ਦਸਤਾਰ ਜਾਂ ਸਿੱਖੀ ਸਰੂਪ ਬਾਰੇ ਢੁਕਵਾਂ ਲਿਟਰੇਚਰ ਛਾਪ ਕੇ ਅਤੇ ਹੋਰ ਯਤਨ ਕਰ ਕੇ ਜਾਗਰੂਕਤਾ ਪੈਦਾ ਕਰਨ ਦੀਆਂ ਗੰਭੀਰ ਕੋਸ਼ਿਸ਼ਾਂ ਕਦੇ ਹੋਈਆਂ ਹੀ ਨਹੀਂ।

ਆਮ ਬਹਾਨਾ ਹੈ ਕਿ ਪੱਗ ਨਾਲ ਕੰਮ ਮਿਲਣ ਵਿਚ ਪ੍ਰੇਸ਼ਾਨੀ ਆਉਂਦੀ ਹੈ ਜਾਂ ਇਥੋਂ ਦੇ ਲੋਕ ਪਸੰਦ ਨਹੀਂ ਕਰਦੇ। ਇਹ ਗੱਲ ਇਕ ਖਾਸ ਹੱਦ ਤੱਕ ਤਾਂ ਠੀਕ ਹੈ ਪਰ ਪੂਰੀ ਤਰ੍ਹਾਂ ਨਹੀਂ। ਆਪਣੀਆਂ ਕਮਜ਼ੋਰੀਆਂ ਢਕਣ ਲਈ ਅਸੀਂ ਇਹ ਬਹਾਨਾ ਖੜ੍ਹਾ ਕਰਦੇ ਹਾਂ। ਚੱਜ ਨਾਲ ਅੰਗਰੇਜ਼ੀ ਸਿੱਖਣ ਅਤੇ ਆਪਣੇ ਆਚਾਰ-ਵਿਹਾਰ ਵਿਚ ਬਿਹਤਰੀ ਲਿਆਉਣ ਦੀ ਥਾਂ ਅਸੀਂ ਦੋਸ਼ ਪੱਗ ਨੂੰ ਦੇ ਮਾਰਦੇ ਹਾਂ। ਗੱਲ ਟਰੱਕਰ ਵੀਰਾਂ ਦੀ ਕਰੀਏ ਤਾਂ ਬਥੇਰੇ ਇਹੋ ਜਿਹੇ ਮਿਲਣਗੇ ਜਿਨ੍ਹਾਂ ਸਿਰ 'ਤੇ ਪੱਗ ਦੇ ਸਿਰਫ ਵਲੇਟੇ ਮਾਰੇ ਹੁੰਦੇ ਹਨ। ਕਈ ਵਾਰ ਤਾਂ ਕੱਪੜੇ ਵੀ ਗੰਦੇ ਹੁੰਦੇ ਹਨ। ਅੰਗਰੇਜ਼ੀ ਉਂਜ ਨਹੀਂ ਬੋਲਣੀ ਆਉਂਦੀ, ਕੋਈ ਪੁਲਿਸ ਵਾਲਾ ਰੋਕ ਲਏ ਤਾਂ ਬਹਾਨਾ ਇਹ ਲਾ ਦਿੱਤਾ ਜਾਂਦਾ ਹੈ ਕਿ ਸਿੱਖ ਹੋਣ ਕਰਕੇ ਰੋਕਿਆ ਗਿਆ ਹੈ। ਟਰੱਕਰ ਵੀਰ ਸਾਡੇ ਇਕ ਤਰ੍ਹਾਂ ਦੂਤ ਹਨ। ਉਨ੍ਹਾਂ ਨੂੰ ਤਾਂ ਆਪਣੇ ਅੰਦਰ ਪੂਰੀ ਨਿਫਾਸਤ ਲਿਆਉਣੀ ਚਾਹੀਦੀ ਹੈ।

ਅਮਰੀਕਾ, ਕੈਨੇਡਾ ਵਰਗੇ ਮੁਲਕਾਂ ਦੀ ਫ਼ੌਜ ਤੇ ਪੁਲਿਸ, ਇੱਥੋਂ ਤੱਕ ਕਿ ਪਾਰਲੀਮੈਂਟ ਦੀਆਂ ਕੁਰਸੀਆਂ 'ਤੇ ਵੀ ਪੱਗਾਂ ਵਾਲੇ ਬੈਠੇ ਹਨ ਤੇ ਅਸੀਂ ਬਹਾਨੇ ਬਣਾ ਕੇ ਆਪਣੇ ਹੀ ਧਰਮ ਦੀਆਂ ਜੜ੍ਹਾਂ ਵਿਚ ਤੇਲ ਪਾਈ ਜਾ ਰਹੇ ਹਾਂ। ਅਰਦਾਸ ਦੇ ਸ਼ਬਦ ਹਨ ਕਿ ਸਿੱਖਾਂ ਦਾ ਮਨ ਨੀਵਾਂ, ਮਤ ਉਚੀ; ਪਰ ਅੱਜ ਦੇ ਸਿੱਖ ਉਲਟੇ ਰਾਹ ਤੁਰੇ ਹੋਏ ਹਨ, ਯਾਨਿ ਮਨ ਉਚਾ ਹਉਮੈ ਦੇ ਅਕਾਸ਼ ਵਿਚ ਉਡ ਰਿਹਾ ਹੈ ਤੇ ਮੱਤ ਨੀਵੀਂ ਹੈ। ਜੇ ਮੰਨ ਵੀ ਲਈਏ ਕਿ ਕੰਮਾਂ ਕਾਰਾਂ 'ਤੇ ਪੱਗ ਬੰਨ੍ਹਣ ਨਾਲ ਸਮੱਸਿਆ ਆਉਂਦੀ ਹੈ ਪਰ ਹਫ਼ਤੇ ਵਿਚ ਇਕ ਦਿਨ ਐਤਵਾਰ ਅਸੀਂ ਗੁਰੂਘਰ ਜਾਣਾ ਹੁੰਦਾ ਹੈ ਜਿਥੇ ਸਾਡੀ ਪੱਗ ਨੂੰ ਕੋਈ ਰੋਕ-ਟੋਕ ਨਹੀਂ, ਉਥੇ ਵੀ ਵੱਡੀ ਗਿਣਤੀ 'ਚ ਸਿਰ ਰੁਮਾਲੇ ਨਾਲ ਢਕੇ ਨਜ਼ਰ ਆਉਂਦੇ ਹਨ। ਸਿੱਖ ਕਹਾਉਣ ਵਾਲੇ ਹਰ ਵੀਰ ਨੂੰ ਹੱਥ ਜੋੜ ਕੇ ਅਪੀਲ ਹੈ, ਪ੍ਰਣ ਕਰੋ, ਕੁਰਬਾਨੀਆਂ ਨਾਲ ਸਿੰਜ ਕੇ ਜਵਾਨ ਹੋਏ ਸਿੱਖੀ ਦੇ ਇਸ ਬੂਟੇ ਦੀਆਂ ਜੜ੍ਹਾਂ ਨੂੰ ਲੱਗਣ ਵਾਲੇ ਹਰ ਕਿਸਮ ਦੇ ਘੁਣ ਨੂੰ ਰੋਕਣ ਲਈ ਬਣਦਾ ਯੋਗਦਾਨ ਪਾਈਏ; ਜਦ ਵੀ ਗੁਰੂਘਰ ਜਾਈਏ, ਪੱਗ ਬੰਨ੍ਹ ਕੇ ਹੀ ਜਾਈਏ। ਕਿਸੇ ਦੋਸਤ ਜਾਂ ਰਿਸ਼ਤੇਦਾਰ ਵੱਲੋਂ ਦਿੱਤਾ ਕੋਈ ਵੀ ਤੋਹਫ਼ਾ ਅਸੀਂ ਫੁੱਲਾਂ ਵਾਂਗ ਸਾਂਭ ਕੇ ਰੱਖਦੇ ਹਾਂ, ਫਿਰ ਆਪਣੇ ਗੁਰੂਆਂ ਵੱਲੋਂ ਦਿੱਤੇ ਤੋਹਫ਼ੇ ਪੱਗ ਨੂੰ ਕਿਉਂ ਦਿਨ-ਬ-ਦਿਨ ਭੁੱਲਦੇ ਜਾ ਰਹੇ ਹਾਂ।

ਗਹਿਣਾ ਏ ਪੰਜਾਬੀਆਂ ਦਾ ਪੱਗ ਮਿੱਤਰੋ।
ਇਸੇ ਨਾਲ ਸ਼ਾਨ ਵੀ ਅਲੱਗ ਮਿੱਤਰੋ।
ਭੁੱਲਿਓ ਨਾ ਇਹੋ ਗੱਲ ਬੱਚਿਆਂ ਨੂੰ ਆਖੋ।
ਕਹਿਣਾ ਮੇਰਾ ਮੰਨ ਲਿਓ ਸਭ ਮਿੱਤਰੋ।
'ਨਿੰਮੇ' ਦੇ ਸੁਨੇਹੇ ਉਤੇ ਗੌਰ ਕਰਿਓ।
ਰੱਖਣਾ ਜੇ ਖੁਸ਼ ਤੁਸੀਂ ਰੱਬ ਮਿੱਤਰੋ।

ਅੱਜ ਸਿੱਖ ਧਰਮ ਵਪਾਰ ਬਣਦਾ ਜਾ ਰਿਹੈ। ਚੌਧਰ ਦੀ ਭੁੱਖ ਵਿਚ ਅਸੀਂ ਹਰ ਸ਼ਹਿਰ ਵਿਚ ਕਈ-ਕਈ ਗੁਰੂ ਘਰ ਬਣਾ ਦਿੱਤੇ ਹਨ। ਸ਼ਾਇਦ ਹੀ ਕੋਈ ਅਜਿਹਾ ਗੁਰੂ ਘਰ ਹੋਵੇ ਜਿਥੇ ਸਿੱਖ ਪੱਗੋ-ਹੱਥੀ ਨਾ ਹੋਏ ਹੋਣ ਅਤੇ ਪੁਲਿਸ ਜੁੱਤੀਆਂ ਸਮੇਤ ਨੰਗੇ ਸਿਰ ਨਾ ਗਈ ਹੋਵੇ। ਅਗਰ ਅੱਜ ਸੁਰੱਖਿਆ ਵਜੋਂ ਏਅਰਪੋਰਟਾਂ 'ਤੇ ਪੱਗਾਂ ਉਤਾਰਨ ਨੂੰ ਕਿਹਾ ਜਾਂਦਾ ਹੈ ਤਾਂ ਅਸੀਂ ਕਿਉਂ ਤੜਫ਼ਦੇ ਹਾਂ? ਜੇ ਅਸੀਂ ਆਪਣੀ ਪਛਾਣ ਕਾਇਮ ਰੱਖਣ ਵਿਚ ਫਾਡੀ ਨਾ ਰਹੇ ਹੁੰਦੇ ਤਾਂ ਸਾਨੂੰ ਅੱਜ ਆਹ ਦਿਨ ਵੀ ਨਹੀਂ ਸੀ ਵੇਖਣੇ ਪੈਣੇ। ਨਾ ਏਅਰਪੋਰਟਾਂ 'ਤੇ ਪੱਗਾਂ ਲਾਹੁਣ ਨੂੰ ਕਿਹਾ ਜਾਣਾ ਸੀ ਤੇ ਨਾ ਹੀ ਕੋਈ ਜਲਾਲਤ ਮਹਿਸੂਸ ਹੋਣੀ ਸੀ। ਕਈ ਗੋਰਿਆਂ ਦੇ ਸਿਰ ਦਸਤਾਰਾਂ ਬੰਨ੍ਹੀਆਂ ਸਭ ਨੇ ਵੇਖੀਆਂ ਹੋਣਗੀਆਂ ਜਿਨ੍ਹਾਂ ਨੂੰ ਸਾਡੀ ਭਾਸ਼ਾ ਪੰਜਾਬੀ ਵੀ ਨਹੀਂ ਆਉਂਦੀ। ਉਨ੍ਹਾਂ ਨੂੰ ਤਾਂ ਕਦੇ ਕਿਸੇ ਤੋਂ ਪੱਗ ਕਰਕੇ ਸਮਸਿਆ ਨਹੀਂ ਆਈ। ਸਮਝਿਆ ਜਾਏ ਤਾਂ ਇਹ ਸਾਡੇ ਮੂੰਹ 'ਤੇ ਚਪੇੜ ਹੈ। ਲੋੜ ਹੈ ਖੁਦ ਜਾਗਣ ਅਤੇ ਸੁੱਤਿਆਂ ਨੂੰ ਜਗਾਉਣ ਦੀ। ਪੱਗ ਨੂੰ ਨਾ ਮਰਨ ਦਿਓ, ਸਰਦਾਰੀਆਂ ਹਮੇਸ਼ਾ ਜਿਉਂਦੀਆਂ ਰਹਿਣਗੀਆਂ।

# ਜੇ ਹਉ ਜਾਣਾ...

ਆਰਥਰ ਕਾਨਨ ਡਾਇਲ ਦੇ ਲਿਖੇ ਸਭ ਨਾਵਲ ਤੇ ਕਹਾਣੀਆਂ ਉਪਰੋਥਲੀ ਕਈ ਵਾਰ ਪੜੇ ਸਨ। ਇਨ੍ਹਾਂ ਵਿਚ ਉਸ ਦੇ ਵਿਸ਼ਵ-ਪ੍ਰਸਿੱਧ ਨਾਇਕ ਸ਼ਰਲਕ ਹੋਮਜ਼ ਨੇ ਇਸ ਵਿਧੀ ਰਾਹੀਂ ਕਈ ਕੇਸ ਸੁਲਝਾਏ ਸਨ ਜਿਨ੍ਹਾਂ ਵਿਚੋਂ "ਸਕੈਂਡਲ ਇਨ ਬੋਹੇਮੀਆ" ਨਾਮੀ ਕਹਾਣੀ ਵਿਚ ਉਸ ਨੇ ਇਸ ਦੀ ਬੇਮਿਸਾਲ ਵਰਤੋਂ ਕੀਤੀ ਸੀ। ਉਦੋਂ ਤੋਂ ਮੈਂ ਵੀ ਇਸ ਤੇ ਅਮਲ ਕਰਦਾ ਆ ਰਿਹਾ ਸਾਂ ਤੇ ਕਈ ਉਲਝੀਆਂ ਗੁੱਥੀਆਂ ਸੁਲਝਾ ਚੁੱਕਾ ਸਾਂ। ਅਸਲ ਵਿਚ ਇਹ ਅਤਿ ਆਸਾਨ ਤੇ ਕੁਦਰਤੀ ਵਿਧੀ ਹੈ ਜਿਸ ਦਾ ਨਿੱਕ-ਮੰਤਰ ਹੈ, "ਅੱਖਾਂ ਖੋਲ੍ਹੋ, ਫਿਰ ਕਰੋ।" ਸ਼ਰਲਕ ਹੋਮਜ਼ ਦਾ ਮੰਨਣਾ ਸੀ ਕਿ ਅਸੀਂ ਆਮ ਹਾਲਤਾਂ ਵਿਚ ਵੇਖਦੇ ਤਾਂ ਹਾਂ ਪਰ ਗਹੁ ਨਾਲ ਨਹੀਂ। ਇਸ ਕਰ ਕੇ ਅਸਲ ਸੱਚਾਈ ਸਾਡੇ ਹੱਥੋਂ ਨਿਕਲ ਜਾਂਦੀ ਹੈ। ਜੇ ਅਸੀਂ ਪੂਰੇ ਧਿਆਨ ਨਾਲ ਵੇਖਦੇ ਹੋਏ ਕਿਸੇ ਉਲਝੀ ਘਟਨਾ ਨੂੰ ਮੁੱਢ ਤੋਂ ਦੁਹਰਾਈਏ ਤਾਂ ਇਸ ਦੇ ਕਈ ਛੁਪੇ ਰਾਜ਼ ਉਘੜ ਪੈਂਦੇ ਹਨ।

ਇਸ ਸੂਤਰ 'ਤੇ ਅਮਲ ਕਰਨ ਲਈ ਮੈਂ ਐਤਵਾਰ ਦਾ ਦਿਨ ਚੁਣਿਆ ਤਾਂ ਜੋ ਮੇਰਾ ਲੜਕਾ ਘਰ ਹੋਵੇ ਤੇ ਮੇਰੇ ਨਾਲ ਨਾਲ ਰਹੇ। ਮੈ ਉਸ ਨੂੰ ਤਾਕੀਦ ਕੀਤੀ ਕਿ ਦੂਰ ਰਹੇ ਪਰ ਕੁਝ ਗਲਤ ਹੋਣ ਦੀ ਹਾਲਤ ਵਿਚ ਮੈਨੂੰ ਸੰਭਾਲ ਲਵੇ। ਮੈਂ ਕੈਂ...ਇੰ... ਦਵਾਈ ਦੀ ਸ਼ੀਸ਼ੀ ਵੀ ਉਸ ਨੂੰ ਫੜਾ ਦਿਤੀ ਤਾਂ ਕਿ ਲੋੜ ਪੈਣ ਤੇ ਮੈਨੂੰ ਫੌਰਨ ਦੇ ਸਕੇ। ਉਸ ਨੂੰ ਸਭ ਸਮਝਾ ਕੇ ਮੈਂ ਇੰਨ ਬਿੰਨ ਉਵੇਂ ਕਰਨ ਲੱਗਾ ਜਿਵੇ ਘਟਨਾ ਵਾਲੇ ਦਿਨ ਸਵੇਰੇ ਹੋਇਆ ਸੀ। ਪਹਿਲਾਂ ਮੈਂ ਉਸ ਨੂੰ ਚਾਹ ਦਿਤੀ ਫਿਰ ਆਪਣਾ ਕੱਪ ਲੈ ਕੇ ਲਿਖਣ ਮੇਜ਼ 'ਤੇ ਪੁੱਜਾ ਜਿਥੇ "ਜੇ ਹਉ ਜਾਣਾ ਆਖਾ ਨਾਹੀ" ਵਾਲਾ ਵਰਕਾ ਹਾਲੇ ਵੀ ਖੁਲ੍ਹਿਆ ਪਿਆ ਸੀ। ਇਸ ਤੁਕ ਬਾਰੇ ਵਿਚਾਰ ਕਰਦਿਆਂ ਮੈਂ ਡੈਕ ਵਲ ਵਧਿਆ। ਮੈਨੂੰ ਕੁਝ ਵੀ ਅਸਾਧਾਰਣ ਵਿਖਾਈ ਨਾ ਦਿਤਾ।

ਉਥੇ ਉਵੇਂ ਬੈਠ ਕੇ ਮੈਂ ਜਪੁਜੀ ਸਾਹਿਬ ਦੀ ਕੈਸਟ ਲੱਭਣ ਦੀ ਪ੍ਰਕ੍ਰਿਆ ਨਿਭਾਈ ਤੇ ਉਹ ਸਭ ਟੇਪ ਮੁੜ ਵਜਾ ਕੇ ਵੇਖੇ ਜਿਹੜੇ ਘਟਨਾ ਵਾਲੇ ਦਿਨ ਵਜਾਏ ਸਨ। "ਆਜ ਪੁਰਾਣੀ ਰਾਹੋਂ ਸੇ ਕੋਈ ਮੁਝੇ ਆਵਾਜ਼ ਨਾ ਦੇ" ਵਾਲਾ ਗਾਣਾ ਵੀ ਕਈ ਵਾਰ ਸੁਣਿਆ। ਹਰ ਕੈਸਟ ਘੁਮਾ ਫਿਰਾ ਕੇ ਚਾਰੇ ਪਾਸਿਓਂ ਘੋਖੀ ਤੇ ਸੁੰਘੀ, ਪਰ ਬੇਹੋਸ਼ੀ ਵਾਲੀ ਕੋਈ ਚੀਜ਼ ਨਾ ਲਭੀ। ਅਖੀਰ ਨੂੰ ਮੈਂ ਰਹਿੰਦੀਆਂ ਟੇਪਾਂ ਵਜਾਉਣ ਲੱਗਾ ਤੇ ਉਨ੍ਹਾਂ 'ਤੇ ਸਿਰਲੇਖ ਲਿਖਣ ਲਈ ਚਾਂਦੀ ਰੰਗਾ ਮਾਰਕਰ ਉਠਾਇਆ। ਖੋਲ੍ਹਣ ਤੋਂ ਪਹਿਲਾਂ ਪੈਨ ਦਾ ਵੀ ਪੂਰਾ ਮੁਆਇਨਾ ਕੀਤਾ। ਇਸ ਦੇ ਚਾਰੇ ਪਾਸੇ ਸੁਨਹਿਰੀ ਡੱਬੀਆਂ ਵਿਚ ਵੱਖ ਵਖ ਰੰਗਾਂ ਨਾਲ ਅੰਗਰੇਜ਼ੀ ਵਿਚ ਇਸ ਦੀਆਂ ਖ਼ੂਬੀਆਂ ਲਿਖੀਆਂ ਸਨ। ਮੈਂ ਸਭ ਡੱਬੀਆਂ ਪੜ੍ਹੀਆਂ ਪਰ ਕੁਝ ਪੱਲੇ ਨਾ ਪਿਆ। ਅੰਤ ਲੰਬਾਈ ਵਾਲੇ ਰੁਖ ਇਕ ਅਤਿ-ਮਹੀਨ ਲਾਈਨ ਲਿਖੀ ਮਿਲੀ ਜਿਹੜੀ ਮੇਰੇ ਕੋਲੋਂ ਪੜ੍ਹੀ ਨਾ ਗਈ। ਮੈਂ ਕਾਕੇ ਨੂੰ ਵਡਦਰਸ਼ੀ ਸ਼ੀਸ਼ਾ ਫੜਾਉਣ ਲਈ ਕਿਹਾ।

ਇਹ ਮਹੀਨ ਲਾਈਨ ਪੜ੍ਹ ਕੇ ਮੈਂ ਦੰਗ ਰਹਿ ਗਿਆ। ਲਿਖਿਆ ਸੀ, "ਖ਼ਬਰਦਾਰ! ਇਸ ਦੇ ਵਾਸ਼ਪ ਬੇਹੋਸ਼ ਕਰ ਦੇਂਦੇ ਹਨ।" ਮੇਰੀ ਬੇਹੋਸ਼ੀ ਦਾ ਰਾਜ਼ ਖੁਲ੍ਹ ਚੁੱਕਾ ਸੀ। ਮੈਂ ਬੰਦ ਕਮਰੇ ਦੇ ਇਕ ਕੋਨੇ ਵਿਚ ਪਏ ਮੇਜ਼ ਤੇ ਵਾਰ ਵਾਰ ਝੁਕ ਕੇ ਕੈਸਟਾਂ ਦੇ ਨਾਂ ਲਿਖਦਾ ਰਿਹਾ ਸਾਂ ਤੇ ਖੁੱਲਾ ਪੈਨ ਅੱਗੇ ਰੱਖਿਆਂ ਹੀ ਬਹੁਤ ਦੇਰ ਟੇਪਾਂ ਚਲਾਉਂਦਾ ਰਿਹਾ ਸਾਂ। ਬਹੁਤ ਸਾਰੇ ਜ਼ਹਿਰੀਲੇ ਵਾਸ਼ਪ ਮੇਰੇ ਅੰਦਰ ਚਲੇ ਗਏ। ਕਿੰਨੀ ਦੇਰ ਮੈਂ ਮਨ ਵਿਚ ਹੋਮਿਓਪੈਥੀ ਦਾ ਧੰਨਵਾਦ ਕਰਦਾ ਰਿਹਾ ਜਿਸ ਨੇ ਮੈਨੂੰ ਮੇਰੀ ਯਾਦਦਾਸ਼ਤ ਬਖ਼ਸ਼ ਕੇ ਬੜੀ ਕਸੂਤੀ ਸਥਿਤੀ ਵਿਚੋਂ ਕੱਢਿਆ ਸੀ ਤੇ ਆਪਣੇ ਜਪੁਜੀ ਟੀਕੇ ਦਾ ਪ੍ਰਾਜੈਕਟ "ਜੇ ਹਉ ਜਾਣਾ ਆਖਾ ਨਾਹੀ" ਤੋਂ ਅੱਗੇ ਤੋਰਨ ਦਾ ਬਲ ਬਖ਼ਸ਼ਿਆ ਸੀ।

ਮੇਰੀ ਖੋਜ਼ ਮੁਕੰਮਲ ਹੋ ਚੁੱਕੀ ਸੀ। ਮੈਂ ਮਾਰਕਰ ਨੂੰ ਬਿਨਾ ਖੋਲ੍ਹੇ ਉਥੇ ਹੀ ਰੱਖ ਦਿਤਾ। ਸ਼ਾਮ ਨੂੰ ਵਿਰਕ ਸਾਹਿਬ ਆਏ। ਮੈਂ ਉਨ੍ਹਾਂ ਨੂੰ ਸਾਰੀ ਵਿਥਿਆ ਸੁਣਾਈ ਤੇ ਖ਼ੁਦ ਪੜ੍ਹਨ ਲਈ ਮਾਰਕਰ ਉਨ੍ਹਾਂ ਅੱਗੇ ਕੀਤਾ। ਉਹ ਇਕ ਦਮ ਤ੍ਰਭਕ ਕੇ ਪਿੱਛੇ ਹਟ ਗਏ ਜਿਵੇਂ ਇਹ ਮਾਰਕਰ ਨਾ ਹੋ ਕੇ ਕੋਈ ਸੱਪ ਹੋਵੇ। ਇਹੀ ਹਾਲ ਉਨ੍ਹਾਂ ਸਭਨਾਂ ਦਾ ਹੋਇਆ ਜਿਨ੍ਹਾਂ ਨੂੰ ਮੈਂ ਇਹ ਮਾਰਕਰ ਬਾਦ ਵਿਚ ਦਿਖਾਇਆ। ਇਹ ਮਾਰਕਰ ਹਾਲੇ ਵੀ ਸਾਡੇ ਡਰਾਇੰਗ ਰੂਮ ਦੀ ਨਿੱਚ ਵਿਚ ਰੱਖਿਆ ਪਿਆ ਹੈ। ਭਾਵੇਂ ਦਹਾਕਿਆਂ ਦੀ ਗਰਮੀ ਕਾਰਨ ਹੁਣ ਇਸ ਦੇ ਸਭ ਵਾਸ਼ਪ ਸੁੱਕ ਗਏ ਹੋਣਗੇ ਪਰ ਜਦੋਂ ਵੀ ਮੈਂ ਸਾਲ ਬਾਦ ਪਟਿਆਲੇ ਜਾ ਕੇ ਬੰਦ ਬੂਹਾ ਖੋਲ੍ਹਦਾ ਹਾਂ, ਤਾਂ ਘਰ ਵਿਚ ਛਿਪੇ ਸੱਪ, ਬਿੱਛੂਆਂ ਆਦਿ ਦੇ ਨਾਲ ਨਾਲ ਇਸ ਦਾ ਲਗਿਆ ਕੈਪ ਵੀ ਜਰੂਰ ਚੈਕ ਕਰਦਾ ਹਾਂ।

## ਸ਼ਰਧਾ ਦਾ ਕਤਲ

ਬਾਬੇ ਨਾਨਕਾ ਕਰਾਂ ਕੀ ਸਿਫ਼ਤ ਤੇਰੀ
ਬਦਲੀ ਸੋਚ ਤੂੰ ਕੁੱਲ ਸੰਸਾਰ ਬਾਬਾ।
ਮਿਲੇ ਰੱਬ ਨਾ ਜੰਗਲਾਂ ਵਿਚ ਬਹਿ ਕੇ
ਦੱਸੀ ਬੰਦਨਾ ਵਿਚ ਪਰਿਵਾਰ ਬਾਬਾ।

ਦਿੱਤਾ ਔਰਤ ਤਾਈਂ ਹੱਕ ਬਰਾਬਰੀ ਦਾ
ਨਹੀਂ ਤਾਂ ਹੈ ਸੀ ਮਰਦ ਪ੍ਰਧਾਨ ਬਾਬਾ।
ਮਰਦ ਮਰੇ ਤਾਂ ਔਰਤ ਨੂੰ ਸਾੜਦੇ ਸਨ
ਦੇ ਕੇ ਸਤੀ ਸਵਿਤਰੀ ਨਾਮ ਬਾਬਾ।

ਜਾਤ-ਪਾਤ ਦਾ ਫ਼ਰਕ ਮਿਟਾ ਦਿੱਤਾ
ਹੈ ਸੀ ਇਹ ਜੋ ਸਮੇਂ ਦੀ ਲੋੜ ਬਾਬਾ।
ਫ਼ਰਕ ਹੱਕ ਹਲਾਲ ਦਾ ਦੱਸਿਆ ਤੂੰ
ਰੋਟੀ ਕੋਧਰੇ ਦੀ ਹੱਥੀਂ ਨਚੋੜ ਬਾਬਾ।

ਰੱਬ ਮੱਕੇ-ਮਦੀਨੇ ਨਾ ਵਿਚ ਬੈਠਾ,
ਦੱਸਿਆ ਵੱਸਦਾ ਵਿਚ ਇਨਸਾਨ ਬਾਬਾ।
ਨਾਮ ਜੱਪਣਾ, ਹੱਥੀਂ ਹੈ ਕਿਰਤ ਕਰਨੀ,
ਵੰਡ ਛੱਕਣਾ ਤੇਰਾ ਪੈਗ਼ਾਮ ਬਾਬਾ।

ਜੇ ਨਾ ਵਰਜਦਾ ਸੰਤਾਂ ਦੀ ਨਿੰਦਿਆ ਤੋਂ
ਪੈਦਾ ਹੋਂਵਦੇ ਨਾ ਬਾਬੇ ਬੇਸ਼ੁਮਾਰ ਬਾਬਾ।
ਮਾਇਆ ਮੋਹ ਤੋਂ ਵਰਜਣ ਜੋ ਸੇਵਕਾਂ ਨੂੰ
ਆਪ ਮਾਇਆ ਦੇ ਕਰਨ ਭੰਡਾਰ ਬਾਬਾ।

ਗੁਰੂ ਗ੍ਰੰਥ ਤੋਂ ਹੋਏ ਬੇ-ਮੁੱਖ ਫਿਰਦੇ
ਆਪਣੇ ਆਪ ਨੂੰ ਗੁਰੂ ਕਹਾਉਣ ਬਾਬਾ।
ਕਾਮ ਰਿਹਾ ਨਾ ਵੱਸ ਇਨ੍ਹਾਂ ਬਾਬਿਆਂ ਦੇ
ਨਿੱਤ ਨਵੇਂ ਹੀ ਚੰਦ ਚੜ੍ਹਾਉਣ ਬਾਬਾ।

ਗੁੱਸੇ ਵਿਚ ਚੰਡਾਲ ਦਾ ਰੂਪ ਧਾਰਨ
ਦੇਣ ਧਮਕੀਆਂ ਕੱਢ ਹਥਿਆਰ ਬਾਬਾ।
ਲੋਭ, ਮੋਹ, ਅਹਿੰਕਾਰ ਨਾ ਛੱਡਦੇ ਨੇ
ਨਾਹੀਂ ਬਾਣੀ ਦਾ ਕਰਨ ਸਤਿਕਾਰ ਬਾਬਾ।

ਸ਼ਰਧਾਵਾਨ ਦਾ ਅਖੌਤੀ ਪਾ ਚੋਲਾ
ਨਿੱਤ ਸ਼ਰਧਾ ਦਾ ਕਤਲ ਕਰਾਉਣ ਬਾਬਾ।
ਸੁਮੱਤ ਬਖ਼ਸ਼ ਤੂੰ ਆਪਣੇ ਸੇਵਕਾਂ ਨੂੰ
ਲੈਣ ਅਸਲੀ ਤੇ ਨਕਲੀ ਪਹਿਚਾਣ ਬਾਬਾ।

-ਕੁਲਦੀਪ ਸਿੰਘ ਢੀਂਡਸਾ
ਫੋਨ:510-676-4440

# ਧੂੜ ਵਿਚਲੇ ਕਣ

***ਵਰਿਆਮ ਸਿੰਘ ਸੰਧੂ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਅਤੇ ਸੰਤੋਖ ਸਿੰਘ ਧੀਰ ਦੀ ਪੀੜ੍ਹੀ ਤੋਂ ਅਗਲੀ ਪੀੜ੍ਹੀ ਦਾ ਮੋਹਰੀ ਕਹਾਣੀਕਾਰ ਹੈ। ਉਹ ਪੰਜਾਬ ਦੇ ਪੇਂਡੂ ਅਤੇ ਖਾਸ ਕਰ ਕਿਸਾਨੀ ਜੀਵਨ ਨੂੰ ਅਜਿਹੀ ਬਾਰੀਕੀ ਨਾਲ ਚਿਤਵਦਾ ਅਤੇ ਚਿਤਰਦਾ ਹੈ ਕਿ ਪਾਠਕ ਨੂੰ ਉਸ ਦੀਆਂ ਕਹਾਣੀਆਂ ਵਿਚਲਾ ਸੱਚ ਆਪਣੇ ਹੱਡੀਂ ਹੰਢਾਇਆ ਸੱਚ ਲੱਗਣ ਲੱਗ ਜਾਂਦਾ ਹੈ। ਪਾਠਕਾਂ ਨੂੰ ਇਹ ਸ਼ਿਕਾਇਤ ਤਾਂ ਹੋ ਸਕਦੀ ਹੈ ਕਿ ਉਸ ਦੀਆਂ ਕਹਾਣੀਆਂ ਕੁਝ ਵੱਧ ਲੰਮੀਆਂ ਹੁੰਦੀਆਂ ਹਨ ਪਰ ਭਾਵੇਂ ਇਹ ਪੰਜਾਬ ਦੀ ਦੋ ਦਹਾਕੇ ਲੰਮੀ ਖਾੜਕੂ ਲਹਿਰ ਦੇ ਵੇਲੇ ਤੋਂ ਪਹਿਲਾਂ ਦੀਆਂ "ਡੁੰਮ" ਜਿਹੀਆਂ ਕਹਾਣੀਆਂ ਹੋਣ ਜਾਂ ਖਾੜਕੂ ਵੇਲੇ ਦੀਆਂ "ਭੱਜੀਆਂ ਬਾਹੀਂ" ਵਰਗੀਆਂ ਅਤੇ ਜਾਂ ਖਾੜਕੂ ਲਹਿਰ ਤੋਂ ਬਾਅਦ ਦੀ "ਰਿਮਝਿਮ ਪਰਬਤ" ਵਰਗੀ ਕਹਾਣੀ-ਵਰਿਆਮ ਸੰਧੂ ਆਪਣੇ ਪਾਤਰਾਂ ਦੇ ਮਨਾਂ ਦੀਆਂ ਅਜਿਹੀਆਂ ਤੈਹਾਂ ਫੋਲਦਾ ਹੈ ਕਿ ਪਾਠਕ ਨੂੰ ਉਹ ਪਾਤਰ ਆਪਣੇ ਆਲੇ ਦੁਆਲੇ ਵਸਦੇ ਦਾਦੇ, ਨਾਨੇ, ਤਾਏ, ਚਾਚੇ ਜਾਂ ਵੱਡੇ-ਛੋਟੇ ਭਰਾ ਹੀ ਜਾਪਣ ਲੱਗਦੇ ਹਨ। ਹਾਲ ਹੀ ਵਿਚ ਉਸ ਦੀ ਛਪੀ ਸਾਹਿਤਕ ਸਵੈ-ਜੀਵਨੀ "ਧੂੜ ਵਿਚਲੇ ਕਣ" ਉਸ ਦੀ ਰਚਨਾ ਪ੍ਰਕ੍ਰਿਆ ਉਤੇ ਡੂੰਘੀ ਝਾਤ ਪੁਆਉਂਦੀ ਹੈ। ਇਨ੍ਹਾਂ ਕਾਲਮਾਂ ਵਿਚ ਅਸੀਂ ਇਹ ਸਵੈ-ਜੀਵਨੀ ਪਾਠਕਾਂ ਲਈ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ***

## ਸਫ਼ਰ ਜ਼ਿੰਦਗੀ ਦਾ



**ਵਰਿਆਮ ਸਿੰਘ ਸੰਧੂ**

*ਲੜੀ ਜੋੜਨ ਲਈ ਪਿਛਲਾ ਅੰਕ ਵੇਖੋ*

ਲਿਖਦਿਆਂ ਲਿਖਦਿਆਂ ਇਹ ਦੋ ਝਾਕੀਆਂ ਹੀ ਮੇਰੇ ਚੇਤੇ ਵਿਚ ਕਿਉਂ ਉਭਰੀਆਂ, ਜਿਨ੍ਹਾਂ ਵਿਚ ਆਰਥਕ ਥੁੜ੍ਹ ਦਾ ਚਿੱਤਰ ਪੇਸ਼ ਹੈ! ਕੀ ਇਸ ਪਿੱਛੇ ਆਰਥਕ-ਥੁੜ ਦਾ ਮੇਰਾ ਨਿੱਜੀ ਅਹਿਸਾਸ ਤਾਂ ਕੰਮ ਨਹੀਂ ਕਰ ਰਿਹਾ? ਸ਼ਾਇਦ ਇਹ ਵੀ ਇੱਕ ਕਾਰਨ ਹੋਵੇ!

ਉਸ ਵੇਲੇ ਦੇ ਆਮ ਪੇਂਡੂ ਕਿਸਾਨਾਂ ਦੇ ਬੱਚਿਆਂ ਵਾਂਗ ਹੀ ਸਾਡਾ ਜੀਵਨ ਕੋਈ ਐਸ਼ ਦਾ ਜੀਵਨ ਨਹੀਂ ਸੀ। ਖੇਤੀ 'ਚੋਂ ਮਸਾਂ ਘਰ ਦੀਆਂ ਲੋੜਾਂ ਹੀ ਤੁਰਦੀਆਂ ਸਨ। ਲੋੜ ਜੋਗੀ ਜ਼ਮੀਨ ਕੋਲ ਹੋਣ ਦੇ ਬਾਵਜੂਦ ਪੈਦਾਵਾਰ ਕੋਈ ਏਨੀ ਨਹੀਂ ਸੀ ਹੁੰਦੀ ਕਿ ਗੁਲਛੱਰੇ ਉਡਾਏ ਜਾ ਸਕਣ। ਜ਼ਾਹਿਰ ਹੈ ਜਮਾਂਦਰੂ ਤੌਰ 'ਤੇ ਹੀ ਮੇਰਾ ਮਨ ਅਜਿਹੀ ਜ਼ਰਖ਼ੇਜ਼ ਅਤੇ ਵੱਤਰ ਜ਼ਮੀਨ ਸੀ ਜਿਸ ਵਿਚ ਦੂਜਿਆਂ ਦੇ ਦੁੱਖ-ਦਰਦਾਂ, ਲੋੜਾਂ-ਥੁੜਾਂ, ਖੁਸ਼ੀਆਂ-ਹਾਸਿਆਂ ਦੇ ਬੀਜ ਫੁੱਟਣ ਅਤੇ ਉਗਣ ਦੀ ਸੰਭਾਵਨਾ ਹੋਵੇ। ਮੇਰੇ ਅੰਦਰ ਕਿਉਂਕਿ ਕਹਾਣੀ ਦੇ ਬੀਜ ਡਿੱਗਣੇ ਸਨ, ਇਸ ਲਈ ਮੇਰੇ ਆਪਣੇ ਸੁਭਾ ਵਿਚ ਅਤੇ ਮੇਰੇ ਮਾਹੌਲ ਵਿਚ ਇਨ੍ਹਾਂ ਬੀਜਾਂ ਦੇ ਫੁਟਣ ਦੀਆਂ ਅਨੇਕਾਂ ਸੰਭਾਵਨਾਵਾਂ ਵੀ ਪਈਆਂ ਹੋਈਆਂ ਸਨ। ਹੱਸਾਸ ਅਤੇ ਸੰਵੇਦਨਸ਼ੀਲ ਆਪੇ ਦੇ ਨਾਲ ਮੇਰੇ ਸੁਭਾ ਦਾ ਇੱਕ ਹੋਰ ਲੱਛਣ ਵੀ ਮੇਰੇ ਲੇਖਕ ਬਣਨ ਵਿਚ ਕੰਮ ਆਇਆ।

ਕੰਨ-ਰਸ ਬਹੁਤ ਸੀ ਮੈਨੂੰ। ਬਚਪਨ ਵਿਚ ਹੀ ਜਿੱਥੇ ਕਿਤੇ ਵੀ ਗੱਲਾਂ ਹੋ ਰਹੀਆਂ ਹੁੰਦੀਆਂ-ਰਲ ਕੇ ਵਾਢੀ ਕਰਦਿਆਂ, ਕਮਾਦ ਛਿੱਲਦਿਆਂ, ਗੁੜ ਬਣਾਉਂਦਿਆਂ, ਖੱਗਿਆਂ 'ਚੋਂ ਛੱਲੀਆਂ ਕੱਢਦਿਆਂ, ਆਪਣੇ ਪਿਤਾ ਨਾਲ ਕਿਸੇ ਗੱਪ-ਮੰਡਲੀ ਜਾਂ ਪਰ੍ਹੇ-ਪੰਚਾਇਤ 'ਚ ਬੈਠਿਆਂ, 'ਕਾਰਖ਼ਾਨੇ' ਵਿਚ ਦਾਤਰੀਆਂ ਦੇ ਦੰਦੇ ਕਢਾਉਣ ਜਾਂ ਫਾਲੇ ਚੰਡਾਉਣ ਗਿਆਂ, ਵਿਆਹ ਦੇ ਮੇਲ ਵਿਚ ਜਾਂ ਮੇਲੇ ਮੱਸਿਆ ਜਾਂਦੇ-ਆਉਂਦੇ ਮੈਂ ਬਹੁਤ ਹੀ ਧਿਆਨ ਨਾਲ ਲੋਕਾਂ ਦੇ ਤਜਰਬੇ ਸੁਣਦਾ। ਆਪਣੀ ਦਾਦੀ ਦੀਆਂ ਬਾਤਾਂ ਅਤੇ ਗੁਰਦੁਆਰੇ ਵਿਚ ਕੀਤੀ ਜਾਂਦੀ ਕਥਾ, ਵੱਖ ਵੱਖ ਮੇਲਿਆਂ-ਮੁਸਾਹਬਿਆਂ 'ਤੇ ਸੁਣੇ ਢਾਡੀਆਂ ਦੇ ਪ੍ਰਸੰਗਾਂ ਨੇ ਵੀ ਮੇਰੇ ਅੰਦਰ ਕਿਧਰੇ ਕਹਾਣੀ ਦਾ ਬੀਜ ਸੁੱਟ ਦਿੱਤਾ ਸੀ।

ਸਾਡਾ ਘਰ ਪਿੰਡ ਦੇ ਬਾਜ਼ਾਰ ਵਿਚ ਸੀ। ਦੁਕਾਨਾਂ ਰਾਤ ਦੇ ਗਿਆਰਾਂ-ਬਾਰਾਂ ਵਜੇ ਤਕ ਖੁੱਲ੍ਹੀਆਂ ਰਹਿੰਦੀਆਂ। ਮੇਰਾ ਪਿਉ ਆਪਣੇ ਗੁਆਂਢੀ ਯਾਰ ਦੁਕਾਨਦਾਰਾਂ ਕੋਲ ਦੇਰ ਰਾਤ ਤੱਕ ਬੈਠਦਾ। ਮੈਂ ਉਹਦੇ ਨਾਲ ਹੁੰਦਾ। ਉਹ ਜੱਗ-ਜਹਾਨ ਦੀਆਂ ਗੱਲਾਂ ਕਰਦੇ। ਵਰਤਮਾਨ ਦੀਆਂ, ਬੀਤੇ ਦੀਆਂ। ਉਨ੍ਹਾਂ ਦੀਆਂ ਹੱਡ-ਬੀਤੀਆਂ, ਜੱਗ-ਬੀਤੀਆਂ ਦੇ ਪੂਰੇ ਪਾਤਰ ਮੇਰੇ ਸਾਹਮਣੇ ਵਿਚਰ ਰਹੇ ਲੱਗਦੇ। ਹੱਸ ਰਹੇ, ਰੋ ਰਹੇ, ਗੁੱਸੇ ਹੁੰਦੇ। ਜਿਊਂਦਾ-ਜਾਗਦਾ ਭਾਵਨਾਵਾਂ ਨੂੰ ਟੁੰਬਦਾ ਪੂਰੇ ਦਾ ਪੂਰਾ ਸੰਸਾਰ ਮੇਰੇ ਮਨ ਮਸਤਕ ਵਿਚ ਵਿਚਰ ਰਿਹਾ ਹੁੰਦਾ।

ਇਸ ਅਦਭੁੱਤ ਸੰਸਾਰ ਦੇ ਬਹੁਤ ਸਾਰੇ ਸਜੀਵ ਹਿੱਸੇ ਮੈਂ ਆਪਣੇ ਅਵਚੇਤਨ ਵਿਚ ਜਮ੍ਹਾਂ ਕਰ ਲਏ ਤੇ ਊਠ ਦੀ ਕੋਹਾਂਡ ਵਿਚ ਜਮ੍ਹਾਂ ਕੀਤੇ ਭੋਜਨ ਵਾਂਗ ਲੋੜ ਪੈਣ 'ਤੇ ਇਨ੍ਹਾਂ ਅਨੁਭਵਾਂ ਨੂੰ ਆਪਣੀਆਂ ਰਚਨਾਵਾਂ ਵਿਚ ਵਰਤਦਾ ਰਿਹਾ। ਜੀਵਨ-ਅਨੁਭਵ ਨੂੰ ਗ੍ਰਹਿਣ ਕਰ ਸਕਣ ਦੀ ਯੋਗਤਾ ਵਿਚ ਮੇਰੇ ਕੰਨ-ਰਸ ਦਾ ਵੀ ਬਹੁਤ ਹਿੱਸਾ ਹੈ।

ਇਹ ਗੱਲਾਂ ਪੂਰੀਆਂ ਜਾਂ ਅੰਤਮ ਸੱਚ ਨਹੀਂ ਹਨ। ਇਹ ਤਾਂ ਮੇਰੇ ਜੀਵਨ-ਇਤਿਹਾਸ ਦੀ ਧੂੜ ਵਿਚੋਂ ਛੋਟੇ ਛੋਟੇ ਉਹ ਕਣ ਚੁਣਨ ਦਾ ਉਪਰਾਲਾ ਹੈ, ਜਿਨ੍ਹਾਂ ਨੂੰ ਜੋੜ ਕੇ ਮੇਰੀ ਲੇਖਕ ਉਸਾਰੀ ਦਾ ਕੋਈ ਧੁੰਦਲਾ ਜਿਹਾ ਚਿੱਤਰ ਉਲੀਕਿਆ ਜਾ ਸਕੇ।

## ਪਰਿਵਾਰਕ ਪਿਛੋਕੜ

ਅਸੀਂ ਪੰਜ ਭੈਣ-ਭਰਾ ਹਾਂ। ਤਿੰਨ ਭੈਣਾਂ ਅਤੇ ਦੋ ਭਰਾ। ਮੈਂ ਸਭ ਤੋਂ ਵੱਡਾ ਹਾਂ, ਪਲੇਠਾ ਪੁੱਤ। ਪੰਜਾਬ ਦੀ ਰਵਾਇਤ ਅਨੁਸਾਰ ਕੁੜੀਆਂ ਆਪਣਾ ਪਹਿਲਾ ਬੱਚਾ ਆਪਣੇ ਪੇਕੇ ਪਿੰਡ ਜੰਮਦੀਆਂ ਸਨ। ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਦੇ ਪਿੰਡ ਚਵਿੰਡਾ ਕਲਾਂ ਵਿਚ ਮੈਂ 5 ਦਸੰਬਰ 1945 ਨੂੰ ਬੁੱਧਵਾਰ ਵਾਲੇ ਦਿਨ ਪੈਦਾ ਹੋਇਆ। ਉਂਜ ਸਰਕਾਰੀ ਰਿਕਾਰਡ ਅਨੁਸਾਰ ਮੇਰੀ ਜਨਮ ਮਿਤੀ 10 ਸਤੰਬਰ 1945 ਹੈ। ਮੇਰੇ ਨਾਨਕੇ ਔਲਖ ਜੱਟ ਹਨ। ਮੇਰੇ ਨਾਨੇ ਠਾਕੁਰ ਸਿੰਘ ਹੁਰਾਂ ਦੀ ਭੈਣ ਮੰਗਲ ਕੌਰ (ਮੰਗਲੀ) ਲਾਹੌਰ ਜ਼ਿਲ੍ਹੇ ਦੀ ਕਸੂਰ ਤਹਿਸੀਲ ਦੇ ਵੱਡੇ ਅਤੇ ਨਾਮੀਂ ਪਿੰਡ ਭਡਾਣਾ ਵਿਚ ਹਰੀ ਸਿੰਘ ਨਾਲ ਵਿਆਹੀ ਹੋਈ ਸੀ। ਹਰੀ ਸਿੰਘ ਤੋਂ ਛੋਟੇ ਉਸ ਦੇ ਦੋ ਭਰਾ ਸਨ; ਚੰਦਾ ਸਿੰਘ ਅਤੇ ਬਿਸ਼ਨ ਸਿੰਘ। ਸਭ ਤੋਂ ਛੋਟਾ ਬਿਸ਼ਨ ਸਿੰਘ ਸਿੱਧੜ ਹੋਣ ਕਰਕੇ ਅਣਵਿਆਹਿਆ ਰਿਹਾ ਜੋ ਆਪਣੇ ਵੱਡੇ ਭਰਾਵਾਂ ਦਾ ਮਾਲ-ਡੰਗਰ ਸਾਂਭਦਾ। ਚੰਦਾ ਸਿੰਘ, ਜਿਸ ਨੇ ਭਵਿੱਖ ਵਿਚ ਮੇਰਾ ਦਾਦਾ ਬਣਨਾ ਸੀ, ਲਾਹੌਰ ਜ਼ਿਲ੍ਹੇ ਦੇ ਇੱਕ ਹੋਰ ਵੱਡੇ ਪਿੰਡ ਸੁਰ ਸਿੰਘ ਵਿਚ ਪਾਲਾ ਸਿੰਘ ਦੀ ਧੀ ਧੰਨ ਕੌਰ ਨਾਲ ਵਿਆਹਿਆ ਗਿਆ।

ਪਾਲਾ ਸਿੰਘ ਦਾ ਪਿਤਾ ਕਿਸ਼ਨ ਸਿੰਘ ਘੋੜੇ ਪਾਲਣ ਦਾ ਸ਼ੌਕੀਨ ਹੋਣ ਕਰਕੇ ਸਮੁੱਚੇ ਇਲਾਕੇ ਵਿਚ ਪ੍ਰਸਿੱਧ ਸੀ। ਉਸ ਦੀ ਪ੍ਰਸਿੱਧੀ ਦਾ ਕਾਰਨ ਉਸ ਕੋਲ ਅਜਿਹਾ ਵਿਗਿਆਨਕ ਹੁਨਰ ਹੋਣਾ ਸੀ, ਜਿਸ ਸਦਕਾ ਉਹ ਆਪਣੇ ਸੁਾਨ ਘੋੜੇ ਰਾਹੀਂ ਗਰਭਿਤ ਹੋਈ ਘੋੜੀ ਦੇ ਮਾਲਕ ਦੇ ਮਨਚਾਹੇ ਰੰਗ ਦਾ ਵਛੇਰਾ/ਵਛੇਰੀ ਪੈਦਾ ਕਰਵਾ ਸਕਦਾ ਸੀ। ਦੱਸਣ ਵਾਲੇ ਦੱਸਦੇ ਹਨ ਕਿ ਉਹ ਘੋੜੇ ਦਾ ਵੀਰਜ ਕੈਂਹ ਦੇ ਛੰਨੇ ਵਿਚ ਪਾ ਕੇ ਉਸ ਵਿਚ ਲੋੜੀਂਦਾ ਨਿਸ਼ਚਿਤ ਰੰਗ ਮਿਲਾ ਕੇ ਨੜੇ ਦੇ ਖੋਲ ਵਿਚ ਪਾਉਂਦਾ ਅਤੇ ਫ਼ਿਰ ਉਸ ਨੜੇ ਨੂੰ ਘੋੜੀ ਦੀ ਬੱਚੇਦਾਨੀ ਤੱਕ ਪੁਚਾ ਕੇ ਪਿੱਛੋਂ ਫੂਕ ਮਾਰਦਾ। ਵੀਰਜ ਘੋੜੀ ਦੇ ਗਰਭ ਅੰਦਰ ਪਹੁੰਚ ਜਾਂਦਾ। ਇਹ ਪੁਰਾਣੇ ਬਜ਼ੁਰਗਾਂ ਤੋਂ ਸੁਣੀ ਦੰਦ-ਕਥਾ ਹੈ। ਅਸਲ ਵਿਧੀ ਪਤਾ ਨਹੀਂ ਉਹ ਕੀ ਅਖ਼ਤਿਆਰ ਕਰਦਾ ਸੀ ਪਰ ਹੋਵੇਗੀ ਉਹ ਨਿਸਚੈ ਹੀ ਕੋਈ ਵਿਗਿਆਨਕ-ਵਿਧੀ। ਉਂਜ ਅਨਪੜ੍ਹ ਕਿਸਾਨ ਕੋਲ ਇਸ ਹੁਨਰ ਦਾ ਹੋਣਾ ਉਸ ਨੂੰ ਹੈਰਾਨੀ ਭਰੀ ਸ਼ਲਾਘਾ ਦਾ ਪਾਤਰ ਬਣਾਉਂਦਾ ਹੈ। ਉਸ ਬਾਰੇ ਇਹ ਕਹਾਣੀ ਵੀ ਪ੍ਰਸਿੱਧ ਸੀ ਕਿ ਇੱਕ ਵਾਰ ਉਸ ਦੀ ਇਸ ਸ਼ੋਭਾ ਨੂੰ ਸੁਣ ਕੇ ਲਾਹੌਰ ਦੇ ਡੀ ਸੀ ਨੇ ਅਹਿਲਕਾਰ ਭੇਜ ਕੇ ਆਪਣੇ ਕੋਲ ਸੱਦਿਆ। ਅਹਿਲਕਾਰ ਨੇ ਆਪਣੇ ਆਉਣ ਦਾ ਮਕਸਦ ਪਹਿਲਾਂ ਹੀ ਦੱਸ ਦਿੱਤਾ ਸੀ। 'ਸਾਹਬ-ਬਹਾਦਰ' ਨੂੰ ਆਪਣੀ ਘੋੜੀ ਤੋਂ ਕਾਲੇ-ਚਿੱਟੇ ਡੱਬਾਂ ਵਾਲਾ ਬੱਚਾ ਚਾਹੀਦਾ ਸੀ। ਕਿਸ਼ਨ ਸਿੰਘ ਨੇ ਆਪਣੇ ਰੰਗਾਂ ਜਾਂ ਹੋਰ ਲੋੜੀਂਦੀਆਂ ਚੀਜ਼ਾਂ ਨੂੰ ਡੱਬੀ ਵਿਚ ਪਾਇਆ ਅਤੇ ਡੱਬੀ ਖੱਦਰ ਦੇ ਲੰਮੇ ਕੁੜਤੇ ਦੀ ਅੰਦਰਲੀ ਵੱਡੀ ਜੇਬ ਵਿਚ ਪਾ ਲਈ। ਨਾਲ ਲੈ ਲਿਆ ਨੜਾ। ਸੁਾਨ ਘੋੜਾ ਤਾਂ ਉਹ ਨਾਲ ਲੈ ਕੇ ਗਿਆ ਹੀ ਸੀ। ਉਹ ਡੀ ਸੀ ਦੇ ਪੇਸ਼ ਹੋਇਆ ਤਾਂ ਡੀ ਸੀ ਨੇ ਪੁੱਛਿਆ, "ਵੈੱਲ ਕਿਸ਼ਨ ਸਿੰਘ! ਅਪਨਾ ਗੋੜ੍ਹਾ ਸਾਥ ਲਾਇਆ ਹੈ?"

"ਜੀ ਘੋੜਾ ਤਾਂ ਮੇਰੇ ਬੋਝੇ ਵਿਚ ਹੈ।" ਕਿਸ਼ਨ ਸਿੰਘ ਨੇ ਜੇਬ ਵਿਚ ਪਈ ਡੱਬੀ ਉਤੇ ਹੱਥ ਰੱਖਿਆ ਅਤੇ ਮੁੱਛਾਂ ਵਿਚ ਹੱਸਿਆ।

"ਬੋਝੇ ਵਿਚ?" ਹੈਰਾਨ ਹੋਏ ਡੀ ਸੀ ਨੇ ਪੁੱਛਿਆ।

ਨਾਲ ਗਏ ਬੰਦੇ ਨੇ ਵਿਆਖਿਆ ਕੀਤੀ ਤਾਂ ਡੀ ਸੀ ਮੁਸਕਰਾ ਪਿਆ।

ਕਹਿੰਦੇ ਨੇ ਜਦੋਂ ਡੀ ਸੀ ਦੀ ਘੋੜੀ ਨੇ ਬੱਚਾ ਦਿੱਤਾ ਤਾਂ ਉਹਦਾ ਆਪਣਾ ਮਨ-ਚਾਹਿਆ ਰੰਗ ਵੇਖ ਕੇ ਧੰਨ-ਧੰਨ ਹੋ ਗਿਆ। ਕੁਝ ਚਿਰ ਬਾਦ ਜਦੋਂ ਬਾਰ ਵਿਚ ਜ਼ਮੀਨਾਂ ਅਲਾਟ ਕਰਨ ਦੀ ਲੱਗੀ ਡਿਊਟੀ ਸਮੇਂ ਉਸ ਡੀ ਸੀ ਨੇ ਕਿਸ਼ਨ ਸਿੰਘ ਨੂੰ ਚਿੱਠੀ ਭਿਜਵਾਈ ਕਿ ਉਹ ਉਸ ਨੂੰ ਮਿਲੇ ਤਾਂ ਕਿ ਉਹਦੀ ਇੱਛਾ ਅਨੁਸਾਰ ਉਸ ਨੂੰ ਨਵੀਂ ਵਸਾਈ ਜਾ ਰਹੀ ਬਾਰ ਵਿਚ ਜ਼ਮੀਨ ਅਲਾਟ ਕੀਤੀ ਜਾ ਸਕੇ। ਕਿਸ਼ਨ ਸਿੰਘ ਨੇ ਉਹ ਚਿੱਠੀ ਪੜ੍ਹਵਾ ਕੇ ਇੱਕ ਪਾਸੇ ਰੱਖ ਛੱਡੀ ਅਤੇ ਡਿਓੜ੍ਹੀ ਵਿਚ ਆਪਣੇ ਕੋਲ ਬੈਠੇ ਬੰਦਿਆਂ ਨੂੰ ਆਖਿਆ, "ਮੇਰੇ ਕੋਲ ਪਹਿਲਾਂ ਹੀ ਫੂਕਣ ਜੋਗੀ ਜ਼ਮੀਨ ਐ...ਮੈਂ ਜ਼ਮੀਨ ਦਾ ਕੀ ਕਰਨਾ?"

ਇਹ ਤਾਂ ਵੱਖਰੀ ਗੱਲ ਹੈ ਕਿ ਲੋਕਾਂ ਦੇ ਆਖਣ-ਵੇਖਣ ਤੇ ਕਿਸ਼ਨ ਸਿੰਘ ਦਾ ਪੁੱਤਰ ਪਾਲਾ ਸਿੰਘ ਆਪਣੇ ਪਿਓ ਤੋਂ ਚੋਰੀ, 'ਸਾਹਬ-ਬਹਾਦਰ' ਨੂੰ ਪੁੱਛ-ਪੁਛਾ ਕੇ, ਦੌਰੇ ਦੇ ਕਿਸੇ ਅਗਲੇ ਪੜਾਅ 'ਤੇ, ਆਪਣੇ ਪਿਓ ਵੱਲੋਂ ਜਾ ਮਿਲਿਆ। ਕਾਫ਼ੀ ਪਛੜ ਕੇ ਪੁੱਜਣ 'ਤੇ ਵੀ ਉਸ ਨੂੰ ਦੋ ਮੁਰੱਬੇ ਜ਼ਮੀਨ ਅਲਾਟ ਕਰ ਦਿੱਤੀ ਗਈ।

"ਨਹੀਂ ਤਾਂ ਸਰਦਾਰ ਜੇ ਆਪ ਵੇਲੇ ਸਿਰ ਸਾਹਬ ਕੋਲ ਚਲਾ ਜਾਂਦਾ ਤਾਂ ਪਤਾ ਨਹੀਂ ਉਸ ਨੇ ਕਿੰਨੀ ਕੁ ਜ਼ਮੀਨ ਉਸ ਨੂੰ ਦੇ ਛੱਡਣੀ ਸੀ!" ਪਿੰਡ ਸੁਰ ਸਿੰਘ ਦਾ ਬਜ਼ੁਰਗ ਨੰਦ ਸਿੰਘ ਹਸਰਤ ਨਾਲ ਦੱਸਦਾ ਹੁੰਦਾ ਸੀ, "ਉਦੋਂ ਸੁਰ ਸਿੰਘ 'ਕਿਸ਼ਨ ਸਿੰਘ ਵਾਲਾ ਸੁਰ ਸਿੰਘ' ਕਰਕੇ ਵੱਜਦਾ ਹੁੰਦਾ ਸੀ...ਦੂਰ ਦੂਰ ਤਾਈਂ। ਡਿਓੜ੍ਹੀ ਵਿਚ ਰੌਣਕ ਲੱਗੀ ਰਹਿੰਦੀ। ਪੰਜ-ਸੱਤ ਮੰਜੇ ਡੱਠੇ ਰਹਿੰਦੇ ਸਨ ਹਰ ਵੇਲੇ। ਡਿਓੜ੍ਹੀ ਦਾ ਗਾਡੀ-ਦਰਵਾਜ਼ਾ ਹਰ ਆਏ ਗਏ ਬੰਦੇ ਲਈ ਖੁੱਲ੍ਹਾ ਰਹਿੰਦਾ। ਰਾਹੀ-ਪਾਂਧੀ ਲੰਘਦੇ-ਆਉਂਦੇ ਸਰਦਾਰ ਨੂੰ ਸਾਸਰੀਕਾਲ ਆਖਦੇ। ਲੱਸੀ-ਪਾਣੀ ਪੀਂਦੇ, ਅਰਾਮ ਕਰਦੇ, ਲੋੜ ਪੈਣ 'ਤੇ ਰਾਤ-ਬਰਾਤੇ ਵੀ ਸਰਦਾਰ ਉਨ੍ਹਾਂ ਦੀ ਠਾਹਰ ਹੁੰਦਾ...ਐਹਨਾਂ ਚਾਰ ਕੋਠੜੀਆਂ 'ਚ ਚਾਰ ਸੁਾਨ ਘੋੜੇ ਹੁੰਦੇ ਸਨ; ਦਰਸ਼ਨੀ...ਇੱਕ ਇੱਕ ਕੋਠੜੀ 'ਚ ਇੱਕ ਇੱਕ ਘੋੜਾ...ਘੋੜਿਆਂ ਨੂੰ ਦਾਣਾ ਅਤੇ ਪੱਠਾ-ਦੱਥਾ ਪਾਉਣ ਨੂੰ ਅਤੇ ਮਾਲਸ਼ ਅਤੇ ਖਰਖਰਾ ਕਰਨ ਲਈ ਬੰਦੇ ਰੱਖੇ ਹੁੰਦੇ।"

ਕਿਸ਼ਨ ਸਿੰਘ ਹੁਰਾਂ ਦਾ ਰਿਹਾਇਸ਼ੀ ਘਰ ਉਨ੍ਹਾਂ ਦੀ ਪੱਤੀ 'ਚੰਦੂ ਕੀ' ਵਿਚ ਹੁੰਦਾ ਸੀ। ਦੋ-ਮੰਜ਼ਿਲਾ, ਦੋ ਚੁਬਾਰਿਆਂ ਵਾਲਾ ਪੱਕਾ ਉਚਾ ਅਤੇ ਖੁੱਲ੍ਹਾ ਘਰ। ਡੇਢ ਕਨਾਲ ਦੀ ਹਵੇਲੀ ਪਿੰਡ ਦੇ ਐਨ ਵਿਚਕਾਰ ਮਾਲ-ਡੰਗਰ ਸਾਂਭਣ ਵਾਸਤੇ ਰੱਖੀ ਹੋਈ ਸੀ। ਜਿਸ ਦੀ ਉਚੀ ਛੱਤ ਵਾਲੀ ਖੁੱਲ੍ਹੀ ਅਤੇ ਪੱਕੀ ਡਿਓੜ੍ਹੀ ਦਾ ਗਾਡੀ-ਦਰਵਾਜ਼ਾ ਕਸਬਾਨੁਮਾ ਪਿੰਡ ਦੇ ਬਾਜ਼ਾਰ ਵਿਚ ਖੁੱਲ੍ਹਦਾ। ਆਸੇ-ਪਾਸੇ ਸਭ ਬਾਹਮਣਾਂ-ਖੱਤਰੀਆਂ ਦੇ ਘਰ ਅਤੇ ਦੁਕਾਨਾਂ ਸਨ। ਵਿਚਕਾਰ ਇੱਕੋ ਇੱਕ ਸੀ ਕਿਸ਼ਨ ਸਿੰਘ ਦੀ ਹਵੇਲੀ।

'ਘੋੜਿਆਂ ਵਾਲੇ ਸਰਦਾਰ' ਕਹਿ ਕੇ ਜਾਣੇ ਜਾਂਦੇ ਇਸ ਪਰਿਵਾਰ ਵਿਚ ਹੀ ਵਿਆਹਿਆ ਗਿਆ ਸੀ ਮੇਰਾ ਦਾਦਾ ਚੰਦਾ ਸਿੰਘ। ਕਿਸ਼ਨ ਸਿੰਘ ਦਾ ਪੁੱਤਰ ਪਾਲਾ ਸਿੰਘ ਉਸ ਦਾ ਸਹੁਰਾ ਸੀ। ਦੋ ਸਾਲੇ ਸਨ-ਹਕੀਕਤ ਸਿੰਘ ਅਤੇ ਗ਼ਰੀਬ ਸਿੰਘ। ਮੇਰੇ ਦਾਦੇ ਦੇ ਛੋਟੇ ਸਾਲੇ ਹਕੀਕਤ ਸਿੰਘ ਦੇ ਘਰ ਕੋਈ ਔਲਾਦ ਨਹੀਂ ਸੀ।

ਚੰਦਾ ਸਿੰਘ ਅਤੇ ਧੰਨ ਕੌਰ ਦੇ ਘਰ ਪਲੇਠੀ ਦੀ ਧੀ ਗੁਰਮੇਜੋ ਪੈਦਾ ਹੋਈ। ਉਸ ਤੋਂ ਚਾਰ ਕੁ ਸਾਲ ਪਿੱਛੋਂ ਧੰਨ ਕੌਰ ਨੇ ਮੇਰੇ ਪਿਤਾ ਦੀਦਾਰ ਸਿੰਘ ਨੂੰ ਜਨਮ ਦਿੱਤਾ ਅਤੇ ਉਸ ਦੇ ਜਨਮ ਸਮੇਂ ਹੀ ਕੋਈ ਕਸਰ ਜਾਂ ਬੀਮਾਰੀ ਹੋ ਜਾਣ ਕਰਕੇ ਉਹ ਛੇ ਕੁ ਮਹੀਨੇ ਬਾਅਦ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਈ। ਮੇਰਾ ਦਾਦਾ ਚੰਦਾ ਸਿੰਘ ਇਕੱਲਾ ਰਹਿ ਗਿਆ ਸੀ, ਇਨ੍ਹਾਂ ਮਾਂ-ਮਹਿੱਟਰਾਂ ਨੂੰ ਪਾਲਣ ਵਾਸਤੇ।

ਉਂਜ ਵੀ ਉਸ ਦੀਆਂ ਰੁਚੀਆਂ ਘਰ ਟਿਕ ਕੇ ਬੈਠਣ ਵਾਲੀਆਂ ਨਹੀਂ ਸਨ। ਉਹ ਮਾਰਖ਼ੋਰਾ ਅਤੇ ਲੜਾਕਾ ਬੰਦਾ ਸੀ। ਮੈਂ ਜਦੋਂ ਵੀ ਉਸ ਕੋਲੋਂ ਉਹਦੀ ਜਵਾਨੀ ਦੀਆਂ ਗੱਲਾਂ-ਬਾਤਾਂ ਸੁਣਨੀਆਂ ਤਾਂ ਉਨ੍ਹਾਂ ਵਿਚ ਹਮੇਸ਼ਾਂ ਹੀ ਕਿਸੇ ਲੜਾਈ-ਭੜਾਈ ਦਾ ਜ਼ਿਕਰ ਹੀ ਹੁੰਦਾ। ਉਹ ਬੜੇ ਸਹਿਜ-ਭਾਅ ਦੱਸਦਾ ਰਹਿੰਦਾ,

"ਸਾਡੀ...ਨਾਲ ਦੁਸ਼ਮਣੀ ਸੀ। ਦੋ ਵਾਰ ਅਸਾਂ ਉਨ੍ਹਾਂ ਦੇ ਸੱਟਾਂ ਲਾਈਆਂ। ਤਿਜੀ ਵਾਰ ਉਨ੍ਹਾਂ ਨੇ ਮੈਨੂੰ ਘੇਰ ਲਿਆ। ਗਲੀ ਦੇ ਮੋੜ 'ਤੇ, ਉਹ ਪੰਦਰਾਂ ਵੀਹ ਬੰਦੇ 'ਕੱਠੇ ਹੀ ਖੜੋਤੇ ਸਨ, ਡਾਂਗਾਂ ਲੈ ਕੇ। ਉਦੋਂ ਡਾਂਗਾਂ ਦੀਆਂ ਲੜਾਈਆਂ ਹੁੰਦੀਆਂ ਸਨ। ਮੈਂ 'ਕੱਲ੍ਹਾ ਹੀ ਗੁਰਦਵਾਰਿਓਂ ਮੱਥਾ ਟੇਕ ਕੇ ਤੁਰਿਆ ਜਾਂਦਾ ਸਾਂ। ਅੱਗੇ ਬੰਦੇ ਵੇਖ ਕੇ ਮੈਂ ਪਿੱਛੇ ਨੂੰ ਗਲੀ 'ਚ ਭੱਜਣ ਲਈ ਮੁੜਿਆ। ਪਿੱਛੇ ਵੀ ਬੰਦੇ ਖਲੋਤੇ ਸਨ। ਮੌਤ ਸਾਹਮਣੇ ਸੀ। ਖੱਬੇ ਹੱਥ ਇੱਕ ਆਵਾ ਬਲਦਾ ਪਿਆ ਸੀ, ਇੱਟਾਂ ਪਕਾਉਣ ਵਾਸਤੇ। ਮੈਂ ਆਖਿਆ! ਚੰਦਾ ਸਿਆਂ! ਹੁਣ ਤਾਂ ਇੱਧਰ ਹੀ ਭੱਜਣਾ ਪਊ...ਲਓ ਜੀ! ਮੈਂ ਬਲਦੇ ਆਵੇ ਵਿਚੋਂ ਹੀ ਭੱਜ ਕੇ ਨਿਕਲ ਗਿਆ। ਤੇ ਭੱਜਣ 'ਚ ਤਾਂ ਮੈਂ ਘੋੜੀਆਂ ਨੂੰ ਵੀ ਡਾਹ ਨਹੀਂ ਸਾਂ ਦੇਂਦਾ।"

"ਮੈਂ ਹੁਣ ਠੀਕ ਠਾਕ ਹਾਂ" ਕਹਾਣੀ ਵਿਚ ਜੋਗਿੰਦਰ ਦੇ ਅਣਖੀਲੇ ਦਾਦੇ ਨਾਲ ਸਬੰਧਤ ਵਾਰਤਾ ਅਸਲ ਵਿਚ ਮੇਰੇ ਬਾਪੂ ਚੰਦਾ ਸਿੰਘ ਨਾਲ ਸਬੰਧਤ ਹੀ ਸੀ।

ਇੰਜ ਹੀ ਉਸ ਨੇ ਦੱਸਣਾ, "ਇੱਕ ਵਾਰ ਭੋਲੇ ਭਾਅ ਹੀ ਮੈਥੋਂ ਬੰਦਾ ਮਰ ਗਿਆ। ਗੱਲ ਇਓਂ ਹੋਈ ਕਿ ਮੈਂ ਆਪਣੀ ਢਾਣੀ ਨਾਲ ਤਰਨਤਾਰਨ ਮੱਸਿਆ ਵੇਖਣ ਚੱਲਿਆ ਸਾਂ। ਕੋਈ ਜਾਣੂ ਰਾਹ ਵਿਚ ਮਿਲਣ ਕਰਕੇ ਮੈਂ ਉਸ ਨਾਲ ਗੱਲੀਂ ਪੈ ਗਿਆ ਅਤੇ ਢਾਣੀ ਅੱਗੇ ਨਿਕਲ ਗਈ। ਜਾਣੂ ਨਾਲ ਗੱਲਬਾਤ ਕਰਕੇ, ਢਾਣੀ ਨਾਲ ਮਿਲਣ ਵਾਸਤੇ ਛੇਤੀ ਛੇਤੀ ਤੁਰਿਆ ਜਾ ਰਿਹਾ ਸਾਂ। 'ਸੋਹਲਾਂ' ਦੇ ਬਾਹਰਵਾਰ ਨਿਆਈਆਂ ਵਿਚ ਕਿਸੇ ਜੱਟ ਨੇ ਕਣਕ ਨੂੰ ਪਾਣੀ ਲਾਇਆ ਹੋਇਆ ਸੀ। ਮੈਂ ਨੰਗੇ ਪੈਰੀਂ ਸਾਂ ਅਤੇ ਆਪਣੀ ਤਿੱਲੇ ਵਾਲੀ ਜੁੱਤੀ ਡਾਂਗ ਦੇ ਸੰਮ ਉਤੇ ਅੜਾ ਕੇ ਡਾਂਗ ਮੋਢੇ ਉਤੇ ਰੱਖੀ ਹੋਈ ਸੀ। ਕੋਲੋਂ ਲੰਘਣ ਲੱਗਾ ਤਾਂ ਮੇਰੀ ਜੁੱਤੀ ਵੱਲ ਵੇਖ ਕੇ ਉਹ ਜੱਟ ਮਖੌਲ ਨਾਲ ਆਖਣ ਲੱਗਾ, 'ਕਿੱਡਾ ਅਹਿਮਕ ਜੱਟ ਐ ਓਏ! ਜੁੱਤੀ ਸਿਰ ਉਤੋਂ ਉਚੀ ਚੁੱਕੀ ਹੋਈ ਸੂ।"

ਮੈਨੂੰ ਉਹਦੀ ਗੱਲ ਚੁਭ ਗਈ, "ਤੇਰੇ ਢਿੱਡ ਪੀੜ ਹੁੰਦੀ ਆ, ਓਏ!"

"ਢਿੱਡ ਪੀੜ ਮੇਰੇ ਕਿਓਂ ਹੋਊ ਸਹੁਰਿਆ! ਪਰ ਸਿਰ ਪੱਗ ਵਾਸਤੇ ਹੁੰਦਾ, ਜੁੱਤੀਆਂ ਵਾਸਤੇ ਨਹੀਂ।"

ਆਪਣੀ ਗਲੀ ਵਿਚ ਤਾਂ ਕੁੱਤਾ ਵੀ ਸ਼ੇਰ ਹੁੰਦਾ ਹੈ ਪਰ ਉਹ ਤਾਂ ਛੇ ਫੁੱਟਾ ਹੱਟਾ-ਕੱਟਾ ਗੱਭਰੂ ਸੀ। ਆਪਣੇ ਪਿੰਡ ਤੇ ਆਪਣੀ ਜ਼ਮੀਨ ਵਿਚ ਖਲੋਤਾ ਹੋਇਆ। ਪਰ ਮੈਨੂੰ ਉਹਦੀ ਇਹ ਗੱਲ ਲੜ ਗਈ ਸੀ। ਜੁੱਤੀ ਲਾਹ ਕੇ ਮੈਂ ਥੱਲੇ ਸੁੱਟੀ ਅਤੇ ਸਵ੍ਹਾਰੀ ਕਰਕੇ ਡਾਂਗ ਮਾਰੀ ਉਹਦੀ ਪੁੜਪੁੜੀ ਵਿਚ। ਡਾਂਗ ਟਿਕਾਣੇ ਵੱਜ ਗਈ ਅਤੇ ਉਹ 'ਸਰਦਾਰ ਜੀ', ਫੁੜਕ ਕੇ ਔਹ ਜਾ ਪਿਆ। ਮੈਂ ਜਾ ਵੜਿਆ ਭੱਜ ਕੇ ਆਪਣੀ ਢਾਣੀ 'ਚ।"

"ਪਿੱਛੋਂ ਪੁਲਿਸ ਤੋਂ ਬਚਣ ਲਈ ਭੱਜ ਕੇ ਚੀਨ ਚਲਿਆ ਗਿਆ। ਓਥੋਂ ਤਿੰਨੀਂ ਸਾਲੀਂ ਪੁਲਿਸ ਫੜ ਕੇ ਲਿਆਈ...ਤੁਹਾਡੀ ਦਾਦੀ ਨੂੰ ਮਨੀਆਰਡਰ ਘੱਲਿਆ ਸੀ। ਉਹਦੇ ਤੋਂ ਪੁਲਿਸ ਨੂੰ ਮੇਰਾ ਪਤਾ ਲੱਗ ਗਿਆ। ਉਂਜ ਮੌਕੇ ਦਾ ਗਵਾਹ ਨਾ ਮਿਲਣ ਕਰਕੇ ਮੈਂ ਛੇਤੀ ਹੀ ਬਰੀ ਹੋ ਗਿਆ।"

ਕਈ ਸਾਲ ਹੋਏ ਮੈਂ ਆਪਣੇ ਜੱਦੀ ਪਿੰਡ ਭਡਾਣੇ ਦੇ ਗੁਆਂਢੀ ਪਿੰਡ ਨੌਸ਼ਹਿਰੇ-ਢਾਲੇ ਦੇ ਇੱਕ ਪੁਰਾਣੇ ਬਜ਼ੁਰਗ ਨੂੰ ਪੁੱਛਿਆ ਕਿ ਕੀ ਉਹਨੇ ਭਡਾਣੇ ਵਾਲੇ ਚੰਦਾ ਸਿੰਘ ਦਾ ਨਾਮ ਸੁਣਿਆ ਹੋਇਆ ਹੈ। ਉਸ ਨੇ ਹੁੱਭ ਕੇ ਦੱਸਿਆ, "ਕੀ ਰੀਸਾਂ ਸੀ ਓਸ ਜੱਟ ਦੀਆਂ ਬਈ! ਉਹਨੂੰ ਪੁੱਠੀ-ਸਿੱਧੀ ਗੱਲ ਕਰਕੇ ਕਿਸੇ ਜਾਣਾ ਕਿੱਥੇ ਹੁੰਦਾ ਸੀ? ਉਸ ਜਵਾਨ ਨਾਲ ਦਾ ਸੋਟਾ ਕਿਸੇ ਕੀ ਮਾਰ ਸਕਣਾ ਹੋਇਆ! ਅਗਲੇ ਦਾ ਸੋਟਾ ਝੱਲ ਕੇ ਫ਼ਿਰ ਵਾਰ ਕਰਨਾ, ਇਹ ਕੋਈ ਚੰਦਾ ਸਿੰਘ ਤੋਂ ਸਿੱਖਦਾ। ਬੰਦਿਆਂ ਦਾ ਵੀ ਕੋਈ ਘਾਟਾ ਨਹੀਂ ਸੀ। ਚਾਰ ਤਾਂ ਭਤੀਏ ਸੀ ਉਹਦੇ ਪਿੱਛੇ ਕੰਧ ਬਣ ਕੇ ਖਲੋਣ ਵਾਲੇ। ਚਾਰੇ ਕੜੀ ਵਰਗੇ ਜਵਾਨ, ਤਿੰਨ ਭਰਾ ਉਹ ਆਪ।"

***ਮੇਰੀ ਉਮਰ ਅਜੇ ਡੇਢ ਪੌਣੇ ਦੋ ਸਾਲ ਦੀ ਹੀ ਸੀ ਕਿ ਪਾਕਿਸਤਾਨ ਬਣ ਗਿਆ। ਐਨ ਆਖ਼ਰੀ ਦਿਨ ਤੱਕ- ਜਦੋਂ ਇਹ ਖ਼ਬਰ ਮਿਲੀ ਕਿ ਧਾੜਵੀ ਪਿੰਡ ਨੂੰ ਲੁੱਟਣ ਅਤੇ ਸਾੜਨ ਆ ਰਹੇ ਹਨ-ਸਾਰੇ ਹਿੰਦੂ-ਸਿੱਖ ਪਿੰਡ ਵਿਚ ਹੀ ਟਿਕੇ ਹੋਏ ਸਨ। ਭਡਾਣਾ ਪਾਕਿਸਤਾਨ ਵਿਚ ਆ ਗਿਆ ਸੀ। ਹੁਣ ਅਚਨਚੇਤ ਹਨੇਰਾ ਉਤਰਦਿਆਂ ਹੀ ਵੱਸਦੇ-ਰੱਸਦੇ ਘਰ ਛੱਡ ਕੇ ਸਭ ਨੂੰ ਤੁਰਨਾ ਪੈ ਗਿਆ।***

ਅੱਜ ਤੱਕ ਲੱਖ ਦਬਾਉਣ ਉਤੇ ਵੀ ਮੇਰੇ ਅੰਦਰੋਂ ਕਦੇ ਕਦੇ ਮੇਰਾ ਜਟਕਾ ਰੰਘੜਊ ਜਾਗ ਪੈਂਦਾ ਹੈ। ਕਿਸੇ ਦਾ ਵਾਧਾ, ਧੱਕਾ ਜਾਂ ਟੇਢਾ ਮਖੌਲ ਮੈਨੂੰ ਧੁਖਣ ਅਤੇ ਬਲਣ ਲਾ ਦਿੰਦਾ ਹੈ। ਕਿਸੇ ਸਮੇਂ ਜੇ ਮੈਂ ਤੇਜ਼-ਤਰਾਰ ਕਿਸਮ ਦੀ ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਆ ਗਿਆ ਸਾਂ ਤਾਂ ਇਸ ਪਿੱਛੇ ਹੋਰ ਕਈ ਕਾਰਨਾਂ ਤੋਂ ਇਲਾਵਾ ਮੇਰੇ ਦਾਦੇ ਚੰਦਾ ਸਿੰਘ ਤੋਂ ਮਿਲਿਆ ਖਾੜਕੂਪਣ ਵੀ ਮੇਰੇ ਸੰਸਕਾਰਾਂ ਦਾ ਹਿੱਸਾ ਬਣ ਕੇ ਮੇਰੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਨ ਵਾਲਾ ਇੱਕ ਕਾਰਨ ਜ਼ਰੂਰ ਰਿਹਾ ਹੋਵੇਗਾ।

ਪਤਨੀ ਦੀ ਮੌਤ ਹੋ ਜਾਣ 'ਤੇ ਛੋਟੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਸਿਰ ਉਤੇ ਆਣ ਪਈ ਕਰ ਕੇ ਚੰਦਾ ਸਿੰਘ ਡਾਢਾ ਪ੍ਰੇਸ਼ਾਨ ਸੀ ਪਰ ਇਸ ਪ੍ਰੇਸ਼ਾਨੀ ਨੂੰ ਉਸ ਦੇ ਛੋਟੇ ਸਾਲੇ ਹਕੀਕਤ ਸਿੰਘ ਅਤੇ ਉਸ ਦੀ ਪਤਨੀ ਹਰਨਾਮ ਕੌਰ ਨੇ ਛੇਤੀ ਹੀ ਦੂਰ ਕਰ ਦਿੱਤਾ। ਹਰਨਾਮ ਕੌਰ ਨੇ ਆਪਣੀ ਨਣਾਨ, ਮੇਰੀ ਦਾਦੀ ਧੰਨ ਕੌਰ ਦੇ ਸਸਕਾਰ ਪਿੱਛੋਂ ਹੀ ਉਸ ਦਾ ਬੱਚਾ, ਮੇਰਾ ਹੋਣ ਵਾਲਾ ਪਿਤਾ, ਆਪਣੀ ਗੋਦ ਲੈ ਲਿਆ ਅਤੇ ਸਭ ਦੇ ਸਾਹਮਣੇ ਐਲਾਨ ਕਰ ਦਿੱਤਾ, "ਵੀਰਾ ਚੰਦਾ ਸਿਆਂ! ਅੱਜ ਤੋਂ ਗੇਜੋ ਅਤੇ ਦੀਦਾਰ ਸਿੰਘ ਸਾਡੇ ਹੋਏ...।"

ਹਰਨਾਮ ਕੌਰ ਦਾ ਪਿੰਡ ਪਠਾਣ-ਕੇ ਭਡਾਣੇ ਦੇ ਨੇੜੇ ਹੀ ਸੀ। ਇਹ ਪਿੰਡ ਵੀ ਭਡਾਣੇ ਵਾਂਗ 'ਸੰਧੂਆਂ ਦਾ ਪਿੰਡ' ਹੀ ਸੀ। ਗੋਤ ਵੱਲੋਂ ਸੰਧੂ ਹੋਣ ਕਰਕੇ ਉਹ ਚੰਦਾ ਸਿੰਘ ਨੂੰ ਭਰਾ ਹੀ ਸਮਝਦੀ ਤੇ ਆਖਦੀ ਸੀ। ਹਕੀਕਤ ਸਿੰਘ ਅਤੇ ਹਰਨਾਮ ਕੌਰ ਦਾ ਆਪਣਾ ਕੋਈ ਬੱਚਾ ਨਹੀਂ ਸੀ। ਦੋਵੇਂ ਜੀਅ, ਦੋਹਾਂ ਬੱਚਿਆਂ ਗੁਰਮੇਜ ਕੌਰ (ਮੇਰੀ ਭੂਆ) ਅਤੇ ਦੀਦਾਰ ਸਿੰਘ (ਮੇਰੇ ਪਿਤਾ) ਨੂੰ ਸੁਰ ਸਿੰਘ ਆਪਣੇ ਨਾਲ ਲੈ ਆਏ। ਹਰਨਾਮ ਕੌਰ ਨੇ ਮੇਰੇ ਪਿਤਾ ਨੂੰ ਆਪਣਾ ਪੁੱਤਰ ਸਮਝ ਕੇ ਬੜੀ ਰੀਝ ਅਤੇ ਮੁਹੱਬਤ ਨਾਲ ਪਾਲਿਆ। ਮੋਹ-ਵੱਸ ਉਹਦੇ ਦੁੱਧ ਉਤਰ ਆਇਆ ਸੀ ਅਤੇ ਮੇਰਾ ਪਿਤਾ ਉਸ ਦਾ ਦੁੱਧ ਪੀ ਕੇ ਹੀ ਵੱਡਾ ਹੋਇਆ। ਉਹੋ ਹੀ ਅਸਲ ਵਿਚ ਉਸ ਦੀ ਮਾਂ ਸੀ। ਸਾਡੇ ਭੈਣ-ਭਰਾਵਾਂ ਦੀ ਵੀ ਅਸਲ ਦਾਦੀ ਉਹੋ ਹੀ ਸੀ। ਜੋ ਪਿਆਰ ਦੁਲਾਰ ਉਸ ਨੇ ਮੇਰੇ ਪਿਓ ਅਤੇ ਸਾਡੇ ਭੈਣ-ਭਰਾਵਾਂ ਨਾਲ ਕੀਤਾ ਉਹ ਕਿਸੇ ਸਕੀ ਦਾਦੀ ਨੇ ਵੀ ਕਾਹਨੂੰ ਕਰ ਸਕਣਾ ਹੈ! ਹੁਣ ਵੀ ਮੈਨੂੰ ਇਹ ਕਹਿੰਦਿਆਂ ਸ਼ਰਮ ਆ ਰਹੀ ਹੈ ਕਿ ਮੇਰੀ ਸਕੀ ਦਾਦੀ ਹਰਨਾਮ ਕੌਰ ਨਹੀਂ, ਧੰਨ ਕੌਰ ਸੀ। ਮੇਰਾ ਮਨ ਕਦੀ ਵੀ ਇਹ ਮੰਨਣ ਜਾਂ ਦੱਸਣ ਨੂੰ ਤਿਆਰ ਨਹੀਂ ਹੋਇਆ ਕਿ ਹਰਨਾਮ ਕੌਰ ਮੇਰੀ ਅਸਲ ਦਾਦੀ ਨਹੀਂ ਸੀ। ਸੱਚੀ ਗੱਲ ਤਾਂ ਇਹ ਹੈ ਕਿ ਮਮਤਾ ਵਿਚ ਧੁਰ ਡੂੰਘਾਣਾਂ ਵਿਚ ਭਿੱਜੀ ਉਹ ਅਜਿਹੀ ਸੱਚੀ ਅਤੇ ਸੁਹਿਰਦ ਔਰਤ ਸੀ ਜਿਸ ਕੋਲੋਂ ਮੇਰੀ ਆਪਣੀ ਮਾਂ ਨਾਲੋਂ ਵੀ ਮੈਨੂੰ ਵੱਧ ਪਿਆਰ ਮਿਲਿਆ। ਮੇਰੇ ਪਿਓ ਦੀ ਜਾਨ ਵਿਚ ਤਾਂ ਉਸ ਦੀ ਜਾਨ ਹੋਣੀ ਹੀ ਸੀ ਜਿਸ ਨੂੰ ਉਸ ਨੇ ਆਪਣਾ ਦੁੱਧ ਚੁੰਘਾਇਆ, ਹੱਥੀਂ ਖਿਡਾਇਆ ਅਤੇ ਜਵਾਨ ਕੀਤਾ ਸੀ।

ਸਾਡੀ ਦਾਦੀ ਹਰਨਾਮ ਕੌਰ ਕੇਵਲ ਮੋਹ-ਵੰਤੀ ਅਤੇ ਸੁਹਿਰਦ ਔਰਤ ਹੀ ਨਹੀਂ ਸਗੋਂ ਸਮਾਜਕ ਤੌਰ 'ਤੇ ਵੀ ਬਹੁਤ ਦਨਾਅ ਅਤੇ ਸਿਆਣੀ ਔਰਤ ਸੀ। ਪੱਤੀ ਦੀਆਂ ਔਰਤਾਂ ਮੁਸ਼ਕਿਲ ਘੜੀਆਂ ਵਿਚ ਹਮੇਸ਼ਾਂ ਉਸ ਨਾਲ ਸਲਾਹ ਮਸ਼ਵਰਾ ਕਰਨ ਆਉਂਦੀਆਂ ਰਹਿੰਦੀਆਂ ਅਤੇ ਅਕਸਰ ਉਹਦੀ ਦੱਸੀ ਰਾਇ ਉਤੇ ਅਮਲ ਕਰਦੀਆਂ। ਮੇਰੇ ਅੰਦਰ ਕਹਾਣੀ ਦਾ ਬੀਜ ਸਭ ਤੋਂ ਪਹਿਲਾਂ ਸੁੱਟਣ ਵਾਲੀ ਵੀ ਉਹੋ ਔਰਤ ਸੀ। ਉਸ ਕੋਲ ਲੋਕ-ਕਹਾਣੀਆਂ ਦਾ ਅਥਾਹ ਖ਼ਜ਼ਾਨਾ ਸੀ। ਹਰ ਸ਼ਾਮ ਮੈਂ ਉਹਦੀ ਬੁੱਕਲ ਵਿਚ ਜਾ ਵੜਦਾ। ਹਰ ਰੋਜ਼ ਉਸ ਕੋਲ ਸੁਣਾਉਣ ਵਾਲੀ ਕੋਈ ਨਵੀਂ 'ਬਾਤ' ਹੁੰਦੀ। ਬਾਤ ਸੁਣਾਉਣ ਦਾ ਢੰਗ ਵੀ ਉਸ ਦਾ ਇਤਨਾ ਰੌਚਿਕ ਅਤੇ ਸਵਾਦਲਾ ਹੁੰਦਾ ਕਿ ਅਸੀਂ ਛੋਟੇ ਬੱਚੇ ਰੋਜ਼ ਛੇਤੀ ਤੋਂ ਛੇਤੀ ਰਾਤ ਪੈਣ ਨੂੰ ਉਡੀਕਦੇ ਤਾਂ ਕਿ 'ਮਾਂ' ਤੋਂ ਬਾਤ ਸੁਣ ਸਕੀਏ ਕਿਉਂਕਿ ਦਿਨੇ ਤਾਂ ਉਹ, "ਰਾਹੀਆਂ ਨੂੰ ਰਾਹ ਭੁੱਲ ਜਾਂਦਾ ਹੈ" ਆਖ

ਕੇ ਬਾਤ ਸੁਣਾਉਣ ਲਈ ਵਾਰ ਵਾਰ ਕੀਤੀ ਸਾਡੀ ਬੇਨਤੀ ਨੂੰ ਟਾਲ ਜਾਂਦੀ ਸੀ।

ਸੰਵੇਦਨਸ਼ੀਲ ਏਨੀ ਕਿ ਇੱਕ ਵਾਰ ਉਹਦੀ ਜਠਾਣੀ ਨੇ ਮੇਰੇ ਪਿਓ ਦੇ ਹਵਾਲੇ ਨਾਲ ਕੋਈ ਅਣਸੁਖਾਵੀਂ ਗੱਲ ਆਖੀ ਤਾਂ ਕਹਿਣ ਲੱਗੀ ਕਿ ਉਹ ਆਪਣੇ ਬੱਚਿਆਂ ਸਮੇਤ ਹਵੇਲੀ ਜਾ ਕੇ ਕੱਚੇ ਕੋਠਿਆਂ ਵਿਚ ਰਹਿ ਲਵੇਗੀ ਪਰ ਆਪਣੇ ਪੁੱਤ ਨੂੰ ਜਠਾਣੀ ਵੱਲੋਂ ਕੱਢੀ ਗਾਲ੍ਹ ਉਹ ਬਰਦਾਸ਼ਤ ਨਹੀਂ ਕਰ ਸਕਦੀ। ਜਠਾਣੀ ਨੂੰ ਅੰਦਰੇ ਅੰਦਰ ਨਾਰਾਜ਼ਗੀ ਇਸ ਗੱਲ ਦੀ ਸੀ ਕਿ ਮੇਰਾ ਪਿਓ ਸ਼ਰੀਕ ਬਣਾ ਕੇ ਉਨ੍ਹਾਂ ਨੇ ਸਿਰ੍ਹਾਣੇ ਲਿਆ ਬਿਠਾਇਆ ਸੀ। ਉਹ ਤਾਂ ਆਸ ਲਾਈ ਬੈਠੀ ਸੀ ਕਿ ਕਿਸੇ ਨਾ ਕਿਸੇ ਦਿਨ ਇਨ੍ਹਾਂ ਲਾ-ਵਲਦਾਂ ਦੀ ਜਾਇਦਾਦ ਵੀ ਉਹਦੇ ਆਪਣੇ ਮੁੰਡਿਆਂ ਨੂੰ ਹੀ ਮਿਲੇਗੀ! ਪਰ ਮੇਰੇ ਪਿਓ ਨੂੰ ਉਨ੍ਹਾਂ ਵੱਲੋਂ ਪੁੱਤ ਬਣਾ ਲਏ ਜਾਣ ਕਰਕੇ ਜੇਠ-ਜਠਾਣੀ ਦੀ ਇਸ ਆਸ 'ਤੇ ਪਾਣੀ ਫ਼ਿਰ ਗਿਆ ਸੀ।

ਹਕੀਕਤ ਸਿੰਘ ਨੇ ਵੱਡੇ ਭਰਾ ਗ਼ਰੀਬ ਸਿੰਘ ਨਾਲ ਘਰ ਵਿਚੋਂ ਕੁੱਝ 'ਲੈਣ-ਦੇਣ' ਕਰ ਕੇ ਬਾਜ਼ਾਰ ਵਿਚਲੀ ਪੂਰੀ ਹਵੇਲੀ ਕਬਜ਼ੇ ਵਿਚ ਲੈ ਲਈ ਸੀ। ਹਰਨਾਮ ਕੌਰ ਦੇ ਕਹਿਣ ਉਤੇ ਉਨ੍ਹਾਂ ਨੇ ਅੱਧੀ ਹਵੇਲੀ ਵਿਚ ਪੱਕੀ ਕੰਧ ਮਾਰ ਕੇ ਦਰਵਾਜ਼ਾ ਲਾ ਲਿਆ। ਬਾਜ਼ਾਰ ਵਿਚ ਖੁੱਲ੍ਹਦੀ ਵੱਡੀ ਪੱਕੀ ਡਿਓੜ੍ਹੀ ਅਤੇ ਉਸ ਪਾਸੇ ਦੀ ਹਵੇਲੀ ਨਾਲ ਜੁੜੇ ਦੋ ਕੋਠੇ ਮਾਲ ਡੰਗਰ ਲਈ ਰੱਖ ਲਏ ਅਤੇ ਵਿਚਕਾਰਲੀ ਪੱਕੀ ਕੰਧ ਤੋਂ ਪਾਰ ਦੋ ਕੱਚੇ ਕੋਠਿਆਂ ਨਾਲ ਇੱਕ ਨਿੱਕੀ ਜਿਹੀ ਰਸੋਈ ਛੱਤ ਕੇ ਆਪਣੀ ਰਿਹਾਇਸ਼ ਹਵੇਲੀ ਵਿਚ ਲੈ ਆਂਦੀ। ਹਰਨਾਮ ਕੌਰ ਨੂੰ ਪੱਕਾ ਘਰ ਛੱਡਣ ਦਾ ਵਿਗੋਚਾ ਵੀ ਸੀ ਅਤੇ ਆਂਢ-ਗੁਆਂਢ ਦੇ ਆਪਣੇ ਭਾਈਚਾਰੇ ਤੋਂ ਦੂਰ ਹੋ ਜਾਣ ਦਾ ਦਰਦ ਵੀ। ਇਹ ਹਵੇਲੀ ਅੰਦਰਲੇ ਪੁਰਾਣੇ ਘਰ ਤੋਂ ਲਗਪਗ ਡੇਢ ਫ਼ਰਲਾਂਗ ਦੀ ਵਿੱਥ ਉਤੇ ਪਿੰਡ ਦੇ ਮੁੱਖ-ਬਾਜ਼ਾਰ ਵਿਚ ਸੀ। ਹਵੇਲੀ ਦੇ ਆਂਢ-ਗੁਆਂਢ ਵਿਚ ਖੱਬੇ ਹੱਥ ਅਤੇ ਪਿਛਵਾੜੇ ਮੁਸਲਮਾਨਾਂ ਦੇ ਮਕਾਨ ਸਨ ਅਤੇ ਸੱਜੇ ਹੱਥ ਅਤੇ ਸਾਹਮਣੇ ਚੜ੍ਹਦੇ ਵੱਲ ਸਾਰੀ ਹਿੰਦੂ ਆਬਾਦੀ ਸੀ ਪਰ ਹਰਨਾਮ ਕੌਰ ਨੇ ਆਪਣੇ ਸੁਭਾ ਦੀ ਮਿੱਠਤ ਸਦਕਾ ਆਪਣੇ ਆਲੇ-ਦੁਆਲੇ ਵਿਚ ਛੇਤੀ ਹੀ ਪੂਰਾ ਆਦਰ ਮਾਣ ਬਣਾ ਲਿਆ। ਆਸੇ-ਪਾਸੇ ਦੇ ਘਰਾਂ ਦੀਆਂ ਹਿੰਦਵਾਣੀਆਂ ਉਸ ਕੋਲ ਆਉਂਦੀਆਂ ਰਹਿੰਦੀਆਂ। ਪਿਛਵਾੜੇ ਦੀਆਂ ਮੁਸਲਮਾਨ ਗ਼ਰੀਬ ਔਰਤਾਂ ਉਸ ਦਾ ਕੰਮ ਧੰਦਾ ਵੀ ਕਰ ਜਾਂਦੀਆਂ ਅਤੇ ਲੋੜ ਪੈਣ 'ਤੇ ਅਨਾਜ ਅਤੇ ਪੈਸਾ ਧੇਲਾ ਵੀ ਲੈ ਜਾਂਦੀਆਂ।

ਇਸ ਮਾਹੌਲ ਵਿਚ ਮੇਰਾ ਪਿਓ ਸੁਰ ਸਿੰਘ ਦੇ ਮਿਡਲ ਸਕੂਲ ਵਿਚ ਸੱਤ ਜਮਾਤਾਂ ਪੜ੍ਹ ਗਿਆ। ਓਧਰ ਮੇਰੇ ਦਾਦੇ ਚੰਦਾ ਸਿੰਘ ਉਤੇ ਹੋਰ ਵਖ਼ਤ ਆਣ ਪਿਆ। ਉਸ ਦੀ ਭੈਣ ਚੰਦੋ ਭਰ ਜਵਾਨ ਉਮਰ ਵਿਚ ਵਿਧਵਾ ਹੋ ਗਈ। ਛੋਟੇ ਛੋਟੇ ਉਸ ਦੇ ਬਾਲ-ਬੱਚੇ। ਬਾਰ ਦੇ ਇਲਾਕੇ ਵਿਚ ਜਾ ਵੱਸੇ ਭੈਣ ਚੰਦੋ ਦੇ ਪਰਿਵਾਰ ਲਈ ਜੀਊਣਾ ਦੁੱਭਰ ਹੋ ਗਿਆ। ਚੰਦਾ ਸਿੰਘ ਦੀ ਖੜਕੇ-ਦੜਕੇ ਤੇ ਦੁਨੀਆਂ ਦੇ ਰੰਗ-ਤਮਾਸ਼ੇ ਵੇਖਣ ਵਾਲੀ ਜ਼ਿੰਦਗੀ ਗਵਾਚ ਗਈ ਸੀ। ਉਹ ਭੈਣ ਦਾ ਪਰਿਵਾਰ ਪਾਲਣ ਲਈ ਬਾਰ ਵਿਚ ਜਾ ਪਹੁੰਚਿਆ। ਓਥੇ ਬਾਰ ਵਿਚ ਹੀ ਉਸ ਨੇ ਵੀ ਕੁੱਝ ਜ਼ਮੀਨ ਆਪਣੇ ਹੱਥ ਹੇਠ ਕਰ ਲਈ ਸੀ। ਉਹ ਆਪਣੀ ਤੇ ਭੈਣ ਦੀ ਜ਼ਮੀਨ ਸੰਭਾਲਦਾ। ਭੜਾਣੇ ਵਾਲੀ ਜ਼ਮੀਨ ਉਸ ਦੇ ਭਤੀਏ ਵਾਹੁੰਦੇ। ਇੱਕ 'ਭਰਾ' ਹਕੀਕਤ ਸਿੰਘ ਆਪਣੀ ਮਰ ਚੁੱਕੀ ਭੈਣ ਦੇ ਬੱਚੇ ਪਾਲ ਰਿਹਾ ਸੀ ਤੇ ਇੱਕ ਭਰਾ ਚੰਦਾ ਸਿੰਘ ਆਪਣੀ ਵਿਧਵਾ ਭੈਣ ਦੇ ਬੱਚੇ ਪਾਲਣ ਦੀ ਜ਼ਿੰਮੇਵਾਰੀ ਨਿਭਾਉਣ ਜਾ ਲੱਗਾ ਸੀ।

ਚੰਦੋ ਦੇ ਬੱਚੇ ਵੱਡੇ ਹੋਏ। ਚੰਦਾ ਸਿੰਘ ਨੇ ਉਨ੍ਹਾਂ ਦੇ ਵਿਆਹ ਕੀਤੇ। ਨੂੰਹਾਂ ਘਰ ਆ ਗਈਆਂ। ਭੈਣ ਦਾ ਪਰਿਵਾਰ ਵੱਸਣ ਰੱਸਣ ਲੱਗਾ ਤਾਂ ਚੰਦਾ ਸਿੰਘ ਨੇ ਸੋਚਿਆ ਕਿ ਉਸ ਦੇ ਆਪਣੇ ਬੱਚਿਆਂ ਦੇ ਵਿਆਹੁਣ ਦੀ ਜ਼ਿੰਮੇਵਾਰੀ ਤਾਂ ਅਜੇ ਉਸ ਦੇ ਆਪਣੇ ਸਿਰ 'ਤੇ ਹੈ। ਉਸ ਨੇ ਸੁਰ ਸਿੰਘ ਜਾ ਕੇ ਹਕੀਕਤ ਸਿੰਘ ਤੇ ਹਰਨਾਮ ਕੌਰ ਤੋਂ ਮੰਗ ਕੀਤੀ ਕਿ ਉਹ ਬੱਚਿਆਂ ਨੂੰ ਆਪਣੇ ਨਾਲ ਲਿਜਾਣਾ ਤੇ ਉਨ੍ਹਾਂ ਦਾ ਆਪਣੇ ਹੱਥੀਂ ਵਿਆਹ ਕਰਨਾ ਚਾਹੁੰਦਾ ਹੈ। ਹਕੀਕਤ ਸਿੰਘ ਤੇ ਹਰਨਾਮ ਕੌਰ ਨੇ ਕਿਹਾ ਕਿ ਜੇ ਉਨ੍ਹਾਂ ਨੇ ਉਸ ਦੇ ਬੱਚੇ ਅਪਨਾਏ ਸਨ ਤਾਂ ਵਿਆਹ ਵੀ ਉਹ ਆਪ ਹੀ ਕਰਨਗੇ ਪਰ ਚੰਦਾ ਸਿੰਘ ਦੀ ਇੱਛਾ ਸੀ ਕਿ ਉਹ ਆਪਣਾ ਮੁੰਡਾ ਆਪ ਵਿਆਹੇ, ਘਰ ਵਿਚ ਨੂੰਹ ਆਏਗੀ, ਬੱਚੇ ਹੋਣਗੇ। ਉਹਦਾ ਉਜੜਿਆ ਘਰ ਵੱਸ ਜਾਊ ਪਰ ਏਧਰ ਜਿਨ੍ਹਾਂ ਨੇ ਦੋਹਾਂ ਹੀ ਬੱਚਿਆਂ ਨੂੰ ਕਲੇਜੇ ਦਾ ਟੁਕੜਾ ਸਮਝ ਕੇ ਪਾਲਿਆ ਅਤੇ ਵੱਡਾ ਕੀਤਾ ਸੀ, ਉਹ ਉਨ੍ਹਾਂ ਦਾ ਆਪਣੇ ਕਲੇਜੇ ਨਾਲੋਂ ਟੁੱਟਣਾ ਕਿਵੇਂ ਬਰਦਾਸ਼ਤ ਕਰ ਸਕਦੇ ਸਨ!

"ਤੂੰ ਵੀ ਏਥੇ ਹੀ ਸਾਡੇ ਕੋਲ ਆ ਰਹੁ," ਹਕੀਕਤ ਸਿੰਘ ਨੇ ਸੋਚਿਆ ਇੰਜ ਦੋਹਾਂ ਧਿਰਾਂ ਦੀ ਪੁੱਤ ਵਿਆਹੁਣ ਅਤੇ ਘਰ ਵੱਸਦਾ ਵੇਖਣ ਦੀ ਰੀਝ ਪੂਰੀ ਹੋ ਜਾਊ ਪਰ ਚੰਦਾ ਸਿੰਘ ਦੀ 'ਟੈਂਅ' ਨੂੰ ਇਹ ਗੱਲ ਕਿਵੇਂ ਪੁੱਗ ਸਕਦੀ ਸੀ!

"ਤੂੰ ਚਾਹੁੰਦੈਂ ਠੇਠਰ ਬੰਦਿਆਂ ਵਾਂਗੂੰ ਮੈਂ ਸਹੁਰੇ ਘਰ ਆ ਕੇ ਬਹਿ ਜਾਂ...ਕੁੱਤੇ ਵਾਂਗ!"

ਆਖ਼ਰ ਹਰਨਾਮ ਕੌਰ ਨੇ ਹੀ ਨਿਬੇੜਾ ਕੀਤਾ, "ਦੀਦਾਰ ਦੇ ਮਾਮਾ! ਇਹ ਪਹਿਲਾਂ ਭਾਊ ਚੰਦਾ ਸੁੰਹ ਦੇ ਨਿਆਣੇ ਈ ਨੇ...ਜਿਵੇਂ ਉਹਨੂੰ ਚੰਗਾ ਲੱਗਦੈ...ਕਰਨ ਦੇਹ...ਆਪਾਂ ਤਾਂ ਪਰਾਈ ਅਮਾਨਤ ਸਾਂਭਣ ਜੋਗੇ ਸਾਂ। ਆਪਣਾ ਕਾਹਦਾ ਮਾਣ!" ਹਉਕਾ ਲੈ ਕੇ ਉਸ ਨੇ ਦਿਲ 'ਤੇ ਪੱਥਰ ਰੱਖ ਲਿਆ।

ਬਾਪੂ ਚੰਦਾ ਸਿੰਘ ਮੇਰੀ ਭੂਆ ਅਤੇ ਮੇਰੇ ਪਿਓ ਨੂੰ ਲੈ ਕੇ ਭੜਾਣੇ ਚਲਾ ਗਿਆ। ਪਹਿਲਾਂ ਭੂਆ ਦਾ ਵਿਆਹ ਹੋਇਆ। ਫ਼ਿਰ ਚੰਦਾ ਸਿੰਘ ਦੇ ਵੱਡੇ ਭਰਾ ਹਰੀ ਸਿੰਘ ਦੇ ਘਰੋਂ, ਮੰਗਲ ਕੌਰ ਚਵਿੰਡੇ ਤੋਂ ਆਪਣੀ ਭਤੀਜੀ ਜਿੰਦੋ, ਮੇਰੀ ਮਾਂ (ਠਾਕਰ ਸਿੰਘ ਦੀ ਧੀ) ਦਾ ਸਾਕ ਆਪਣੇ ਦਿਓਰ (ਚੰਦਾ ਸਿੰਘ) ਦੇ ਮੁੰਡੇ, ਮੇਰੇ ਪਿਤਾ, ਦੀਦਾਰ ਸਿੰਘ ਲਈ ਲੈ ਆਈ। ਮੇਰਾ ਪਿਤਾ ਵਿਆਹਿਆ ਗਿਆ। ਹਕੀਕਤ ਸਿੰਘ ਅਤੇ ਹਰਨਾਮ ਕੌਰ ਨੇ ਮੇਰੀ ਭੂਆ ਗੁਰਮੇਜ ਕੌਰ ਤੇ ਮੇਰੇ ਪਿਤਾ ਦੀਦਾਰ ਸਿੰਘ ਦੇ ਵਿਆਹਾਂ ਉਤੇ ਉਨ੍ਹਾਂ ਨੂੰ ਆਪਣੇ ਬੱਚੇ ਸਮਝ ਕੇ ਹੀ ਖ਼ਰਚ ਕੀਤਾ।

ਮੇਰੀ ਉਮਰ ਅਜੇ ਡੇਢ ਪੌਣੇ ਦੋ ਸਾਲ ਦੀ ਹੀ ਸੀ ਕਿ ਪਾਕਿਸਤਾਨ ਬਣ ਗਿਆ। ਐਨ ਆਖ਼ਰੀ ਦਿਨ ਤੱਕ- ਜਦੋਂ ਇਹ ਖ਼ਬਰ ਮਿਲੀ ਕਿ ਧਾੜਵੀ ਪਿੰਡ ਨੂੰ ਲੁੱਟਣ ਅਤੇ ਸਾੜਨ ਆ ਰਹੇ ਹਨ- ਸਾਰੇ ਹਿੰਦੂ-ਸਿੱਖ ਪਿੰਡ ਵਿਚ ਹੀ ਟਿਕੇ ਹੋਏ ਸਨ। ਭੜਾਣਾ ਪਾਕਿਸਤਾਨ ਵਿਚ ਆ ਗਿਆ ਸੀ। ਹੁਣ ਅਚਨਚੇਤ ਹਨੇਰਾ ਉਤਰਦਿਆਂ ਹੀ ਵੱਸਦੇ-ਰੱਸਦੇ ਘਰ ਛੱਡ ਕੇ ਸਭ ਨੂੰ ਤੁਰਨਾ ਪੈ ਗਿਆ।

ਬੀਬੀ ਦੱਸਦੀ ਹੁੰਦੀ ਸੀ, "ਤੇਰੇ ਜੰਮਣ 'ਤੇ ਕੁੱਝ ਚਿਰ ਤਾਂ ਮੈਂ ਚਵਿੰਡੇ ਰਹੀ। ਫੇਰ ਕੁੱਝ ਚਿਰ ਮੈਂ ਤੇ ਤੇਰਾ ਚਾਚਾ (ਮੇਰੇ ਪਿਤਾ ਦੇ ਸਾਥੋਂ ਉਮਰੋਂ ਵੱਡੇ ਭਤੀਏ ਉਸ ਨੂੰ ਚਾਚਾ ਆਖਦੇ ਸਨ। ਉਨ੍ਹਾਂ ਦੀ ਰੀਸੇ ਅਸੀਂ ਵੀ ਉਸ ਨੂੰ ਚਾਚਾ ਆਖਦੇ) ਸੁਰ ਸਿੰਘ ਰਹੇ। ਭੜਾਣੇ ਬਾਪੂ ਜੀ ਨਵਾਂ ਮਕਾਨ ਬਣਵਾ ਰਹੇ ਸਨ। ਸਾਂਝੇ ਟੱਬਰ 'ਚੋਂ ਹਿੱਸੇ ਆਉਂਦਾ ਪਹਿਲਾ ਮਕਾਨ ਤਾਂ ਏਨੇ ਸਾਲਾਂ ਪਿੱਛੋਂ ਰਹਿਣ ਜੋਗਾ ਨਹੀਂ ਸੀ ਰਿਹਾ। ਦੋ ਨਵੇਂ ਪੱਕੇ ਕੋਠੇ, ਅੱਗੇ ਸੁਫ਼ਾ ਤੇ ਰਸੋਈ ਬਣਵਾਈ। ਡੰਗਰਾਂ ਲਈ ਵੱਖਰਾ ਕੱਚਾ ਕੋਠਾ ਤੇ ਪੱਕਾ ਬਰਾਂਡਾ ਬਣਵਾਇਆ। ਬਰਾਂਡੇ ਵਿਚ ਟੋਕਾ ਲਵਾਇਆ। ਉਦੋਂ ਮਸ਼ੀਨੀ ਟੋਕਾ ਕਿਸੇ ਕਿਸੇ ਦੇ ਘਰ ਹੁੰਦਾ ਸੀ। ਬਾਰ ਵਾਲੀ ਜ਼ਮੀਨ



ਵਿਚ ਕਣਕ ਬੀਜ ਕੇ ਅਸੀਂ ਫੱਗਣ ਵਿਚ ਭੜਾਣੇ ਆ ਗਏ। ਬਾਪੂ ਜੀ ਬੜੇ ਖ਼ੁਸ਼ ਕਿ ਵਰ੍ਹਿਆਂ ਬਾਅਦ ਉਨ੍ਹਾਂ ਦਾ ਘਰ ਵੱਸਿਆ ਸੀ! ਅਜੇ ਪੰਜ ਛੇ ਮਹੀਨੇ ਹੀ ਰਹੇ ਹੋਵਾਂਗੇ ਕਿ ਭਾਦਰੋਂ ਵਿਚ ਪਾਕਿਸਤਾਨ ਬਣ ਗਿਆ। ਗੁਰੂ ਕੀ ਵਡਾਲੀ ਤੋਂ ਉਜੜ ਕੇ ਮੁਸਲਮਾਨ ਸਾਡੇ ਗੁਆਂਢ ਆ ਵੱਸੇ ਸਨ। ਬਾਪੂ ਜੀ ਆਪਣੇ ਦਲੇਰ ਸੁਭਾਅ ਕਰਕੇ ਉਨ੍ਹਾਂ ਨੂੰ ਕਹਿੰਦੇ, 'ਤੁਸੀਂ ਮੈਨੂੰ ਦੱਸੋ, ਮੈਂ ਗੁਰੂ ਕੀ ਵਡਾਲੀ ਤੋਂ ਜਾ ਕੇ ਤੁਹਾਡਾ ਸਾਮਾਨ ਲਿਆਉਂਦਾ ਹਾਂ!' ਪਰ ਰਾਤ ਨੂੰ ਆਪਣਾ ਸਭ ਕੁੱਝ ਛੱਡ-ਛੁਡਾ ਕੇ ਘਰੋਂ ਨਿਕਲਣਾ ਪੈ ਗਿਆ! ਉਂਜ ਪਿੰਡ ਵਿਚ ਅਮਨ-ਕਮੇਟੀ ਵੀ ਬਣੀ ਹੋਈ ਸੀ। ਰੇਡੀਓ ਸੁਣਨ ਵਾਲੇ ਕੁੱਝ ਲੋਕ ਆਖਦੇ ਤਾਂ ਸਨ ਕਿ ਭੜਾਣਾ ਪਾਕਿਸਤਾਨ ਵਿਚ ਆ ਗਿਐ। ਪਰ ਵੱਸਦੇ ਘਰ ਛੱਡਣ ਨੂੰ ਕਿਸੇ ਦਾ ਦਿਲ ਨਹੀਂ ਸੀ ਕਰਦਾ। ਭੜਾਣੇ ਦੇ ਪਾਕਿਸਤਾਨ ਵਿਚ ਆ ਜਾਣ ਦੀ ਖ਼ਬਰ ਸੁਣ ਕੇ ਅਜੇ ਸਵੇਰੇ ਈ ਸੁਰ ਸਿੰਘ ਵਾਲੇ ਬਾਪੂ ਜੀ ਸਾਨੂੰ ਲੈਣ ਗਏ ਤਾਂ ਬਾਪੂ ਜੀ ਉਨ੍ਹਾਂ ਨੂੰ ਝਿੜਕ ਕੇ ਪਏ, "ਪੰਝੀ ਵਰ੍ਹਿਆਂ ਬਾਅਦ ਮੇਰਾ ਘਰ ਵੱਸਿਆ। ਤੂੰ ਫੇਰ ਉਜਾੜਨ ਆਇਐਂ।" ਪਰ ਤਕਾਲੀਂ ਰੌਲਾ ਪੈ ਗਿਆ ਕਿ ਲੀਗ ਵਾਲੇ ਹੱਲਾ ਕਰਨ ਆ ਪਏ ਨੇ। ਲੋਕ ਪਿੰਡੋਂ ਨਿਕਲ ਤੁਰੇ। ਮਿਲਟਰੀ ਨੇ ਵਾਪਸ ਭੇਜ ਦਿੱਤੇ। ਸੱਤ-ਅੱਠ ਵਜੇ ਫਿਰ ਰੌਲਾ ਪੈ ਗਿਆ। ਰਾਤ ਦੇ ਹਨੇਰੇ ਵਿਚ ਭੱਜ ਨਿਕਲੇ। ਭੜਾਣੇ ਦੀ ਜ਼ਮੀਨ ਦੀ ਹੱਦ ਹੀ ਪਾਕਿਸਤਾਨ ਦੀ ਹੱਦ ਸੀ। ਪਰ ਨੇਰ੍ਹੀ ਰਾਤ ਵਿਚ ਰਾਹ ਨਾ ਲੱਭੇ। ਓਧਰੋਂ ਮੀਂਹ ਪੈਣ ਲੱਗਾ। ਖ਼ਾਲ਼ੇ-ਖ਼ਾਲ਼ ਲੰਮੇ ਪੈ ਕੇ ਸੂਏ ਵੱਲ ਗਏ ਤਾਂ ਓਥੇ ਮਿਲਟਰੀ ਦਾ ਨਾਕਾ ਲੱਗਾ ਹੋਇਆ। ਮਿਲਟਰੀ ਤੋਂ ਵੀ ਡਰੀਏ ਕਿ ਕਿਤੇ ਗੋਲੀ ਨਾ ਚਲਾ ਦੇਣ! ਫੇਰ ਪਿੱਛੇ ਮੁੜੇ। ਰਾਤੋ ਰਾਤ ਕਮਾਦਾਂ 'ਚ ਲੁਕਦੇ, ਜਾਨ ਬਚਾਉਂਦੇ, ਵੌੜਾਂ ਲੈਂਦੇ ਮਸਾਂ ਦਿਨ ਚੜ੍ਹਨ ਤੱਕ 'ਸੌ ਕੋਹਾਂ' ਵਰਗਾ ਚਾਰ ਪੰਜ ਮੀਲ ਦਾ ਪੈਂਡਾ ਤੈਅ ਕਰ ਕੇ ਸੁਰ ਸਿੰਘ ਪਹੁੰਚੇ।"

"ਕਮਾਦ ਵਿਚ ਲੁਕੇ ਤਾਂ ਗਰਮੀ ਤੇ ਹੁੰਮਸ ਨਾਲ ਤੂੰ ਰੋਣ ਲੱਗਾ। ਬਾਪੂ ਜੀ ਆਖਣ, 'ਕੁੜੀਏ, ਇਹਦੇ ਮੂੰਹ 'ਚ ਲੀੜਾ ਤੁੰਨ। ਸਾਰੇ ਟੱਬਰ ਨੂੰ ਮਰਵਾਊਗਾ!' ਸੁਰ ਸਿੰਘ ਆ ਕੇ ਰੋਟੀ-ਪਾਣੀ ਖਾਧਾ ਤੇ ਬਾਪੂ ਜੀ ਆਖਣ ਲੱਗੇ, "ਮੈਂ ਭੜਾਣੇ ਨੂੰ ਚੱਲਿਆਂ। ਜਾ ਕੇ ਖ਼ਬਰਸਾਰ ਪਤਾ ਕਰਦਾਂ, ਨਾਲੇ ਮਾਲ ਡੰਗਰ ਭੁੱਖਾ ਮਰਦਾ ਹੋਊ, ਉਹਨੂੰ ਪੱਠਾ-ਦੱਥਾ ਪਾ ਆਊਂ।" ਸਾਡੇ ਕੋਲ ਉਸ ਵੇਲੇ ਚਾਰ ਮੱਝਾਂ, ਦੋ ਝੋਟੀਆਂ, ਦੋ ਬ਼ਲਦ, ਲਬੋਚੜ ਗਾਂ, ਆਉਣ ਜਾਣ ਲਈ ਘੋੜੀ ਤੇ ਪੱਠਾ-ਦੱਥਾ ਢੋਣ ਤੇ ਖੂਹ ਵਾਹੁਣ ਲਈ ਪਹਾੜ ਜਿੱਡਾ ਊਠ ਸੀ। ਘਰ ਜਾ ਕੇ ਬਾਪੂ ਜੀ ਨੇ ਊਠ ਖੋਲ੍ਹਿਆ ਤੇ ਪੱਠਿਆਂ ਨੂੰ ਤੁਰ ਪਿਆ। ਪਿੰਡ ਦੇ ਮੁਸਲਮਾਨ ਹੈਰਾਨ ਹੋਏ ਉਸ ਵੱਲ ਵੇਖਣ। ਉਸ ਨੂੰ ਪੈਲੀ 'ਚੋਂ ਪੱਠੇ ਵੱਢਦਿਆਂ ਵੇਖ ਜਲਾਲ ਬਰਵਾਲਾ ਭੱਜਾ ਆਇਆ ਤੇ ਆਖਣ ਲੱਗਾ, "ਸਰਦਾਰਾ! ਮੇਰੀ ਮੰਨਦੈਂ ਤਾਂ, ਤੈਨੂੰ ਅੱਲਾ ਦਾ ਵਾਸਤਾ ਈ, ਛੇਤੀ ਭੱਜ ਜਾ। ਰਾਤੀਂ ਤਾਂ ਪਿੰਡ ਵਾਲਿਆਂ ਨੇ ਬਾਹਰੋਂ ਆਏ ਬੰਦੇ ਹੱਥ ਬੰਨ੍ਹ ਕੇ ਮੋੜ ਦਿੱਤੇ ਸਨ। ਮਿਲਟਰੀ ਵਾਲਿਆਂ ਵੀ ਸਾਥ ਦਿੱਤਾ ਸੀ। ਹੁਣ ਵੀ ਪਿੰਡ ਵਾਲਿਆਂ ਦਾ ਤਾਂ ਕੋਈ ਨਹੀਂ, ਪਰ ਬਾਹਰੋਂ ਆਏ ਮੁਸਲਮਾਨ ਬੜੇ ਆਫ਼ਰੇ ਫਿਰਦੇ ਨੇ। ਉਨ੍ਹਾਂ ਤਾਂ ਘਰ ਲੁੱਟਣੇ ਵੀ ਸ਼ੁਰੂ ਕਰ ਦਿੱਤੇ ਨੇ। ਜਿਨ੍ਹਾਂ ਡੰਗਰਾਂ ਲਈ ਪੱਠੇ ਵੱਢਣ ਡਿਹੈਂ ਉਨ੍ਹਾਂ ਵਿਚੋਂ ਤਾਂ ਹੁਣ ਕੋਈ ਵੀ ਕਿੱਲੇ 'ਤੇ ਬੱਝਾ ਨਹੀਂ ਰਹਿ ਗਿਆ!" ਬਾਪੂ ਜੀ ਹੱਥ ਝਾੜ ਕੇ ਤੁਰ ਪਏ। ਆਉਣ ਲੱਗਿਆਂ ਊਠ ਨੂੰ ਪੈਲੀਆਂ ਵਿਚ ਖੁੱਲ੍ਹਾ ਛੱਡ ਆਏ। ਉਨ੍ਹਾਂ ਨੂੰ ਪਤਾ ਸੀ ਕਿ ਘਰ ਦੇ ਕਿਸੇ ਜੀਅ ਤੋਂ ਬਿਨਾਂ ਕੋਈ ਹੋਰ ਜਣਾ ਉਸ ਨੂੰ ਫੜ੍ਹਨ ਦੀ ਹਿੰਮਤ ਨਹੀਂ ਕਰ ਸਕਦਾ। ਬੜਾ ਵਾਢੂ ਊਠ ਸੀ ਉਹ। ਹੋਇਆ ਵੀ ਇੰਜ ਹੀ। ਆਂਹਦੇ ਨੇ ਮਹੀਨਾ ਭਰ ਉਸ ਨੇ ਕਿਸੇ ਨੂੰ ਆਪਣੇ ਨੇੜੇ ਨਾ ਢੁੱਕਣ ਦਿੱਤਾ।"

ਉਜੜਨ ਦੀ ਵਾਰਤਾ ਸੁਣਾਉਂਦੀ ਹੋਈ ਬੀਬੀ ਆਪਣੇ ਦਾਜ ਅਤੇ ਗਹਿਣਿਆਂ ਦੀ ਗਿਣਤੀ ਕਰਨ ਲੱਗਦੀ, ਜਿਨ੍ਹਾਂ ਨੂੰ ਭੋਗਣਾ ਤੇ ਪਹਿਨਣਾ ਉਸ ਦੀ ਕਿਸਮਤ ਵਿਚ ਨਹੀਂ ਸੀ ਲਿਖਿਆ।

ਸਾਡਾ ਟੱਬਰ, ਭੂਆ ਗੁਰਮੇਜ ਕੌਰ ਦੇ ਸਹੁਰਿਆਂ ਦਾ ਵੱਡਾ ਟੱਬਰ, ਦਾਦੀ ਹਰਨਾਮ ਕੌਰ ਦੇ ਪੇਕਿਆਂ ਦਾ ਟੱਬਰ, ਪੰਜਾਹ-ਸੱਠ ਜੀਅ ਹੋਣਗੇ ਨਿੱਕੇ-ਵੱਡੇ ਰਲਾ ਕੇ, ਜਿਹੜੇ ਸੁਰ ਸਿੰਘ ਦੀ ਹਵੇਲੀ ਵਿਚ ਆ ਟਿਕੇ। ਹਕੀਕਤ ਸਿੰਘ ਅਤੇ ਹਰਨਾਮ ਕੌਰ ਨੇ ਆਪਣੇ ਦਿਲ ਵਾਂਗ ਹੀ ਘਰ ਦੇ ਬੂਹੇ ਖੋਲ੍ਹ ਦਿੱਤੇ। ਹੌਲੀ ਹੌਲੀ ਸਭ ਜਿੱਥੇ ਜਿੱਥੇ ਪੈਰ ਅੜਿਆ, ਤੁਰਦੇ ਗਏ ਪਰ ਸੁਰ ਸਿੰਘੀਆਂ ਦੀ ਖੁੱਲ੍ਹ-ਦਿਲੀ ਤੇ ਪ੍ਰਾਹੁਣਚਾਰੀ ਦੀਆਂ ਤਾਰੀਫ਼ਾਂ ਸਾਲਾਂ ਤੱਕ ਕਰਦੇ ਰਹੇ।

ਪਾਕਿਸਤਾਨ ਵਿਚ ਰਹਿ ਗਈ ਸਾਡੀ ਜ਼ਮੀਨ ਦੇ ਬਦਲੇ ਕੱਚੀ ਅਲਾਟਮੈਂਟ ਮੁਕੇਰੀਆਂ ਨਜ਼ਦੀਕ ਇੱਕ ਛੋਟੇ ਜਿਹੇ ਪਿੰਡ ਤੰਗਰਾਲੀਆਂ ਵਿਚ ਹੋਈ। ਬਾਕੀ ਭਾਈਚਾਰੇ ਨਾਲ ਸਾਡਾ ਪਰਿਵਾਰ ਵੀ ਤੰਗਰਾਲੀਆਂ ਜਾ ਵੱਸਿਆ। ਸਾਰਾ ਮਾਲ ਡੰਗਰ ਤਾਂ ਪਿੱਛੇ ਛੱਡ ਆਏ ਸਾਂ। ਹਰਨਾਮ ਕੌਰ ਤੇ ਹਕੀਕਤ ਸਿੰਘ ਮਿਲਣ ਆਏ ਤਾਂ ਸੱਜਰ-ਸੂਈ ਮੱਝ ਮੁੱਲ ਲੈ ਕੇ ਦੇ ਗਏ ਤਾਂ ਕਿ ਬੱਚਿਆਂ ਦੇ ਮੂੰਹ 'ਚ ਦੁੱਧ ਦੀ ਤਿੱਪ ਜਾ ਸਕੇ।

ਮੈਨੂੰ ਆਪਣੀ ਪਹਿਲੀ ਸੰਭਾਲ ਇਸੇ ਪਿੰਡ ਤੰਗਰਾਲੀਆਂ ਦੀ ਹੀ ਹੈ। ਇੱਥੇ ਮੇਰੀ ਇੱਕ ਭੈਣ ਸੁਰਜੀਤੋ ਨੇ ਜਨਮ ਲਿਆ। ਹਕੀਕਤ ਸਿੰਘ ਅਤੇ ਹਰਨਾਮ ਕੌਰ ਕੁੱਝ ਚਿਰ ਬਾਅਦ ਫੇਰ ਆਏ। ਉਨ੍ਹਾਂ ਨੇ ਮੇਰੇ ਬਾਪੂ ਚੰਦਾ ਸਿੰਘ ਨੂੰ ਸਮਝਾਇਆ। ਹਰਨਾਮ ਕੌਰ ਨੇ ਆਖਿਆ, "ਵੀਰਾ! ਇਹ ਤੇਰੇ ਹੀ ਨਿਆਣੇ ਸਹੀ ਪਰ ਸਾਡੇ ਵੀ ਕੁੱਝ ਲੱਗਦੇ ਨੇ। ਇਨ੍ਹਾਂ ਨੂੰ ਇਸ ਹਾਲ ਵਿਚ ਵੇਖ ਕੇ ਸਾਡੇ ਤੋਂ ਨਹੀਂ ਜਰਿਆ ਜਾਂਦਾ। ਤੂੰ ਦੀਦਾਰ ਨੂੰ ਸਾਡੇ ਕੋਲ ਘੱਲ ਦੇਹ। ਜਦੋਂ ਤੈਨੂੰ ਕਿਤੇ ਪੱਕੀ ਜ਼ਮੀਨ ਮਿਲ ਗਈ। ਬੇਸ਼ੱਕ ਲੈ ਜਾਈਂ...।"

ਇੰਜ ਅਸੀਂ ਸੁਰ ਸਿੰਘ ਪਰਤ ਆਏ। ਪਿੱਛੋਂ ਕੱਚੀ ਜ਼ਮੀਨ ਵੀ ਖੁੱਸ ਗਈ ਅਤੇ ਬਾਪੂ ਚੰਦਾ ਸਿੰਘ ਵੀ ਸੁਰ ਸਿੰਘ ਹੀ ਆ ਗਿਆ। ਉਹ ਇੱਥੋਂ ਹੀ ਆਪਣੇ ਕਲੇਮ ਅਤੇ ਜ਼ਮੀਨ ਦੀ ਪ੍ਰਾਪਤੀ ਲਈ ਜਲੰਧਰ ਫ਼ੇਰੇ ਤੇ ਫ਼ੇਰੇ ਮਾਰਦਾ। ਜਲੰਧਰ ਉਹ ਸਦਾ ਤੁਰ ਕੇ ਹੀ ਜਾਂਦਾ। ਉਹ ਰਾਤ ਦੇ ਤੀਜੇ ਪਹਿਰ ਪਰਾਉਂਠੇ ਤੇ ਅੰਬ ਦਾ ਆਚਾਰ ਪਰਨੇ ਦੇ ਲੜ ਬੰਨ੍ਹ ਕੇ ਜਲੰਧਰ ਨੂੰ ਪੈਦਲ ਯਾਤਰਾ ਤੇ ਨਿਕਲ ਜਾਂਦਾ ਅਤੇ ਤੀਜੇ ਚੌਥੇ ਦਿਨ ਖੱਜਲ-ਖ਼ਰਾਬ ਹੋਣ ਤੋਂ ਬਾਅਦ ਘਰ ਪਰਤਦਾ। ਜਲੰਧਰ ਉਸ ਨੂੰ ਕੋਈ ਹੱਥ-ਪੱਲਾ ਨਾ ਫੜਾਉਂਦਾ। ਇੱਕ ਵਾਰ ਤਾਂ ਉਹ ਮਹਿਕਮਾ ਮਾਲ ਦੇ ਸਬੰਧਤ ਕਰਮਚਾਰੀ ਨੂੰ ਆਪਣਾ ਚਾਕੂ ਕੱਢ ਕੇ ਹੀ ਪੈ ਗਿਆ ਸੀ। ਆਖ਼ਰ ਲੰਮੇਂ ਯਤਨਾਂ ਪਿੱਛੋਂ ਸਾਨੂੰ ਆਪਣੇ ਹੋਰ ਬਹੁਤ ਸਾਰੇ ਪਿੰਡ ਵਾਸੀਆਂ ਵਾਂਗ ਅਬੋਹਰ ਦੇ ਨਜ਼ਦੀਕ 'ਚਰਾਗ ਢਾਣੀ' ਨਾਂ ਦੇ ਪਿੰਡ ਵਿਚ ਜ਼ਮੀਨ ਅਲਾਟ ਹੋਈ। ਜ਼ਮੀਨ ਦਾ ਕਬਜ਼ਾ ਲੈਣ ਲਈ ਬਾਪੂ ਚੰਦਾ ਸਿੰਘ ਓਥੇ ਪਹੁੰਚ ਗਿਆ। ਓਥੇ ਹੀ ਉਸ ਦੇ ਭਤੀਜਿਆਂ ਨੂੰ ਜ਼ਮੀਨ ਮਿਲੀ ਹੋਈ ਸੀ ਪਰ ਅਸੀਂ ਬਾਕੀ ਪਰਿਵਾਰ ਸੁਰ ਸਿੰਘ ਹੀ ਟਿਕੇ ਰਹੇ।

1951 ਵਿਚ ਮੇਰਾ ਪਿਓ ਮੈਨੂੰ ਸਕੂਲ ਦਾਖ਼ਲ ਕਰਵਾਉਣ ਲੈ ਕੇ ਗਿਆ। ਮੇਰੇ ਤੇੜ ਚਾਦਰਾ ਬੱਝਾ ਹੋਇਆ ਸੀ। ਮੇਰੇ ਪਿਤਾ ਦੇ ਕਿੱਤੇ ਵਾਲੇ ਖਾਨੇ ਵਿਚ 'ਰਫ਼ਿਊਜੀ' ਲਿਖਿਆ ਗਿਆ। ਮਾਸਟਰ ਮੁਲਖ ਰਾਜ ਮੇਰੇ ਪਿਓ ਦਾ ਵੀ ਉਸਤਾਦ ਰਿਹਾ ਸੀ। ਉਸ ਨੇ ਮੈਨੂੰ ਘਬਰਾਇਆ ਵੇਖ ਕੇ ਕਿਹਾ, "ਡਰਦਾ ਕਿਓਂ ਏਂ? ਤੇਰਾ ਪਿਓ ਵੀ ਏਥੇ ਇਨ੍ਹਾਂ ਤੱਪੜਾਂ 'ਤੇ ਬਹਿ ਕੇ ਹੀ ਪੜ੍ਹਿਆ। ਆਹ ਵੇਖ ਸਭ ਤੇਰੇ ਤੇਰੇ ਜਿੱਡੇ ਮੁੰਡੇ। ਔਹ ਵੇਖ ਖੁਸ਼ੀਏ ਦਾ ਮੁੰਡਾ ਤੇਰੇ ਜਿੱਡਾ।" ਉਹ ਮੈਨੂੰ ਹੌਸਲਾ ਦੇਣ ਲਈ ਜਮਾਤ ਵਿਚ ਲੈ ਗਿਆ ਅਤੇ ਮੈਨੂੰ ਬਾਜ਼ਾਰ ਵਿਚ ਸਾਡੇ ਨੇੜੇ ਹੀ ਵੱਸਦੇ ਦੁਕਾਨਦਾਰ ਖ਼ੁਸ਼ੀ ਰਾਮ ਦੇ ਲੜਕੇ ਕੋਲ ਬਿਠਾ ਦਿੱਤਾ।

*(ਚਲਦਾ)*

# ਜਿਤੁ ਘਰਿ ਪਿਰਿ ਸੋਹਾਗੁ ਬਣਾਇਆ

**ਗੁਰਬਾਣੀ ਗਿਆਨ**

ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਜਿਤੁ ਘਰਿ ਪਿਰਿ ਸੋਹਾਗੁ ਬਣਾਇਆ॥
ਤਿਤੁ ਘਰਿ ਸਖੀਏ ਮੰਗਲੁ ਗਾਇਆ॥
ਅਨਦ ਬਿਨੋਦ ਤਿਤੈ ਘਰਿ ਸੋਹਿਹ
ਜੋ ਧਨ ਕੰਤਿ ਸਿਗਾਰੀ ਜੀਉ॥1॥
ਸਾ ਗੁਣਵੰਤੀ ਸਾ ਵਡਾਗਣਿ॥
ਪੁਤ੍ਰਵੰਤੀ ਸੀਲਵੰਤਿ ਸੋਹਾਗਣਿ॥
ਰੂਪਵੰਤਿ ਸਾ ਸੁਘੜਿ ਬਿਚਖਣਿ
ਜੋ ਧਨ ਕੰਤ ਪਿਆਰੀ ਜੀਉ॥2॥
ਅਚਾਰਵੰਤਿ ਸਾਈ ਪਰਧਾਨੈ॥
ਸਭ ਸਿੰਗਾਰ ਬਣੇ ਤਿਸੁ ਗਿਆਨੇ॥
ਸਾ ਕੁਲਵੰਤੀ ਸਾ ਸਭਰਾਈ
ਜੋ ਪਿਰਿ ਕੈ ਰੰਗਿ ਸਵਾਰੀ ਜੀਉ॥3॥
ਮਹਿਮਾ ਤਿਸੁ ਕੀ ਕਹਣੁ ਨ ਜਾਏ॥
ਜੋ ਪਿਰਿ ਮੇਲਿ ਲਈ ਅੰਗਿ ਲਾਏ॥
ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ
ਜਨ ਨਾਨਕ ਪ੍ਰੇਮ ਸਾਧਾਰੀ ਜੀਉ॥4॥

ਪੰਚਮ ਗੁਰਦੇਵ ਪਿਤਾ ਇਸ ਸ਼ਬਦ ਵਿਚ ਗੁਰੂ ਪਿਆਰਿਆਂ ਨੂੰ ਮੁਖਾਤਿਬ ਹੋ ਰਹੇ ਹਨ ਕਿ ਹੇ ਸਖੀ, ਜਿਸ ਜੀਵ ਰੂਪੀ ਇਸਤਰੀ ਦੇ ਦਿਲ ਵਿਚ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ, ਉਸ ਸਰੀਰ ਰੂਪੀ ਘਰ ਵਿਚ ਹੀ ਜੀਵ ਰੂਪੀ ਪਤਨੀ ਸੁਹਾਗਣਾਂ ਵਾਂਗ ਅਨੰਦ ਅਤੇ ਖੁਸ਼ੀਆਂ ਵਿਚ ਪ੍ਰਭੂ ਦੇ ਗੀਤ ਗਾਉਂਦੀ ਹੈ ਅਤੇ ਜਿਸ ਜੀਵ ਇਸਤਰੀ ਨੂੰ ਕੰਤ ਪ੍ਰਭੂ ਨੇ ਆਪਣੇ ਨਾਲ ਜੋੜ ਲਿਆ ਹੈ, ਉਸ ਜੀਵ ਦੇ ਘਰ ਵਿਚ ਹੀ ਆਤਮਿਕ ਹੁਲਾਸ ਅਤੇ ਅਨੰਦ ਸੋਭਾ ਹਨ।

ਸਾ ਗੁਣਵੰਤੀ ਸਾ ਵਡਾਗਣਿ॥
ਪੁਤ੍ਰਵੰਤੀ ਸੀਲਵੰਤਿ ਸੋਹਾਗਣਿ॥
ਰੂਪਵੰਤਿ ਸਾ ਸੁਘੜਿ ਬਿਚਖਣਿ
ਜੋ ਧਨ ਕੰਤ ਪਿਆਰੀ ਜੀਉ॥2॥

ਹੇ ਸਖੀ, ਜੋ ਜੀਵ ਰੂਪੀ ਇਸਤਰੀ ਉਸ ਮਾਲਿਕ ਪ੍ਰਭੂ ਨੂੰ ਭਾ ਜਾਂਦੀ ਹੈ, ਉਹ ਸਭ ਗੁਣ ਪ੍ਰਾਪਤ ਕਰਕੇ ਵਡਭਾਗੀ ਬਣ ਜਾਂਦੀ ਹੈ, ਪੁਤਰਵੰਤੀ ਅਤੇ ਸੀਲਵੰਤੀ, ਮਿੱਠਾ ਬੋਲਣ ਵਾਲੀ ਸੁਹਾਗਣ ਅਖਵਾਉਂਦੀ ਹੈ; ਰੂਪਵੰਤ ਭਾਵ ਜਦ ਜੀਵ ਰੂਪੀ ਇਸਤਰੀ ਦਾ ਆਤਮਿਕ ਜੀਵਨ ਸਹਿਜ ਅਵਸਥਾ ਵਾਲਾ ਬਣ ਜਾਵੇ ਤਾਂ ਉਹ ਰੂਪਵੰਤੀ ਅਤੇ ਸੁਘੜ ਸੁਚੱਜੀ ਅਤੇ ਉਸ ਮਾਲਿਕ ਪ੍ਰਭੂ ਭਾਵ, ਆਪਣੇ ਕੰਤ ਦੀ ਪਿਆਰੀ ਬਣ ਜਾਂਦੀ ਹੈ।

ਅਚਾਰਵੰਤਿ ਸਾਈ ਪਰਧਾਨੈ॥
ਸਭ ਸਿੰਗਾਰ ਬਣੇ ਤਿਸੁ ਗਿਆਨੇ॥
ਸਾ ਕੁਲਵੰਤੀ ਸਾ ਸਭਰਾਈ
ਜੋ ਪਿਰਿ ਕੈ ਰੰਗਿ ਸਵਾਰੀ ਜੀਉ॥3॥

ਹੇ ਸਖੀ, ਜੋ ਜੀਵ ਰੂਪੀ ਇਸਤਰੀ ਆਪਣੇ ਮਾਲਿਕ ਪ੍ਰਭੂ ਪ੍ਰੀਤਮ ਦੇ ਰੰਗ ਵਿਚ ਆਪਣੇ-ਆਪ ਨੂੰ ਰੰਗ ਲੈਂਦੀ ਹੈ ਤੇ ਉਚ ਆਚਰਣ ਵਿਚ ਵਿਚਰਦੀ ਹੈ, ਉਹ ਹੀ ਹਰ ਥਾਂ 'ਤੇ ਪ੍ਰਧਾਨ ਭਾਵ ਸੋਭਾ ਪਾਉਂਦੀ ਹੈ, ਪ੍ਰਭੂ ਪਤੀ ਦੇ ਪਿਆਰ ਅਤੇ ਉਚੇ ਆਚਰਣ ਭਾਵ, ਉਚੀ ਸੁੱਚੀ ਰਹਿਣੀ ਬਹਿਣੀ ਸਦਕਾ ਹੀ ਗਿਆਨ ਰੂਪੀ ਗੁਣਾਂ ਦੇ ਸੋਹਣੇ ਸ਼ਿੰਗਾਰ ਨਾਲ ਉਸ ਜੀਵ ਪੂਰੀ ਇਸਤਰੀ ਦਾ ਜੀਵਨ ਹੋਰ ਭੀ ਸੁੰਦਰ ਅਤੇ ਸੋਹਣਾ ਬਣਦਾ ਹੈ। ਉਸ ਨੂੰ ਇਸ ਸੰਸਾਰ ਦੇ ਲੋਕ ਕੁਲਵੰਤੀ ਭਾਵ ਉਚੀ ਕੁਲ ਵਾਲੀ ਅਤੇ ਸਭਰਾਈ ਭਾਵ, ਭਰਾਵਾਂ ਵਾਲੀ ਕਹਿੰਦੇ ਹਨ, ਕਿਉਂਕਿ ਉਸ ਨੇ ਆਪਣਾ ਜੀਵਨ ਪ੍ਰਭੂ ਦੇ ਰੰਗ ਵਿਚ ਰੰਗ ਕੇ ਸਵਾਰ ਲਿਆ ਹੈ।

ਮਹਿਮਾ ਤਿਸੁ ਕੀ ਕਹਣੁ ਨ ਜਾਏ॥
ਜੋ ਪਿਰਿ ਮੇਲਿ ਲਈ ਅੰਗਿ ਲਾਏ॥
ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ
ਜਨ ਨਾਨਕ ਪ੍ਰੇਮ ਸਾਧਾਰੀ ਜੀਉ॥4॥

ਹੇ ਸਖੀ, ਜਿਸ ਜੀਵ ਰੂਪੀ ਇਸਤਰੀ ਨੂੰ ਉਸ ਮਾਲਿਕ ਪਿਰ ਭਾਵ, ਪਤੀ ਨੇ ਆਪਣੇ ਨਾਮ ਸਿਮਰਨ ਸਦਕਾ ਆਪਣੇ ਚਰਨਾਂ ਨਾਲ ਜੋੜ ਲਿਆ ਹੈ, ਉਸ ਦੀ ਮਹਿਮਾ ਤਾਂ ਕੋਈ ਬਿਆਨ ਕਰ ਹੀ ਨਹੀਂ ਸਕਦਾ ਕਿਉਂਕਿ ਉਹ ਤਾਂ ਆਪਣੇ ਪ੍ਰਮੇਸ਼ਵਰ ਪਤੀ ਦੇ ਪਿਆਰ ਵਿਚ ਅਭੇਦ ਹੋ ਚੁਕੀ ਹੈ ਅਤੇ ਇਹ ਨਾਨਕ ਆਖਦਾ ਹੈ ਕਿ ਉਹ ਅਕਾਲ ਪੁਰਖ ਜੋ ਪਹੁੰਚ ਤੋਂ ਪਰੇ ਹੈ, ਅਪਹੁੰਚ ਹੈ, ਅਗੋਚਰ ਹੈ ਜਿਸ ਤੱਕ ਕੋਈ ਪਹੁੰਚ ਹੋ ਹੀ ਨਹੀਂ ਸਕਦੀ, ਉਹ ਸਦਾ ਹੀ ਅਟੱਲ ਰਹਿਣ ਵਾਲਾ ਪ੍ਰਭੂ ਉਸ ਇਸਤਰੀ ਦਾ ਵੱਡਭਾਵ ਸੁਹਾਗ ਬਣ ਗਿਆ ਹੈ ਅਤੇ ਹੁਣ ਉਸ ਜੀਵ ਰੂਪੀ ਇਸਤਰੀ ਨੂੰ ਸਦਾ ਲਈ ਹੀ ਪ੍ਰਭੂ ਦਾ ਸਹਾਰਾ ਮਿਲ ਗਿਆ ਹੈ।

ਆਓ, ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

# ਮਨਮੋਹਨ ਦਾ ਨਾਵਲ ਨਿਰਵਾਣ:ਲਗਾਤਾਰ ਤੁਰਦੀ ਜ਼ਿੰਦਗੀ ਦੀ ਗਾਥਾ

***ਅੰਮ੍ਰਿਤਸਰ ਦੇ ਜੰਮਪਲ ਲੇਖਕ ਮਨਮੋਹਨ, ਆਈ.ਪੀ.ਐਸ. ਅਫਸਰ ਹਨ ਅਤੇ ਅੱਜ ਕੱਲ੍ਹ ਉਚ ਅਹੁਦੇ 'ਤੇ ਤਾਇਨਾਤ ਹਨ। ਕਾਵਿ ਖੇਤਰ ਤੋਂ ਇਲਾਵਾ ਉਨ੍ਹਾਂ ਖੋਜ ਖੇਤਰ ਵਿਚ ਵਾਹਵਾ ਨਿੱਗਰ ਕੰਮ ਕੀਤਾ ਹੈ। 'ਦਸਮ ਗ੍ਰੰਥ ਵਿਚ ਮਿਥ ਰੂਪਾਂਤਰਣ', 'ਵੈਰੀਦੀਅਨ ਵਿਖੰਡਨ ਤੇ ਭਾਰਤੀ ਗਿਆਨ ਸ਼ਾਸਤਰ' ਅਤੇ 'ਮਿਸ਼ੇਲ ਫੂਕੋ ਤੇ ਗੁਰਮੁਖੀ ਦੀ ਜੁਗਤ' ਉਨ੍ਹਾਂ ਦੀਆਂ ਅਹਿਮ ਆਲੋਚਨਾ ਤੇ ਖੋਜ ਪੁਸਤਕਾਂ ਹਨ। 1982 ਵਿਚ ਉਨ੍ਹਾਂ ਪੁਸਤਕ 'ਅਗਲੇ ਚੌਰਾਹੇ ਤੱਕ' ਨਾਲ ਕਵਿਤਾ ਦੇ ਖੇਤਰ ਵਿਚ ਪੈਰ ਧਰਿਆ। 'ਮਨ ਮਹੀਅਲ', 'ਸੁਰ ਸੰਕੇਤ', 'ਨਮਿਤ', 'ਅਥ', 'ਨੀਲਕੰਠ' ਅਤੇ 'ਦੂਜੇ ਸ਼ਬਦਾਂ ਵਿਚ' ਉਨ੍ਹਾਂ ਦੀਆਂ ਹੋਰ ਕਾਵਿ ਪੁਸਤਕਾਂ ਹਨ। ਉਨ੍ਹਾਂ ਅਨੁਵਾਦ ਵੀ ਕੀਤਾ ਹੈ। 'ਨਿਰਵਾਣ' ਉਨ੍ਹਾਂ ਦਾ ਪਹਿਲਾ ਨਾਵਲ ਹੈ ਜਿਸ ਦਾ ਚੌਖਟਾ ਬਹੁਤ ਵਿਸ਼ਾਲ ਹੈ। ਇਸ ਵਿਚ ਉਨ੍ਹਾਂ ਬੁੱਧ ਅਤੇ ਮਾਰਕਸਵਾਦ ਬਾਰੇ ਬੜੀ ਜ਼ੋਰਦਾਰ ਚਰਚਾ ਕੀਤੀ ਹੈ। ਕਈ ਸਾਹਿਤ ਆਲੋਚਕ ਉਨ੍ਹਾਂ ਦੇ ਇਸ ਨਾਵਲ ਨੂੰ ਉਰਦੂ ਲੇਖਕਾ ਕੁਰਤਲ ਐਨ ਹੈਦਰ ਦੇ ਮਸ਼ਹੂਰ ਨਾਵਲ 'ਆਗ ਕਾ ਦਰਿਆ' ਨਾਲ ਮੇਲਦੇ ਹਨ। ਚੇਤਨਾ ਪ੍ਰਕਾਸ਼ਨ ਵੱਲੋਂ ਛਾਪਿਆ ਇਹ ਵੱਡ-ਆਕਾਰੀ ਨਾਵਲ 2011 ਦਾ ਸਭ ਤੋਂ ਚਰਚਿਤ ਨਾਵਲ ਰਿਹਾ ਹੈ। ਇਹ ਉਂਜ ਵੀ ਕਈ ਪੱਖਾਂ ਤੋਂ ਵਿਲੱਖਣ ਹੈ। ਇੰਨੇ ਵੱਡੇ ਚੌਖਟੇ ਤਹਿਤ ਪਹਿਲੀ ਵਾਰ ਸਾਹਿਤ-ਸੰਵਾਦ ਰਚਾਇਆ ਗਿਆ ਹੈ। ਡਾ. ਮਨਮੋਹਨ ਸਿੰਘ ਨੇ ਇਸ ਨਾਵਲ ਬਾਰੇ ਲੰਬਾ ਲੇਖ ਲਿਖਿਆ ਹੈ। ਉਸ ਲੇਖ ਦਾ ਸੰਖੇਪ ਰੂਪ ਇੱਥੇ ਛਾਪਿਆ ਜਾ ਰਿਹਾ ਹੈ।***

ਮਨਮੋਹਨ ਦਾ ਨਾਵਲ 'ਨਿਰਵਾਣ' ਕੁਝ ਅਰਥਾਂ ਵਿਚ ਯਥਾਰਥਵਾਦੀ ਹੈ ਕਿਉਂਕਿ ਇਹ ਸਮਕਾਲੀ ਭਾਰਤੀ ਸਟੇਟ ਅਤੇ ਬੁਰਜ਼ਵਾ ਜਮਹੂਰੀਅਤ ਦੇ ਨਿਆਂ ਪ੍ਰਬੰਧ ਦੇ ਸੰਕਟ, ਭ੍ਰਿਸ਼ਟਾਚਾਰ, ਨਕਸਲਵਾਦ, ਭਾਰਤੀ ਫਾਸ਼ੀਵਾਦ ਦੇ ਹਿੰਦੂਵਾਦੀ ਰੂਪ ਨਾਲ ਜੁੜੇ ਓਪਰੇਸ਼ਨ ਬਲੂ ਸਟਾਰ, ਨਵੰਬਰ 84 ਦੇ ਦਿੱਲੀ ਦੰਗਿਆਂ, ਬਾਬਰੀ

**ਡਾ. ਮਨਮੋਹਨ ਸਿੰਘ**
**ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ**

ਮਸਜਿਦ ਕਾਂਡ ਅਤੇ ਗੋਧਰਾ ਕਾਂਡ ਜਿਹੇ ਮਸਲਿਆਂ ਨੂੰ ਪੇਸ਼ ਕਰਦਾ ਹੈ। ਇਹ ਨਾਵਲ ਆਧੁਨਿਕਤਾਵਾਦੀ ਵੀ ਹੈ ਅਤੇ ਉਤਰ-ਆਧੁਨਿਕਤਾਵਾਦੀ ਵੀ।

ਟੈਰੀ ਈਗਲਟਨ (2004) ਅਨੁਸਾਰ ਨਾਵਲ ਉਹ ਵਿਧਾ ਹੈ ਜੋ ਦੂਜੀਆਂ ਸਾਹਿਤਕ ਵਿਧਾਵਾਂ ਨੂੰ ਨਿਗਲ ਜਾਂਦੀ ਹੈ ਅਤੇ ਉਨ੍ਹਾਂ ਦੇ ਟੁਕੜਿਆਂ ਨੂੰ ਬਹੁਤ ਬੇਬਾਕੀ ਨਾਲ ਮਿਸ਼ਰਤ ਕਰਦੀ ਹੈ। ਈਗਲਟਨ ਨੇ ਇਹ ਵੀ ਕਿਹਾ ਹੈ ਕਿ ਇਹ ਸ਼ੁੱਧ ਸਾਹਿਤਕ ਵੰਨਗੀ ਵਿਚ ਕਿਸੇ ਤਕੜੇ ਮਿਸ਼ਰਤ ਨਸਲ ਦੇ ਕੁੱਤੇ ਵਾਂਗ ਹੈ...ਇਹ ਹਵਾਲੇ ਦਿੰਦਾ ਹੈ, ਨਕਲ ਕਰਦਾ ਹੈ ਅਤੇ ਆਪਣੇ ਸਾਹਿਤਕ ਪਿੱਤਰਾਂ ਨੂੰ ਤਬਦੀਲ ਕਰ ਦਿੰਦਾ ਹੈ। 'ਨਿਰਵਾਣ' ਵੀ ਕੁਝ ਅਜਿਹਾ ਹੀ ਕਰਦਾ ਪ੍ਰਤੀਤ ਹੁੰਦਾ ਹੈ। ਇਹ ਆਧੁਨਿਕ ਈਜ਼ਾਦਕਾਰੀ ਅਤੇ ਪ੍ਰਯੋਗਵਾਦੀ ਰਚਨਾ ਹੈ। ਸਮਕਾਲੀ ਯਾਥਾਰਥਵਾਦ ਦੀ ਪੇਸ਼ਕਾਰੀ ਕਰਦਿਆਂ ਇਹ ਇਸ ਤੋਂ ਵਿੱਥ ਥਾਪ ਕੇ ਆਪਣੀ ਖ਼ੁਦਮੁਖਤਿਆਰ ਹੋਂਦ ਕਾਇਮ ਰੱਖਦੀ ਹੈ ਅਤੇ ਇਸ ਦਾ ਨਿਸ਼ੇਧ ਵੀ ਪੇਸ਼ ਕਰਦੀ ਹੈ। ਨਾਵਲ ਦੀ ਬਿਰਤਾਂਤਕਾਰੀ ਇਕ-ਰੇਖਕੀ ਨਾ ਹੁੰਦਿਆਂ ਬਹੁ-ਰੇਖਕੀ ਹੈ; ਬੇਸ਼ੱਕ ਇਸ ਵਿਚ ਨਕਸਲਵਾਦ ਅਤੇ ਬੁੱਧਵਾਦ ਨਾਲ ਸਬੰਧਤ ਦੋ ਮੁੱਖ ਬਿਰਤਾਂਤ ਹਨ।

ਨਾਵਲ ਵਿਚ ਮਾਰਕਸਵਾਦ (ਨਕਸਲਵਾਦ ਜਾਂ ਮਾਓਵਾਦ) ਅਤੇ ਬੁੱਧਵਾਦ ਦੋਵੇਂ ਆਪਣੀ ਇਤਿਹਾਸਕ ਪ੍ਰਸੰਗਿਕਤਾ ਗੁਆ ਚੁੱਕੇ ਮਹਾ-ਬਿਰਤਾਂਤਾਂ ਵਜੋਂ ਉਭਰਦੇ ਹਨ ਪਰ ਉਤਰ-ਆਧੁਨਿਕ ਹੋਣ ਦੇ ਨਾਲ ਨਾਲ ਨਾਵਲ ਉਤਰ-ਬਸਤੀਵਾਦੀ ਭਾਰਤ ਵਿਚ ਬਸਤੀਵਾਦੀ ਦੌਰ ਦੀ ਰਹਿੰਦ-ਖੂੰਹਦ ਅਤੇ ਉਤਰ-ਬਸਤੀਵਾਦੀ ਰਾਸ਼ਟਰਵਾਦ ਜਾਂ ਬੁਰਜ਼ਵਾ ਜਮਹੂਰੀਅਤ ਵਰਗੇ ਮਸਲਿਆਂ ਨੂੰ ਵੀ ਮੁਖਾਤਿਬ ਹੈ, ਇਸ ਲਈ ਇਹ ਉਤਰ-ਬਸਤੀਵਾਦੀ ਵੀ ਹੈ। ਉਤਰ-ਬਸਤੀਵਾਦੀ ਮੁਲਕਾਂ ਵਿਚ ਉਤਰ-ਆਧੁਨਿਕਤਾਵਾਦ ਦੀ ਪ੍ਰਵਾਨਗੀ ਪੱਛਮੀ ਮੁਲਕਾਂ ਤੋਂ ਕੁਝ ਵੱਖਰੇ ਢੰਗ ਨਾਲ ਹੋਈ ਹੈ। ਸਿੱਟੇ ਵਜੋਂ ਉਤਰ-ਆਧੁਨਿਕਤਾਵਾਦ ਅਤੇ ਉਤਰ-ਬਸਤੀਵਾਦ ਦਾ ਨਵਾਂ ਸੁਮੇਲ ਬਣਿਆ ਹੈ ਜਿਸ ਨੂੰ ਜਾਦੂਈ ਯਥਾਰਥਵਾਦ ਆਖਿਆ ਗਿਆ ਹੈ। ਕਿਊਬਨ ਲੇਖਕ ਕਾਰਪੈਨਟੀਅਰ ਨੇ ਪਹਿਲੀ ਵਾਰ ਇਸ ਸ਼ਬਦ ਦੀ ਵਰਤੋਂ ਕੀਤੀ। ਇਹ ਉਹ ਤਕਨੀਕ ਹੈ ਜੋ ਯਥਾਰਥਵਾਦ ਨੂੰ ਕਲਪਨਾ ਅਤੇ ਹੈਰਾਨੀ ਨਾਲ ਜੋੜਦੀ ਹੈ। ਇਸ ਵਿਚ ਬੇਸ਼ਕ ਜਾਦੂਈ ਸਬੰਧ ਅਸਾਧਾਰਨ ਦੀ ਬਜਾਏ ਸਾਧਾਰਨ ਰੋਜ਼ਮਰ੍ਹਾ ਜੀਵਨ ਨਾਲ ਹੀ ਹੁੰਦਾ ਹੈ। ਮਨਮੋਹਨ ਨੇ ਸਮਕਾਲੀ ਸੰਸਾਰ ਨਾਵਲ ਤੋਂ ਪ੍ਰਭਾਵਿਤ ਹੁੰਦਿਆਂ 'ਨਿਰਵਾਣ' ਵਿਚ ਇਸ ਜੁਗਤ ਦਾ ਪਹਿਲੀ ਵਾਰ ਪੰਜਾਬੀ ਗਲਪ ਵਿਚ ਇਸਤੇਮਾਲ ਕਰਨ ਦਾ ਉਪਰਾਲਾ ਕੀਤਾ ਹੈ। ਇਸ ਨਾਲ ਪੰਜਾਬੀ ਜਗਤ ਵਿਚ ਨਵੀਂ ਨਾਵਲ ਪਰੰਪਰਾ ਦਾ ਆਗਾਜ਼ ਹੁੰਦਾ ਹੈ। ਮਨਮੋਹਨ ਨੇ ਇਸ ਜੁਗਤ ਰਾਹੀਂ ਬੁੱਧਵਾਦ ਨੂੰ ਭੂਤਕਾਲ ਅਤੇ ਮਾਰਕਸਵਾਦ ਨੂੰ ਵਰਤਮਾਨ ਵਿਚ ਰੱਖਦਿਆਂ ਇਨ੍ਹਾਂ ਦੋਵਾਂ ਵਿਚਾਰਧਾਰਾਵਾਂ ਦੀ ਇਤਿਹਾਸ ਦੇ ਮਹਾਂ-ਬਿਰਤਾਂਤਾਂ ਵਜੋਂ ਸਾਰਥਕਤਾ 'ਤੇ ਪ੍ਰਸ਼ਨ ਚਿੰਨ ਲਾਇਆ ਹੈ।

ਦੋਵੇਂ ਬਿਰਤਾਂਤ ਇਕ ਦੂਜੇ ਨਾਲ ਕੁਝ ਹੱਦ ਤੱਕ ਮੇਲ ਵੀ ਖਾਂਦੇ ਹਨ ਅਤੇ ਵਖਰੇਵਾਂ ਵੀ ਰੱਖਦੇ ਹਨ। ਦੋਵੇਂ ਬਿਰਤਾਂਤ ਇਕ ਦੂਜੇ ਨਾਲ ਖਹਿੰਦੇ ਅਤੇ ਭਿੜਦੇ ਹੋਏ ਵੀ ਨਜ਼ਰ ਆਉਂਦੇ ਹਨ। ਇਉਂ ਮਹਿਸੂਸ ਹੁੰਦਾ ਹੈ ਕਿ ਜੋ ਪਹਿਲਾਂ ਅਤੀਤ ਵਿਚ ਵਾਪਰਿਆ ਹੈ ਮੁੜ ਵਾਪਰ ਰਿਹਾ ਹੈ। ਪਰ ਇੰਜ ਵੀ ਲਗਦਾ ਹੈ ਕਿ ਜੋ ਹੁਣ ਵਾਪਰ ਰਿਹਾ ਹੈ ਅਤੀਤ ਨਾਲੋਂ ਕੁੱਝ ਵੱਖਰਾ ਹੈ। ਇਸ ਤਰ੍ਹਾਂ ਨਾਵਲ ਵਿਚ ਅਤੀਤ ਅਤੇ ਵਰਤਮਾਨ ਵਿਚ ਲਕੀਰਾਂ ਮਿਟਦੀਆਂ ਪ੍ਰਤੀਤ ਹੁੰਦੀਆਂ ਹਨ। ਅਸਲ ਵਿਚ ਜਾਦੂਈ ਯਥਾਰਥ 'ਤੇ ਅਧਾਰਤ ਗਲਪ ਵਿਚ ਵਰਤਮਾਨ ਅਤੇ ਭੂਤਕਾਲ, ਤੱਥ ਅਤੇ ਗਲਪ, ਕਲਪਨਾ ਅਤੇ ਯਥਾਰਥ, ਮਿੱਥ ਅਤੇ ਇਤਿਹਾਸ ਵਿਚ ਜੋ ਅੰਤਰ ਪੂਰੀ ਤਰ੍ਹਾਂ ਮਿਟ ਨਹੀਂ ਜਾਂਦੇ ਤਾਂ ਘੱਟੋ ਘੱਟ ਇਸ ਕਦਰ ਧੁੰਦਲੇ ਪੈ ਜਾਂਦੇ ਹਨ ਕਿ ਅਤੀਤ ਅਤੇ ਵਰਤਮਾਨ ਵਿਚ ਅੰਤਰ ਕਰਨਾ ਕਠਿਨ ਹੋ ਜਾਂਦਾ ਹੈ। ਇਸ ਬਾਰੇ ਸੰਕੇਤ ਨਾਵਲ ਦੇ ਸ਼ੁਰੂ ਵਿਚ ਹੀ ਅਨੰਦ ਦੀ ਇਤਿਹਾਸ ਅਤੇ ਵਰਤਮਾਨ ਬਾਰੇ 'ਸੋਚ' ਤੋਂ ਮਿਲ ਜਾਂਦਾ ਹੈ ਪਰ 'ਨਿਰਵਾਣ' ਵਿਚ ਇਨ੍ਹਾਂ ਦੋ ਮੁੱਖ ਬਿਰਤਾਂਤਾਂ ਦਾ ਮਨੋਰਥ ਇਹ ਦਰਸਾਉਣਾ ਹੈ ਕਿ ਪੂਰਵ-ਆਧੁਨਿਕ ਕਾਲ ਤੋਂ ਹੁਣ ਤੱਕ ਮਹਾਂ-ਬਿਰਤਾਂਤਾਂ ਵਿਚ ਵਿਸ਼ਵਾਸ ਕਰਨਾ ਮਨੁੱਖੀ ਸੁਭਾਅ ਦਾ ਜ਼ਰੂਰੀ ਅੰਗ ਰਿਹਾ ਹੈ ਕਿਉਂਕਿ ਇਹ ਉਸ ਨੂੰ ਜਿਉਣ ਲਈ ਨਿਸ਼ਚਿਤ ਆਧਾਰ ਮੁਹੱਈਆ ਕਰਦੇ ਹਨ। ਅਸਲ ਵਿਚ ਆਧੁਨਿਕ ਸਮੇਂ ਵਿਚ ਇਹ ਆਪਣੀ ਸਾਰਥਕਤਾ ਗੁਆ ਚੁੱਕੇ ਹਨ। ਇਨ੍ਹਾਂ ਵਿਚ ਵਿਸ਼ਵਾਸ ਕਰਨਾ ਕਠਿਨ ਹੈ ਅਤੇ ਇਹ ਬਚਗਾਨਾ ਭਰਮ ਵਾਂਗ ਪ੍ਰਤੀਤ ਹੁੰਦੇ ਹਨ।

ਆਧੁਨਿਕ ਮਨੁੱਖ ਅਸਲ ਵਿਚ ਪੂਰਵ-ਆਧੁਨਿਕ ਕਾਲ ਵਿਚ ਉਸ ਨੂੰ ਉਪਲਬਧ ਏਕਤਾ, ਅਖੰਡਤਾ ਅਤੇ ਇਕਸੁਰਤਾ ਦੀ ਚੇਸ਼ਟਾ ਕਰਦਾ ਹੈ, ਬੇਸ਼ੱਕ ਉਸ ਨੂੰ ਇਹ ਨਸੀਬ ਨਹੀਂ ਹੋ ਸਕਦੀ। ਲਗਭਗ ਅਜਿਹਾ ਹੀ ਹਾਲ ਇਨਲਾਈਟਨਮੈਂਟ ਦੀ ਵਾਰਸ ਬੁਰਜ਼ਵਾ ਜਮਹੂਰੀਅਤ ਦਾ ਹੈ ਜੋ ਆਜ਼ਾਦੀ ਤੋਂ ਪਹਿਲਾਂ ਪੱਛਮੀ ਸਾਮਰਾਜ ਵਿਰੁਧ ਨਿੱਕੇ ਬਿਰਤਾਂਤ ਵਜੋਂ ਉਭਰਦਾ ਹੈ ਪਰ ਆਜ਼ਾਦੀ ਤੋਂ ਬਾਅਦ ਖ਼ੁਦ ਮਹਾਂ-ਬਿਰਤਾਂਤ ਬਣ ਬੈਠਦਾ ਹੈ ਜਿਸ ਵਿਚ ਆਜ਼ਾਦ ਭਾਰਤ ਵਿਚਲੇ ਕਸ਼ਮੀਰੀ, ਸਿੱਖ, ਮੁਸਲਿਮ, ਈਸਾਈ, ਪਾਰਸੀ, ਬੋਧੀ, ਬੋਡੋ, ਨਾਗਾ, ਤਾਮਿਲ, ਗੋਰਖਾ ਦੇ ਸਾਰੇ ਨਿੱਕੇ ਬਿਰਤਾਂਤਾਂ ਨੂੰ ਜਜ਼ਬ ਕਰਨ ਦਾ ਯਤਨ ਕੀਤਾ ਜਾਂਦਾ ਹੈ ਅਤੇ ਜਿਸ ਦੇ ਸਿੱਟੇ ਵਜੋਂ ਇਸ ਦੇ ਖ਼ਿਲਾਫ ਅੰਦਰੋਂ ਬਗਾਵਤਾਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ।

'ਨਿਰਵਾਣ' ਤੀਜੇ ਸੰਸਾਰ ਦੀ ਉਤਰ-ਬਸਤੀਵਾਦੀ ਦੌਰ ਦੀ ਉਪਜ ਹੈ ਜੋ ਉਤਰ-ਆਧੁਨਿਕਤਾਵਾਦ ਦਾ ਵੀ ਗਹਿਰਾ ਪ੍ਰਭਾਵ ਗ੍ਰਹਿਣ ਕਰਦੀ ਹੈ। ਇਹ ਉਤਰ-ਬਸਤੀਵਾਦੀ ਮੁਲਕਾਂ ਖਾਸ ਤੌਰ 'ਤੇ ਲਾਤੀਨੀ ਅਮਰੀਕੀ ਗਲਪ ਤੋਂ ਪ੍ਰਭਾਵਤ ਹੁੰਦਿਆਂ ਮਾਰਕਸਵਾਦ ਜਾਂ ਉਦਾਰਵਾਦੀ ਜਮਹੂਰੀਅਤ ਅਤੇ ਬੁੱਧਵਾਦ 'ਤੇ ਆਧਾਰਤ ਨਵਾਂ ਬਿਰਤਾਂਤ ਸਿਰਜਣ ਦਾ ਯਤਨ ਕਰਦੀ ਹੈ ਜਿਸ ਨੂੰ ਜਾਦੂਈ ਯਥਾਰਥਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ। ਨਾਵਲ ਦਰਸਾਉਂਦਾ ਹੈ ਕਿ ਅਸਲ ਵਿਚ ਨਕਸਲਵਾਦ ਵੀ ਭਾਰਤੀ ਸਟੇਟ ਦੀ ਭੂਮੀ ਸੁਧਾਰਾਂ ਦੀ ਅਸਫਲਤਾ ਅਤੇ ਅਸਾਂਵੇਂ ਵਿਕਾਸ ਮਾਡਲ ਦਾ ਹੀ ਨਤੀਜਾ ਹੈ। ਇਸ ਪ੍ਰਸੰਗ ਵਿਚ ਫਰੈਡਰਿਕ ਜੇਮਸਨ ਅਤੇ ਲਿੰਡਾ ਹੁਚੀਅਨ ਦਰਮਿਆਨ ਮਹੱਤਵਪੂਰਣ ਵਿਵਾਦ ਵੱਲ ਧਿਆਨ ਦੁਆਉਣਾ ਕੁੱਥਾਂ ਨਹੀਂ ਹੋਵੇਗਾ। ਜੇਮਸਨ ਨੇ ਆਪਣੀ ਉਤਰ-ਆਧੁਨਿਕਤਾ ਨਾਲ ਸਬੰਧਿਤ ਮਹੱਤਵਪੂਰਨ ਕਿਰਤ 'ਪੋਸਟ-ਮੌਡਰਨਿਜ਼ਮ ਐਂਡ ਕਲਚਰਲ ਲੌਜਿਕ ਆਫ ਲੇਟ ਕੈਪੀਟਲਿਜ਼ਮ' (1991) ਵਿਚ ਕਿਹਾ ਹੈ ਕਿ ਉਤਰ-ਆਧੁਨਿਕਤਾਵਾਦ ਮਹਿਜ਼ ਵਿਕਸਤ ਬਹੁਕੌਮੀ ਸਰਮਾਏ ਦੀ ਪੈਦਾਇਸ਼ ਹੈ ਜੋ ਬੀਤੇ ਸਮੇਂ ਦੀਆਂ ਸ਼ੈਲੀਆਂ ਨੂੰ ਆਪਹੁਦਰੇ ਢੰਗ ਨਾਲ ਨਿਗਲ ਜਾਣ ਦੀ ਪ੍ਰਕਿਰਿਆ ਹੈ ਅਤੇ ਜੋ ਅਰਥਾਂ ਤੋਂ ਵਿਹੂਣੀ ਜਾਂ ਸੱਖਣੀ ਆਪਹੁਦਰੀ ਨਕਲ ਤਾਂ ਹੈ ਹੀ ਪਰ ਅਣ-ਇਤਿਹਾਸਕ ਅਤੇ ਗੈਰ-ਸਿਆਸੀ ਵੀ ਹੈ।

ਲਿੰਡਾ ਹੁਚੀਅਨ ਨੇ ਆਪਣੀ ਪੁਸਤਕ 'ਦ ਪੋਲਿਟਿਕਸ ਆਫ ਪੋਸਟਮੌਡਰਨਿਜ਼ਮ' (1988) ਵਿਚ ਦਰਸਾਇਆ ਹੈ ਕਿ ਜੇਮਸਨ ਦਾ ਉਤਰ-ਆਧੁਨਿਕਤਾਵਾਦ ਬਾਰੇ ਸਿਧਾਂਤੀਕਰਨ ਮੁੱਖ ਤੌਰ 'ਤੇ ਪੱਛਮੀ ਜਗਤ ਦੀਆਂ ਕਲਾ ਕਿਰਤਾਂ 'ਤੇ ਆਧਾਰਤ ਹੈ ਅਤੇ ਇਹ ਤੀਜੀ ਦੁਨੀਆਂ ਜਾਂ ਉਤਰ-ਬਸਤੀਵਾਦੀ ਮੁਲਕਾਂ ਦੀਆਂ ਸਾਹਿਤਕ ਕਿਰਤਾਂ (ਵਿਸ਼ੇਸ਼ ਤੌਰ 'ਤੇ ਗਲਪ) ਬਾਰੇ ਬਿਲਕੁਲ ਦਰੁਸਤ ਨਹੀਂ। ਉਸ ਦਾ ਇਤਰਾਜ਼ ਹੈ ਕਿ ਜੇਮਸਨ ਦਾ ਸਿਧਾਂਤੀਕਰਨ ਉਤਰ-ਬਸਤੀਵਾਦੀ ਮੁਲਕਾਂ (ਵਿਸ਼ੇਸ਼ ਤੌਰ 'ਤੇ ਏਸ਼ੀਆਈ, ਅਫਰੀਕੀ, ਲਾਤੀਨੀ ਅਮਰੀਕੀ ਦੇਸ਼ਾਂ ਜਾਂ ਕੈਨੇਡਾ) ਉਤੇ ਲਾਗੂ ਨਹੀਂ ਹੁੰਦਾ। ਉਸ ਦੀ ਦਲੀਲ ਹੈ ਕਿ ਇਨ੍ਹਾਂ ਮੁਲਕਾਂ ਵਿਚਲਾ ਉਤਰ-ਆਧੁਨਿਕਤਾਵਾਦ ਬੀਤੇ ਸਮਿਆਂ ਦੀਆਂ ਤਕਨੀਕਾਂ ਜਾਂ ਜੁਗਤਾਂ ਦੀ ਅਰਥ-ਵਿਹੂਣੀ ਨਕਲ ਨਹੀਂ, ਜਿਵੇਂ ਜੇਮਸਨ ਦਾ ਵਿਚਾਰ ਹੈ ਬਲਕਿ ਇਹ ਇਨ੍ਹਾਂ ਮੁਲਕਾਂ ਦੀ ਉਤਰ-ਬਸਤੀਵਾਦੀ ਸਥਿਤੀ ਤੋਂ ਪ੍ਰਭਾਵਤ ਹੁੰਦਿਆਂ "ਵਿਅੰਗਾਤਮਕ ਅੰਤਰਬੋਧਿਕਤਾ" ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ ਜੋ ਅਸਲ ਸਮਾਜੀ ਅਤੇ ਰਾਜਨੀਤਕ ਮੁੱਦਿਆਂ ਨੂੰ ਛੂੰਹਦੀ ਹੈ। ਅਜਿਹੀ ਗਲਪ ਨੂੰ ਲਿੰਡਾ ਹੁਚੀਅਨ ਨੇ ਹਿਸਟੋਰੀਓਗ੍ਰਾਫਿਕ ਮੈਟਾਫਿਕਸ਼ਨ ਦਾ ਨਾਂ ਦਿੱਤਾ ਹੈ। ਇਸ ਵਿਚ ਉਸ ਨੇ ਕੈਨੇਡੀਅਨ ਨਾਵਲਕਾਰਾਂ ਮਾਰਗ੍ਰੇਟ ਐਟਵੁੱਡ ਅਤੇ ਮਾਈਕਲ ਔਂਨਦਾਤਜੀ, ਅਫਰੀਕਨ ਨਾਵਲਕਾਰ ਜੇ.ਐਮ. ਕੋਈਜ਼ੀ, ਏਸ਼ੀਅਨ ਨਾਵਲਕਾਰ ਸਲਮਾਨ ਰਸ਼ਦੀ ਅਤੇ ਲਾਤੀਨੀ ਅਮਰੀਕੀ ਨਾਵਲਕਾਰ ਮਾਰਕੁਏਜ਼ ਗਾਰਸ਼ੀਆ ਨੂੰ ਸ਼ਾਮਲ ਕੀਤਾ ਹੈ। 'ਨਿਰਵਾਣ' ਸ਼ਾਇਦ ਪੰਜਾਬੀ ਵਿਚ ਪਹਿਲਾ ਨਾਵਲ ਹੈ ਜੋ ਜਾਦੂਈ ਯਥਾਰਥਵਾਦ ਦੀ ਤਰਜ਼ 'ਤੇ ਲਿਖਿਆ ਗਿਆ ਹੈ ਅਤੇ ਜੋ ਉਤਰ-ਬਸਤੀਵਾਦੀ ਭਾਰਤ ਦੇ ਅਸਲ ਅਤੇ ਗੰਭੀਰ ਮਸਲਿਆਂ ਨੂੰ ਮੁਖਾਤਿਬ ਹੈ।

ਦੋਵੇਂ ਮਹਾਂ-ਬਿਰਤਾਂਤ ਮਾਨਵਤਾ ਦੇ ਆਦਰਸ਼ ਸੰਸਾਰ ਲਈ ਸਦੀਵੀ ਚੇਸ਼ਟਾ ਦੇ ਪ੍ਰਤੀਕ ਹਨ। ਸਿਰਫ ਮਾਰਗਾਂ ਦਾ ਅੰਤਰ ਹੈ। ਨਾਵਲ ਵਿਚ ਮਿਲਿੰਦ ਇਸ ਨੂੰ ਪ੍ਰਾਚੀਨ ਵਿਚਾਰ-ਪ੍ਰਬੰਧ ਬੁੱਧਵਾਦ ਰਾਹੀਂ ਪ੍ਰਾਪਤ ਕਰਨਾ ਲੋਚਦਾ ਹੈ ਅਤੇ ਅਨੰਦ ਇਸ ਨੂੰ ਆਧੁਨਿਕ ਵਿਚਾਰ ਪ੍ਰਬੰਧ ਮਾਰਕਸਵਾਦ ਰਾਹੀਂ ਸਾਕਾਰ ਕਰਨਾ ਚਾਹੁੰਦਾ ਹੈ। ਨਾਵਲ ਦਰਸਾਉਂਦਾ ਹੈ ਕਿ ਇਹ ਦੋਵੇਂ ਵਿਚਾਰ-ਪ੍ਰਬੰਧ ਅਜੋਕੇ ਮਨੁੱਖ ਲਈ ਸੰਕਟਮਈ ਹੋ ਚੁੱਕੇ ਹਨ। ਆਧੁਨਿਕ ਸਮਿਆਂ ਵਿਚ ਮਨੁੱਖ ਇਸ ਪਾਰਗਮਤਾ ਦੀ ਸਿਰਫ ਚੇਸ਼ਟਾ ਹੀ ਕਰ ਸਕਦਾ ਹੈ, ਇਹ ਉਸ ਨੂੰ ਕਿਸੇ ਵੀ ਸੂਰਤ ਵਿਚ ਹਾਸਲ ਨਹੀਂ ਹੋ ਸਕਦੀ। ਨਾਵਲ ਦਾ ਬਿਰਤਾਂਤ ਦਰਸਾਉਂਦਾ ਹੈ ਕਿ ਵਰਤਮਾਨ ਵਿਚ ਬੁੱਧਵਾਦ ਦਾ ਵਿਚਾਰ-ਪ੍ਰਬੰਧ ਇੰਨਾ ਸਾਰਥਕ ਨਹੀਂ ਰਿਹਾ ਜਿੰਨਾ ਉਹ ਬੁੱਧ ਦੇ ਆਪਣੇ ਸਮੇਂ ਸੀ। ਇਹ ਲਗਾਤਾਰ ਵਿਖੰਡਤ ਹੁੰਦਾ ਹੋਇਆ ਵਿਚਾਰ-ਪ੍ਰਬੰਧ ਹੈ ਅਤੇ ਭਾਰਤ ਵਿਚ ਇਹ ਲਗਾਤਾਰ ਪਤਨ ਵਲ ਵਧ ਰਿਹਾ ਹੈ ਜਿਵੇਂ ਮਿਲਿੰਦ, ਚੀਨੀ ਬੋਧੀ ਹੂਆ ਅਤੇ ਹੋਰ ਪਾਤਰਾਂ ਦੀ ਵਾਰਤਾਲਾਪ ਰਾਹੀਂ ਸਪਸ਼ਟ ਹੁੰਦਾ ਹੈ। ਇਸ ਦਾ ਸੰਕਟ ਨਾਵਲ ਵਿਚ ਉਦੋਂ ਚਰਮ-ਸੀਮਾ 'ਤੇ ਅਪੜਦਾ ਹੈ ਜਦੋਂ ਮਿਲਿੰਦ ਦੇ ਚਤੁਰਸੇਨ ਵਰਗੇ ਸਾਥੀਆਂ ਦੇ ਹੱਥਾਂ ਵਿਚ ਇਹ ਪੂਰਵ-ਇਤਿਹਾਸਕ ਜਨੂੰਨ ਅਤੇ ਕਬਾਇਲੀ ਕਲਟ ਵਿਚ ਨਿਘਰਦਾ ਨਜ਼ਰ ਆਉਂਦਾ ਹੈ।

ਕੀ ਵਾਪਰਦਾ ਹੈ ਬੰਦੇ ਨਾਲ ਜਦੋਂ ਉਹ ਨਿਰਪੇਖ ਸੱਚ ਨੂੰ ਆਪਣੀਆਂ ਅੱਖਾਂ ਸਾਹਮਣੇ ਢੇਰੀ ਹੁੰਦਾ ਵੇਖਦਾ ਹੈ? ਕੀ ਹੁੰਦਾ ਹੈ ਉਸ ਨਾਲ, ਜਦੋਂ ਉਸ ਨੂੰ ਪੈਰਾਂ ਥੱਲਿਉਂ ਜ਼ਮੀਨ ਸਰਕਦੀ ਨਜ਼ਰ ਆਉਂਦੀ ਹੈ ਅਤੇ ਉਹ ਧਾਰਨਾਵਾਂ ਜਿਨ੍ਹਾਂ ਆਸਰੇ ਉਹ ਜੀ ਰਿਹਾ ਹੁੰਦਾ ਹੈ, ਬਚਗਾਨਾ ਭਰਮ ਪ੍ਰਤੀਤ ਹੁੰਦੀਆਂ ਹਨ? ਨਾਵਲ ਸਿਖਰ ਤੱਕ ਪਹੁੰਚਦਿਆਂ ਅਜਿਹੇ ਹੀ ਕੁਝ ਅਸਤਿਤਵਵਾਦੀ ਸਵਾਲਾਂ ਨੂੰ ਮੁਖਾਤਿਬ ਹੁੰਦਾ ਹੈ। ਜਦੋਂ ਮਿਲਿੰਦ ਬੁੱਧਵਾਦ ਅਤੇ ਅਨੰਦ ਮਾਓਵਾਦ ਦੇ ਆਦਰਸ਼ਾਂ ਨੂੰ ਖੇਰੂੰ-ਖੇਰੂੰ ਹੁੰਦਿਆਂ ਦੇਖਦੇ ਹਨ ਤਾਂ ਉਹ ਆਪਣੇ ਨਿਜੀ ਕਲਪਨਾਵਾਂ ਅਤੇ ਖ਼ੌਫਨਾਕ ਸੁਪਨਿਆਂ ਦੇ ਸੰਸਾਰ ਵਿਚ ਖੋ ਜਾਂਦੇ ਹਨ। ਨਾਵਲ ਵਿਚ ਇਹ ਬੜੇ ਤੀਬਰ ਅਨੁਭਵ ਦੇ ਪਲ ਹਨ ਜਦੋਂ ਉਨ੍ਹਾਂ ਨੂੰ ਆਪਣੇ ਜੀਵਨ ਦੀ ਵਿਅਰਥਤਾ ਦਾ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ। ਕਾਮੂ ਨੇ ਵਿਅਰਥਤਾ ਦੇ ਅਨੁਭਵ ਨੂੰ ਆਪਣੀ ਪੁਸਤਕ 'ਦ ਮਿਥ ਔਫ ਸਿਸੀਫ਼ਸ' (ਜਿਸ ਦਾ ਪੁਸਤਕ ਵਿਚ ਹਵਾਲਾ ਵੀ ਮਿਲਦਾ ਹੈ) ਵਿਚ ਇਸ ਦਾ ਬਿਆਨ ਕੀਤਾ ਹੈ।

ਨਾਵਲ ਦੇ ਵਾਰਤਾਲਾਪ ਤੋਂ ਸਪਸ਼ਟ ਹੁੰਦਾ ਹੈ ਕਿ ਬੁੱਧਵਾਦ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਹ ਮਨੁੱਖੀ ਦੇਹ ਅਤੇ ਇੱਛਾ ਤੋਂ ਇਨਕਾਰੀ ਹੈ ਪਰ ਆਧੁਨਿਕ ਤਰਕਸ਼ੀਲ ਅਤੇ ਵਿਅਕਤੀਵਾਦੀ ਮਨੁੱਖ ਨੂੰ ਇਹ ਪ੍ਰਵਾਨ ਨਹੀਂ। ਇਸੇ ਲਈ ਮਿਲਿੰਦ ਰਿਸ਼ੀ ਦੇਵ ਮੁਨੀ ਨੂੰ ਸਵਾਲ ਪੁੱਛਦਾ ਹੈ। ਨਾਵਲ ਵਿਚ ਵਾਰ ਵਾਰ ਇਸ ਗੱਲ ਦਾ ਸਪਸ਼ਟ ਪ੍ਰਮਾਣ ਮਿਲਦਾ ਹੈ ਕਿ ਮਿਲਿੰਦ ਵਿਹਾਰ ਵਿਚ ਵਿਚਰਦਿਆਂ ਬੁੱਧਵਾਦ ਅਤੇ ਹੋਰ ਧਰਮਾਂ ਬਾਰੇ ਬਹਿਸ ਵਿਚ ਬੌਧਿਕ ਪ੍ਰਾਣੀ ਜਾਂ ਜਗਿਆਸੂ ਦੇ ਤੌਰ 'ਤੇ ਤਾਂ ਬੜੀ ਉਤਸੁਕਤਾ ਨਾਲ ਹਿੱਸਾ ਲੈਂਦਾ ਹੈ ਪਰ ਉਸ ਦਾ ਮਨ ਸਮਾਧੀ ਵਿਚ ਨਹੀਂ ਲਗਦਾ ਜਿਵੇਂ ਉਸ ਨੇ ਕਈ ਵਾਰ ਖੁਦ ਕਬੂਲ ਵੀ ਕੀਤਾ ਹੈ। ਕਮਲਾ ਨਾਲ ਇਸ਼ਕ ਉਪਰੰਤ ਉਹ ਚੀਨੀ ਯਾਤਰੀ ਹੂਆ ਨਾਲ ਆਪਣੀ ਵਾਰਤਾਲਾਪ ਵਿਚ ਰੁਚੀ ਲੈਣੀ ਵੀ ਛੱਡ ਦਿੰਦਾ ਹੈ।

ਜਦੋਂ ਇਕ ਪਾਸੇ ਮਿਲਿੰਦ ਦਾ ਬੁੱਧਵਾਦ ਤੋਂ ਮੋਹ-ਭੰਗ ਹੋ ਰਿਹਾ ਹੈ, ਅਨੰਦ ਵੀ ਆਪਣੇ ਮਿਸ਼ਰਾ ਅਤੇ ਅਖਿਲੇਸ਼ ਵਰਗੇ ਸਹਿਕਰਮੀਆਂ ਦੀਆਂ ਗੁਪਤ ਸਿਆਸੀ ਸਰਗਰਮੀਆਂ ਦੀ ਜਾਣਕਾਰੀ ਤੋਂ ਬਾਅਦ ਭਾਰਤ ਵਿਚ ਸਮਾਜਵਾਦ ਦਾ ਆਪਣਾ ਸੁਪਨਾ ਤਿੜਕਦਾ ਮਹਿਸੂਸ ਕਰਦਾ ਹੈ। ਵਿਅਰਥਤਾ ਦੇ ਤੀਬਰ ਅਨੁਭਵ ਦੇ ਬਾਵਜੂਦ 'ਨਿਰਵਾਣ' ਅਬਸਰਡ ਨਾਵਲ ਨਹੀਂ। ਵਿਅਰਥਤਾ ਵਿਚ ਵੀ ਇਹ ਅਰਥਾਂ ਦੀ ਤਲਾਸ਼ ਜਾਰੀ ਰੱਖਦਾ ਹੈ ਅਤੇ ਯੂਟੋਪੀਆਈ ਸੰਸਾਰ ਦੇ ਤਸੱਵਰ ਨੂੰ ਮਰਨ ਨਹੀਂ ਦਿੰਦਾ। ਇਹ ਆਧੁਨਿਕਤਾਵਾਦੀ ਕਿਰਤ ਹੈ ਜੋ ਯਥਾਰਥ ਦੀ ਸਿਰਫ ਪੇਸ਼ਕਾਰੀ ਕਰਨਾ ਹੀ ਨਹੀਂ ਲੋਚਦੀ ਬਲਕਿ ਇਸ ਦੀ ਜਾਣਬੁੱਝ ਕੇ ਤੋੜ-ਭੰਨ ਵੀ ਕਰਦੀ ਹੈ ਅਤੇ ਇਸ ਦਾ ਰਹੱਸਮਈਕਰਣ/ਆਦਰਸ਼ੀਕਰਣ ਅਤੇ ਨਿਸ਼ੇਧ ਵੀ। ਯਥਾਰਥ ਦਾ ਨਿਸ਼ੇਧ ਕਰਨ ਲਈ ਇਹ ਇਸ ਤੋਂ ਈਜ਼ਾਦਕਾਰੀ ਜੁਗਤਾਂ ਅਤੇ ਬਿੰਬਾਂ ਰਾਹੀਂ ਵਿੱਥ ਸਥਾਪਤ ਕਰਦੀ ਹੈ। ਨਾਵਲ ਵਿਚ ਮਿਲਿੰਦ ਅਤੇ ਅਨੰਦ ਦੇ ਨਾਜਾਇਜ਼ ਪਿਆਰ ਨੂੰ ਇਸੇ ਦ੍ਰਿਸ਼ਟੀ ਤੋਂ ਸਮਝਿਆ ਜਾਣਾ ਚਾਹੀਦਾ ਹੈ। ਇਹ ਉਨ੍ਹਾਂ ਦੇ ਆਪੋ ਆਪਣੇ ਸਮਿਆਂ ਦੇ ਯਥਾਰਥ ਦੇ ਖ਼ਿਲਾਫ ਵਿਦਰੋਹ ਦਾ ਪ੍ਰਤੀਕ ਹੈ। ਮਿਲਿੰਦ ਆਪਣਾ ਘਰ-ਬਾਰ ਤਿਆਗਦਾ ਹੈ, ਬੁੱਧਤਵ ਪ੍ਰਾਪਤ ਕਰਨ ਲਈ ਜਦੋਂ ਕਿ ਅਨੰਦ ਆਪਣੀ ਬਿਰਧ ਮਾਤਾ ਨੂੰ ਛੱਡ ਕੇ ਘਰੋਂ ਨਿਕਲਦਾ ਹੈ ਮਾਰਕਸ ਦਾ ਸੁਪਨਾ ਸਾਕਾਰ ਕਰਨ ਲਈ। ਪਰ ਅੰਤ ਵਿਚ ਦੋਵੇਂ ਨਾਇਕ ਆਪਣੇ ਸੁਪਨੇ ਟੁੱਟਦੇ ਵੇਖਦਿਆਂ ਸ਼ਾਦੀ-ਸ਼ੁਦਾ ਔਰਤਾਂ ਨੂੰ ਭਜਾ ਕੇ ਆਪਣੇ ਘਰਾਂ ਨੂੰ ਰਵਾਨਾ ਹੁੰਦੇ ਹਨ। ਦੋਵੇਂ ਨਾਇਕਾਂ ਦੇ ਇਸ ਅਵੈਧ ਪਿਆਰ ਨਾਲ ਪ੍ਰੰਪਰਾਗਤ ਨੈਤਿਕ ਪ੍ਰਤੀਮਾਨਾਂ ਨੂੰ ਜ਼ਰੂਰ ਧੱਕਾ ਜਿਹਾ ਲੱਗਦਾ ਹੈ। ਅਸਲ ਵਿਚ ਮਿਲਿੰਦ ਅਤੇ ਅਨੰਦ ਦਾ ਨਾਜਾਇਜ਼ ਪਿਆਰ ਭਾਵੇਂ ਕਿੰਨਾ ਵੀ ਵਿਵਾਦਮਈ, ਅਨੈਤਿਕ, ਨਾ-ਕਾਬਲੇ ਬਰਦਾਸ਼ਤ; ਇਥੋਂ ਤੱਕ ਕੇ ਘਿਨੌਣਾ ਕਿਉਂ ਨਾ ਲੱਗੇ, ਇਹ ਦੋਨਾਂ ਦਾ ਆਪੋ ਆਪਣੇ ਜੀਵਨ ਹਾਲਾਤ ਪ੍ਰਤੀ ਦਰੁਸਤ ਹੁੰਗਾਰਾ ਹੈ।

ਰਾਜਧਾਨੀ ਟ੍ਰੇਨ ਵਿਚ ਪੰਜਾਬ ਲਈ ਰਵਾਨਾ ਹੋਣ ਉਪਰੰਤ "... ਬੈਠੇ ਬੈਠੇ ਪੰਕਜਾ ਦੀਆਂ ਜਦੋਂ ਨਜ਼ਰਾਂ ਮਿਲੀਆਂ ਤਾਂ ਉਸ ਨੂੰ ਇਵੇਂ ਲੱਗਾ ਜਿਵੇਂ ਕਹਿ ਰਹੀ ਹੋਵੇ, ਮੇਰੀ ਮੁਕਤੀ ਤੇਰੇ ਹੱਥੋਂ ਹੋਣੀ ਸੀ। ਅਨੰਦ ਆਪਣੇ ਖਿਆਲਾਂ ਵਿਚ ਡੁੱਬਿਆ ਸੋਚ ਰਿਹਾ ਸੀ ਕਿ ਉਹ ਆਪਣੇ ਸੁਪਨੇ ਨੂੰ ਮਰਨ ਨਹੀਂ ਦੇਵੇਗਾ, ਪੂਰੇ ਜੀਅ ਜਾਨ ਲਾ ਕੇ ਇਸ ਨੂੰ ਸਿਰੇ ਚੜ੍ਹਾਏਗਾ।" ਦੂਜੇ ਪਾਸੇ ਜਦੋਂ ਮਿਲਿੰਦ ਧਮ ਨੂੰ ਅਲਵਿਦਾ ਆਖ ਕੇ ਭਿਖ਼ਸ਼ੂ ਹੂਆ ਨੂੰ ਕਮਲਾ ਨਾਲ ਮਿਲਾਉਂਦਾ ਹੈ ਤਾਂ ਉਸ ਨੇ ਕਿਹਾ, "ਮੈਂ ਦੇਖਦਿਆਂ ਹੀ ਪਛਾਣ ਤੇ ਜਾਣ ਲਿਆ ਸੀ ਕਿ ਮਿਲਿੰਦ ਨੇ ਆਪਣਾ ਮੁਕਤੀ ਮਾਰਗ ਲੱਭ ਲਿਆ ਏ। ਨਿਰਵਾਣ ਕਦੇ ਇਕ ਹੀ ਰੂਪ ਵਿਚ ਨਹੀਂ ਆਉਂਦਾ। ਇਸ ਦੇ ਅਨੇਕਾਂ ਰੂਪ ਨੇ। ਹਰ ਇਕ ਨੇ ਆਪਣਾ ਦੀਵਾ ਆਪ ਹੀ ਅਤੇ ਆਪਣੇ ਢੰਗ ਨਾਲ ਬਾਲਣਾ ਹੁੰਦਾ ਏ...! ਹਰ ਇਕ ਨੇ ਆਪਣਾ ਪੰਧ ਆਪ ਤੈਅ ਕਰਨਾ ਏ।" ਹੂਆ ਦੇ ਇਨ੍ਹਾਂ ਸ਼ਬਦਾਂ ਵਿਚ ਬੁੱਧਵਾਦ ਦੀ ਨਵੀਂ/ਨਵੇਕਲੀ ਪੜ੍ਹਤ ਪੇਸ਼ ਹੁੰਦੀ ਹੈ ਜਿਸ ਅਨੁਸਾਰ ਨਿਰਵਾਣ (ਮੁਕਤੀ) ਦੇ ਅਰਥ ਬਦਲ ਜਾਂਦੇ ਹਨ। ਨਿਰਵਾਣ ਬਹੁਅਰਥੀ ਅਤੇ ਬਹੁਪਰਿਪੇਖੀ ਹੋ ਜਾਂਦਾ ਹੈ। ਨਾਵਲ ਦੇ ਅੰਤ ਵਿਚ ਇਹ ਸਪਸ਼ਟ ਹੋ ਜਾਂਦਾ ਹੈ ਕਿ ਨਿਰਵਾਣ ਬੁੱਧਵਾਦ ਦੇ ਪ੍ਰੰਪਰਾਗਤ ਅਤੇ ਸਥਾਪਤ ਰੂਪ ਦੇ ਖ਼ਿਲਾਫ ਵਿਦਰੋਹ ਹੈ। ਆਧੁਨਿਕ ਵਿਅਕਤੀਵਾਦੀ ਅਤੇ ਤਰਕਸ਼ੀਲ ਮਨੁੱਖ (ਮਿਲਿੰਦ) ਲਈ ਵਰਤਮਾਨ ਵਿਚ ਉਸ ਦਾ ਪਿਆਰ ਹੀ ਉਸ ਦਾ ਨਿਰਵਾਣ ਹੈ।

ਨਾਵਲ ਦਾ ਮਕਸਦ ਇਤਿਹਾਸ ਦਾ ਪੈਟਰਨ ਸਥਾਪਤ ਕਰਨਾ ਹੈ। ਲੇਖਕ ਇਹ ਦਰਸਾਉਣਾ ਚਾਹੁੰਦਾ ਹੈ ਕਿ ਜੋ ਅਤੀਤ ਵਿਚ ਵਾਪਰ ਚੁੱਕਾ ਹੈ, ਹੁਣ ਵੀ ਵਾਪਰ ਰਿਹਾ ਹੈ ਅਤੇ ਭਵਿੱਖ ਵਿਚ ਵੀ ਵਾਪਰ ਸਕਦਾ ਹੈ। ਇਤਿਹਾਸ ਦੀ ਗਤੀ ਜਾਂ ਦਿਸ਼ਾ ਰੇਖਕੀ ਨਹੀਂ, ਬਲਕਿ ਸਾਈਕਲੀਕਲ (ਚਕਰਾਤਮਕ) ਹੈ। ਇਸ ਤਰ੍ਹਾਂ ਨਾਵਲ ਇਤਿਹਾਸ ਦੇ ਵਰਤਮਾਨ ਪਲ ਨੂੰ ਵਿਚ ਸਰਵਵਿਆਪੀ ਆਯਾਮ ਦੇਣ ਵਿਚ ਸਫ਼ਲ ਹੁੰਦਾ ਹੈ। ਸਪਸ਼ਟ ਹੈ ਕਿ ਨਿਰਵਾਣ ਮਿਲਿੰਦ ਜਾਂ ਅਨੰਦ ਦੀ ਕਹਾਣੀ ਨਹੀਂ ਬਲਕਿ ਸਮੁੱਚੀ ਮਾਨਵਤਾ ਦੀ ਗੈਰ-ਵਿਯੋਗੇ ਸੰਸਾਰ ਦੀ ਸਦੀਵੀ ਲਾਲਸਾ ਦੀ ਕਹਾਣੀ ਹੈ ਜੋ ਇਹ ਦਰਸਾਉਣ ਦਾ ਯਤਨ ਕਰਦੀ ਹੈ ਕਿ ਮਹਾਂ-ਬਿਰਤਾਂਤਾਂ ਦੀ ਅਸਫ਼ਲਤਾ ਤੋਂ ਬਾਅਦ ਮਨੁੱਖ ਅਜਿਹੇ ਸੰਸਾਰ ਦੀ ਆਦਤ ਵੱਸ ਸਿਰਫ ਚੇਸ਼ਟਾ ਹੀ ਕਰ ਸਕਦਾ ਹੈ, ਉਸ ਨੂੰ ਇਹ ਹਕੀਕਤ ਵਿਚ ਹਾਸਲ ਨਹੀਂ ਹੋ ਸਕਦਾ।

ਨੀਤਸ਼ੇ ਦੀ ਕਿਰਤ 'ਦੱਸ ਸਪੇਕ ਜ਼ਰਾਸਤਰਾ' (1883) ਵਿਚ ਜ਼ਰਾਸਤਰਾ ਪਹਾੜਾਂ ਤੋਂ ਉਤਰਿਆ ਤਾਂ ਉਹ ਜੰਗਲ ਵਿਚ ਸਾਧੂ ਨੂੰ ਮਿਲਿਆ ਜਿਸ ਨੇ ਉਸ ਨੂੰ ਸ਼ਹਿਰਾਂ ਵੱਲ ਜਾਣ ਦੀ ਬਜਾਏ ਜੰਗਲ ਦੀ ਵੀਰਾਨਗੀ ਵਿਚ ਰਹਿਣ ਲਈ ਆਖਿਆ। ਜ਼ਰਾਸਤਰਾ ਨੇ ਉਸ ਨੂੰ ਪੁੱਛਿਆ ਕਿ ਉਹ ਵੀਰਾਨ ਜੰਗਲ ਵਿਚ ਆਪਣਾ ਸਮਾਂ ਕਿਵੇਂ ਗੁਜ਼ਾਰਦਾ ਹੈ? ਬਜ਼ੁਰਗ ਸੰਤ ਨੇ ਕਿਹਾ, "ਮੈਂ ਗੀਤ ਬਣਾਉਂਦਾ ਹਾਂ। ਜਦੋਂ ਮੈਂ ਗੀਤ ਬਣਾਉਂਦਾ ਹਾਂ, ਮੈਂ ਹੱਸਦਾ ਹਾਂ, ਰੋਂਦਾ ਹਾਂ, ਘੁਰਕਦਾ ਹਾਂ। ਇਸ ਤਰ੍ਹਾਂ ਮੈਂ ਰੱਬ ਦੀ ਪ੍ਰਸ਼ੰਸਾ ਕਰਦਾ ਹਾਂ।" ਜ਼ਰਾਸਤਰਾ ਨੇ ਆਪਣਾ ਸਫ਼ਰ ਜਾਰੀ ਰੱਖਦਿਆਂ ਆਪਣੇ ਦਿਲ ਵਿਚ ਕਿਹਾ, "ਬਜ਼ੁਰਗ ਸੰਤ ਨੂੰ ਅਜੇ ਤੱਕ ਪਤਾ ਨਹੀਂ ਲੱਗਾ ਕਿ ਰੱਬ ਮਰ ਚੁੱਕਾ ਹੈ।" ਉਸ ਸੰਤ ਵਾਂਗ ਮਨੁੱਖਤਾ ਆਦਤ ਵੱਸ ਨਿਰਪੇਖ ਸੱਚ ਦੀ ਗੈਰ-ਮੌਜੂਦਗੀ ਵਿਚ ਵੀ ਉਸ ਗੁਆਚ ਚੁੱਕੀ ਨਿਸ਼ਚਿਤਤਾ ਦੀ ਤਲਾਸ਼ ਵਿਚ ਹੈ। ਖੋ ਚੁੱਕੀ ਨਿਸ਼ਚਿਤਤਾ ਦੀ ਯੂਟੋਪੀਆਈ ਤਲਾਸ਼ ਹੀ ਜੇਮਸਨ ਦੇ ਅਰਥਾਂ ਵਿਚ 'ਨਿਰਵਾਣ' ਦਾ ਰਾਜਨੀਤਕ ਅਵਚੇਤਨ ਹੈ। ਆਧੁਨਿਕਤਾਵਾਦੀ ਅਤੇ ਕਿਸੇ ਹੱਦ ਤੱਕ ਉਤਰ-ਆਧੁਨਿਕਤਾਵਾਦੀ ਕਲਾ ਵੀ ਇਸ ਤਰ੍ਹਾਂ ਧਰਮ ਜਾਂ ਰੱਬ ਜਾਂ ਹੋਰ ਮਹਾਂ-ਬਿਰਤਾਂਤਾਂ ਦੀ ਗੈਰ-ਹਾਜ਼ਰੀ ਵਿਚ ਬੁੱਢੇ ਸੰਤ ਵਾਂਗ ਹੱਸਣ, ਰੋਣ ਅਤੇ ਘੁਰਕਣ ਦਾ ਉਪਰਾਲਾ ਹੈ। ਇਹ ਮਨੁੱਖ ਦੀ ਕੁਦਰਤ ਨਾਲ ਖੋ ਚੁੱਕੀ ਏਕਤਾ, ਅਖੰਡਤਾ ਅਤੇ ਇਕਸੁਰਤਾ ਦੀ ਸਦੀਵੀ ਚੇਸ਼ਟਾ ਦਾ ਪ੍ਰਤੀਕ ਹੈ। 'ਨਿਰਵਾਣ' ਨੂੰ ਇਸੇ ਪ੍ਰਸੰਗ ਵਿਚ ਸਮਝਿਆ ਜਾਣਾ ਚਾਹੀਦਾ ਹੈ।

## ਵਿਚ ਬਠਿੰਡੇ ਨੱਚੀਆਂ ਕੁੜੀਆਂ

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

ਪਿੰਡ ਪਿੰਡ ਦੇ ਵਿਚ ਗੱਲਾਂ ਤੁਰੀਆਂ
ਵਿਚ ਬਠਿੰਡੇ ਨੱਚੀਆਂ ਕੁੜੀਆਂ।
ਗਿੱਠ ਗਿੱਠ ਨਿੱਕੇ ਕੱਪੜੇ ਪਾ ਕੇ
ਕੁੜੀਆਂ ਬਣੀਆਂ ਖੰਡ ਦੀਆਂ ਪੁੜੀਆਂ।

ਨੀਲੀਆਂ ਪੱਗਾਂ ਚਿੱਟੇ ਦਾਹੜੇ
ਦਿਲ ਦੇ ਕਾਲੇ ਨੀਤਾਂ ਬੁਰੀਆਂ।
ਕੁੜੀਆਂ ਨੱਚਣ ਬੁੱਢੇ ਹੱਸਣ
ਹਵਸਾਂ ਖਵਰੇ ਕਿਥੇ ਜੁੜੀਆਂ।

ਕਿਸ ਬਾਬਲ ਦੀਆਂ ਇਹ ਨੇ ਜਾਈਆਂ
ਕਿਸ ਮਮਤਾ ਤੋਂ ਇਹ ਨੇ ਥੁੜੀਆਂ।

ਕਿਸ ਵੀਰੇ ਦੀਆਂ ਇਹ ਨੇ ਭੈਣਾਂ
ਆਈਆਂ ਛੱਡ ਪਟੋਲੇ ਗੁੜੀਆਂ।

ਨਜ਼ਰਾਂ ਦੇ ਤੀਰਾਂ ਨੂੰ ਸਹਿ ਕੇ
ਵਿਚ ਜਵਾਨੀ ਹੋ ਜਾਣ ਬੁੜ੍ਹੀਆਂ।
ਤੱਕ ਨੰਗੇ ਜਿਸਮਾਂ ਨੂੰ ਲੋਕੀਂ
ਆਖਣ ਹਾਏ ਉਏ ਤਿਤਲੀਆਂ ਉਡੀਆਂ।

ਐਸਾ ਹੜ੍ਹ ਫ਼ੈਸ਼ਨ ਦਾ ਆਇਆ
ਵਕਤੋਂ ਖੁੰਝ ਫੈਸ਼ਨ ਵਿਚ ਰੁੜ੍ਹੀਆਂ।
ਮੈਂ ਸੁਰਜੀਤ ਰਹੀ ਸਮਝਾਉਂਦੀ
ਪਰ ਇਹ ਡੁੱਬਣੋਂ ਕਦੀ ਨਾ ਮੁੜੀਆਂ।

# ਸੰਦੂਕ ਨੂੰ ਘਰੋਂ ਕਢਿਆ ਅਲਮਾਰੀ ਨੇ

## ਸ਼ਬਦ ਝਰੋਖਾ



ਬਲਜੀਤ ਬਾਸੀ


ਫੋਨ: 734-454-4958

ਅੱਜ ਪੰਜਾਬ ਦੇ ਮਧ ਵਰਗੀ ਘਰਾਂ ਵਿਚ ਚੀਜ਼ਾਂ ਵਸਤਾਂ ਰੱਖਣ ਲਈ ਬਹੁਤ ਸਾਰੇ ਵਸੀਲੇ ਆ ਗਏ ਹਨ: ਪੇਟੀਆਂ, ਟਰੰਕ, ਸੂਟਕੇਸ, ਅਟੈਚੀਕੇਸ, ਡਰੰਮ, ਫਰਿੱਜ, ਚੱਕਵੀਆਂ ਤੇ ਕੰਧ ਵਿਚ ਬਣੀਆਂ ਅਲਮਾਰੀਆਂ ਆਦਿ। ਘਰਾਂ ਦੇ ਨਕਸ਼ੇ ਵੀ ਹੋਰ ਦੇ ਹੋਰ ਹੋ ਗਏ ਹਨ। ਪਹਿਲੀਆਂ 'ਚ ਘਰ ਸਿਧੇ ਸਾਦੇ ਜਿਹੇ ਹੁੰਦੇ ਸਨ। ਮਸਲਨ ਦੁਆਬੇ ਵਿਚ ਕੱਚੇ ਘਰ ਵਿਚ ਵੜਦਿਆਂ ਨੂੰ ਮੂਹਰੇ ਡੇਹੜੀ, ਫਿਰ ਦਲਾਨ ਤੇ ਪਿਛੇ ਕੋਠੜੀਆਂ। ਚੌਕਾ-ਚੁਲ੍ਹਾ ਡੇਹੜੀ ਵਿਚ ਜਾਂ ਮਾੜੇ ਮੋਟੇ ਵਿਹੜੇ ਵਿਚ ਹੁੰਦਾ ਸੀ। ਕੋਠੜੀਆਂ ਵਿਚ ਬਾਲਣ ਤੇ ਆਪੋ ਆਪਣੇ ਪੇਸ਼ੇ ਦਾ ਸੰਦ ਬਲੇਵਾ ਵੀ ਹੁੰਦਾ ਸੀ। ਇਕ ਹੋਰ ਕੋਠੜੀ ਵਿਚ ਕੋਠੀਆਂ ਹੁੰਦੀਆਂ ਸਨ ਜਿਨ੍ਹਾਂ ਵਿਚ ਗੁੜ, ਸ਼ੱਕਰ ਤੇ ਘਰ ਦਾ ਹੋਰ ਲੱਲੜ-ਪੱਲੜ ਹੁੰਦਾ ਸੀ। ਦਾਣੇ ਫੱਕੇ ਦੇ ਭੰਡਾਰ ਲਈ ਭੜੋਲਾ ਜਾਂ ਮੱਟ ਹੁੰਦਾ ਸੀ। ਕੰਧਾਂ ਵਿਚ ਛੋਟਾ-ਮੋਟਾ ਆਲਾ ਜਾਂ ਤਾਕ ਵੀ ਹੁੰਦਾ ਸੀ ਜਿਸ ਵਿਚ ਛੋਟੀਆਂ-ਮੋਟੀਆਂ ਚੀਜ਼ਾਂ ਰੱਖ ਲਈਆਂ ਜਾਂਦੀਆਂ ਸਨ। ਆਲਾ ਜਾਂ ਤਾਕ ਅਕਸਰ ਸੱਖਣਾ ਹੀ ਰੱਖਿਆ ਜਾਂਦਾ ਸੀ ਪਰ ਕਈ ਵਾਰੀ ਇਸ ਵਿਚ ਚੌਗਾਠ ਵੀ ਫਿਟ ਕਰ ਦਿੱਤੀ ਜਾਂਦੀ ਸੀ। ਇਹ ਸਾਰਾ 'ਫਰਨੀਚਰ' ਮਿੱਟੀ ਦਾ ਹੀ ਬਣਿਆ ਹੁੰਦਾ ਸੀ ਪਰ ਫਰਨੀਚਰ ਦਾ ਸਭ ਤੋਂ ਅਹਿਮ ਤੇ ਸੁਹਜਮਈ ਪੀਸ ਹੁੰਦਾ ਸੀ ਸੰਦੂਕ-ਘਰ ਦੀ ਸੁਆਣੀ ਦੀ ਜਿੰਦ ਜਾਨ, ਉਸ ਦੇ ਪਿਉਕਿਆਂ ਦੀ ਨਿਸ਼ਾਨੀ। ਘਰ ਦੇ ਬਿਸਤਰੇ, ਹੋਰ ਕੀਮਤੀ ਕੱਪੜੇ, ਗਹਿਣਾ-ਗੱਟਾ ਆਦਿ ਇਸੇ ਵਿਚ ਰੱਖੇ ਜਾਂਦੇ ਸਨ। ਕਈ ਗਰੀਬ ਘਰਾਂ ਵਿਚ ਸੰਦੂਕ ਵੀ ਨਹੀਂ ਸੀ ਹੁੰਦਾ। ਆਮ ਪਾਉਣ ਵਾਲੇ (ਉਨ੍ਹਾਂ ਦਿਨਾਂ ਵਿਚ ਕਪੜੇ ਪਹਿਨੇ ਨਹੀਂ ਸਨ ਜਾਂਦੇ) ਕਪੜਿਆਂ ਲਈ ਟੰਗਣਾ ਹੁੰਦਾ ਸੀ। ਕੁਝ ਲੋਕ ਤਾਂ ਘੜੇ ਵਿਚ ਹੀ ਰੱਖ ਲੈਂਦੇ ਸਨ।

ਅਸੀਂ ਭੈਣ-ਭਰਾ ਜਦੋਂ ਪੜ੍ਹਨ ਪੜ੍ਹਾਉਣ ਦੀ ਉਮਰ ਦੇ ਹੋਏ ਤਾਂ ਸਾਡੇ ਕੱਚੇ ਘਰ ਦੇ ਉਪਰ ਅਧ-ਪੱਕਾ ਚੁਬਾਰਾ ਪਾ ਲਿਆ ਗਿਆ। ਅਧ-ਪੱਕਾ ਇਸ ਲਈ ਕਿ ਗੁਆਂਢੀ ਦੋ ਘਰਾਂ ਨੇ ਸਾਂਝੀਆਂ ਪੱਕੀਆਂ ਕੰਧਾਂ ਕੱਢਣ ਲਈ ਹਿੱਸਾ ਦੇਣ ਤੋਂ ਇਨਕਾਰ ਕਰ ਦਿੱਤਾ। ਨਵੇਂ ਬਣੇ ਚੁਬਾਰੇ ਦੀ ਸਮਝੋ ਕਿ ਸਾਹਮਣਲੀ ਕੰਧ ਹੀ ਪੱਕੀ ਸੀ। ਪਾਸੇ ਦੀ ਇਕ ਕੰਧ ਵਿਚ ਤਾਂ ਬੇਸ਼ੁਮਾਰ ਮੋਰੀਆਂ ਰੱਖ ਕੇ ਪੱਕੀਆਂ ਇਟਾਂ ਦੇ ਖਰਚੇ ਤੋਂ ਸਰਫ਼ਾ ਕੀਤਾ ਗਿਆ ਸੀ। ਜਿਸ ਕਾਰਨ ਸਿਆਲ ਦੀ ਰੁੱਤੇ ਅਸੀਂ ਠੁਰ ਠੁਰ ਕਰਦੇ ਰਹਿੰਦੇ ਸਾਂ। ਇਕ ਹੋਰ ਕੱਚੀ ਕੰਧ ਵਿਚ ਆਲਾ ਸੀ। ਇਕ ਪੱਕੀ ਕੰਧ ਵਿਚ ਨਵੀਂ ਸ਼ਾਮਿਲ ਕੀਤੀ ਚੀਜ਼ ਸੀ ਰਖਣਿਆਂ ਤੇ ਬੂਹਿਆਂ ਵਾਲਾ ਤਾਕ। ਸਾਡੇ ਪੜ੍ਹਾਕੂਆਂ ਲਈ ਸਪੈਸ਼ਲ ਬਣਾਏ ਗਏ ਇਸ ਤਾਕ ਵਿਚ ਅਸੀਂ ਸਫਲਤਾ ਦੀਆਂ ਕੁੰਜੀਆਂ ਤੋਂ ਸਿਵਾਏ ਹੋਰ ਵੀ ਸਕੂਲੀ ਕਿਤਾਬਾਂ ਕਾਪੀਆਂ ਰੱਖਿਆ ਕਰਦੇ ਸਾਂ। ਅਸੀਂ ਇਸ ਤਾਕ ਨੂੰ ਹੀ ਅਲਮਾਰੀ ਆਖਦੇ ਸਾਂ। ਇਸ ਤਰ੍ਹਾਂ ਇਹ ਚੁਬਾਰਾ ਇੱਕ ਤਰ੍ਹਾਂ ਨਾਲ ਕੱਚੇ ਘਰ ਤੋਂ ਪੱਕੇ ਘਰ ਵਿਚ ਬਦਲਣ ਦਾ ਸਕਰਾਂਤੀ ਪੜਾਅ ਸੀ।

ਗੱਲ ਮੈਂ ਏਥੇ ਲਿਆਉਣੀ ਸੀ ਕਿ ਘਰ ਵਿਚ ਭੰਡਾਰਨ ਵਾਲੀ ਨਵੀਂ ਚੀਜ਼ ਜੋ ਆਈ ਸੀ ਉਹ ਤਾਕਨੁਮਾ ਅਲਮਾਰੀ ਹੀ ਸੀ ਤੇ ਉਹ ਵੀ ਨਿੱਕੀ ਜਿਹੀ। ਲੋਕ ਅਲਮਾਰੀ ਨੂੰ 'ਲਮਾਰੀ ਹੀ ਆਖਦੇ ਸਨ। ਬਾਅਦ ਵਿਚ ਤਾਂ ਲੱਕੜੀ ਦੀਆਂ ਚੱਕਵੀਆਂ ਅਲਮਾਰੀਆਂ ਵੀ ਬਣਨ ਲੱਗ ਪਈਆਂ। ਦਰਅਸਲ ਪਰਿਭਾਸ਼ਾ ਅਨੁਸਾਰ ਅਜਿਹਾ ਚੱਕਵਾਂ ਜੁਗਾੜ ਹੀ ਅਲਮਾਰੀ ਹੁੰਦਾ ਹੈ ਜਿਸ ਦੀ ਮੁਖ ਵਰਤੋਂ ਤਾਂ ਕੱਪੜੇ ਰੱਖਣਾ ਹੀ ਹੈ ਪਰ ਕਈ ਖਾਨਿਆਂ ਵਿਚ ਕਰਾਕਰੀ, ਕਿਤਾਬਾਂ, ਕਾਗ਼ਜ਼ ਪੱਤਰ, ਨਕਦੀ ਤੇ ਹੋਰ ਨਿਕਸੁਕ ਵੀ ਰੱਖ ਲਿਆ ਜਾਂਦਾ ਹੈ। ਅਲਮਾਰੀ ਪਹਿਲਾਂ ਤਾਂ ਸੰਦੂਕ ਦੀ ਸ਼ਰੀਕ ਬਣ ਕੇ ਆਈ ਪਰ ਹੌਲੀ ਹੌਲੀ ਇਸ ਨੇ ਸੰਦੂਕ ਨੂੰ ਘਰਾਂ ਵਿਚੋਂ ਖਦੇੜ ਹੀ ਦਿੱਤਾ।

ਧਾਤ ਦੀਆਂ ਬਣ ਕੇ ਆਈਆਂ ਗੋਦਰੇਜ ਦੀਆਂ ਅਲਮਾਰੀਆਂ ਨੇ ਤਾਂ ਹੋਰ ਵੀ ਕੰਮ ਚੱਕ ਦਿੱਤਾ। ਉਨ੍ਹੀਵੀਂ ਸਦੀ ਵਿਚ ਗੋਦਰੇਜ ਅਲਮਾਰੀਆਂ ਬਣਾਉਣ ਵਾਲਾ ਪਾਰਸੀ ਬਿਜ਼ਨਸਮੈਨ ਸੀ ਅਰਦੇਸ਼ੀਰ ਬੁਰਜੋਰਜੀ ਸੋਰਾਬਜੀ ਗੂਥਰਜੀ। ਬਾਅਦ ਵਿਚ ਇਸ ਪਰਿਵਾਰ ਨੇ ਆਪਣਾ ਆਖਰੀ ਨਾਂ 'ਗੂਥਰਜੀ' ਤੋਂ ਬਦਲ ਕੇ 'ਗੋਦਰੇਜ' ਰੱਖ ਲਿਆ। ਕਲਪਨਾ ਕਰੋ, ਜੇ ਉਹ ਨਾਂ ਨਾ ਬਦਲਦੇ ਤਾਂ ਅੱਜ ਅਸੀਂ ਗੋਦਰੇਜ ਅਲਮਾਰੀਆਂ ਨੂੰ ਗੂਥਰਜੀ ਅਲਮਾਰੀਆਂ ਆਖਿਆ ਕਰਨਾ ਸੀ। ਅਰਦੇਸ਼ੀਰ ਨੇ ਇਕ ਦਿਨ ਅਖਬਾਰ ਵਿਚ ਪੜ੍ਹਿਆ ਕਿ ਸ਼ਹਿਰ (ਬੰਬਈ) ਵਿਚ ਚੋਰੀਆਂ ਤੇ ਡਾਕੇ ਬਹੁਤ ਹੋ ਰਹੇ ਹਨ। ਪੁਲਿਸ ਕਮਿਸ਼ਨਰ ਦਾ ਕਹਿਣਾ ਸੀ ਕਿ ਘਰਾਂ ਤੇ ਕਾਰੋਬਾਰੀ ਸਥਾਨਾਂ 'ਤੇ ਬਿਹਤਰ ਸੁਰੱਖਿਆ ਪ੍ਰਬੰਧ ਦੀ ਲੋੜ ਹੈ। ਅਰਦੇਸ਼ੀਰ ਗੂਥਰਜੀ ਨੂੰ ਉਸੇ ਵੇਲੇ ਖੁੜਕ ਗਈ। ਅਣਘੜਤ ਜਿਹੇ ਦੇਸੀ ਜਿੰਦਰੇ (ਰੋਪੜ ਮਾਰਕਾ) ਚੋਰਾਂ ਅੱਗੇ ਆਪੇ ਖੁਲ੍ਹ ਜਾਂਦੇ ਸਨ, ਇਨ੍ਹਾਂ ਵਿਚ ਇਨਕਲਾਬ ਲਿਆਉਣ ਦੀ ਲੋੜ ਸੀ। ਇੱਕ ਛੋਟੇ ਜਿਹੇ ਹਾਤੇ ਵਿਚ ਭਾਫ਼ ਦੀਆਂ ਚਾਲੀ ਪਰੈਸਾਂ ਤੇ ਦਰਜਨ ਕੁ ਕਾਰੀਗਰ ਲਗਵਾ ਕੇ ਉਸ ਨੇ ਨਵੀਂ ਕਿਸਮ ਦੇ ਜੰਦਰੇ ਬਣਾਉਣੇ ਸ਼ੁਰੂ ਕਰ ਦਿੱਤੇ। ਪਹਿਲਾਂ ਇਨ੍ਹਾਂ ਜੰਦਰਿਆਂ ਵਾਲੀਆਂ ਤਜੌਰੀਆਂ ਬਣਾਈਆਂ ਗਈਆਂ ਤੇ ਫਿਰ ਇਨ੍ਹਾਂ ਤਜੌਰੀਆਂ ਵਾਲੀਆਂ ਅਲਮਾਰੀਆਂ ਬਣਨ ਲੱਗ ਪਈਆਂ। ਚਾਰੇ ਪਾਸੇ ਗੋਦਰੇਜ ਹੀ ਗੋਦਰੇਜ ਹੋ ਗਈ।



*ਸੋਲ੍ਹਵੀਂ ਸਦੀ ਦੀ ਵਰਡਜ਼ਵਰਥ ਵਾਲੀ ਅਲਮਰੀ*

ਸੰਦੂਕ ਮੁਢਲੇ ਤੌਰ 'ਤੇ ਅਰਬੀ ਅਸਲੇ ਦਾ ਲਫ਼ਜ਼ ਹੈ। ਅਰਬੀ ਵਿਚ ਕਿਸੇ ਵੀ ਤਰ੍ਹਾਂ ਦੇ ਬਕਸੇ, ਡੱਬੇ, ਸੰਦੂਕੜੀ, ਗੱਲੇ ਆਦਿ ਨੂੰ ਸੰਦੂਕ ਆਖਦੇ ਹਨ। ਜਿਸ ਨੂੰ ਅਸੀਂ ਸੰਦੂਕੜੀ ਆਖਦੇ ਹਾਂ, ਅਰਬੀ ਵਿਚ ਉਸ ਨੂੰ ਸੰਦੂਕਾ ਆਖਿਆ ਜਾਂਦਾ ਹੈ। ਇਉਂ ਲਗਦਾ ਹੈ ਕਿ ਸੰਦੂਕ ਦਾ ਕੋਠੇ ਜਿੱਡਾ ਕੱਦ-ਬੁੱਤ ਤੇ ਸਜਾਵਟ ਭਾਰਤ ਦੇ ਤਰਖਾਣਾ ਕਾਰੀਗਰੀ ਦੀ ਦੇਣ ਹੈ। ਵਾਸਤਵ ਵਿਚ ਸੰਦੂਕ ਸੰਦ ਵਲੇਵਾ ਰੱਖਣ ਵਾਲੇ ਬਕਸੇ ਦਾ ਨਾਂ ਸੀ। ਸਾਡੀਆਂ ਭਾਸ਼ਾਵਾਂ ਵਿਚ ਤਾਂ ਕੋਈ ਵੀ ਚੀਜ਼ਾਂ ਰੱਖਣ ਵਾਲੇ ਪਾਤਰ ਨੂੰ ਪੇਟੀ ਜਾਂ ਪਟਾਰਾ ਹੀ ਕਿਹਾ ਜਾਂਦਾ ਸੀ। ਸੋਲ੍ਹਵੀਂ ਸਦੀ ਵਿਚ ਭਾਰਤ ਵਿਚ ਪੁਰਤਗਾਲੀਆਂ ਦੇ ਚੜ੍ਹ ਆਉਣ ਨਾਲ ਸਾਡੀਆਂ ਭਾਸ਼ਾਵਾਂ ਵਿਚ ਪੁਰਤਗਾਲੀ ਸ਼ਬਦ ਆਉਣੇ ਸ਼ੁਰੂ ਹੋ ਗਏ ਜਿਨ੍ਹਾਂ ਵਿਚੋਂ ਇਕ ਅਲਮਾਰੀ ਹੈ। ਪੁਰਤਗਾਲੀਆਂ ਨੇ ਭਾਰਤ ਵਿਚ ਕਦੀਮੀ ਪ੍ਰਚਲਿਤ ਅਸੀਰੀਅਨ ਚਰਚ ਨੂੰ ਉਖਾੜ ਕੇ ਰੋਮਨ ਕੈਥੋਲਿਕ ਚਰਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ।

ਪੁਰਤਗਾਲੀ ਵਿਚ ਅਲਮਾਰੀ ਦਾ ਰੂਪ ਸੀ 'ਅਲਮਾਰੀਓ' ਜੋ ਮੁਢਲੇ ਤੌਰ 'ਤੇ ਲਾਤੀਨੀ ਦੇ ਆਰਮੇਰੀਅਮ (armarium) ਤੋਂ ਵਿਕਸਿਤ ਹੋਇਆ। ਲਾਤੀਨੀ ਆਰਮੇਰੀਅਮ (armarium) ਦੋ ਜੁਜ਼ਾਂ ਤੋਂ ਬਣਿਆ ਹੈ arm (ਸੰਦ, ਹਥਿਆਰ) +arium ਜੋ ਇਕ ਪਿਛੇਤਰ ਹੈ ਤੇ 'ਦਾਨਾ' ਦੀ ਤਰ੍ਹਾਂ ਸਥਾਨ ਜਾਂ ਪਾਤਰ ਦਾ ਅਰਥ ਦਿੰਦਾ ਹੈ। ਮੋਟੇ ਤੌਰ 'ਤੇ ਇਸ ਸ਼ਬਦ ਦਾ ਅਰਥ ਹੋਇਆ ਹਥਿਆਰ ਰੱਖਣ ਵਾਲਾ ਪਾਤਰ ਜਾਂ ਭਾਂਡਾ। ਅਸਲ ਵਿਚ ਏਥੇ ਹਥਿਆਰ ਤੋਂ ਮਤਲਬ ਸੰਦ ਜਾਂ ਸਾਜ਼ੋ-ਸਾਮਾਨ ਆਦਿ ਤੋਂ ਵੀ ਲਿਆ ਜਾਂਦਾ ਹੈ ਪਰ ਬਾਅਦ ਵਿਚ ਆਰਮੇਰੀਅਮ ਕਪੜੇ, ਕਿਤਾਬਾਂ ਤੇ ਹੋਰ ਨਿਕਸੁਕ ਰੱਖਣ ਵਾਲਾ ਜੁਗਾੜ ਬਣ ਗਿਆ। ਇਸ ਸ਼ਬਦ ਦੀ ਵਧੇਰੇ ਵਰਤੋਂ ਚਰਚ ਵਿਚ ਹੁੰਦੀ ਸੀ। ਵੇਦੀ ਦੇ ਲਾਗੇ ਪਏ ਆਰਮੇਰੀਅਮ ਵਿਚ ਤੇਲ, ਜਲ, ਬਰਤਨ ਆਦਿਕ ਪਵਿਤਰ ਚੀਜ਼ਾਂ ਰੱਖੀਆਂ ਜਾਂਦੀਆਂ ਸਨ। ਕਿਸੇ ਵੀ ਚੁਗਾਠ ਆਦਿ ਤੋਂ ਸੱਖਣੇ ਆਲੇ ਨੂੰ ਵੀ ਅਰਾਮੇਰੀਅਮ ਹੀ ਕਿਹਾ ਜਾਂਦਾ ਸੀ। ਚਰਚ ਦੇ ਪਰਵੇਸ਼-ਦੁਆਰ ਵਿਚ ਇਕ ਹੋਰ ਤਰ੍ਹਾਂ ਦਾ ਆਰਮੇਰੀਅਮ ਹੁੰਦਾ ਸੀ ਜਿਸ ਵਿਚ ਕਿਤਾਬਾਂ ਰੱਖੀਆਂ ਜਾਂਦੀਆਂ ਸਨ। ਲਾਤੀਨੀ ਤੋਂ ਇਹ ਸ਼ਬਦ ਵਿਭਿੰਨ ਯੂਰਪੀ ਭਾਸ਼ਾਵਾਂ ਵਿਚ ਗਿਆ। ਫਰਾਂਸੀਸੀ ਵਿਚ ਇਸ ਦਾ ਰੂਪ ਅਰਮਾਇਰ ਹੋਇਆ। ਸੋਲ੍ਹਵੀਂ ਸਦੀ ਵਿਚ ਇਹ ਸ਼ਬਦ ਅੰਗਰੇਜ਼ੀ ਵਿਚ ਵੀ ਆਇਆ ਤਾਂ ਇਸ ਨੇ ਇਸੇ ਅਸਲੇ ਤੋਂ ਬਣੇ ਤੇ ਇਨ੍ਹਾਂ ਹੀ ਅਰਥਾਂ ਵਾਲੇ ਇਕ ਹੋਰ ਪ੍ਰਚਲਿਤ ਸ਼ਬਦ ਐਂਬਰੀ (ambry) ਨੂੰ ਅੰਗਰੇਜ਼ੀ ਵਿਚੋਂ ਕਢ ਮਾਰਿਆ।

ਲਾਤੀਨੀ ਤੋਂ ਪੁਰਤਗਾਲੀ ਵਿਚ ਇਹ ਸ਼ਬਦ ਅਲਮਾਰੀਓ (almario) ਦਾ ਰੂਪ ਧਾਰਨ ਕਰਕੇ ਆਇਆ ਤੇ ਅੱਗੋਂ ਭਾਰਤੀ ਭਾਸ਼ਾਵਾਂ ਵਿਚ ਅਲਮਾਰੀ ਬਣ ਕੇ ਪਰਵੇਸ਼ ਕੀਤਾ। ਦਿਲਚਸਪ ਗੱਲ ਹੈ ਕਿ ਅੰਗਰੇਜ਼ੀ ਵਿਚ ਇਸ ਸ਼ਬਦ ਦੇ ਕੁਝ ਹੋਰ ਰੂਪ ਪਹਿਲਾਂ ਵੀ ਮੌਜੂਦ ਸਨ ਪਰ ਅੰਗਰੇਜ਼ੀ ਰਾਜ ਨੇ ਸਾਡੇ ਕੋਲੋਂ ਚੁੱਕ ਕੇ ਇਕ ਹੋਰ ਸ਼ਬਦ ਨੂੰ ਅੰਗਰੇਜ਼ੀ ਵਿਚ ਅਲਮਾਇਰਾ ਦੇ ਰੂਪ ਵਿਚ ਵਾੜ ਦਿੱਤਾ। ਉਨ੍ਹੀਵੀਂ ਸਦੀ ਦੇ ਇਕ ਹਫਤਾਵਾਰੀ ਰਿਸਾਲੇ ਵਿਚ ਅੰਗਰੇਜ਼ੀ ਰੁਮਾਂਸਵਾਦੀ ਕਵੀ ਵਰਡਜ਼ਵਰਥ ਦੇ ਘਰ ਦਾ ਰੇਖਾਚਿੱਤਰ ਉਲੀਕਿਆ ਮਿਲਦਾ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਉਸ ਦੇ ਘਰ ਵਿਚ 'ਇਕ ਅਲਮਰੀ (almery) ਪਈ ਹੈ ਜਿਸ ਉਤੇ ਗੋਲ ਗੋਲ ਖੁਣਕਾਰੀ ਕੀਤੀ ਹੋਈ ਹੈ।' ਇਕ ਭਾਸ਼ਾ ਵਿਸ਼ਲੇਸ਼ਕ ਦਾ ਕਹਿਣਾ ਹੈ ਕਿ ਇਹ ਅਲਮਰੀ ਸ਼ਬਦ ਵੀ ਫਰਾਂਸੀਸੀ ਰਾਹੀਂ ਹੁੰਦਾ ਲਾਤੀਨੀ ਤੋਂ ਅੰਗਰੇਜ਼ੀ ਵਿਚ ਆਇਆ।

ਯੂਰਪੀ ਪ੍ਰਸੰਗਾਂ ਵਿਚ ਇਸ ਸ਼ਬਦ ਬਾਰੇ ਏਨੀ ਚਰਚਾ ਇਸ ਲਈ ਕੀਤੀ ਗਈ ਹੈ ਕਿ ਕੁਝ ਸਰੋਤਾਂ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਅਲਮਾਰੀ ਸ਼ਬਦ ਸੰਦੂਕ ਦੀ ਤਰ੍ਹਾਂ ਮੁਢਲੇ ਤੌਰ 'ਤੇ ਅਰਬੀ ਹੈ ਤੇ ਅਰਬੀ ਤੋਂ ਹੀ ਪੁਰਤਗਾਲੀ ਵਿਚ ਹੁੰਦਾ ਹੋਇਆ ਭਾਰਤੀ ਭਾਸ਼ਾਵਾਂ ਵਿਚ ਆਇਆ। ਇਨ੍ਹਾਂ ਸਰੋਤਾਂ ਅਨੁਸਾਰ ਇਹ ਲਫ਼ਜ਼ ਭੰਡਾਰ ਦੇ ਅਰਥਾਂ ਵਾਲੇ ਅਰਬੀ ਸ਼ਬਦ 'ਖਜ਼ਾਨਾ' ਨਾਲ ਸਬੰਧਤ ਹੈ। ਖਜ਼ਾਨਾ ਸ਼ਬਦ ਸੈਮਿਟਿਕ ਧਾਤੂ 'ਖਜ਼ਨ' (ਭੰਡਾਰਾ ਕਰਨਾ) ਤੋਂ ਬਣਿਆ। ਖਜ਼ਨ ਤੋਂ ਹੋਰ ਵੀ ਕਈ ਸ਼ਬਦ ਬਣੇ ਹਨ ਜਿਵੇਂ ਖਜ਼ਾਨਚੀ ਅਤੇ ਮਖਾਂਜ਼ਨੂਨ ਅਰਥਾਤ ਜਿਸ ਦਾ ਭੰਡਾਰ ਕੀਤਾ ਗਿਆ ਹੋਵੇ। ਰਿਸਾਲੇ ਅਤੇ ਅਸਲੇ ਦੇ ਅਰਥਾਂ ਵਾਲਾ ਮੈਗਜ਼ੀਨ ਸ਼ਬਦ ਇਸੇ ਤੋਂ ਬਣਿਆ ਹੈ। ਇਨ੍ਹਾਂ ਸਰੋਤਾਂ ਅਨੁਸਾਰ ਪੁਰਤਗਾਲੀ ਵਿਚ ਇਸ ਸ਼ਬਦ ਦਾ ਰੂਪ ਹੋਇਆ 'ਆਰਮਾਜ਼ੇਮ'। ਇਸ ਸ਼ਬਦ ਦੇ ਸ਼ੁਰੂ ਵਿਚ ਆਏ 'ਆਰ' ਨੂੰ ਅਰਬੀ ਦੇ ਆਰਟੀਕਲ 'ਅਲ' ਦਾ ਬਦਲਿਆ ਰੂਪ ਦੱਸਿਆ ਜਾਂਦਾ ਹੈ। ਇਸ ਨਿਰੁਕਤੀ ਅਨੁਸਾਰ ਪੁਰਤਗਾਲੀ ਵਿਚ ਇਸ ਆਰਮਾਜ਼ੇਮ ਦਾ ਹੀ ਰੂਪ ਬਦਲ ਕੇ ਆਰਮੇਰੀਓ ਬਣ ਗਿਆ ਪਰ ਮੈਨੂੰ ਇਸ ਨਿਰੁਕਤੀ ਵਿਚ ਬਹੁਤਾ ਦਮ ਪ੍ਰਤੀਤ ਨਹੀਂ ਹੁੰਦਾ। ਦਰਅਸਲ ਪੁਰਤਗਾਲੀ 'ਆਰਮੇਰੀਓ' ਵਿਚਲੇ 'ਆਰ' ਦਾ 'ਅਲ' ਵਿਚ ਬਦਲ ਜਾਣ ਦਾ ਹੋਰ ਕਾਰਨ ਹੈ। ਧੁਨੀ-ਪਰਿਵਰਤਨ ਦੇ ਇਕ ਨਿਯਮ ਅਨੁਸਾਰ ਜੇ ਇਕ ਸ਼ਬਦ ਵਿਚ ਇਕੋ ਧੁਨੀ ਦੋ ਵਾਰੀ ਆ ਜਾਵੇ ਤਾਂ ਇਕ ਆਪਣਾ ਰੂਪ ਬਦਲ ਲੈਂਦੀ ਹੈ। 'ਆਰਮੇਰੀਓ' ਵਿਚ ਦੋ ਵਾਰੀ 'ਰ' ਧੁਨੀ ਆਈ ਹੈ ਇਸ ਲਈ ਇਸ ਨਿਯਮ ਅਨੁਸਾਰ ਪਹਿਲਾ 'ਰ' 'ਲ' ਵਿਚ ਵਟ ਗਿਆ। ਇਹ ਹੈ ਅਲਮਾਰੀ ਦੀ ਕਹਾਣੀ।

# ਲੋਕੀਂ ਕਹਿੰਦੇ ਮੌਜਾਂ ਮਾਣਦੇ, ਸਾਨੂੰ ਤੰਗੀਆਂ ਦੂਬਈ 'ਚ ਬਥੇਰੀਆਂ

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*

*ਫੋਨ:91-98141-78883

ਜਹਾਜ਼ ਦੀ ਜਿਹੜੀ ਸੀਟ 'ਤੇ ਮੈਂ ਬੈਠਾ ਸਾਂ, ਉਸ ਦੇ ਨਾਲ ਦੀਆਂ ਸੀਟਾਂ 'ਤੇ ਬੈਠੇ ਪੰਜ-ਛੇ ਨੌਜਵਾਨਾਂ ਦੇ ਚਿਹਰੇ ਉਤਰੇ ਹੋਏ ਸਨ। ਬਾਕੀ ਮੁਸਾਫ਼ਰ ਭਾਂਤ-ਸੁਭਾਂਤੀਆਂ ਗੱਲਾਂ 'ਚ ਰੁੱਝੇ ਸਨ ਪਰ ਉਨ੍ਹਾਂ ਦਾ ਕਿਸੇ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਸੀ। ਉਨ੍ਹਾਂ ਦੀਆਂ ਅੱਖਾਂ 'ਚ ਪਾਣੀ, ਬੁੱਲ੍ਹਾਂ 'ਤੇ ਸਿੱਕਰੀ ਅਤੇ ਮੱਥੇ 'ਤੇ ਫ਼ਿਕਰ ਦੀਆਂ ਲਕੀਰਾਂ ਦਿਸ ਦੀਆਂ ਸਨ। ਉਹ ਹੌਲੀ-ਹੌਲੀ ਘੁਸਰ-ਮੁਸਰ ਕਰਦੇ ਰਹੇ, 'ਜੇ ਕੋਈ ਤੈਨੂੰ ਪੁੱਛੂ ਕਿ ਮੁੜ ਕਿਉਂ ਆਇਆਂ ਤਾਂ ਜਵਾਬ ਕੀ ਦੇਵੇਂਗਾ...ਘਰਦਿਆਂ ਨੂੰ ਕੀ ਕਹੇਂਗਾ ਕਿ ਸਾਨੂੰ ਤੋਰ ਕਿਉਂ ਦਿੱਤਾ।' ਦੂਜਾ ਜਵਾਬ ਦੇਂਦਾ, 'ਮੈਨੂੰ ਤਾਂ ਆਪ ਇਹੀ ਫ਼ਿਕਰ ਖਾਈ ਜਾਂਦੈ, ਘਰਦਿਆਂ ਨੂੰ ਦੱਸਾਂਗਾ ਕੀ? ਹਾਲੇ ਤਾਂ ਪੂਰੀਆਂ ਰਿਸ਼ਤੇਦਾਰੀਆਂ 'ਚ ਸਾਡੇ ਜਾਣ ਬਾਰੇ ਵੀ ਪਤਾ ਨਹੀਂ ਸੀ ਲੱਗਾ ਤੇ ਆਪਾਂ ਵਾਪਸ ਵੀ ਆ ਗਏ।'

ਥੋੜ੍ਹੇ ਚਿਰ ਮਗਰੋਂ ਜਹਾਜ਼ 'ਚ ਖਾਣ-ਪੀਣ ਦਾ ਸਾਮਾਨ ਵਰਤਾਇਆ ਜਾਣ ਲੱਗਾ ਪਰ ਉਨ੍ਹਾਂ ਕੁੱਝ ਨਾ ਖਾਧਾ। ਉਨ੍ਹਾਂ ਦੀਆਂ ਗੱਲਾਂ ਤੋਂ ਸਪੱਸ਼ਟ ਹੋ ਗਿਆ ਕਿ ਉਹ ਕਿਸੇ ਅਜਿਹੇ ਫ਼ਿਕਰ 'ਚ ਹਨ, ਜਿਸ ਦਾ ਉਨ੍ਹਾਂ ਨੂੰ ਕੋਈ ਹੱਲ ਨਹੀਂ ਦਿਸ ਰਿਹਾ ਤੇ ਉਹ ਸਵਾਲ ਕਰਨ ਵਾਲਿਆਂ ਨੂੰ ਜਵਾਬ ਕੀ ਦਿੱਤਾ ਜਾਵੇ, ਇਹ ਵਿਉਂਤਾਂ ਘੜ ਰਹੇ ਨੇ।

ਮੈਥੋਂ ਰਿਹਾ ਨਾ ਗਿਆ ਤਾਂ ਉਨ੍ਹਾਂ ਦੀ ਉਦਾਸੀ ਦਾ ਕਾਰਨ ਪੁੱਛ ਬੈਠਾ। ਉਹ ਫਿੱਸ ਪਏ, ਜਿਵੇਂ ਉਨ੍ਹਾਂ ਦੇ ਜ਼ਖ਼ਮ 'ਤੇ ਹੱਥ ਧਰ ਦਿੱਤਾ ਹੋਵੇ। ਇੱਕ ਬੋਲਿਆ, 'ਮੈਂ ਨਕੋਦਰ ਦਾ ਰਹਿਣ ਵਾਲਾਂ ਤੇ ਡੇਢ ਲੱਖ ਖਰਚ ਕੇ ਦੁਬਈ ਗਿਆ ਸਾਂ, ਢਾਈ ਮਹੀਨੇ ਡਰਾਇਵਰੀ ਕੀਤੀ, ਇਕ ਹਜ਼ਾਰ ਦਰਾਮ ਪ੍ਰਤੀ ਮਹੀਨਾ। ਮਾਲਕ ਨੇ ਆਖਿਆ ਸੀ ਕਿ ਲਾਇਸੰਸ ਬਣਨ 'ਤੇ ਤਨਖ਼ਾਹ ਵਧੇਗੀ ਪਰ ਮੈਂ ਲਾਇਸੰਸ 'ਚੋਂ ਫੇਲ੍ਹ ਹੋ ਗਿਆ ਤੇ ਮੈਨੂੰ 'ਕੈਂਸਲ' ਕਰਕੇ ਵਾਪਸ ਭੇਜ ਦਿੱਤੈ। ਸਮਝ ਨਹੀਂ ਆਉਂਦੀ ਘਰਦਿਆਂ ਨੂੰ ਕੀ ਕਹਾਂਗਾ, ਪਿੰਡ ਵਾਲਿਆਂ ਦੀਆਂ ਟਿੱਚਰਾਂ ਕਿਵੇਂ ਬਰਦਾਸ਼ਤ ਕਰਾਂਗਾ, ਵਿਆਜ 'ਤੇ ਲਏ ਸਵਾ ਲੱਖ ਵਾਪਸ ਕਿੰਜ ਕਰਾਂਗਾ?'

### ਚਲਦੇ ਚਲਦੇ

ਦੁਬਈ ਦੇ ਹਾਲਾਤ ਬਾਰੇ ਕਈ ਕਲਾਕਾਰਾਂ ਵੱਖੋ-ਵੱਖਰੀ ਸੋਚ ਵਾਲੇ ਗੀਤ ਗਾਏ ਨੇ। ਪਿੱਛੇ ਜਿਹੇ ਇੱਕ ਕਾਮੇਡੀ ਫ਼ਿਲਮ 'ਮੌਜਾਂ ਦੁਬਈ ਦੀਆਂ' ਵੀ ਆਈ ਸੀ ਪਰ ਦੁਬਈ ਵਿਚਲੇ ਪੰਜਾਬੀਆਂ ਦੇ ਮੋਬਾਈਲਾਂ ਵਿਚ ਉਥੋਂ ਦੇ ਅਸਲ ਹਾਲਾਤ 'ਤੇ ਚਾਨਣ ਪਾਉਣ ਵਾਲਾ ਗਾਣਾ ਅਕਸਰ ਸੁਣਨ ਨੂੰ ਮਿਲ ਜਾਂਦੈ। ਗੀਤ ਵਿਚ ਉਥੇ ਜਾਣ ਵਾਲਿਆਂ ਦੀ ਅਸਲ ਕਹਾਣੀ ਬਿਆਨ ਕੀਤੀ ਗਈ ਹੈ ਤੇ ਉਨ੍ਹਾਂ ਲੋਕਾਂ ਨੂੰ ਸੁਨੇਹਾ ਵੀ ਦਿੱਤਾ ਗਿਆ ਹੈ, ਜਿਹੜੇ ਸੋਚਦੇ ਨੇ ਕਿ ਘੱਟ ਪੈਸਿਆਂ ਵਿਚ ਵੱਧ ਕਮਾਈ ਕਰਨੀ ਹੋਵੇ ਤਾਂ ਦੁਬਈ ਵਰਗੀ ਮੌਜ ਕਿਤੋਂ ਨਹੀਂ ਲੱਭਣੀ। ਦਿਨ-ਰਾਤ ਹੱਡ ਤੋੜਵੀਂ ਮਿਹਨਤ ਕਰਨ ਵਾਲੇ ਪ੍ਰਵਾਸੀ ਮਜਦੂਰਾਂ ਨਾਲੋਂ ਮਾੜੀ ਹਾਲਤ 'ਚ ਜਿਊਣ ਵਾਲਿਆਂ ਤੇ ਹੋਰ ਸਮੱਸਿਆਵਾਂ ਦੀ ਗੱਲ ਗਾਉਣ ਵਾਲੇ ਨੇ ਬੜੀ ਸ਼ਿੱਦਤ ਨਾਲ ਪੇਸ਼ ਕੀਤੀ ਹੈ,

ਅਸੀਂ ਕੰਮ ਤੋਂ ਆਈਏ ਅੱਧੀ ਰਾਤ ਨੀਂ,<br>
ਤੂੰ ਨੀਂ ਜਾਣਦੀ ਦੁਬਈ ਦੇ ਹਾਲਾਤ ਨੀਂ।<br>
ਏਥੇ ਕੰਮ ਨਹੀਓਂ ਚੰਗਾ,<br>
ਹਾਲ ਭਈਆਂ ਨਾਲੋਂ ਮੰਦਾ,<br>
ਗੱਲਾਂ ਸੱਚੀਆਂ ਨਸੀਬ ਕੁਰੇ ਮੇਰੀਆਂ,<br>
ਲੋਕੀਂ ਕਹਿੰਦੇ ਮੌਜਾਂ ਮਾਣਦੇ,<br>
ਸਾਨੂੰ ਤੰਗੀਆਂ ਦੁਬਈ 'ਚ ਬਥੇਰੀਆਂ।

ਪ੍ਰਵਾਸ ਨਾਲ ਜੁੜੇ ਗੀਤਾਂ ਨੂੰ ਪਲੇਥਣ ਲਾ-ਲਾ ਪੇਸ਼ ਕਰਨ ਵਾਲੇ ਕਲਾਕਾਰ ਭਾਵੇਂ ਹਕੀਕਤ ਨੂੰ ਲੁਕੋਣ ਦਾ ਅਸਫ਼ਲ ਯਤਨ ਅਕਸਰ ਕਰਦੇ ਰਹਿੰਦੇ ਨੇ ਪਰ ਏਦਾਂ ਦੇ ਗੀਤਾਂ ਜ਼ਰੀਏ ਹਕੀਕਤ ਤੋਂ ਪਰਦਾ ਚੁੱਕਿਆ ਹੀ ਜਾਂਦਾ ਹੈ।

ਇਹੀ ਵਿਥਿਆ ਸੰਗਰੂਰ ਵੱਲ ਦੇ ਨੌਜਵਾਨ ਦੀ ਸੀ, ਜੋ ਇੱਕ ਲੱਖ ਖਰਚ ਕੇ ਗਿਆ ਸੀ। ਉਸ ਨੂੰ ਸਕਿਉਰਿਟੀ ਦਾ ਕੰਮ ਮਿਲਿਆ ਪਰ ਤਿੰਨ ਮਹੀਨੇ ਬਾਅਦ ਨਾ ਉਹਨੂੰ ਤਨਖ਼ਾਹ ਮਿਲੀ ਤੇ ਨਾ ਰਹਿਣ ਲਈ ਥਾਂ, ਉਪਰੋਂ ਇਹ ਕਹਿ ਕੇ ਤੋਰ ਦਿੱਤਾ ਕਿ ਤੇਰੇ ਕੰਮ 'ਤੇ ਤਸੱਲੀ ਨਹੀਂ। ਭਾਵੁਕ ਹੋਇਆ ਉਹ ਬੋਲਿਆ, 'ਸੋਚਿਆ ਸੀ ਇਕ ਜਣੇ ਦੀ ਤੰਗੀ ਨਾਲ ਬਾਕੀ ਜੀਆਂ ਦੀ ਜ਼ਿੰਦਗੀ ਸੁਧਰ ਜਾਵੇਗੀ, ਭੈਣ ਵਿਆਹੀ ਜਾਵੇਗੀ ਪਰ ਹੋਇਆ ਸਭ ਉਲਟ, ਕੋਈ ਫ਼ਾਇਦਾ ਨਹੀਂ ਏਜੰਟਾਂ ਦੇ ਭੁਚਲਾਵਿਆਂ 'ਚ ਆ ਕੇ ਬਾਹਰ ਆਉਣ ਦਾ, ਇਹਦੇ ਨਾਲੋਂ ਉਥੇ ਰਹਿ ਕੇ ਰੁੱਖੀ-ਸੁੱਖੀ ਖਾਧੀ ਜਾਵੇ।'

ਫਗਵਾੜਾ ਦੇ ਤੀਹ ਕੁ ਸਾਲਾ ਨੌਜਵਾਨ ਦਾ ਕਹਿਣਾ ਸੀ, 'ਘਰੋਂ ਠੀਕ-ਠਾਕ ਹਾਂ, ਪਿੰਡ ਮੈਂ ਕਦੇ ਡੱਕਾ ਨਹੀਂ ਸੀ ਤੋੜਿਆ, ਵਿਹਲਾ ਰਹਿਣ ਕਾਰਨ ਘਰਦਿਆਂ ਨੂੰ ਉਲਾਂਭੇ ਆਉਂਦੇ ਰਹਿੰਦੇ ਤੇ ਉਨ੍ਹਾਂ ਮੈਨੂੰ ਸਬਕ ਸਿਖਾਉਣ ਲਈ ਦੁਬਈ ਭੇਜ ਦਿੱਤਾ। ਪਰ ਏਥੇ ਤਾਂ ਚੰਮ ਉਧੇੜਿਆ ਜਾਂਦੈ, ਛੇ ਮਹੀਨਿਆਂ 'ਚ ਮੈਂ ਇੱਕ ਰੁਪਿਆ ਪਿੰਡ ਨਹੀਂ ਭੇਜਿਆ ਤੇ ਹੁਣ ਘਰਦਿਆਂ ਮੈਨੂੰ ਵਾਪਸ ਬੁਲਾ ਲਿਐ...ਹੁਣ ਪਿੰਡ ਰਹਿ ਕੇ ਹੀ ਮਿਹਨਤ ਕਰਾਂਗਾ।'

ਅੰਮ੍ਰਿਤਸਰ ਏਅਰਪੋਰਟ 'ਤੇ ਉਤਰ ਕੇ ਫ਼ਤਿਹ ਬੁਲਾ ਉਹ ਆਪਣੇ ਰਾਹ ਪੈ ਗਏ। ਇਹ ਤ੍ਰਾਸਦੀ ਸਿਰਫ਼ ਇਨ੍ਹਾਂ ਪੰਜਾਂ ਦੀ ਨਹੀਂ, ਸਗੋਂ ਰੁਜ਼ਗਾਰ ਦੀ ਭਾਲ 'ਚ ਦੁਬਈ ਗਏ ਅਣਗਿਣਤ ਉਨ੍ਹਾਂ ਨੌਜਵਾਨਾਂ ਦੀ ਹੈ, ਜਿਹੜੇ ਦੋ-ਦੋ ਸਾਲ ਕੰਮ ਕਰਕੇ ਵਿਆਜ 'ਤੇ ਚੁੱਕਿਆ ਲੱਖ, ਡੇਢ ਲੱਖ ਹੀ ਮੁਸ਼ਕਲ ਨਾਲ ਪੂਰਾ ਕਰਦੇ ਹਨ। ਜਦੋਂ ਬੱਚਤ ਕਰਨ ਦਾ ਵਕਤ ਆਉਂਦਾ ਹੈ, ਉਦੋਂ ਤੱਕ ਵੀਜ਼ੇ ਦੀ ਮਿਆਦ ਖਤਮ ਹੋ ਜਾਂਦੀ ਏ ਤੇ ਮੁੜ ਵੀਜ਼ਾ ਵਧਾਉਣ ਲਈ ਮਿਹਨਤ ਸ਼ੁਰੂ ਹੋ ਜਾਂਦੀ ਏ। ਹਜ਼ਾਰ ਤੋਂ ਪੰਦਰਾਂ ਸੌ ਦਰਾਮ ਪ੍ਰਤੀ ਮਹੀਨਾ ਉਨ੍ਹਾਂ ਨੂੰ ਨੌਕਰੀ ਮਿਲਦੀ ਏ ਤੇ ਬਹੁਤਿਆਂ ਨੂੰ ਕਈ-ਕਈ ਮਹੀਨੇ ਤਨਖ਼ਾਹ ਨਹੀਂ ਮਿਲਦੀ, ਜਿਨ੍ਹਾਂ ਨੂੰ ਮਿਲਦੀ

(ਬਾਕੀ ਸਫਾ 37 'ਤੇ)

ਕਹਾਣੀ

# ਤੀਜਾ ਪਹਿਰ

***ਕਹਾਣੀਕਾਰ ਮੁਖਤਿਆਰ ਸਿੰਘ ਦੀ ਇਹ ਕਹਾਣੀ 'ਤੀਜਾ ਪਹਿਰ' ਕੋਈ ਕਹਾਣੀ ਨਹੀਂ, ਕਾਣੀ ਵੰਡ ਦੀ ਕੋਈ ਮਾਰਮਿਕ ਕਥਾ ਹੈ। ਇਸ ਕਹਾਣੀ ਵਿਚ ਕਈ ਦਹਾਕੇ ਪਹਿਲਾਂ ਵਾਲੇ ਪੰਜਾਬ ਦੇ ਖੇਤਾਂ ਵਿਚ ਰੁਲ ਰਹੇ ਕਿਸਾਨਾਂ ਅਤੇ ਉਨ੍ਹਾਂ ਦੇ ਪਰਿਵਾਰ ਦੀ ਬਾਤ ਪਾਈ ਗਈ ਹੈ। ਇਹ ਬਾਤ ਅਜੇ ਮੁੱਕਣ ਦਾ ਨਾਂ ਨਹੀਂ ਲੈ ਰਹੀ; ਬੱਸ ਪਾਤਰ ਹੀ ਬਦਲ ਰਹੇ ਹਨ। ਇਸ ਕਹਾਣੀ ਵਿਚ ਚੱਲੀ ਨੇਰ੍ਹੀ ਅਸਲ ਵਿਚ ਅੱਠੇ ਪਹਿਰ ਝੁੱਲ ਰਹੇ ਬੇਵਸੀ ਦੇ ਝੱਖੜ ਤੋਂ ਬਹੁਤ ਛੋਟੀ ਹੈ ਸ਼ਾਇਦ। ਜਾਪਦਾ ਹੈ ਜਿਵੇਂ ਵਕਤ ਪੈਰ ਗੱਡ ਕੇ ਖੜ੍ਹ ਗਿਆ ਹੈ ਜਾਂ, ਇਹ ਵਕਤ ਬਦਲ ਕੇ ਵੀ ਨਹੀਂ ਬਦਲਿਆ! ਵਖਤਾਂ ਮਾਰੇ ਬਹੁਤ ਸਾਰੇ ਲੋਕ ਅਜੇ ਵੀ ਇਸ ਗੇੜ ਵਿਚੋਂ ਨਿੱਕਲ ਨਹੀਂ ਸਕੇ। ਇਸ ਕਹਾਣੀ ਦਾ ਕਥਾਨਕ ਬੇਹੱਦ ਸਾਧਾਰਨ ਹੈ, ਐਨ ਇਸ ਕਹਾਣੀ ਦੇ ਪਾਤਰਾਂ ਦੇ ਦਿਲ-ਦਿਮਾਗ ਵਰਗਾ। -ਸੰਪਾਦਕ***

**ਮੁਖਤਿਆਰ ਸਿੰਘ**

ਹਵਾ ਦਾ ਬੁੱਲਾ ਮਰ ਗਿਆ। ਨੇਤਰ ਅਤੇ ਇੰਦਰ ਬਲਦਾਂ ਨਾਲ ਗਾਹੀ ਕਣਕ ਦੀ ਧੜ ਉਤੇ, ਕੱਛ ਹੇਠ ਤੰਗਲੀਆਂ ਦੀ ਆੜ ਲਾ ਕੇ, ਇਕ ਲੱਤ ਭਾਰ ਖੜ੍ਹ ਗਏ। ਜਿੰਦਰੋ ਅਜੇ ਰੋਟੀ ਲੈ ਕੇ ਨਹੀਂ ਆਈ ਸੀ।

"ਰੋਟੀ ਕਿਤੇ ਆਉਂਦੀ ਦਿਸਦੀ ਨੀ?" ਨੇਤਰ ਨੇ ਪਿੰਡ ਵੱਲ ਦੂਰ ਤੱਕ ਨਿਗ੍ਹਾ ਮਾਰੀ।

"ਅਜੇ ਸਿਰ ਦਾ ਪਰਛਾਵਾਂ ਸਿੱਧਾ ਪੈਰਾਂ 'ਚ ਐ।" ਇੰਦਰ ਨੇ ਹੇਠਾਂ ਨੂੰ ਤੱਕ ਕੇ ਆਪਣੇ ਪਰਛਾਵੇਂ ਦਾ ਅਨੁਮਾਨ ਲਾਇਆ।

"ਜਿੰਨਾ ਚਿਰ ਹਵਾ ਦਾ ਬੁੱਲਾ ਮਰਿਆ ਹੋਇਐ, ਰੋਟੀ ਈ ਚੱਬ ਲੈਂਦੇ।"

ਨੇਤਰ ਵਿਆਹਿਆ ਹੋਇਆ ਸੀ। ਉਸ ਤੋਂ ਛੋਟਾ ਇੰਦਰ ਕੁਆਰਾ ਹੀ ਰਹਿ ਗਿਆ। ਕਬੀਲਦਾਰੀ 'ਚ ਦੋ ਕੁੜੀਆਂ ਤਾਂ ਵਿਆਹੁਣ ਵਾਲੀਆਂ, ਇਕ ਅਜੇ ਛੋਟੀ ਅਤੇ ਇਕੋ ਮੁੰਡਾ, ਅੱਠਵੀਂ 'ਚ ਪੜ੍ਹਦਾ ਸੀ। ਜੇਠ ਦਾ ਮਹੀਨਾ, ਧੁੱਪ ਕੜਾਕੇਦਾਰ ਪਰ ਕਹਿੰਦੇ ਐ-ਜੱਟ ਦਾ ਹੱਡ ਤਾਂ ਜੇਠ ਹਾੜ੍ਹ ਦੇ ਮਹੀਨੇ ਹੀ ਪੰਘਰਦੈ।

"ਆਉਣ ਲੱਗ ਪਿਐ ਕੋਈ ਕੋਈ ਸਾਹ।" ਨੇਤਰ ਨੂੰ ਥੋੜ੍ਹੀ ਥੋੜ੍ਹੀ ਹਵਾ ਲੱਗੀ।

"ਏਕਣੇ ਆਵੇ ਤਾਂ ਧੜ ਮਿੰਟਾਂ 'ਚ ਨਿਕਲ ਜਾਊ।" ਉਹ ਆਪਣੇ ਹੀ ਧਿਆਨ 'ਚ ਤੂੜੀ ਅੱਡ ਅਤੇ ਦਾਣੇ ਘੁੰਡੀਆਂ ਅੱਡ ਅੱਡ ਕਰਦੇ ਰਹੇ। ਉਨ੍ਹਾਂ ਨੂੰ ਪਤਾ ਹੀ ਨਾ ਲੱਗਿਆ ਕਦੋਂ ਜਿੰਦਰੋ ਰੋਟੀ ਲੈ ਕੇ ਆ ਗਈ। ਜਿੰਦਰੋ ਨੇ ਰੋਟੀਆਂ ਧੜ ਤੋਂ ਕੁਝ ਕਦਮ ਦੂਰ ਰੱਖ ਲਈਆਂ ਅਤੇ ਬੈਠਦੀ ਹੋਈ ਬੋਲੀ, "ਬਾਪੂ ਰੋਟੀ ਖਾ ਲੋ।"

"ਹਾਲੇ ਨੀ ਕੁੜੀਏ ਰੋਟੀ ਰੁਟੀ ਖਾਣੀ।" ਨੇਤਰ ਨੇ ਬਿਨਾ ਉਸ ਵੱਲ ਵੇਖੇ ਹੀ ਕਿਹਾ।

"ਕਦ ਖਾਣੀ ਐ...ਬਾਪੂ?"

"ਧੜ ਉਡਾ ਕੇ।"

"ਧੜ ਤਾਂ ਅਜੇ ਅੱਧੀ ਨੀ ਨਿਕਲੀ, ਰੋਟੀ ਠੰਢੀ ਹੋ ਜਾਣੀ ਐ...।"

"ਕੋਈ ਨੀ ਠੰਢੀ...ਤੂੰ ਉਰਲੀ ਕਿੱਕਰ ਹੇਠ ਜਾ ਬੈਠ ਛਾਵੇਂ।"

ਜਿੰਦਰੋ ਰੋਟੀ ਚੁੱਕ ਕੇ ਕਿੱਕਰ ਹੇਠ ਜਾ ਬੈਠੀ ਜੋ ਥੋੜ੍ਹੀ ਹੀ ਦੂਰ ਸੀ। ਕਿੱਕਰ ਦੀ ਸੂਲ ਚੁੱਕ ਕੇ ਕਦੇ ਦੰਦਾਂ ਹੇਠ ਹੌਲੀ ਹੌਲੀ ਚੱਬਣ ਲੱਗ ਜਾਂਦੀ, ਕਦੇ ਧਰਤੀ ਉਤੇ ਲੀਕਾਂ ਖਿੱਚਣ ਲੱਗ ਪੈਂਦੀ। ਕਦੇ ਮੂੰਹ ਵਿਚ ਗੁਣਗੁਣਾਉਂਦੀ, "ਉਹ ਘਰ ਟੋਲੀਂ ਬਾਬਲਾ, ਜਿੱਥੇ ਚੋਣੀਆਂ ਨਾ ਪੈਣ ਨਿੱਤ ਰੋਟੀਆਂ।" ਉਸ ਨੇ ਫੇਰ ਜ਼ੋਰ ਨਾਲ ਆਵਾਜ਼ ਮਾਰੀ, "ਬਾਪੂ ਆ ਜਾਓ ਹੁਣ...।"

ਪਰ ਉਹ ਆਪਣੇ ਹੀ ਕੰਮ ਵਿਚ ਲਟਾ ਪੀਂਘ ਹੋਏ ਹੋਏ ਸਨ। ਉਨ੍ਹਾਂ ਨੇ ਕੋਈ ਜਵਾਬ ਨਾ ਦਿੱਤਾ। ਥੋੜ੍ਹਾ ਪਿੱਛੋਂ ਤੂੜੀ ਦਾਣਿਆਂ ਨਾਲੋਂ ਅੱਡ ਨਹੀਂ ਸੀ ਹੋ ਰਹੀ। ਇੰਦਰ ਨੇ ਜ਼ੋਰ ਨਾਲ ਤੰਗਲੀਆਂ ਉਪਰ ਨੂੰ ਮਾਰ ਕੇ, ਨਾਲ ਹੀ ਉਪਰ ਨੂੰ ਦੇਖਿਆ ਪਰ ਤੂੜੀ ਫਿਰ ਵੀ ਅੱਡ ਨਾ ਹੋਈ। ਇੰਦਰ ਧੜ ਤੋਂ ਹੇਠਾਂ ਉਤਰਦਾ ਹੋਇਆ ਕਹਿਣ ਲੱਗਿਆ, "ਬੜੇ ਭਾਈ, ਆਪਾਂ ਰੋਟੀ ਖਾ ਲੀਏ।"

"ਏਹਨੀਂ ਦਿਨੀਂ ਬੁੱਲੇ ਹੀ ਆਉਂਦੇ ਹੁੰਦੇ ਐ। ਕਦੇ ਮਰਗੇ ਕਦੇ ਚੱਲ ਪੇ।" ਨੇਤਰ ਨੇ ਤੰਗਲੀ ਧੜ ਵਿਚ ਗੱਡ ਦਿੱਤੀ।

"ਚੱਲ ਕੁੜੀ ਵੀ ਕਦੋਂ ਦੀ ਆਈ ਬੈਠੀ ਐ।"

ਜਿੰਦਰੋ ਨੇ ਉਨ੍ਹਾਂ ਨੂੰ ਆਉਂਦੇ ਵੇਖ ਕੇ ਪੋਣੇ ਦੀ ਗੰਢ ਪਹਿਲਾਂ ਹੀ ਖੋਲ੍ਹ ਲਈ ਸੀ। ਦੋਵੇਂ ਆਹਮੋ-ਸਾਹਮਣੇ ਦੋ ਕੁ ਕਦਮ ਦੇ ਫਰਕ ਨਾਲ ਵੱਟ 'ਤੇ ਬੈਠ ਗਏ। ਜਿੰਦਰੋ ਨੇ ਦੋ ਕੌਲੀਆਂ ਵਿਚ ਮਾਂਹ ਦੀ ਦਾਲ ਪਾ ਕੇ ਚਾਰ ਚਾਰ ਰੋਟੀਆਂ ਉਨ੍ਹਾਂ ਦੇ ਹੱਥਾਂ 'ਤੇ ਧਰ ਕੇ ਕਿਹਾ, "ਬਾਪੂ ਆਟਾ ਪਿਹਾ ਕੇ ਕਦ ਲਿਆਉਣੈ। ਬੇਬੇ ਔਖੀ ਹੁੰਦੀ ਐ, ਸਾਤੋਂ ਨੀ ਰੋਜ਼ ਦਰ ਦਰ ਤੋਂ ਮੰਗ ਹੁੰਦਾ।"

"ਪਿਹਾ ਲਮਾਂਗੇ...ਇਕ ਅੱਧ ਡੰਗ ਹੋਰ ਕਿਸੇ ਤੋਂ 'ਧਾਰਾ ਲੈ ਲਿਓ।" ਨੇਤਰ ਨੇ ਦਾਲ ਵਿਚ ਬੁਰਕੀ ਲਬੇੜਦੇ ਹੋਏ ਨੇ ਕਿਹਾ।

"ਨਾਲੇ ਛਿਟੀਆਂ ਲੈ ਕੇ ਆਇਓ ਆਥਣ ਨੂੰ। ਘਰ ਬਾਲਣ ਦਾ ਡੱਕਾ ਨੀ।"

"ਲੈ ਆਵਾਂਗੇ ਭਾਈ...ਇੰਦਰਾ ਯਾਦ ਰੱਖੀਂ।"

"ਜੇ ਧੜ ਨਿਕਲ'ਗੀ ਤਾਂ ਈ ਯਾਦ ਰਹੂ।" ਇੰਦਰ ਮੂੰਹ ਵਿਚ ਬੁਰਕੀ ਪਾਉਣ ਲੱਗਿਆ ਬੋਲਿਆ। ਨੇਤਰ ਦੀ ਨਿਗ੍ਹਾ ਦੂਰ ਕਿਸੇ ਖੇਤ 'ਚ ਚੱਲ ਰਹੇ ਥਰੈਸ਼ਰ ਵੱਲ ਗਈ। ਧੂੜ 'ਚ ਰਲੀ ਮਿਲੀ ਤੂੜੀ ਦੀ ਲੰਮੀ ਜਿਹੀ ਪੂਛ ਦਾ ਰੁਖ ਉਨ੍ਹਾਂ ਵੱਲ ਨੂੰ ਬਦਲ ਰਿਹਾ ਸੀ। ਉਸ ਤੋਂ ਲਾਗੇ ਦੇ ਖੇਤ 'ਚ ਧੜ ਉਤੇ ਕਿਸੇ ਦੀਆਂ ਤੰਗਲੀਆਂ ਹਵਾ ਵਿਚ ਉਲਰੀਆਂ ਦਿਸੀਆਂ।

"ਛੋਟੇ ਭਾਈ ਉਠੀਂ ਕੇਰਾਂ, ਹਵਾ ਦਾ ਸਾਹ ਆਉਂਦੈ ਕੋਈ ਕੋਈ।" ਉਸ ਨੇ ਕੌਲੀ ਉਤੇ ਰੋਟੀਆਂ ਰੱਖ ਕੇ ਇਕਦਮ ਉਠਦੇ ਹੋਏ ਨੇ ਕਿਹਾ। ਇੰਦਰ ਵੀ ਕੌਲੀਆਂ ਉਤੇ ਹੀ ਰੋਟੀਆਂ ਰੱਖ ਕੇ ਧੜ ਉਤੇ ਜਾ ਚੜ੍ਹਿਆ। ਦੋਵੇਂ ਜਣੇ ਤੰਗਲੀਆਂ ਫੜ ਕੇ ਛੇਤੀ ਛੇਤੀ ਧੜ ਉਡਾਉਣ ਲੱਗ ਪਏ। ਹਵਾ ਥੋੜ੍ਹੀ ਤਿੱਖੀ ਹੋ ਗਈ।

ਜਿੰਦਰੋ ਨੇ ਬੈਠੀ ਨੇ ਹੀ ਲੰਮੀ ਬਾਂਹ ਕਰਕੇ ਰੋਟੀਆਂ ਅਤੇ ਕੌਲੀਆਂ ਨੇੜੇ ਕਰ ਲਈਆਂ। ਉਪਰ ਚੁੰਨੀ ਦਾ ਲੜ ਦੇ ਦਿੱਤਾ। ਇਕ ਹੱਥ ਵਿਚ ਦੂਜਾ ਹੱਥ ਫੜ ਕੇ ਗੋਡਿਆਂ ਨੂੰ ਬਾਹਾਂ ਨਾਲ ਘੁੱਟ ਲਿਆ। ਫੇਰ ਆਲੇ-ਦੁਆਲੇ ਖਾਲੀ ਖੇਤਾਂ ਵੱਲ ਦੂਰ ਦੂਰ ਤਕ ਦੇਖਦੀ ਰਹੀ। ਕਿਸੇ ਖੇਤ ਵਿਚ ਥਰੈਸ਼ਰ ਚੱਲ ਰਿਹਾ ਸੀ, ਕਿਸੇ ਵਿਚ ਤੂੜੀ ਦਾ ਵੱਡਾ ਸਾਰਾ ਢੇਰ ਦਿਸਦਾ। ਕਈ ਲਾਣੇ ਗੱਡਿਆਂ ਅਤੇ ਟਰੈਕਟਰਾਂ ਨਾਲ ਪਿੰਡ ਵੱਲ ਕਣਕ ਅਤੇ ਤੂੜੀ ਢੋਅ ਰਹੇ ਸਨ।

ਧੜ ਅਜੇ ਥੋੜ੍ਹੀ ਹੀ ਨਿਕਲੀ ਸੀ ਕਿ ਹਵਾ ਫੇਰ ਮਰ ਗਈ। ਉਨ੍ਹਾਂ ਨੇ ਤੰਗਲੀਆਂ ਧੜ ਵਿਚ ਗੱਡ ਦਿੱਤੀਆਂ ਅਤੇ ਤੰਗਲੀਆਂ ਦੇ ਉਤਲੇ ਸਿਰੇ ਉਤੇ ਠੋਡੀ ਰੱਖ ਕੇ ਖੜ੍ਹ ਗਏ। ਜਿੰਦਰੋ ਨੇ ਦੇਖ ਕੇ



ਆਵਾਜ਼ ਮਾਰੀ, "ਬਾਪੂ ਆ ਜੋ ਹਵਾ ਤਾਂ ਹੈ ਨੀ।" ਉਨ੍ਹਾਂ ਨੇ ਜਿੰਦਰੋ ਵੱਲ ਦੇਖਿਆ, ਚੁੱਪ ਚਾਪ ਉਸੇ ਤਰ੍ਹਾਂ ਖੜ੍ਹੀਆਂ ਤੰਗਲੀਆਂ ਛੱਡ ਕੇ ਰੋਟੀ ਖਾਣ ਆ ਬੈਠੇ।

"ਸੁੱਕ ਵੀ ਗਈਆਂ।" ਜਿੰਦਰੋ ਨੇ ਓਹੀ ਰੋਟੀਆਂ ਫੜਾਉਂਦੀ ਹੋਈ ਨੇ ਕਿਹਾ।

"ਲੈ...ਜੱਟਾਂ ਨੂੰ ਕੀ ਤੱਤੀਆਂ ਠੰਢੀਆਂ ਨਾਲ। ਕੁਰਸੀ ਆਲੇ ਈ ਸੱਜਰੀਆਂ ਖਾਂਦੇ ਐ, ਸਾਡੇ ਕਰਮਾਂ 'ਚ ਕਿੱਥੇ?" ਨੇਤਰ ਨੇ ਰੋਟੀ ਫੜਦੇ ਹੋਏ ਨੇ ਕਿਹਾ।

ਫਿਰ ਉਹ ਚੁੱਪ-ਚਾਪ ਇਕ-ਇਕ ਰੋਟੀ ਖਾ ਗਏ। ਕਿੱਕਰ ਉਤੋਂ ਬੀਂਡੇ ਦੀ ਟੀਂ-ਟੀਂ ਉਨ੍ਹਾਂ ਨੂੰ ਸੰਗੀਤ ਦੀ ਧੁਨ ਵਾਂਗ ਸੁਣ ਰਹੀ ਸੀ। ਜਿੰਦਰੋ ਚੁੱਪ ਵੇਖ ਕੇ ਕਹਿਣਾ ਤਾਂ ਨਹੀਂ ਸੀ ਚਾਹੁੰਦੀ ਪਰ ਝਕਦੀ ਝਕਦੀ ਨੇ ਕਹਿ ਹੀ ਦਿੱਤਾ, "ਬਾਪੂ ਵੀਰੇ ਨੇ ਕਿਐ, ਮਾਸਟਰਾਂ ਨੇ ਇਕ ਰੰਗ ਦੀ ਵਰਦੀ ਲੁਆਈ ਐ। ਖੰਨੇ ਤੋਂ ਕੱਪੜਾ ਲੈ ਆਇਓ।"

ਨੇਤਰ ਨੇ ਜਿੰਦਰੋ ਵੱਲ ਝਾਕ ਕੇ ਰੋਟੀ ਨਾਲੋਂ ਬੁਰਕੀ ਤੋੜ ਕੇ ਮੂੰਹ ਵਿਚ ਪਾ ਲਈ ਪਰ ਬੋਲਿਆ ਕੁਝ ਨਾ। ਇੰਦਰ ਨੇ ਪਾਣੀ ਦਾ ਗਲਾਸ ਮੂੰਹ ਨੂੰ ਲਾ ਕੇ ਇਕੋ ਸਾਹ ਪੀ ਲਿਆ ਤੇ ਧਰਤੀ 'ਤੇ ਰੱਖ ਕੇ ਕਿਹਾ, "ਲਿਆ ਭਾਈ, ਪਾ ਦੇ ਹੋਰ ਪਾਣੀ।"

ਜਿੰਦਰੋ ਨੇ ਪਾਣੀ ਪਾ ਦਿੱਤਾ ਅਤੇ ਰਸਤੇ ਵੱਲ ਵੇਖਿਆ ਤਾਂ ਇਕਦਮ ਬੋਲ ਪਈ, "ਬਾਪੂ ਬੋਦੀ ਆਲਾ ਵਾਵਰੋਲਾ?"

ਉਨ੍ਹਾਂ ਦੇ ਸਿਰ ਰਸਤੇ ਵੱਲ ਘੁੰਮੇ ਤੇ ਦੋਵੇਂ ਉਠ ਕੇ ਨੱਸ ਪਏ। ਵਾਵਰੋਲਾ ਘੁੰਮਦਾ ਘੁੰਮਦਾ ਸਿੱਧਾ ਧੜ ਵੱਲ ਆ ਰਿਹਾ ਸੀ। ਉਨ੍ਹਾਂ ਨੇ ਛੇਤੀ ਛੇਤੀ ਦੌਲੇ, ਪੱਲੀਆਂ-ਬੋਰੀਆਂ (ਜਿਹੜੇ ਦੋ ਦੋ ਚਾਰ ਚਾਰ ਸਨ) ਧੜ ਉਤੇ ਦੇ ਦਿੱਤੇ। ਖੂਹ ਦੇ ਔਲੂ 'ਚੋਂ ਪੀਪਿਆਂ ਵਿਚ ਪਾਣੀ ਲੈਣ ਗਏ ਪਰ ਵਾਵਰੋਲਾ ਚੱਕਰ ਕੱਟਦਾ, ਧੜ ਦੇ ਲਾਗੋਂ ਦੀ ਲੰਘ ਗਿਆ। ਵਾਵਰੋਲੇ 'ਚ ਮਿੱਟੀ ਗੋਲ ਚੱਕਰ ਵਾਂਗ ਘੁੰਮਦੀ ਸੀ। ਜਿੰਦਰੋ ਨੇ ਪਹਿਲਾਂ ਹੀ ਦਿਸਦੇ ਸਾਰ ਕਹਿਣਾ ਸ਼ੁਰੂ ਕਰ ਦਿੱਤਾ ਸੀ,

"ਕਾਰ ਕਾਰ ਬਾਬੇ ਨਾਨਕ ਦੀ,
ਕਾਰ ਕਾਰ ਬਾਬੇ ਨਾਨਕ ਦੀ।"

ਵਾਵਰੋਲਾ ਮਿੰਟਾਂ ਵਿਚ ਅੱਗੇ ਲੰਘ ਗਿਆ। ਧੜ ਦੇ ਲਾਗਿਓਂ ਥੋੜ੍ਹੀ ਬਹੁਤੀ ਤੂੜੀ ਉਡ ਕੇ ਖੇਤ ਵਿਚ ਖਿੱਲਰ ਗਈ।

"ਇੰਦਰਾ ਰਤਕਾ ਲੈ ਕੇ ਪਿੜ ਵਿਚੋਂ ਤੂੜੀ 'ਕੱਠੀ ਕਰ ਲੈ ਜਿਹੜੀ ਖਿੰਡਰੀ ਐ।"

"ਕਰ ਲੈਨਾਂ, ਤੂੰ ਧੜ 'ਤੇ ਚੜ੍ਹ ਕੇ ਦੇਖ, ਬੁੱਲਾ ਆਉਂਦੈ ਵਰੋਲੇ ਦੀ ਹਵਾ ਦਾ?" ਇੰਦਰ ਨੇ ਰਤਕਾ ਚੁੱਕ ਕੇ ਬੈਠਦੇ ਹੋਏ ਨੇ ਕਿਹਾ।

"ਧੜ ਦਾ ਤਾਂ ਵਰੋਲੇ ਨੇ ਕੱਖ ਨੀ ਛੱਡਣਾ ਤੀ, ਜੇ ਕਿਤੇ ਉਪਰੋਂ ਲੰਘ ਜਾਂਦਾ।" ਨੇਤਰ ਧੜ 'ਤੇ ਚੜ੍ਹ ਗਿਆ।

"ਥਰੈਸ਼ਰ ਆਲਿਆਂ ਦੇ ਢੇਰਾਂ 'ਚੋਂ ਲੰਘ ਕੇ ਗਿਐ...ਓਹ ਤਾਂ ਓਨੇ ਹੀ ਦਿਸਦੇ ਨੇ।" ਇੰਦਰ ਨੇ ਆਲੇ ਦੁਆਲੇ ਖੇਤਾਂ 'ਚ ਚੱਲ ਰਹੇ ਥਰੈਸ਼ਰਾਂ ਵੱਲ ਨਿਗ੍ਹਾ ਮਾਰੀ।

"ਐਡੇ ਬੜੇ ਢੇਰਾਂ 'ਚ ਨੀ ਕੁਸ ਮੁੱਕਦਾ।"

ਜਿੰਦਰੋ ਨੇ ਉਨ੍ਹਾਂ ਦਾ ਧਿਆਨ ਰੋਟੀ ਵੱਲ ਦਿਵਾਇਆ, "ਬਾਪੂ ਰੋਟੀ...।"

ਉਹ ਹੱਥਲਾ ਕੰਮ ਛੱਡ ਕੇ ਛੇਤੀ ਛੇਤੀ ਰੋਟੀ ਖਾ ਕੇ ਆਪਣੇ ਕੰਮ ਜਾ ਲੱਗੇ।

ਜਿੰਦਰੋ ਉਥੇ ਹੀ ਬੈਠ ਕੇ ਖੇਤ ਦੀ ਮਿੱਟੀ ਨਾਲ ਭਾਂਡੇ ਮਾਂਜਣ ਲੱਗ ਪਈ। ਉਹ ਕਦੇ ਨੀਵੀਂ ਪਾ ਲੈਂਦੀ, ਕਦੇ ਉਨ੍ਹਾਂ ਵੱਲ ਵੇਖ ਲੈਂਦੀ। ਆਲੇ ਦੁਆਲਿਓਂ ਥਰੈਸ਼ਰਾਂ ਦੀ ਘੂੰ ਘੂੰ ਦੀਆਂ ਆਵਾਜ਼ਾਂ ਉਸ ਨੂੰ ਸੁਣਾਈ ਦੇ ਰਹੀਆਂ ਸਨ।

"ਹਵਾ ਤਾਂ ਫੇਰ ਮਰ'ਗੀ।" ਇੰਦਰ ਨੇ ਤੂੜੀ ਇਕੱਠੀ ਕਰਦੇ ਹੋਏ ਨੇ ਕਿਹਾ।

"ਕੋਈ ਕੋਈ ਮਰਿਆ ਹੋਇਆ ਸਾਹ ਹੀ ਰਹਿ ਗਿਐ।" ਨੇਤਰ ਵੀ ਧੜ ਤੋਂ ਉਤਰ ਆਇਆ।

"ਚੱਲ ਤੂੰ ਬਲਦਾਂ ਨੂੰ ਪਾਣੀ ਪਿਆ ਦੇ। ਘੁੰਮਦੇ ਨੇ ਕੀਲਿਆਂ 'ਤੇ। ਮੈਂ ਤੂੜੀ ਲੈ ਕੇ ਆਉਨਾਂ।"

"ਝੋਟੀ ਤੇ ਗਾਂ ਵਾਸਤੇ ਥੱਬਾ ਕੁ ਬਰਸੀਮ ਵੀ ਵੱਢ ਲਿਆਈਂ।"

"ਚੰਗਾ।"

ਉਹ ਡੰਗਰਾਂ ਨੂੰ ਪਾਣੀ-ਧਾਣੀ, ਕੱਖ-ਕੰਡਾ ਪਾ ਕੇ, ਧੜ 'ਤੇ ਆ ਗਏ।

"ਕਿਤੇ ਮੀਂਹ-ਮੂੰਹ ਨਾ ਆ ਜਾਵੇ!"

ਇੰਦਰ ਨੇ ਦੂਰ, ਧਰਤੀ ਅਤੇ ਅਸਮਾਨ ਦੇ ਦੋਮੇਲ 'ਚੋਂ ਛੋਟਾ ਜਿਹਾ ਚਿੱਟੇ ਬੱਦਲਾਂ ਦਾ ਟੁਕੜਾ ਨਿਕਲਿਆ ਦੇਖਿਆ।

"ਮੌਸਮ ਵੀ ਸਹੁਰਾ ਜ਼ਮਾਨੇ ਨਾਲ ਹੀ ਬਦਲ ਗਿਐ, ਅੱਗੇ ਤਾਂ ਵਸਾਖ ਜੇਠ ਦੇ ਅੱਧ ਤਕ ਕਦੇ ਮੀਂਹ ਨੇਰ੍ਹੀ ਨੀ ਤੀ ਆਉਂਦੀ ਹੁੰਦੀ।"

"ਸਾਰੀ ਵਾਢੀ ਤੇ ਗਹਾਈ ਕੜਾਕੇ ਆਲੀ ਧੁੱਪ 'ਚ ਕਰਦੇ ਤੀ। ਫੇਰ ਕਿਤੇ ਚੜ੍ਹਦੇ ਹਾੜ੍ਹ ਜਗ-ਜੁਗ ਕਰੇ ਤੋਂ ਮੀਂਹ ਪੈਂਦਾ।" ਇੰਦਰ ਨੇ ਕਿੱਕਰ ਦੀਆਂ ਟਾਹਣੀਆਂ ਨਾਲ ਪੁੱਠੇ ਲਟਕਦੇ ਬਿਜੜਿਆਂ ਦੇ ਆਲ੍ਹਣਿਆਂ ਵੱਲ ਵੇਖਦਿਆਂ ਕਿਹਾ।

"ਪਿੰਡ ਆਲੀ ਸ਼ਾਮਲਾਟ 'ਚ ਗਰੀਬ ਗੁਰਬਿਆਂ ਨੇ ਲਾਣੀ ਆਲੀ ਕਣਕ ਦੀਆਂ ਭਰੀਆਂ, ਮੱਝਾਂ, ਕੱਟੀਆਂ-ਬੱਛੀਆਂ ਨਾਲ ਗਾਹ ਕੇ ਚੱਕ ਵੀ ਲਈਆਂ।"

"ਉਹ ਤਾਂ ਨਿਆਣੇ ਸਿਆਣੇ ਸਾਰਾ ਟੱਬਰ ਲਾ ਲੈਂਦੇ ਐ।" ਨੇਤਰ ਬੋਲਿਆ।

"ਅਗਲੀਆਂ ਵਾਢੀਆਂ 'ਚ ਲਾਵੀ ਕਿਹੜੇ ਪਿਓ ਆਲੇ ਖੇਤ 'ਚੋਂ ਕਰਨਗੇ। ਥਰੈਸ਼ਰ ਆਲਿਆਂ ਨੇ ਮੀਂਹ ਕਣੀ ਤੋਂ ਡਰਦੇ ਕੰਮਬੈਨਾਂ ਨਾਲ ਕਣਕ ਵਢਾ ਲੈਣੀ ਐ। ਐਤਕੀ ਤਾਂ ਅੱਧੀ ਪਚੱਧੀ ਈ ਵਢਾਈ ਤੀ।" ਇੰਦਰ ਨੇ ਦੂਰ ਸਫੈਦਿਆਂ ਵਾਲੀ ਪਹੀ ਵੱਲ ਦੇਖਿਆ।

ਅਸਮਾਨ ਲਾਲ ਜਿਹਾ ਹੋਣ ਲੱਗ ਪਿਆ। ਜਿੰਦਰੋ ਭਾਂਡੇ ਇਕੱਠੇ ਕਰਕੇ ਧੜ ਦੇ ਲਾਗੇ ਆ ਗਈ ਸੀ। ਉਸ ਨੇ ਉਨ੍ਹਾਂ ਦੀਆਂ ਗੱਲਾਂ ਵਿਚ ਦਖਲ ਨਹੀਂ ਸੀ ਦਿੱਤਾ ਪਰ ਦੂਰ ਚੜ੍ਹੀ ਆ ਰਹੀ ਗਹਿਰ ਨੂੰ ਦੇਖ ਕੇ ਕਿਹਾ, "ਬਾਪੂ ਨੇਰ੍ਹੀ ਆਉਂਦੀ ਐ।"

"ਹਾਂ ਲੱਗਦੀ ਤਾਂ ਐ।" ਨੇਤਰ ਨੇ ਵੀ ਆਲੇ ਦੁਆਲੇ ਦੂਰ ਤਕ ਨਿਗ੍ਹਾ ਘੁੰਮਾਈ।

ਥੋੜ੍ਹੇ ਚਿਰ 'ਚ ਹੀ ਨੇਰ੍ਹੀ ਚੜ੍ਹੀ ਆ ਰਹੀ ਸੀ। ਦੋਵੇਂ ਭਰਾ ਉਠ ਕੇ ਧੜ ਨੂੰ ਸਾਂਭਣ ਲੱਗ ਪਏ। ਫੇਰ ਦੇਖਦੇ ਦੇਖਦੇ ਹੀ ਨੇਰ੍ਹੀ ਆ ਗਈ। ਨੇਤਰ ਨੇ ਪੀਪੇ 'ਚ ਲਿਆਂਦਾ ਪਾਣੀ ਧੜ ਉਤੇ ਛਿੜਕਿਆ। ਇਕਦਮ ਹਨੇਰਾ ਹੋ ਗਿਆ। ਹੱਥ ਨਾਲ ਹੱਥ ਮਾਰਿਆਂ ਕੁਝ ਵੀ ਨਹੀਂ ਸੀ ਦਿੱਸਦਾ।

ਹਵਾ ਦੇ ਫਰਾਟਿਆਂ ਨਾਲ ਧੜ ਉਡ ਕੇ ਮਿੱਟੀ ਘੱਟੇ ਵਿਚ ਰਲਦੀ ਜਾ ਰਹੀ ਸੀ। ਹਵਾ ਦੀ ਆਵਾਜ਼ ਸਊਂ...ਸੂੰ...ਛੀਂ ਛੀਂ ਈਂ ਈਂ। ਨਾਲ ਭੂਰੀ ਕਾਲੀ ਮਿੱਟੀ ਹੀ ਮਿੱਟੀ।

ਉਹ ਧੜ ਨੂੰ ਸਾਂਭਣ ਲੱਗੇ ਹੋਏ ਸਨ ਪਰ ਹਵਾ ਕੋਈ ਪੇਸ਼ ਨਹੀਂ ਸੀ ਜਾਣ ਦਿੰਦੀ। ਜੇ ਜ਼ਰਾ ਕੁ ਵੀ ਅੱਖ ਜਾਂ ਮੂੰਹ ਖੋਲ੍ਹਦੇ ਤਾਂ ਮਿੱਟੀ ਦੇ ਕਿਣਕੇ ਅਤੇ ਫੂਸ-ਪੱਲਾ ਆ ਕੇ ਵੱਜਦਾ। ਕਿਸੇ ਨੂੰ ਕੁਝ ਵੀ ਨਹੀਂ ਸੀ ਦਿਸਦਾ।

ਜਿੰਦਰੋ ਦੇ ਕੰਡਿਆਂ ਵਾਲੀ ਝਾੜੀ ਆ ਵੱਜੀ। ਉਸ ਨੇ ਜ਼ੋਰ ਨਾਲ ਚੀਕ ਮਾਰੀ, "ਬਾ...ਪੂ...ਉ!"

ਹਵਾ ਐਨੀ ਗੂੰਜਣ ਲੱਗ ਪਈ, ਕਿਸੇ ਨੂੰ ਕੁਝ ਨਾ ਸੁਣਿਆ ਤੇ ਫਿਰ ਝਾੜੀ ਆਪੇ ਹੀ ਹਵਾ ਨਾਲ ਜਿੰਦਰੋ ਦੇ ਕੱਪੜਿਆਂ 'ਚ ਮੋਰੀਆਂ ਕਰਕੇ ਅਤੇ ਸਰੀਰ 'ਤੇ ਝਰੀਟਾਂ ਮਾਰ ਕੇ ਉਡ ਗਈ।

ਨੇਰ੍ਹੀ ਕੁਝ ਘੱਟ ਹੋਈ। ਫਿਰ ਚਾਨਣ ਜਿਹਾ ਹੋਇਆ। ਜਿੰਦਰੋ ਨੇ ਅੱਖਾਂ ਮਲੀਆਂ ਤੇ ਝਾਕਣ ਦੀ ਕੋਸ਼ਿਸ਼ ਕੀਤੀ ਪਰ ਮਿੱਟੀ ਐਨੀ ਰੜਕਣ ਲੱਗ ਪਈ ਕਿ ਅੱਖਾਂ ਫਿਰ ਬੰਦ ਹੋ ਗਈਆਂ। ਉਸ ਨੇ ਅੱਖਾਂ ਮਲ ਮਲ ਪਾਣੀ ਕੱਢ ਲਿਆ। ਕਦੇ ਮੀਚਦੀ ਕਦੇ ਖੋਲ੍ਹਦੀ ਹੋਈ ਬੋਲੀ, "ਬਾਲਣ ਨਾ ਭੁੱਲਿਓ ਬਾਪੂ।"

"ਨਈਂ ਕੁੜੀਏ...ਜਾ ਤੂੰ, ਕਿਤੇ ਮੀਂਹ ਨਾ ਆ ਜਾਵੇ।" ਨੇਤਰ ਨੇ ਵੀ ਅੱਖਾਂ ਮਲੀਆਂ ਤੇ ਨੱਕ ਸਿਣਕ ਕੇ ਮਿੱਟੀ ਕੱਢੀ। ਜਿੰਦਰੋ ਬੁੜ ਬੁੜ ਕਰਦੀ, ਅੱਖਾਂ ਖੋਲ੍ਹਦੀ ਮੀਚਦੀ, ਭਾਂਡੇ ਚੁੱਕ ਕੇ ਘਰ ਨੂੰ ਤੁਰ ਪਈ, "ਧੜ ਦਾ ਤਾਂ ਕੱਖ ਨੀ ਰਿਆ, ਬਾਲਣ ਦਾ ਕੀ ਚੇਤਾ ਰਹਿਣੈ...ਘਰ ਬੇਬੇ ਆਖੂ, ਤੀਆ ਪਹਿਰ ਹੋ ਗਿਐ?" ਉਸ ਨੂੰ ਜਾਪਿਆ ਸਿਖਰ ਦੁਪਹਿਰ ਤਾਂ ਉਸ ਉਤੇ ਹਾਲੇ ਵੀ ਕੜਕ ਰਹੀ ਹੋਵੇ, ਭਾਵੇਂ ਪਰਛਾਵਾਂ ਢਲ ਗਿਆ ਹੈ। ਫਿਰ ਉਸ ਨੇ ਆਪਣੇ ਆਪ ਨੂੰ ਦੇਖਿਆ।

ਨੇਰ੍ਹੀ ਹੌਲੀ-ਹੌਲੀ ਘਟ ਰਹੀ ਸੀ। ਧੜ ਥੋੜ੍ਹੀ ਜਿਹੀ ਰਹਿ ਗਈ। ਉਹ ਅੱਖਾਂ 'ਚ ਪਈ ਮਿੱਟੀ, ਹਥੇਲੀਆਂ ਨਾਲ ਮਲ ਮਲ ਕੱਢਦੇ ਹੋਏ ਤੰਗਲੀਆਂ ਲੱਭਣ ਲੱਗ ਪਏ। ਉਨ੍ਹਾਂ ਦੇ ਕੰਨਾਂ 'ਚ ਥਰੈਸ਼ਰਾਂ ਦੀ ਆਵਾਜ਼ ਨੇਰ੍ਹੀ ਵਾਂਗ ਗੂੰਜਣ ਲੱਗ ਪਈ।

# ਨੈਣ-ਨਕਸ਼

*(ਸਫਾ 29 ਦੀ ਬਾਕੀ)*

ਹਿਟਲਰ ਨੇ ਜਿਵੇਂ ਯਹੂਦੀ ਘੇਰ ਲਿਆ ਹੋਵੇ ਤੇ ਸਾਰੀ ਰਾਤ ਪੁਲਿਸ ਰਿਮਾਂਡ ਤੋਂ ਵੀ ਵੱਧ ਛਿੱਲ ਉਤਰਦੀ ਰਹੀ। ਘੋਟਣੇ ਫੇਰ ਕੇ ਸੱਜੀ ਲੱਤ ਚੂਰਾ ਕਰ ਸੁੱਟੀ। ਸਵੇਰੇ ਜਦੋਂ ਰਾਕਸ਼ ਨੂੰ ਪਤਾ ਲੱਗਾ ਕਿ ਰਾਤ ਬਲਦੇਵ ਸਿੰਹੁ ਨੇ ਬਗਾਵਤੀ ਹਿੰਮਤ ਕੀਤੀ ਐ ਤਾਂ ਉਹਦੀ ਪੁੜਪੁੜੀ 'ਤੇ ਰਿਵਾਲਵਰ ਰੱਖ, ਪਿੱਠ 'ਚ ਠੁੱਡਾ ਮਾਰ ਕੇ ਬੋਲਿਆ, "ਲੈ ਚੱਲਿਆਂ ਅੱਜ ਵੀ ਪਾਲੋ ਕੋਲ। ਅਸੀਂ ਸਾਲਿਆ ਜਰ ਦੇ ਨਾਲ ਨਾਲ ਜੋਰੂ ਵੀ ਕਬਜ਼ੇ 'ਚ ਰੱਖਦੇ ਆਂ।"

ਦਿਨ ਹਾਲੇ ਛਿਪਿਆ ਹੀ ਹੋਵੇਗਾ ਕਿ ਧਾੜਾਂ ਫਿਰ ਬੁੱਕਦੀਆਂ ਬਲਦੇਵ ਸਿੰਹੁ ਦੇ ਘਰ, "ਕਿਥੇ ਆ ਬੁੜ੍ਹੀਏ ਪਾਲੋ?"

"ਪੇਕੇ ਗਈ ਐ?"

"ਝੂਠ ਬੋਲਦੀ ਐਂ?"

"ਮਹਾਰਾਜ ਦੀ ਸਹੁੰ।"

"ਕਿਹੜਾ ਮਹਾਰਾਜ?"

ਤੇ ਜਦੋਂ ਫਰੋਲਾ-ਫਰਾਲੀ 'ਚ ਪਾਲੋ ਨਾ ਲੱਭੀ ਤਾਂ ਲੁੱਚਾ ਨਾਲ ਦੇ ਨੂੰ ਕਹਿਣ ਲੱਗਾ, "ਬੁਲਾਓ ਨਾਜ਼ਰ ਨੂੰ ਅੰਦਰ।"

"ਜੀ ਗੱਡੀ 'ਚ ਐ।"

"ਕੰਜਰ ਦਿਓ, ਐਧਰ ਵੀ ਗੱਡੀ ਵਿਹਲੀ ਐ। ਹਾਣ ਨੂੰ ਹਾਣ ਪਿਆਰਾ ਹੁੰਦੈ। ਮਿਲਾਓ ਬੁੜ੍ਹੇ ਨੂੰ, ਬਈ ਲੁੱਟ ਲਏ ਉਹ ਵੀ ਮੌਜਾਂ।"

"ਪਾਪੀਆ ਤੈਨੂੰ ਸਹੁੰ ਮਹਾਰਾਜ ਦੀ ਮੇਰੇ ਧੌਲਿਆਂ ਵੱਲ ਵੇਖ। ਵੇ ਤੈਨੂੰ ਨਰਕ ਨੇ ਵੀ ਨਹੀਂ ਝੱਲਣਾ। ਹਾਏ ਓਏ ਮੇਰਿਆ ਰੱਬਾ! ਮੁਗ਼ਲਾਂ ਦੀਆਂ ਭਾਜੜਾਂ ਪੁਆਉਣ ਵਾਲੀ ਕੌਮ ਕਿਥੇ ਚਲੇ ਗਈ?"

"ਨਾਜ਼ਰਾ, ਬੰਦ ਕਰਾ ਇਸ ਬੁੱਢੜ ਦਾ ਸਤਿਸੰਗ, ਨਹੀਂ ਤਾਂ ਵੇਖੀਂ ਫੇਰ ਸਾਡੇ ਹੱਥ।"

ਤੇ ਲਾਹੌਰ ਦਾ ਕਿਲਾ ਡਿੱਗਿਆ ਨਹੀਂ, ਗਰਕ ਗਿਆ ਸੀ! ਧਰਮ ਰਾਜ ਨੂੰ ਵੀ ਦੰਦ ਛਿੱਕਲ ਜ਼ਰੂਰ ਪਈ ਹੋਵੇਗੀ!! ਤੇ ਬੇਪਤ ਹੋਈ ਤੀਰਥੋ ਸੋਚਦੀ ਸੀ, ਨਾਦਰਸ਼ਾਹ ਤਾਂ ਐਵੇਂ ਬਦਨਾਮ ਹੋਵੇਗਾ, ਤੇ ਅਗਲੀ ਚੀਕ ਨੇ ਜਦੋਂ "ਵੇ ਪੁੱਤਾ! ਵੇ ਬਲਦੇਵ ਸਿਹਾਂ! ਕੀ ਕਰਨੀ ਸੀ ਅੱਗ ਲਾਉਣੀ ਜ਼ਮੀਨ। ਮੰਗ ਕੇ ਖਾ ਲੈਂਦੇ ਕਿਤੋਂ। ਕਿਉਂ ਨੀਂ ਜਾਗਦਾ ਤੇਰੇ ਅੰਦਰ ਸੁੱਖਾ ਸਿੰਘ?" ਬਿਜਲੀ ਵਾਂਗ ਲਿਸ਼ਕੀ ਪਰ ਉਦੋਂ ਤੀਕਰ ਉਨ੍ਹਾਂ ਦੇ ਪ੍ਰਛਾਵੇਂ ਵੀ ਨਹੀਂ ਸਨ।

ਗੱਲ ਪਿੰਡੋਂ ਨਿਕਲ ਕੇ ਬਲਦੇਵ ਸਿੰਹੁ ਤੱਕ ਅੱਧ ਪਚੱਧੀ ਪਹੁੰਚ ਗਈ।

ਸਰੀਰ ਕੰਬਿਆ, "ਕੁੱਤਿਆ, ਤੇਰੇ ਸੀਰਮੇਂ ਪੀ ਲਊਂ, ਟੁਕੜੇ ਕਰ ਦਊਂ।" ਪਰ ਖੜ੍ਹੇ ਹੋਣ ਤੋਂ ਅਸਮਰਥ ਫਿਰ ਉਵੇਂ ਧਰਤੀ 'ਤੇ ਜਾ ਪਿਆ।

ਖਚਰੀ ਹਾਸੀ ਦੀ ਕੜ ਕੜ ਹੋਈ, "ਓਏ ਨਾਜ਼ਰਾ, ਕੱਢ ਜੀਪਾਂ। ਲੱਦ ਇਹਨੂੰ ਬਲੂੰਗੜੇ ਨੂੰ। ਚੱਲ ਇਹਨੂੰ ਅੱਖਾਂ ਦੇ ਸਾਹਮਣੇ ਨਜ਼ਾਰੇ ਵਿਖਾ ਕੇ ਲਿਆਈਏ।"

ਤੇ ਲੱਦ ਲਿਆ ਦੋ ਜਣਿਆਂ ਨੇ ਲੱਤੋਂ ਬਾਹੋਂ ਫੜ ਕੇ ਜਿਵੇਂ ਪੁਲਿਸ ਮੁਕਾਬਲੇ ਪਿੱਛੋਂ ਲਾਸ਼ ਖਿੱਚੀ ਜਾਂਦੀ ਐ। ਅੱਖ ਬਚਾ ਕੇ ਜਦੋਂ ਬਲਦੇਵ ਸਿੰਹੁ ਨੇ ਆਪਣੇ ਪਿੰਡ ਲਾਗਲੇ ਕਸਬੇ ਵਰਗੇ ਜਰਨੈਲੀ ਸੜਕ 'ਤੇ ਬਣੇ ਥਾਣੇ ਲਾਗੇ ਚੱਲਦੀ ਜੀਪ 'ਚੋਂ ਛਾਲ ਮਾਰੀ ਕਿ ਸ਼ਾਇਦ ਇਥੇ ਬਚ ਜਾਵੇਗਾ ਪਰ "ਜੱਗ ਬੋਹੜ ਦੀ ਛਾਵੇਂ" ਨਹੀਂ ਹੁਣ "ਥਾਣੇ ਦੀ ਛਾਵੇਂ" ਵੱਢਿਆ ਗਿਆ!

ਭੇਦ ਕੁ ਮਹੀਨੇ ਪਿੱਛੋਂ ਰਾਕਸ਼ ਸੀਖਾਂ ਪਿੱਛੇ ਡੱਕਿਆ ਗਿਆ। ਚੰਮ ਦੀਆਂ ਚੱਲਣੋਂ ਬੰਦ ਹੋ ਗਈਆਂ। ਕਈ ਤਾਰੀਖਾਂ 'ਤੇ ਮੈਂ ਤਾਂ ਕੀ, ਬਹੁਤ ਸਾਰੇ ਲੋਕਾਂ ਨੇ ਨੂੰਹ-ਸੱਸ ਦੇ ਮੂੰਹੋਂ ਬਦ-ਦੁਆਵਾਂ ਤੇ ਗਾਲਾਂ ਦੀ ਬਰਸਾਤ ਲੱਗੀ ਵੇਖੀ। ਆਖਿਰ ਉਸੇ ਘਰ ਦੇ ਉਨ੍ਹਾਂ ਕੌਲਿਆਂ 'ਤੇ ਦੀਵਾਲੀ ਵਾਂਗ ਦੋ ਦੀਵੇ ਨੂੰਹ ਸੱਸ ਨੇ ਜਗਾ ਹੀ ਦਿੱਤੇ ਜਦੋਂ ਖ਼ਬਰ ਆ ਗਈ ਕਿ ਰਾਕਸ਼ ਨਹੀਂ, ਹਰਨਾਕਸ਼ ਮਸੰਦਾਂ ਵਾਂਗ ਉਥੇ ਸਾੜ ਦਿੱਤਾ ਗਿਆ ਹੈ ਜਿਥੇ ਉਹਦੇ ਦੁਆਲੇ ਲੱਗੀਆਂ ਬੰਦੂਕਾਂ ਵੀ ਸਿਰ ਸੁੱਟ ਕੇ ਬਹਿ ਗਈਆਂ ਸਨ!

ਹੰਝੂਆਂ ਦਾ ਟੱਬ ਰੋੜ ਕੇ ਚੁਬਾਰੇ ਤੋਂ ਹੇਠਾਂ ਉਡਦੀ ਤੀਰਥੋ ਨੇ ਦੀਪੀ ਨੂੰ ਘੁੱਟ ਕੇ ਕਲਾਵੇ 'ਚ ਲੈਂਦਿਆਂ ਕਿਹਾ, "ਪੁੱਤ ਹਰਨਾਕਸ਼ ਪਤਾ ਨਹੀਂ ਫਿਰ ਕਦੋਂ ਉਠ ਖੜ੍ਹੇ ਹੋਣ? ਇਹ ਆਉਂਦੇ-ਜਾਂਦੇ ਰਹਿੰਦੇ ਆ।"

ਅੰਤਿਕਾ:
ਜਦ ਵੀ ਸਿਰ 'ਤੇ ਆ ਪਈ
ਕਹਿਰਾਂ ਦੀ ਬਰਸਾਤ।
ਔਰਤ ਨੇ ਇਸ ਕਹਿਰ ਨੂੰ
ਸਮਝ ਲਿਆ ਸੌਗਾਤ।

# ਤਸ਼ੱਦਦਖਾਨਿਆਂ ਦਾ ਸੱਚ ਫ਼ਿਲਮ 'ਅਨਥਿੰਕੇਬਲ'



ਪਹਿਲੀ ਗੱਲ

ਜਤਿੰਦਰ ਮੌਹਰ
ਫੋਨ: +91 97799 34747

***ਅਮਰੀਕੀ ਫ਼ਿਲਮ 'ਅਨਥਿੰਕੇਬਲ' (ਨਿਰਦੇਸ਼ਕ ਗ੍ਰੈਗਰ ਜੌਰਡਨ) ਤਸ਼ੱਦਦ, ਅਤਿਵਾਦ, ਅਮਰੀਕੀ ਵਿਦੇਸ਼ ਨੀਤੀ ਅਤੇ ਮਨੁੱਖੀ ਹਕੂਕ ਜਿਹੇ ਮੁੱਦੇ ਉਘਾੜਦੀ ਅਤੇ ਉਭਾਰਦੀ ਹੈ। ਫ਼ਿਲਮ ਦਾ ਮੁੱਖ ਪਾਤਰ ਸਟੀਵਨ ਆਰਥਰ ਯੰਗਰ ਅਮਰੀਕੀ ਸਿਪਾਹੀ ਹੈ ਜੀਹਨੂੰ ਮਨੁੱਖੀ ਤਬਾਹੀ ਦੇ ਹਥਿਆਰ ਜ਼ਬਤ ਅਤੇ ਬੇਅਸਰ ਕਰਨ ਲਈ ਇਰਾਕ ਭੇਜਿਆ ਜਾਂਦਾ ਹੈ। ਪੱਛਮੀ ਜੰਗਬਾਜ਼ਾਂ ਵੱਲੋਂ ਇਰਾਕੀਆਂ 'ਤੇ ਢਾਹੇ ਗਏ ਜ਼ੁਲਮਾਂ ਨੂੰ ਦੇਖ ਕੇ ਉਹ ਮੁਸਲਮਾਨ ਬਣ ਜਾਂਦਾ ਹੈ। ਅਮਰੀਕਾ ਵਾਪਸ ਆ ਕੇ ਉਹ ਅਪਣੀ ਵੀਡੀਓ ਟੇਪ ਤਿਆਰ ਕਰਦਾ ਹੈ। ਉਹਦਾ ਦਾਅਵਾ ਹੈ ਕਿ ਉਹਨੇ ਅਮਰੀਕਾ ਦੇ ਤਿੰਨ ਸ਼ਹਿਰਾਂ 'ਚ ਤਿੰਨ ਪ੍ਰਮਾਣੂ ਬੰਬ ਲਾਏ ਹਨ। ਉਹ ਜਾਣ-ਬੁੱਝ ਕੇ ਗ੍ਰਿਫਤਾਰ ਹੋ ਜਾਂਦਾ ਹੈ ਅਤੇ ਅਮਰੀਕੀ ਸਰਕਾਰ ਮੂਹਰੇ ਕੁਝ ਮੰਗਾਂ ਰੱਖਦਾ ਹੈ। ਜੇ ਸਰਕਾਰ ਮੰਗਾਂ ਨਹੀਂ ਮੰਨਦੀ ਤਾਂ ਉਹ ਤਿੰਨੇ ਸ਼ਹਿਰਾਂ ਨੂੰ ਪ੍ਰਮਾਣੂ ਬੰਬ ਨਾਲ ਉਡਾਉਣ ਦੀ ਧਮਕੀ ਦਿੰਦਾ ਹੈ।***

ਕੌਮਾਂਤਰੀ ਕਨੂੰਨਾਂ ਵਿਚ ਸਰੀਰਕ ਅਤੇ ਮਾਨਸਿਕ ਤਸ਼ੱਦਦ ਨੂੰ ਅਣਮਨੁੱਖੀ ਅਤੇ ਗ਼ੈਰ-ਕਨੂੰਨੀ ਠਹਿਰਾਇਆ ਜਾ ਚੁੱਕਿਆ ਹੈ। ਬੰਦੇ ਤੋਂ ਇਕਬਾਲੀਆ ਬਿਆਨ ਲੈਣ ਜਾਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਨ ਲਈ ਦਿੱਤੇ ਜਾਂਦੇ ਸਰੀਰਕ ਜਾਂ ਮਾਨਸਿਕ ਕਸ਼ਟ ਨੂੰ ਤਸ਼ੱਦਦ ਕਰਾਰ ਦਿੱਤਾ ਗਿਆ ਹੈ। ਇਹ ਵਿਆਖਿਆ ਮੁਲਕਾਂ ਜਾਂ ਸਰਕਾਰੀ ਸਰਪ੍ਰਸਤੀ ਹਾਸਲ 'ਤਸ਼ੱਦਦ' ਉੱਤੇ ਸਭ ਤੋਂ ਪਹਿਲਾਂ ਲਾਗੂ ਹੁੰਦੀ ਹੈ। ਇਹਦੇ ਵਿਚ ਉਨ੍ਹਾਂ ਮੁਲਕਾਂ ਦੇ ਕੇਸ ਸ਼ਾਮਲ ਨਹੀਂ ਕੀਤੇ ਜਾਂਦੇ ਜਿੱਥੇ ਅੰਗ ਕੱਟਣਾ ਜਾਂ ਕੋਰੜੇ ਮਾਰਨਾ ਕਨੂੰਨੀ ਸਜ਼ਾ ਵਜੋਂ ਦਰਜ ਹੈ। ਸੰਨ 1986 'ਚ ਆਲਮੀ ਸਿਹਤ ਸੰਸਥਾ (ਡਬਲਿਊ.ਐਚ.ਓ.) ਨੇ 'ਜੱਥੇਬੰਦ ਹਿੰਸਾ' ਨੂੰ 'ਤਸ਼ੱਦਦ' ਦੀ ਵਿਆਖਿਆ ਹੇਠ ਲਿਆਉਣ ਦਾ ਵਿਚਾਰ ਸਾਹਮਣੇ ਲਿਆਂਦਾ ਸੀ। ਮਨੁੱਖੀ ਹਕੂਕ ਬਾਰੇ ਕੌਮਾਂਤਰੀ ਜੱਥੇਬੰਦੀ 'ਐਮਨੇਸਟੀ ਇੰਟਰਨੈਸ਼ਲ' ਤਸ਼ੱਦਦ ਦੀ ਚਾਲੂ ਵਿਆਖਿਆ ਨੂੰ ਹੋਰ ਵਿਸ਼ਾਲ ਕਰਦੀ ਹੈ। ਇਹਦੇ ਮੁਤਾਬਕ, "ਤਸ਼ੱਦਦ, ਮਨੁੱਖ ਵੱਲੋਂ ਮਨੁੱਖ ਨੂੰ ਵਿਉਂਤਬੱਧ ਢੰਗ ਨਾਲ ਦਿੱਤਾ ਗਿਆ ਕਸ਼ਟ ਹੈ। ਇਹ ਕਸ਼ਟ ਪੀੜਤ ਦੀ ਮਰਜ਼ੀ ਤੋਂ ਬਗੈਰ ਆਪਣਾ ਕੰਮ ਕੱਢਣ ਲਈ ਦਿੱਤਾ ਜਾਂਦਾ ਹੈ।"

ਮਨੁੱਖੀ ਹਕੂਕ ਦੀ ਰਾਖੀ ਲਈ ਜਨੇਵਾ ਸਮਝੌਤਾ ਅਹਿਮ ਥਾਂ ਰੱਖਦਾ ਹੈ। ਇਕ ਸੌ ਸੰਤਾਲੀ ਮੁਲਕਾਂ ਨੇ ਜਨੇਵਾ ਸਮਝੌਤੇ ਨਾਲ ਸਹਿਮਤੀ ਜਤਾਈ ਹੈ। ਸਹਿਮਤੀ ਦੇ ਬਾਵਜੂਦ ਕੁਝ ਮੁਲਕ ਅਜੇ ਵੀ ਖੁੱਲੇ ਰੂਪ 'ਚ ਤਸ਼ੱਦਦ ਨੂੰ ਹੱਕ ਸਮਝਦੇ ਹਨ। ਐਮਨੈਸਟੀ ਅਤੇ ਹੋਰ ਕੌਮਾਂਤਰੀ ਮਨੁੱਖੀ ਹਕੂਕ ਜੱਥੇਬੰਦੀਆਂ ਮੁਤਾਬਕ ਘੱਟੋ-ਘੱਟ ਇਕਿਆਸੀ ਆਲਮੀ ਸਰਕਾਰਾਂ ਸਿੱਧੇ ਜਾਂ ਅਸਿੱਧੇ ਰੂਪ 'ਚ ਤਸ਼ੱਦਦਖਾਨੇ ਚਲਾ ਰਹੀਆਂ ਹਨ। ਬਾਕੀ ਮੁਲਕਾਂ 'ਚ ਵੀ ਮਨੁੱਖੀ ਹਕੂਕ ਦੀ ਪਾਲਣਾ ਦਾ ਦਾਅਵਾ ਸ਼ੱਕ ਦੇ ਘੇਰੇ 'ਚ ਹੈ। ਸਰਕਾਰੀ ਤਸ਼ੱਦਦ ਨੂੰ ਜਾਇਜ਼ ਠਹਿਰਾਉਣ ਦੀ ਮਸ਼ਕ ਬਾਦਸਤੂਰ ਜਾਰੀ ਹੈ। ਮੀਡੀਆ ਅਤੇ ਫ਼ਿਲਮਾਂ ਇਹਦਾ ਵੱਡਾ ਮਾਧਿਅਮ ਹਨ।

ਅਮਰੀਕੀ ਫ਼ਿਲਮ 'ਅਨਥਿੰਕੇਬਲ' (ਨਿਰਦੇਸ਼ਕ ਗ੍ਰੈਗਰ ਜੌਰਡਨ) ਤਸ਼ੱਦਦ, ਅਤਿਵਾਦ, ਅਮਰੀਕੀ ਵਿਦੇਸ਼ ਨੀਤੀ ਅਤੇ ਮਨੁੱਖੀ ਹਕੂਕ ਜਿਹੇ ਮੁੱਦੇ ਉਘਾੜਦੀ ਅਤੇ ਉਭਾਰਦੀ ਹੈ। ਫ਼ਿਲਮ ਦਾ ਮੁੱਖ ਪਾਤਰ ਸਟੀਵਨ ਆਰਥਰ ਯੰਗਰ ਅਮਰੀਕੀ ਸਿਪਾਹੀ ਹੈ ਜੀਹਨੂੰ ਮਨੁੱਖੀ ਤਬਾਹੀ ਦੇ ਹਥਿਆਰ ਜ਼ਬਤ ਅਤੇ ਬੇਅਸਰ ਕਰਨ ਲਈ ਇਰਾਕ ਭੇਜਿਆ ਜਾਂਦਾ ਹੈ। ਪੱਛਮੀ ਜੰਗਬਾਜ਼ਾਂ ਵੱਲੋਂ ਇਰਾਕੀਆਂ 'ਤੇ ਢਾਹੇ ਗਏ ਜ਼ੁਲਮਾਂ ਨੂੰ ਦੇਖ ਕੇ ਉਹ ਮੁਸਲਮਾਨ ਬਣ ਜਾਂਦਾ ਹੈ। ਅਮਰੀਕਾ ਵਾਪਸ ਆ ਕੇ ਉਹ ਅਪਣੀ ਵੀਡੀਓ ਟੇਪ ਤਿਆਰ ਕਰਦਾ ਹੈ। ਉਹਦਾ ਦਾਅਵਾ ਹੈ ਕਿ ਉਹਨੇ ਅਮਰੀਕਾ ਦੇ ਤਿੰਨ ਸ਼ਹਿਰਾਂ 'ਚ ਤਿੰਨ ਪ੍ਰਮਾਣੂ ਬੰਬ ਲਾਏ ਹਨ। ਉਹ ਜਾਣ-ਬੁੱਝ ਕੇ ਗ੍ਰਿਫਤਾਰ ਹੋ ਜਾਂਦਾ ਹੈ ਅਤੇ ਅਮਰੀਕੀ ਸਰਕਾਰ ਮੂਹਰੇ ਕੁਝ ਮੰਗਾਂ ਰੱਖਦਾ ਹੈ। ਜੇ ਸਰਕਾਰ ਮੰਗਾਂ ਨਹੀਂ ਮੰਨਦੀ ਤਾਂ ਉਹ ਤਿੰਨੇ ਸ਼ਹਿਰਾਂ ਨੂੰ ਪ੍ਰਮਾਣੂ ਬੰਬ ਨਾਲ ਉਡਾਉਣ ਦੀ ਧਮਕੀ ਦਿੰਦਾ ਹੈ।

ਪਹਿਲੀ ਮੰਗ ਮੁਤਾਬਕ ਅਮਰੀਕੀ ਸਰਕਾਰ ਮੱਧ-ਪੂਰਬ ਦੇ ਮੁਲਕਾਂ 'ਚ ਆਪਣੀਆਂ ਕਠਪੁਤਲੀ ਸਰਕਾਰਾਂ ਅਤੇ ਤਾਨਾਸ਼ਾਹਾਂ ਨੂੰ ਹਮਾਇਤ ਦੇਣੀ ਬੰਦ ਕਰੇ। ਦੂਜਾ, ਸਾਰੇ ਮੁਸਲਿਮ ਮੁਲਕਾਂ 'ਚੋਂ ਅਮਰੀਕੀ ਫ਼ੌਜਾਂ ਨੂੰ ਵਾਪਸ ਬੁਲਾਇਆ ਜਾਵੇ। ਸਟੀਵਨ ਦੀ ਤਫ਼ਤੀਸ਼ ਦਾ ਜ਼ਿੰਮਾ ਹੈਲਨ ਬਰੌਡੀ ਨਾਂ ਦੀ ਅਫ਼ਸਰ ਬੀਬੀ ਨੂੰ ਸੌਂਪਿਆ ਜਾਂਦਾ ਹੈ। ਦੂਜੇ ਪਾਸੇ, ਤਸ਼ੱਦਦ ਕਰਨ ਲਈ ਹੈਨਰੀ ਹੈਰੋਲਡ ਉਰਫ ਏਜੰਟ 'ਐਚ' ਨਾਂ ਦੇ ਬੰਦੇ ਨੂੰ ਬੁਲਾਇਆ ਜਾਂਦਾ ਹੈ ਜੋ ਤਸ਼ੱਦਦ ਕਰਨ ਦੇ ਮਾਮਲੇ 'ਚ ਸਭ ਤੋਂ ਬੇਰਹਿਮ ਅਤੇ 'ਹੁਨਰਮੰਦ' ਕਸਾਈਆਂ ਵਿਚ ਗਿਣਿਆਂ ਜਾਂਦਾ ਹੈ। ਉਹਦਾ ਕੰਮ ਸਟੀਵਨ ਤੋਂ ਬੰਬਾਂ ਦੀ ਥਾਂ ਦਾ ਪਤਾ ਕਰਨਾ ਹੈ। ਉਹ ਸਟੀਵਨ ਉੱਤੇ ਤਸ਼ੱਦਦ ਦੇ ਹਰ ਸੰਭਵ 'ਹੁਨਰ' ਅਜ਼ਮਾਉਂਦਾ ਹੈ ਜੀਹਦੇ ਵਿਚ ਬੰਦ ਬੰਦ ਕੱਟਣਾ, ਸਟੀਵਨ ਦੀ ਜੀਵਨ ਸਾਥਣ ਨੂੰ ਉਹਦੀਆਂ ਅੱਖਾਂ ਮੂਹਰੇ ਚਾਕੂ ਨਾਲ ਗਲਾ ਵੱਢ ਕੇ ਮਾਰਨਾ ਤੇ ਹੋਰ ਤਸੀਹੇ ਸ਼ਾਮਲ ਹਨ। ਅੰਤ ਵਿਚ ਉਹ ਸਟੀਵਨ ਦੇ ਬੱਚਿਆਂ ਨੂੰ ਉਹਦੇ ਸਾਹਮਣੇ ਤਸੀਹੇ ਦੇ ਕੇ ਮਾਰਨ ਦਾ ਫ਼ੈਸਲਾ ਕਰਦਾ ਹੈ। ਇਸੇ ਨੂੰ ਉਹ 'ਅਨਥਿੰਕੇਬਲ' ਕਹਿੰਦਾ ਹੈ।

ਫ਼ਿਲਮ ਬੁਸ਼ ਪ੍ਰਸ਼ਾਸਨ ਵੱਲੋਂ ਨਵੀਆਂ ਤੇ ਸੁਧਰੀਆਂ ਤਸ਼ੱਦਦ ਤਕਨੀਕਾਂ ਨੂੰ ਦਿੱਤੀ 'ਹੱਲਾਸ਼ੇਰੀ' ਦਾ ਚੇਤਾ ਕਰਾਉਂਦੀ ਹੈ। ਹੈਲਨ ਬਰੌਡੀ, ਏਜੰਟ 'ਐਚ' ਦੇ ਕਾਰਿਆਂ ਦਾ ਵਿਰੋਧ ਕਰਦੀ ਹੈ। ਮੂਲ ਰੂਪ ਵਿਚ ਉਹ ਅਣਮਨੁੱਖੀ ਤਸ਼ੱਦਦ ਦੇ ਖ਼ਿਲਾਫ਼ ਪੈਂਤੜਾ ਲੈਂਦੀ ਹੈ। ਸਾਰੀ ਫ਼ਿਲਮ ਵਿਚ 'ਐਚ' ਨਾਲ ਉਹਦਾ ਵਿਰੋਧ ਬਣਿਆ ਰਹਿੰਦਾ ਹੈ। 'ਐਚ' ਭੇਤ ਭਰਿਆ ਕਿਰਦਾਰ ਹੈ। ਆਹਲਾ ਦਰਜੇ ਦਾ ਅਮਰੀਕੀ ਅਫ਼ਸਰ ਸਟੀਵਨ ਦੀਆਂ ਮੰਗਾਂ ਬਾਰੇ 'ਐਚ' ਨੂੰ ਕਹਿੰਦਾ ਹੈ, "ਅਮਰੀਕੀ ਵਿਦੇਸ਼ ਨੀਤੀ ਦਾ ਫ਼ੈਸਲਾ ਹੁਣ ਅਤਿਵਾਦੀ ਕਰਨਗੇ?" 'ਐਚ' ਦਾ ਸਿੱਧਾ-ਸਾਧਾ ਜਵਾਬ ਹੈ, 'ਕਿਉਂ ਨਹੀਂ?" ਦੂਜੇ ਪਾਸੇ, ਉਹ ਸਟੀਵਨ ਤੋਂ ਜਾਣਕਾਰੀ ਹਾਸਲ ਕਰਨ ਲਈ ਹਰ ਧੱਕੇਸ਼ਾਹੀ ਨੂੰ ਜਾਇਜ਼ ਸਮਝਦਾ ਹੈ। ਸਟੀਵਨ ਬੱਚਿਆਂ 'ਤੇ ਤਸ਼ੱਦਦ ਵਾਲੀ ਗੱਲ ਤੋਂ ਟੁੱਟ ਜਾਂਦਾ ਹੈ। ਉਹ ਸਾਰੇ ਬੰਬਾਂ ਦੀ ਥਾਂ ਦੱਸਣ ਲਈ ਰਾਜ਼ੀ ਹੋ ਜਾਂਦਾ ਹੈ ਤੇ ਸਿਪਾਹੀ ਤੋਂ ਪਿਸਤੌਲ ਖੋਹ ਕੇ ਅਪਣੇ-ਆਪ ਨੂੰ ਗੋਲੀ ਮਾਰ ਲੈਂਦਾ ਹੈ। ਮਰਦਾ ਹੋਇਆ ਹੈਲਨ ਬਰੌਡੀ ਨੂੰ ਬੱਚਿਆਂ ਦੀ ਦੇਖਭਾਲ ਕਰਨ ਲਈ ਕਹਿ ਜਾਂਦਾ ਹੈ। ਅਖ਼ੀਰਲੇ ਪਲਾਂ 'ਚ ਬਰੌਡੀ ਬੱਚਿਆਂ ਨੂੰ ਨਾਲ ਲੈ ਕੇ ਜਾ ਰਹੀ ਹੈ। ਫ਼ਿਲਮ ਖੁੱਲ੍ਹੇ ਅੰਤ ਨਾਲ ਖਤਮ ਹੁੰਦੀ ਹੈ। ਅੰਤਲੇ ਦ੍ਰਿਸ਼ ਵਿਚ ਇਕ ਬੰਬ ਫਟਣ ਲਈ ਤਿਆਰ ਹੈ, ਮਤਲਬ ਸਟੀਵਨ ਨੇ ਇਕ ਬੰਬ ਦਾ ਖ਼ੁਲਾਸਾ ਨਹੀਂ ਕੀਤਾ ਸੀ। ਓਪਰੀ ਨਜ਼ਰੇ ਫ਼ਿਲਮ ਅਮਰੀਕੀ ਜੰਗੀ ਨੀਤੀਆਂ ਵਿਰੁਧ ਭੁਗਤਦੀ ਲਗਦੀ ਹੈ ਪਰ ਅਜਿਹਾ ਨਹੀਂ ਹੈ। ਪ੍ਰਮਾਣੂ ਬੰਬਾਂ ਦਾ ਨਾਮ ਜਾਣ-ਬੁੱਝ ਕੇ ਵਰਤਿਆ ਗਿਆ ਹੈ ਕਿਉਂਕਿ ਇਹ ਵਧੇਰੇ ਡਰ-ਪਾਊ ਹੈ। ਲੋਕਾਂ ਵਿਚ ਅਤਿਵਾਦ ਦੇ ਨਾਂ 'ਤੇ ਦਹਿਸ਼ਤ ਪਾਉਣ ਦੀ ਮਸ਼ਕ ਨਿੱਤ-ਦਿਨ ਮੀਡੀਆ ਰਾਹੀਂ ਕੀਤੀ ਜਾਂਦੀ ਹੈ। ਫ਼ਿਲਮ ਫੜੇ ਗਏ ਲੋਕਾਂ 'ਤੇ ਕੀਤੇ ਜਾਂਦੇ ਤਸ਼ੱਦਦ ਨੂੰ ਸਹੀ ਠਹਿਰਾਉਂਦੀ ਹੈ। ਸਿੱਟਾ ਇਹੀ ਨਿਕਲਦਾ ਹੈ ਕਿ ਜੇ ਤਸ਼ੱਦਦ ਕਰਕੇ 'ਸੱਚ' ਨਾ ਜਾਣਿਆ ਗਿਆ ਤਾਂ ਅਤਿਵਾਦੀ ਅਪਣੇ 'ਮਨਸੂਬਿਆਂ' ਵਿਚ ਕਾਮਯਾਬ ਹੋ ਜਾਣਗੇ।



ਫ਼ਿਲਮ 'ਅਨਥਿੰਕੇਬਲ' ਦਾ ਇਕ ਮਾਰਮਿਕ ਦ੍ਰਿਸ਼।

ਇਸੇ ਪ੍ਰਸੰਗ 'ਚ ਹਿੰਦੀ ਫ਼ਿਲਮ 'ਬਲੈਕ ਫ੍ਰਾਈਡੇ' ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਪੁਲਿਸ ਬੰਬ ਕਾਂਡ ਦੇ ਮੁਲਜ਼ਮਾਂ ਦੇ ਘਰਦਿਆਂ ਨੂੰ ਤਸੀਹੇ ਦੇਣ ਨੂੰ ਜਾਇਜ਼ ਮੰਨਦੀ ਹੈ। ਇਸ ਮੁਤਾਬਕ ਮੁਲਜ਼ਮ (ਮੁਸਲਮਾਨ) ਵੱਡੇ ਤੋਂ ਵੱਡਾ ਤਸ਼ੱਦਦ ਸਹਿ ਸਕਦੇ ਹਨ ਪਰ ਮਾਪਿਆਂ, ਭੈਣਾਂ ਤੇ ਜੀਵਨ-ਸਾਥਣਾਂ ਦੀ ਬੇਪਤੀ ਸਹਿਣ ਨਹੀਂ ਕਰ ਸਕਦੇ ਜੀਹਦੇ ਕਰਕੇ ਇਨ੍ਹਾਂ ਨੂੰ ਤਸੀਹੇ ਦੇਣਾ ਜ਼ਰੂਰੀ ਹੈ। 'ਅਨਥਿੰਕੇਬਲ' ਨੂੰ 'ਅਤਿਵਾਦ ਖ਼ਿਲਾਫ਼ ਜੰਗ' ਦੇ ਦਾਅਵੇ ਨਾਲ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ। 9/11 ਦੇ ਹਾਦਸੇ ਤੋਂ ਬਾਅਦ 'ਅਤਿਵਾਦ ਖ਼ਿਲਾਫ਼ ਜੰਗ' ਨੇ ਹੁਕਮਰਾਨਾਂ ਦੇ ਹੱਥ ਵਿਚ ਵੱਡਾ ਹਥਿਆਰ ਦੇ ਦਿੱਤਾ ਹੈ। ਹੁਣ ਉਹ ਮਨੁੱਖੀ ਹਕੂਕ ਦੀ ਉਲੰਘਣਾ ਦੇ ਕਾਲੇ ਲੇਖ ਲਿਖ ਰਹੇ ਹਨ। 'ਅਤਿਵਾਦ' ਦਾ ਹਊਆ ਖੜ੍ਹਾ ਕਰਕੇ ਲੋਕਾਂ ਦੇ ਹੱਕੀ ਅੰਦੋਲਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਹਊਏ ਦੀ ਵਜ੍ਹਾ ਨਾਲ ਪੱਛਮੀ ਮੁਲਕਾਂ, ਭਾਰਤ ਅਤੇ ਇਸਰਾਈਲ ਵਰਗੇ ਮੁਲਕਾਂ ਦੀ ਬਹੁਗਿਣਤੀ 'ਤਸ਼ੱਦਦ' ਨੂੰ ਖ਼ਾਮੋਸ਼ ਸਹਿਮਤੀ ਦਿੰਦੀ ਸਿੱਧ ਕੀਤੀ ਜਾਂਦੀ ਹੈ। ਇਸ ਹਊਏ ਨੇ ਲੋਕਾਂ ਦੇ ਬੁਨਿਆਦੀ ਮਸਲਿਆਂ ਤੋਂ ਧਿਆਨ ਹਟਾਉਣ ਅਤੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਲਾਗੂ ਕਰਨ 'ਚ ਵੱਡਾ ਹਿੱਸਾ ਪਾਇਆ ਹੈ। ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਲਈ ਅਗਲਾ ਕਦਮ ਮੁਲਕਾਂ ਦੇ ਫ਼ੌਜੀਕਰਨ ਦਾ ਹੈ। ਜੰਗਬਾਜ਼ਾਂ ਦਾ ਮਨੁੱਖ ਨਾਲ ਰਿਸ਼ਤਾ ਮੌਤ ਅਤੇ ਤਬਾਹੀ ਦਾ ਹੀ ਹੋ ਸਕਦਾ ਹੈ। ਇਨ੍ਹਾਂ ਹਾਲਾਤ ਵਿਚ ਮਨੁੱਖੀ ਹਕੂਕ ਦੀ ਉਲੰਘਣਾ ਦਾ ਖ਼ਤਰਾ ਹੋਰ ਗੰਭੀਰ ਹੋ ਜਾਂਦਾ ਹੈ। ਅਮਰੀਕਾ ਤੇ ਇੰਗਲੈਂਡ ਵੱਲੋਂ 'ਅੱਤਵਾਦ ਖ਼ਿਲਾਫ਼ ਜੰਗ' ਵਿਚ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਪੇਸ਼ ਕੀਤੇ ਗਏ ਸਬੂਤ ਸ਼ੱਕ ਦੇ ਘੇਰੇ 'ਚ ਆਏ ਹਨ। ਇਕਬਾਲੀਆ ਬਿਆਨ ਦਰਜ ਕਰਾਉਣ ਲਈ ਮੁਲਜ਼ਮਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਸੀ।

ਅਪਰੈਲ 2009 ਵਿਚ ਅਮਰੀਕਾ ਦੇ ਆਹਲਾ ਦਰਜੇ ਦੇ ਖ਼ੁਫ਼ੀਆ ਅਫ਼ਸਰ (ਸਾਬਕਾ) ਅਤੇ ਸਾਬਕਾ ਫ਼ੌਜੀ ਮਨੋਵਿਗਿਆਨ ਮਾਹਿਰ ਨੇ ਖ਼ੁਲਾਸਾ ਕੀਤਾ ਹੈ ਕਿ ਬੁਸ਼ ਪ੍ਰਸ਼ਾਸਨ ਨੇ ਤਫ਼ਤੀਸ਼ ਕਰਨ ਵਾਲਿਆਂ 'ਤੇ ਨਵੀਆਂ ਤੇ ਵਿਕਸਿਤ ਤਸ਼ੱਦਦ ਤਕਨੀਕਾਂ ਵਰਤਣ ਲਈ ਦਬਾਅ ਪਾਇਆ ਸੀ। ਇਹ ਤਕਨੀਕਾਂ ਵਰਤ ਕੇ ਉਹ ਮੁਲਜ਼ਮਾਂ ਤੋਂ ਅਲਕਾਇਦਾ ਅਤੇ ਸੱਦਾਮ ਹੁਸੈਨ ਦੇ ਨਿਜ਼ਾਮ ਵਿਚਲੀਆਂ ਸਾਂਝੀਆਂ ਤੰਦ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ। 14 ਮਈ 2009 ਨੂੰ ਅਮਰੀਕੀ ਉਪ ਰਾਸ਼ਟਰਪਤੀ ਡਿਕ ਚੇਨੀ ਨੇ ਖੁੱਲ੍ਹੇਆਮ ਵਾਟਰਬੋਰਡਿੰਗ (ਤਸ਼ੱਦਦ ਦੀ ਕਿਸਮ) ਤੇ ਸੁਧਰੀਆਂ ਤਸ਼ੱਦਦੀ ਤਕਨੀਕਾਂ ਦੇ ਹੱਕ ਵਿਚ ਬਿਆਨ ਦਿੱਤਾ ਸੀ। ਉਹਦੇ ਮੁਤਾਬਕ, 'ਮੈਂ ਸਾਡੇ ਸੁਧਰੇ ਤੇ ਵਿਕਸਿਤ ਤਸ਼ੱਦਦੀ ਪ੍ਰੋਗਰਾਮ ਦਾ ਹਮਾਇਤੀ ਹਾਂ ਤੇ ਰਹਾਂਗਾ।"

ਰਾਸ਼ਟਰਪਤੀ ਦੇ ਸਲਾਹਕਾਰ ਕਾਰਲ ਰੋਵ ਨੇ ਕਿਹਾ ਕਿ ਅਸੀਂ ਇਨ੍ਹਾਂ ਤਸ਼ੱਦਦੀ ਤਕਨੀਕਾਂ ਨਾਲ ਹੀ ਲੋਕਾਂ ਨੂੰ ਬਚਾ ਸਕੇ ਹਾਂ। ਇਹ ਕੌਮਾਂਤਰੀ ਤੇ ਅਮਰੀਕੀ ਕਨੂੰਨਾਂ ਮੁਤਾਬਕ ਵਰਤੇ ਗਏ ਹਨ। ਅਸਲ ਪੁਆੜੇ ਦੀ ਜੜ੍ਹ ਸਾਮਰਾਜੀ ਮੁਲਕਾਂ ਦੀ ਵਿਦੇਸ਼ ਨੀਤੀ ਹੈ। ਸਮੁੱਚੇ ਰੂਪ ਵਿਚ ਇਹ ਪ੍ਰਾਪੇਗੰਡਾ ਫ਼ਿਲਮ ਹੈ ਜੋ 'ਅਤਿਵਾਦ' ਦੇ ਨਾਂ 'ਤੇ ਜੰਗਬਾਜ਼ਾਂ ਨੂੰ ਤਸ਼ੱਦਦਖਾਨੇ ਚਲਾਉਣ ਦੀ ਖੁੱਲ੍ਹ ਦਿੰਦੀ ਹੈ।

## ਖੇਤੀ ਮਾਡਲ ਨੇ ...

(ਸਫਾ 15 ਦੀ ਬਾਕੀ)

ਸਾਫ ਹੈ ਕਿ ਇਹ ਬਜਟ ਵਧ ਰਹੇ ਸਿਹਤ ਖਰਚਿਆਂ ਅਤੇ ਮਹਿੰਗੇ ਇਲਾਜ ਦੀ ਬਨਿਸਬਤ ਬਹੁਤ ਨਿਗੂਣੇ ਹਨ। ਇਸੇ ਕਰਕੇ ਸਰਕਾਰੀ ਹਸਪਤਾਲ ਅਤੇ ਡਿਸਪੈਂਸਰੀਆਂ ਵਿਚ ਸਟਾਫ਼ ਦੀ ਬਹੁਤ ਘਾਟ ਹੈ। ਦਵਾਈਆਂ ਅਤੇ ਬਾਕੀ ਇਲਾਜ ਦੇ ਉਪਕਰਨ ਤਾਂ ਕਾਫੀ ਸਮੇਂ ਤੋਂ ਹੀ ਨਾਂ-ਮਾਤਰ ਹਨ। ਜਿਉਂ ਜਿਉਂ ਬਿਮਾਰੀਆਂ ਦਾ ਮਨੁੱਖੀ ਸਿਹਤ 'ਤੇ ਜ਼ਿਆਦਾ ਹਮਲਾ ਹੋਣਾ ਸ਼ੁਰੂ ਹੋਇਆ ਹੈ, ਤਿਉਂ ਤਿਉਂ ਸਰਕਾਰਾਂ ਸਿਹਤ ਬਜਟ 'ਤੇ ਕੱਟ ਲਾਉਂਦੀਆਂ ਚਲੀਆਂ ਗਈਆਂ ਜਿਸ ਨਾਲ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿਚ ਬਹੁਤ ਮਹਿੰਗੇ ਇਲਾਜ ਕਰਵਾਉਣ ਲਈ ਜਾਣਾ ਪੈ ਰਿਹਾ ਹੈ। ਬਹੁਤੇ ਹਾਲਾਤ ਵਿਚ ਨੌਬਤ ਅਜਿਹੀ ਆਉਂਦੀ ਹੈ ਕਿ ਨਾ ਬੰਦਾ ਬਚਦਾ ਅਤੇ ਨਾ ਹੀ ਘਰ ਦੀ ਆਰਥਿਕਤਾ। ਕੌਮੀ ਅੰਕੜਾ ਸਰਵੇਖਣ ਸੰਸਥਾ ਅਨੁਸਾਰ ਪੰਜਾਬ ਸਰਕਾਰ ਸਿਹਤ ਉਪਰ 397 ਰੁਪਏ ਪ੍ਰਤੀ ਵਿਅਕਤੀ ਸਾਲਾਨਾ ਖਰਚ ਕਰ ਰਹੀ ਹੈ ਜਦ ਕਿ ਪੰਜਾਬ ਦੇ ਲੋਕ ਲਗਪਗ 2600 ਰੁਪਏ ਪ੍ਰਤੀ ਵਿਅਕਤੀ ਸਾਲਾਨਾ ਪ੍ਰਾਈਵੇਟ ਹਸਪਤਾਲਾਂ ਵਿਚ ਖਰਚ ਕਰ ਰਹੇ ਹਨ। ਸਾਫ ਹੈ ਕਿ ਇਲਾਜ ਹੁਣ ਸਰਕਾਰੀ ਨਹੀਂ ਸਗੋਂ ਪ੍ਰਾਈਵੇਟ ਹਸਪਤਾਲਾਂ ਵਿਚ ਹੀ ਹੋ ਰਿਹਾ ਹੈ।

ਮੁਕਦੀ ਗੱਲ ਇਹ ਹੈ ਕਿ ਜੇਕਰ ਸਰਕਾਰ ਨੇ ਇਸ ਖੇਤੀ ਮਾਡਲ ਨੂੰ ਲਾਗੂ ਕਰਕੇ ਲੋਕਾਂ ਦੀ ਆਰਥਿਕਤਾ ਅਤੇ ਸਿਹਤ ਦਾ ਨੁਕਸਾਨ ਕੀਤਾ ਹੈ ਤਾਂ ਜ਼ਿੰਮੇਵਾਰੀ ਵੀ ਸਰਕਾਰ ਦੀ ਬਣਦੀ ਹੈ ਕਿ ਇਸ ਨੂੰ ਠੀਕ ਕੀਤਾ ਜਾਵੇ। ਪੰਜਾਬ ਦੀ ਮੌਜੂਦਾ ਆਰਥਿਕਤਾ, ਵਾਤਾਵਰਨ ਅਤੇ ਮਨੁੱਖੀ ਸਿਹਤ ਦੀ ਚਿੰਤਾਜਨਕ ਹਾਲਤ ਨੂੰ ਵਾਚਦੇ ਹੋਏ, ਇਥੋਂ ਦੇ ਖੇਤੀ ਮਾਡਲ ਨੂੰ ਮੁੜ ਵਿਚਾਰ ਕੇ ਇਸ ਦੀ ਥਾਂ ਸਾਰਥਿਕ ਮਾਡਲ ਲਾਗੂ ਕਰਨਾ ਜ਼ਰੂਰੀ ਹੈ।

## ਸਾਨੂੰ ਤੰਗੀਆਂ ਦੁਬਈ 'ਚ ਬਥੇਰੀਆਂ

(ਸਫਾ 35 ਦੀ ਬਾਕੀ)

ਏ, ਉਨ੍ਹਾਂ ਨੂੰ ਰੋਟੀ-ਟੁੱਕ ਤੇ ਰਹਿਣ-ਸਹਿਣ ਦੇ ਖਰਚੇ ਕੱਢ ਕੇ ਬਚਦਾ ਕੁੱਝ ਨਹੀਂ। ਉਧਰੋਂ ਵਾਪਸ ਏਧਰ ਆਉਣਾ ਵੀ ਘਾਟੇਵੰਦਾ ਲੱਗਦਾ ਏ ਪਰ ਚੌਦਾਂ-ਚੌਦਾਂ ਘੰਟੇ ਕੰਮ ਕਰਕੇ ਬਚਦਾ ਕੁੱਝ ਨਹੀਂ। ਜਿਹੜੇ ਪੰਜਾਬੀ ਪਹਿਲੇ ਵੇਲਿਆਂ 'ਚ ਉਥੇ ਗਏ, ਉਨ੍ਹਾਂ ਭਲੇ ਵੇਲਿਆਂ 'ਚ ਖੂਨ-ਪਸੀਨਾ ਇਕ ਕਰਕੇ ਆਪਣੇ ਕਾਰੋਬਾਰ ਠੀਕ ਕਰ ਲਏ ਨੇ ਪਰ ਜਿਹੜੇ ਨਵੇਂ ਜਾਂਦੇ ਨੇ, ਉਨ੍ਹਾਂ 'ਚੋਂ ਕਿਸਮਤ ਵਾਲਿਆਂ ਦੀਆਂ ਹੀ ਉਮੀਦਾਂ ਪੂਰੀਆਂ ਹੁੰਦੀਆਂ ਨੇ।

ਦੁਬਈ ਜਿੰਨੇ ਕੁ ਪੰਜਾਬੀਆਂ ਨੂੰ ਮੈਂ ਮਿਲਿਆ, ਉਨ੍ਹਾਂ 'ਚੋਂ ਬਹੁਤਿਆਂ ਦੀ ਹਾਲਤ ਉਹੀ ਹੈ, ਜਿਹੜੀ ਅਸੀਂ ਅਖ਼ਬਾਰਾਂ ਵਿਚ ਅਕਸਰ ਪੜ੍ਹਦੇ ਹਾਂ। ਸਖ਼ਤ ਕਾਨੂੰਨ, ਲੰਮੀ ਡਿਊਟੀ, ਇਛਾਵਾਂ ਦੀ ਹੱਤਿਆ, ਹਨੇਰਾ ਭਵਿੱਖ ਅਤੇ ਪੱਕੇ ਹੋਣ ਦੀ ਨਾ-ਉਮੀਦੀ। ਗੱਲ ਇਕੱਲੇ ਦੁਬਈ ਦੀ ਨਹੀਂ, ਪਿਛਲੇ ਲੰਮੇ ਸਮੇਂ ਤੋਂ ਅਰਬ ਦੇਸ਼ਾਂ ਵਿਚ ਜਾਣ ਵਾਲੇ ਸਭ ਨੌਜਵਾਨਾਂ ਦਾ ਏਹੀ ਹਾਲ ਹੈ। ਉਧਰਲੇ ਕਾਨੂੰਨਾਂ ਦੀਆਂ ਬਾਰੀਕੀਆਂ ਤੋਂ ਅਣਜਾਣ ਜਦੋਂ ਉਹ ਕਿਸੇ ਗ਼ਲਤ ਕਾਰੇ ਵਿਚ ਸ਼ਾਮਲ ਹੋ ਜਾਂਦੇ ਨੇ ਤਾਂ ਜੇਲ੍ਹ ਦੀਆਂ ਸੀਖਾਂ ਸਵਾਗਤ ਕਰਦੀਆਂ ਨੇ। ਜਿਹੜੇ ਮਾਪਿਆਂ ਨੇ ਉਨ੍ਹਾਂ ਨੂੰ ਘਰੋਂ ਤੋਰਨ ਵੇਲੇ ਸੌ-ਸੌ ਸੁਪਨੇ ਲਏ ਹੁੰਦੇ ਨੇ, ਉਹੀ ਆਪਣੇ ਪੁੱਤਾਂ ਨੂੰ ਛੁਡਵਾਉਣ ਦੀਆਂ ਕੋਸ਼ਿਸ਼ਾਂ 'ਚ ਦਰ-ਦਰ ਭਟਕਣ ਲਈ ਮਜਬੂਰ ਹੋ ਜਾਂਦੇ ਨੇ।

ਪਿਛਲੇ ਕੁੱਝ ਸਮੇਂ ਤੋਂ ਸੋਲ੍ਹਾਂ ਪੰਜਾਬੀ ਜਿਸ ਤਰ੍ਹਾਂ ਸ਼ਾਰਜਾਹ ਵਿਚ ਇੱਕ ਪਾਕਿਸਤਾਨੀ ਨੌਜਵਾਨ ਦੇ ਕਤਲ ਦੇ ਮੁਕੱਦਮੇ ਵਿਚ ਫਸੇ ਹੋਏ ਨੇ ਤੇ ਪੂਰਾ ਪੰਜਾਬ ਉਨ੍ਹਾਂ ਦੀ ਵਾਪਸੀ ਲਈ ਦੁਆਵਾਂ ਕਰ ਰਿਹੈ, ਉਸ ਨਾਲ ਭਾਵੇਂ ਕੁੱਝ ਹੱਦ ਤੱਕ ਨੌਜਵਾਨਾਂ ਅੰਦਰੋਂ ਵਿਦੇਸ਼ ਜਾਣ ਤੋਂ ਪਹਿਲਾਂ ਸਬੰਧਤ ਏਜੰਟ, ਮੁਲਕ, ਕੰਪਨੀ ਤੇ ਕੰਮ ਬਾਰੇ ਘੋਖ ਪੜਤਾਲ ਕਰਨ ਦਾ ਰੁਝਾਨ ਵਧਿਆ ਹੈ ਪਰ ਬੇਰੁਜ਼ਗਾਰੀ ਅਤੇ ਜ਼ਿੰਦਗੀ ਨਾਲ ਜੁੜੀਆਂ ਬਾਕੀ ਸਮੱਸਿਆਵਾਂ ਉਨ੍ਹਾਂ ਨੂੰ ਵਲੈਤ ਦਾ ਕੌੜਾ ਘੁੱਟ ਭਰਨ ਲਈ ਮਜਬੂਰ ਕਰ ਰਹੀਆਂ ਨੇ। ਕੁਵੈਤ, ਬਹਿਰੀਨ ਤੇ ਹੋਰ ਅਰਬ ਮੁਲਕਾਂ ਵਿਚ ਇੱਕ-ਇੱਕ ਕਮਰੇ ਵਿਚ ਪੰਦਰਾਂ-ਪੰਦਰਾਂ ਨੌਜਵਾਨ ਰਹਿਣ ਲਈ ਮਜਬੂਰ ਹਨ, ਸਿਰਫ਼ ਇਸ ਆਸ 'ਚ ਕਿ ਇੱਕ ਦਿਨ ਉਨ੍ਹਾਂ ਦੇ ਪਰਿਵਾਰਾਂ 'ਤੇ ਵੀ ਚੰਗੇ ਦਿਨ ਆਉਣਗੇ।

ਦੁਬਈ ਘੁੰਮਦਿਆਂ ਇੱਕ ਹੋਰ ਗੱਲ ਸਾਹਮਣੇ ਆਈ ਕਿ ਪੰਜਾਬੀ ਹੀ ਪੰਜਾਬੀਆਂ ਦੇ ਪੈਰ ਮਿੱਧਦੇ ਹਨ। ਇੱਕ ਜਣਾ ਕਿਤੇ ਪੰਦਰਾਂ ਸੌ ਦਰਾਮ 'ਤੇ ਨੌਕਰੀ ਕਰਦੈ ਤਾਂ ਦੂਜਾ ਉਸ ਨੂੰ ਉਥੋਂ ਹਟਵਾ ਕੇ ਬਾਰਾਂ ਸੌ ਵਿਚ ਕੰਮ ਕਰਨ ਲਈ ਕਾਹਲਾ ਹੁੰਦੈ। ਖੁਦ ਚੰਗੇ ਬਣਨ ਲਈ ਦੂਜੇ ਬਾਰੇ ਮਾਲਕਾਂ ਦੇ ਕੰਨ ਭਰਨ ਦਾ ਰੁਝਾਨ ਏਨੀ ਤੇਜ਼ੀ ਫੜ ਚੁੱਕੈ ਕਿ ਕੰਮ ਦੇਣ ਵਾਲੇ ਦੀ ਹਮੇਸ਼ਾ ਪੌਂ ਬਾਰਾਂ ਰਹਿੰਦੀ ਹੈ ਤੇ ਮਿਹਨਤ ਕਰਨ ਵਾਲੇ ਆਪਣੇ ਹੀ ਬੁਣੇ ਜਾਲ 'ਚ ਉਲਝੇ ਰਹਿੰਦੇ ਹਨ। ਮਨੋਰੰਜਨ ਲਈ ਇੱਕ ਥਾਂ ਇਕੱਠੇ ਹੋਏ ਪੰਜਾਬੀ ਵੀ ਪੁਰਾਣੀਆਂ ਰੰਜਿਸ਼ਾਂ ਕਾਰਨ ਲੜਨ ਡਹਿ ਪੈਂਦੇ ਨੇ। ਸਬੰਧਤ ਮੁਲਕ ਵੱਲੋਂ ਜਿਹੜੀਆਂ ਗੱਲਾਂ 'ਤੇ ਰੋਕ ਲਾਈ ਹੁੰਦੀ ਏ, ਉਹ ਕੰਮ ਜਾਣ-ਬੁੱਝ ਕੇ ਕਰਨ ਦੀ ਕੋਸ਼ਿਸ਼ ਹੁੰਦੀ ਏ ਤੇ ਅਖੀਰ ਮਾੜੇ ਨਤੀਜੇ ਨਿਕਲਦੇ ਨੇ।

ਬਿਨਾਂ ਸ਼ੱਕ ਪੰਜਾਬੀਆਂ ਦੇ ਮਿਹਨਤੀ ਸੁਭਾਅ ਦੀਆਂ ਗੱਲਾਂ ਹਰ ਮੁਲਕ ਵਿਚ ਹੁੰਦੀਆਂ ਨੇ ਪਰ ਕੱਲ੍ਹ ਤੇ ਅੱਜ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਹਰ ਮੁਲਕ ਵਿਚ ਮਿੰਨੀ ਪੰਜਾਬ ਵਸਾਉਣ ਵਾਲੇ ਪੰਜਾਬੀਆਂ ਦੇ ਇੱਕ ਹਿੱਸੇ ਨੂੰ ਅੰਤਾਂ ਦਾ ਸੰਘਰਸ਼ ਕਰਕੇ ਵੀ ਬਹੁਤ ਘੱਟ ਕਾਮਯਾਬੀ ਹਾਸਲ ਹੁੰਦੀ ਹੈ। ਐਸ.ਪੀ. ਸਿੰਘ ਓਬਰਾਏ ਵਰਗੇ ਜਿਹੜੇ ਪੰਜਾਬੀ ਜੇਲ੍ਹੀਂ ਡੱਕੇ ਮੁੰਡਿਆਂ ਨੂੰ ਬਾਹਰ ਲਿਆਉਣ ਲਈ ਯਤਨ ਕਰਦੇ ਨੇ, ਉਨ੍ਹਾਂ ਦੀ ਸ਼ਲਾਘਾ ਹੋਣੀ ਚਾਹੀਦੀ ਹੈ। ਜਸਪ੍ਰੀਤ ਓਬਰਾਏ ਵਰਗੇ ਜਿਹੜੇ ਪੰਜਾਬੀ ਡੁਬਈ 'ਚ ਦਿਨ-ਰਾਤ ਕੰਮ ਕਰਨ ਵਾਲੇ ਪੰਜਾਬੀਆਂ ਲਈ ਸੱਭਿਆਚਾਰਕ ਮੇਲੇ ਕਰਵਾ ਕੇ ਇੱਕ-ਇੱਕ ਥਾਂ ਪੰਜ-ਪੰਜ ਹਜ਼ਾਰ ਦਾ ਇਕੱਠ ਕਰ ਦਿਖਾਉਂਦੇ ਨੇ, ਉਨ੍ਹਾਂ ਨੂੰ ਸਲਾਮ ਕਰਨੀ ਬਣਦੀ ਹੈ ਪਰ ਘਰ-ਬਾਰ ਛੱਡ ਚੰਗੇ ਭਵਿੱਖ ਦੇ ਸੁਪਨੇ ਲੈਣ ਵਾਲੇ ਜਿਹੜੇ ਨੌਜਵਾਨਾਂ ਨੂੰ ਖੱਜਲ-ਖੁਆਰ ਹੋਣ ਦੇ ਬਾਵਜੂਦ ਕੁੱਝ ਹਾਸਲ ਨਹੀਂ ਹੁੰਦਾ, ਉਨ੍ਹਾਂ ਵੱਲ ਦੇਖ ਕੇ ਗੱਚ ਭਰ ਆਉਣਾ ਵੀ ਕੁਦਰਤੀ ਹੈ।

ਕਿੰਨਾ ਚੰਗਾ ਹੋਵੇ ਜੇ ਏਜੰਟਾਂ ਦੇ ਧੱਕੇ ਚੜ੍ਹ, ਜ਼ਮੀਨਾਂ ਗਹਿਣੇ ਧਰ ਉਡਾਰੀ ਭਰਨ ਵਾਲੇ ਨੌਜਵਾਨ ਆਪਣੇ ਵਤਨ ਵਿਚ ਹੀ ਮਿਹਨਤ ਕਰਨੀ ਸ਼ੁਰੂ ਕਰਨ, ਜੇ ਦਰਾਮਾਂ, ਡਾਲਰਾਂ, ਰਿੰਗਟਾਂ, ਪੌਂਡਾਂ ਦੇ ਸੁਪਨੇ ਲੈਣ ਤੋਂ ਪਹਿਲਾਂ ਪ੍ਰਾਪਤ ਹੋਣ ਵਾਲੇ ਕੰਮ ਅਤੇ ਕੰਮ ਦਿਵਾਉਣ ਵਾਲੇ ਦੇ ਰਿਕਾਰਡ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਲੈ ਲੈਣ। ਕਿੰਨਾ ਚੰਗਾ ਹੋਵੇ, ਜੇ ਵਤਨੋਂ ਬਾਹਰ ਜਾਣ ਵੇਲੇ ਅਸੀਂ ਆਪਸੀ ਰੰਜਸ਼ਾਂ ਨੂੰ ਭੁੱਲ-ਭੁਲਾ ਇੱਕ-ਦੂਜੇ ਦੇ ਸਹਾਈ ਹੋਣਾ ਸ਼ੁਰੂ ਕਰੀਏ। ਜੇ ਦੇਖਾ-ਦੇਖੀ ਵਿਚ ਫ਼ੈਸਲੇ ਲੈਣ ਨਾਲੋਂ ਨਫੇ-ਨੁਕਸਾਨ ਬਾਰੇ ਪਹਿਲਾਂ ਸੋਚਿਆ ਜਾਣ ਲੱਗੇ ਤਾਂ ਖੱਜਲ-ਖੁਆਰੀਆਂ ਦਾ ਸਿਲਸਿਲਾ ਘਟੇਗਾ।

### ਥੱਪੜ

ਬੰਨ੍ਹੇ ਸ਼ੇਰ ਉਤੇ ਹਮਲਾ ਕਰਨ ਵਾਲੇ,
ਕਾਂ, ਕੁੱਤੇ ਨਾ ਕਦੇ ਦਲੇਰ ਹੁੰਦੇ।
ਪੂਛਾਂ ਚੁੱਕ ਕੇ ਦੂਰ ਤੋਂ ਭੌਂਕਦੇ ਜੋ,
ਨੇੜੇ ਆਉਣ 'ਤੇ ਮਿੱਟੀ ਦਾ ਢੇਰ ਹੁੰਦੇ।

ਦਿਲ ਗਿੱਦੜਾਂ ਦੇ, ਚਾਲ ਲੂੰਬੜਾਂ ਦੀ,
ਵਿਚੋਂ ਝੂਠ ਮੱਕਾਰੀ ਨਾਲ ਭਰੇ ਨੇ ਇਹ,
ਥੱਪੜ ਮਾਰ 'ਹਵਾਰੇ' ਨੇ ਦੱਸ ਦਿੱਤਾ,
ਸ਼ੇਰ ਬੇੜੀਆਂ ਵਿਚ ਵੀ ਸ਼ੇਰ ਹੁੰਦੇ।

*-ਡਾ. ਗੁਰਮੀਤ ਸਿੰਘ ਬਰਸਾਲ*

# ਫਰਸ਼ ਤੋਂ ਅਰਸ਼ ਤਕ ਦਾ ਸਫ਼ਰ

# ਮੁਮਤਾਜ਼



ਮੁਮਤਾਜ਼ ਨੂੰ ਜੇਕਰ ਸ਼ੋਅਬਿਜ ਦੀ 'ਸ਼ੇਰਪਾ ਤੇਨਜ਼ਿੰਗ' ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਉਹ ਸਟਾਰਡਮ ਦੀਆਂ ਸਿਖਰਾਂ ਤਕ ਪਹੁੰਚੀ ਤੇ ਉਸ ਨੇ ਆਪਣੀ ਪ੍ਰਤਿਭਾ, ਸੁੰਹਪਣ ਤੇ ਸੈਕਸ ਅਪੀਲ ਨਾਲ ਸੁਪਰ ਸਟਾਰ ਦਾ ਦਰਜਾ ਹਾਸਲ ਕੀਤਾ। ਭਾਵੇਂਕਿ ਮੁਮਤਾਜ਼ ਨੇ ਜੂਨੀਅਰ ਆਰਟਿਸਟ ਤੇ ਐਕਸਟਰਾ ਦੇ ਤੌਰ 'ਤੇ ਫ਼ਿਲਮਾਂ 'ਚ ਕਦਮ ਰੱਖਿਆ ਸੀ, ਫਿਰ ਵੀ ਉਹ ਇਸ ਗੱਲ ਦੀ ਜਿਉਂਦੀ-ਜਾਗਦੀ ਮਿਸਾਲ ਹੈ ਕਿ ਸਖ਼ਤ ਮਿਹਨਤ ਤੇ ਅਨੁਸ਼ਾਸਨ ਦਾ ਫਲ ਜ਼ਰੂਰ ਮਿਲਦਾ ਹੈ। ਫ਼ਿਲਮ ਨਗਰੀ 'ਚ ਜਦੋਂ ਗੌਡਫਾਦਰ ਦੇ ਬਿਨਾਂ ਕੰਮ ਨਹੀਂ ਚਲਦਾ ਸੀ, ਉਸ ਦੌਰ 'ਚ ਵੀ ਮੁਮਤਾਜ਼ ਨੇ ਆਪਣਾ ਵੱਖਰਾ ਮੁਕਾਮ ਖ਼ੁਦ ਬਣਾਇਆ। ਸੰਨ 1950 ਤੇ 1960 ਦੇ ਦਹਾਕਿਆਂ ਦੀ ਸ਼ੁਰੂਆਤ ਦੀ ਗੱਲ ਕਰੀਏ ਤਾਂ ਇਸ ਦੌਰ 'ਚ ਮੁਮਤਾਜ਼ ਨੇ ਛੋਟੇ-ਮੋਟੇ ਕਿਰਦਾਰ ਹੀ ਨਿਭਾਏ। ਮੱਧਵਰਗੀ ਪਰਿਵਾਰ ਤੋਂ ਆਈ ਮੁਮਤਾਜ਼ ਤੇ ਉਨ੍ਹਾਂ ਦੀ ਭੈਣ ਮਲਿਕਾ ਜੋ ਸਿਰਫ ਦਾਰਾ ਸਿੰਘ ਦੀਆਂ ਸਟੰਟ ਫ਼ਿਲਮਾਂ ਤਕ ਹੀ ਸੀਮਤ ਰਹੀ, ਨੇ ਫ਼ਿਲਮਾਂ 'ਚ ਸਿਰਫ ਇਸ ਲਈ ਕਦਮ ਰੱਖਿਆ ਸੀ ਤਾਂ ਕਿ ਉਹ ਆਪਣੇ ਪਰਿਵਾਰ ਨੂੰ ਆਰਥਿਕ ਮਦਦ ਦੇ ਸਕਣ। ਉਨ੍ਹਾਂ ਦੇ ਮਨ 'ਚ ਅੱਗ ਸੀ ਜਿਸ ਨੇ ਉਨ੍ਹਾਂ ਨੂੰ ਬੇਹੱਦ ਸਬਰ ਕਰਨਾ ਵੀ ਸਿਖਾਇਆ। ਮੁਮਤਾਜ਼ ਦੇ ਅੰਦਰ ਦੀ ਪ੍ਰਤਿਭਾ ਨੂੰ ਉਭਾਰਨ ਤੇ ਉਨ੍ਹਾਂ ਦੇ ਜੀਵਨ ਦੇ ਉਦੇਸ਼ ਨੂੰ ਪੂਰਾ ਕਰਨ 'ਚ ਉਨ੍ਹਾਂ ਦੀ ਸੈਕਸ ਅਪੀਲ ਦਾ ਬਹੁਤ ਵੱਡਾ ਹੱਥ ਰਿਹਾ। ਇਹੀ ਕਾਰਨ ਸੀ ਕਿ ਸਿਰਫ ਇਕ ਦਹਾਕੇ ਦੌਰਾਨ ਹੀ ਉਨ੍ਹਾਂ ਨੇ ਸ਼ਰਮੀਲਾ ਟੈਗੋਰ ਵਰਗੀਆਂ ਵੱਡੀਆਂ ਅਭਿਨੇਤਰੀਆਂ ਨੂੰ ਪਛਾੜ ਦਿੱਤਾ। ਮੁਮਤਾਜ਼ ਨੇ ਆਪਣੀਆਂ ਸ਼ਰਾਰਤੀ ਅੱਖਾਂ, ਦੂਜਿਆਂ ਨੂੰ ਮੋਹ ਲੈਣ ਵਾਲੀ ਦਿੱਖ ਤੇ ਬੇਹੱਦ ਸੈਕਸੀ ਫਿੱਗਰ ਦੀ ਵਰਤੋਂ ਕਰਕੇ 'ਪਿਆਰ ਕੀਏ ਜਾ' ਵਰਗੀ ਫ਼ਿਲਮ 'ਚ ਕਾਮੇਡੀਅਨ ਤੇ 'ਮੇਰੇ ਸਨਮ' 'ਚ 'ਯੇ ਰੇਸ਼ਮੀ ਜ਼ੁਲਫੇਂ' ਦਾ ਡਾਂਸ ਕਰਕੇ ਕਾਫ਼ੀ ਪ੍ਰਸਿੱਧੀ ਪ੍ਰਾਪਤ ਕੀਤੀ।

*ਮੁਮਤਾਜ਼ ਦੇ ਕਰੀਅਰ ਦਾ ਸਭ ਤੋਂ ਸਫਲ ਦੌਰ ਰਾਜੇਸ਼ ਖੰਨਾ ਨਾਲ ਸੀ ਜੋ 1967 ਤੋਂ 1974 ਤਕ ਫੈਲਿਆ ਹੋਇਆ ਸੀ। ਇਸ ਦੌਰਾਨ ਉਨ੍ਹਾਂ ਨੇ 'ਦੋ ਰਾਸਤੇ', 'ਦੁਸ਼ਮਨ', 'ਰੋਟੀ', 'ਬੰਧਨ', 'ਸੱਚਾ-ਝੂਠਾ', 'ਅਪਨਾ ਦੇਸ਼' ਤੇ 'ਆਪਕੀ ਕਸਮ' ਵਰਗੀਆਂ ਫ਼ਿਲਮਾਂ ਦਿੱਤੀਆਂ ਜਿਨ੍ਹਾਂ ਨੇ ਬਾਕਸ ਆਫਿਸ 'ਤੇ ਧਮਾਲ ਮਚਾ ਦਿੱਤੀ ਸੀ।*

1960 ਦੇ ਦਹਾਕੇ 'ਚ ਦਾਰਾ ਸਿੰਘ ਦੀਆਂ ਫ਼ਿਲਮਾਂ 'ਚ ਹੀਰੋਇਨ ਦੇ ਕਿਰਦਾਰ ਨਿਭਾਉਣ ਪਿੱਛੋਂ ਰਾਜਸ਼੍ਰੀ ਪ੍ਰੋਡਕਸ਼ਨ ਦੀ ਫ਼ਿਲਮ 'ਬ੍ਰਹਮਚਾਰੀ' ਆਈ। ਇਸ ਫ਼ਿਲਮ 'ਚ ਮੁਮਤਾਜ਼ ਨੇ 'ਆਜਕਲ ਤੇਰੇ ਮੇਰੇ ਪਿਆਰ ਕੇ ਚਰਚੇ' ਵਰਗਾ ਆਈਟਮ ਗੀਤ ਕੀਤਾ ਸੀ ਜੋ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਹੈ। 1967 'ਚ ਵੀ. ਸ਼ਾਂਤਾਰਾਮ ਦੀ ਫ਼ਿਲਮ 'ਬੂੰਦ ਜੋ ਬਨ ਗਈ ਮੋਤੀ' 'ਚ ਉਨ੍ਹਾਂ ਨੇ ਪਹਿਲੀ ਵਾਰੀ ਜਤਿੰਦਰ ਦੇ ਆਪੋਜ਼ਿਟ ਨਾਇਕਾ ਦਾ ਕਿਰਦਾਰ ਨਿਭਾਇਆ। ਇਹ ਫ਼ਿਲਮ ਫਲਾਪ ਰਹੀ ਸੀ ਪਰ ਅਗਾਂਹ ਚੱਲ ਕੇ ਜਤਿੰਦਰ ਨਾਲ ਹੀ ਫ਼ਿਲਮ 'ਜਿਗਰੀ ਦੋਸਤ' 'ਚ ਉਹ ਨਜ਼ਰ ਆਈ। ਇਹ ਫ਼ਿਲਮ ਸੁਪਰਹਿੱਟ ਸਿੱਧ ਹੋਈ।

ਇਸ ਪਿੱਛੋਂ ਮੁਮਤਾਜ਼ ਨੇ ਪਿਛਾਂਹ ਮੁੜ ਕੇ ਨਹੀਂ ਦੇਖਿਆ। ਮੁਮਤਾਜ਼ ਦੇ ਕਰੀਅਰ ਦਾ ਸਭ ਤੋਂ ਸਫਲ ਦੌਰ ਰਾਜੇਸ਼ ਖੰਨਾ ਨਾਲ ਸੀ ਜੋ 1967 ਤੋਂ 1974 ਤਕ ਫੈਲਿਆ ਹੋਇਆ ਸੀ। ਇਸ ਦੌਰਾਨ ਉਨ੍ਹਾਂ ਨੇ 'ਦੋ ਰਾਸਤੇ', 'ਦੁਸ਼ਮਨ', 'ਰੋਟੀ', 'ਬੰਧਨ', 'ਸੱਚਾ-ਝੂਠਾ', 'ਅਪਨਾ ਦੇਸ਼' ਤੇ 'ਆਪਕੀ ਕਸਮ' ਵਰਗੀਆਂ ਫ਼ਿਲਮਾਂ ਦਿੱਤੀਆਂ ਜਿਨ੍ਹਾਂ ਨੇ ਬਾਕਸ ਆਫਿਸ 'ਤੇ ਧਮਾਲ ਮਚਾ ਦਿੱਤੀ ਸੀ। 1970 'ਚ ਆਈ ਐਲ.ਵੀ. ਪ੍ਰਸਾਦ ਦੀ ਫ਼ਿਲਮ 'ਖਿਲੌਨਾ' ਲਈ ਉਨ੍ਹਾਂ ਨੂੰ ਸਰਵਸ੍ਰੇਸ਼ਠ ਅਦਾਕਾਰਾ ਦਾ ਫ਼ਿਲਮ ਫੇਅਰ ਦਾ ਐਵਾਰਡ ਦਿੱਤਾ ਗਿਆ ਸੀ। ਉਨ੍ਹਾਂ ਨੇ ਉਸ ਸਮੇਂ ਦੇ ਸਾਰੇ ਪ੍ਰਸਿੱਧ ਨਿਰਦੇਸ਼ਕਾਂ ਨਾਲ ਕੰਮ ਕੀਤਾ ਜਿਨ੍ਹਾਂ 'ਚ ਵਿਜੇ ਆਨੰਦ, ਜੇ.ਓਮ ਪ੍ਰਕਾਸ਼ ਤੇ ਰਾਜ ਖੋਸਲਾ ਸ਼ਾਮਲ ਹਨ। 'ਮੇਲਾ', 'ਅਪਰਾਧ', 'ਹਿੰਮਤ', 'ਏਕ ਨਾਰੀ ਏਕ ਬ੍ਰਹਮਚਾਰੀ' ਤੇ 'ਲੋਫ਼ਰ' ਵਰਗੀਆਂ ਫ਼ਿਲਮਾਂ 'ਚ ਚੁਲਬੁਲੇ ਕਿਰਦਾਰ ਨਿਭਾਉਣ ਤੋਂ ਇਲਾਵਾ ਉਨ੍ਹਾਂ ਨੇ 'ਚੋਰ ਮਚਾਏ ਸ਼ੋਰ' ਵਰਗੀਆਂ ਫ਼ਿਲਮਾਂ ਵੀ ਕੀਤੀਆਂ। ਉਨ੍ਹਾਂ ਨੇ ਸੰਜੇ ਖਾਨ ਨਾਲ 'ਧੜਕਨ', ਰਾਜਿੰਦਰ ਕੁਮਾਰ ਨਾਲ 'ਤਾਂਗੇਵਾਲਾ', ਵਿਸ਼ਵਾਜੀਤ ਨਾਲ 'ਪਰਦੇਸੀ' ਤੇ ਸੁਨੀਲ ਦੱਤ ਨਾਲ 'ਭਾਈ-ਭਾਈ' ਵਰਗੀਆਂ ਫ਼ਿਲਮਾਂ ਕੀਤੀਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਸਮੀਰ ਤੇ ਸ਼ਤਰੂਘਨ ਸਿਨ੍ਹਾ ਵਰਗੇ ਨਵੇਂ ਚਿਹਰਿਆਂ ਨਾਲ ਕੰਮ ਕੀਤਾ।

1972 'ਚ ਉਨ੍ਹਾਂ ਦਾ ਵਿਆਹ ਲੰਦਨ ਦੇ ਸਨਅਤਕਾਰ ਮਯੂਰ ਮਾਧਵਾਨੀ ਨਾਲ ਹੋਇਆ। ਉਸ ਦੀ ਸਾਈਨ ਕੀਤੀ ਗਈ ਆਖ਼ਰੀ ਫ਼ਿਲਮ ਸੀ 'ਲਫੰਗੇ' ਤੇ ਆਖ਼ਰੀ ਰਿਲੀਜ਼ ਫ਼ਿਲਮ ਰਾਜਕੁਮਾਰ ਕੋਹਲੀ ਦੀ ਮਲਟੀਸਟਾਰਰ 'ਨਾਗਿਨ' ਸੀ। 14 ਵਰ੍ਹਿਆਂ ਪਿੱਛੋਂ ਜਦੋਂ ਉਹ ਦੋ ਧੀਆਂ ਦੀ ਮਾਂ ਬਣ ਚੁੱਕੀ ਸੀ ਤਾਂ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ 'ਚ ਕੜਵਾਹਟ ਪੈਦਾ ਹੋ ਗਈ। ਸੰਨ 1990 'ਚ ਉਨ੍ਹਾਂ ਨੇ ਪਹਿਲਾਜ ਨਹਿਲਾਨੀ ਦੀ ਫ਼ਿਲਮ 'ਆਂਧੀਆਂ' ਨਾਲ ਵਾਪਸੀ ਕੀਤੀ ਪਰ ਲੋਕਾਂ ਨੇ ਉਨ੍ਹਾਂ ਨੂੰ ਸਵੀਕਾਰ ਨਹੀਂ ਕੀਤਾ। ਉਸ ਪਿੱਛੋਂ ਤਾਂ ਮੁਮਤਾਜ਼ ਬਤੌਰ ਅਦਾਕਾਰਾ ਕਿਸੇ ਹਨੇਰੇ 'ਚ ਹੀ ਗੁਆਚ ਗਈ।

## ਵਿਲੱਖਣ ਪ੍ਰੇਮ ਕਹਾਣੀ

# 'ਰੌਕਸਟਾਰ'

ਹਰ ਇਨਸਾਨ ਦੀ ਜ਼ਿੰਦਗੀ 'ਚ ਕੋਈ ਨਾ ਕੋਈ ਅਜਿਹਾ ਇਨਸਾਨ ਹੁੰਦਾ ਹੈ ਜਿਸ ਨਾਲ ਉਹ ਬਹੁਤ ਪਿਆਰ ਕਰਦਾ ਹੈ। ਇਕ ਅਜਿਹਾ ਇਨਸਾਨ ਜਿਸ 'ਚ ਤੁਹਾਨੂੰ ਬਰਬਾਦ ਕਰਨ ਦੀ ਤਾਕਤ ਹੁੰਦੀ ਹੈ। ਇਮਤਿਆਜ਼ ਅਲੀ ਦੀਆਂ ਫ਼ਿਲਮਾਂ ਦੀ ਦਰਸ਼ਕਾਂ ਨੂੰ ਉਡੀਕ ਰਹਿੰਦੀ ਹੈ ਕਿਉਂਕਿ ਫ਼ਿਲਮਾਂ ਬਣਾਉਣ ਦਾ ਉਨ੍ਹਾਂ ਦਾ ਅੰਦਾਜ਼ ਨਿਰਾਲਾ ਹੈ। ਖਾਸ



ਕਰਕੇ ਸੰਗੀਤ 'ਤੇ ਉਨ੍ਹਾਂ ਦਾ ਕਾਫੀ ਧਿਆਨ ਰਹਿੰਦਾ ਹੈ।

'ਰੌਕਸਟਾਰ' ਅਜਿਹੇ ਸੰਗੀਤਕਾਰ ਦੀ ਕਹਾਣੀ ਹੈ ਜੋ ਚਾਹੁੰਦਾ ਹੈ ਕਿ ਉਸ ਦਾ ਦਿਲ ਟੁੱਟੇ ਤੇ ਉਸ ਦੇ ਸੰਗੀਤ 'ਚ ਦਰਦ ਪੈਦਾ ਹੋਵੇ। ਫ਼ਿਲਮ 'ਚ ਰੌਕਸਟਾਰ ਦੇ ਰੋਲ 'ਚ ਰਣਬੀਰ ਕਪੂਰ ਤੇ ਉਸ ਦੇ ਆਪੋਜ਼ਿਟ ਨਰਗਿਸ ਫਾਖਰੀ ਹੈ। ਇਮਤਿਆਜ਼ ਅਲੀ ਰੋਮਾਂਟਿਕ ਫ਼ਿਲਮਾਂ ਬਣਾਉਣ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀ ਇਹ ਫ਼ਿਲਮ ਵੀ ਰੋਮਾਂਟਿਕ ਲਵ ਸਟੋਰੀ ਹੈ। ਇਹ ਅਜਿਹੇ ਇਨਸਾਨ ਦੀ ਕਹਾਣੀ ਹੈ ਜੋ ਆਪਣੇ ਪਿਆਰ ਖਾਤਰ ਸਾਧਾਰਨ ਇਨਸਾਨ ਤੋਂ ਰੌਕਸਟਾਰ ਬਣਨ ਤਕ ਦਾ ਸਫ਼ਰ ਤੈਅ ਕਰਦਾ ਹੈ।

ਇਸ ਫ਼ਿਲਮ ਦੀ ਕਹਾਣੀ ਦਿੱਲੀ ਦੇ ਪ੍ਰੰਪਰਾਵਾਦੀ ਜਾਟ ਪਰਿਵਾਰ ਦੇ ਸਭ ਤੋਂ ਛੋਟੇ ਬੇਟੇ ਜੋਰਡਨ (ਰਣਬੀਰ ਕਪੂਰ) ਦੇ ਆਲੇ-ਦੁਆਲੇ ਘੁੰਮਦੀ ਹੈ। ਜੋਰਡਨ ਉੱਭਰਦਾ ਹੋਇਆ ਸੰਗੀਤਕਾਰ ਹੈ। ਉਸ ਦਾ ਮੰਨਣਾ ਹੈ ਕਿ ਉਸ ਦੀ ਜ਼ਿੰਦਗੀ 'ਚ ਕੋਈ ਦਰਦ ਨਹੀਂ ਹੈ ਜਦਕਿ ਹਰ ਸੰਗੀਤਕਾਰ ਦੀ ਜ਼ਿੰਦਗੀ 'ਚ ਕੋਈ ਦਰਦ ਤੇ ਗ਼ਮ ਜ਼ਰੂਰ ਹੁੰਦਾ ਹੈ ਜੋ ਉਸ ਦੀ ਪ੍ਰਤਿਭਾ ਨੂੰ ਨਿਖਾਰਦਾ ਹੈ। ਇਸ ਲਈ ਉਹ ਆਪਣੇ ਦਿਲ ਨੂੰ ਗ਼ਮਗੀਨ ਕਰਨ ਲਈ ਦਿੱਲੀ ਯੂਨੀਵਰਸਿਟੀ ਦੀ ਕੁੜੀ (ਨਰਗਿਸ ਫਾਖਰੀ) ਨੂੰ ਪ੍ਰਪੋਜ਼ ਕਰਦਾ ਹੈ। ਜੋਰਡਨ ਦੇ ਸਫਲ ਸੰਗੀਤਕਾਰ ਬਣਨ ਦੇ ਸਫ਼ਰ ਦੇ ਨਾਲ ਹੀ ਉਸ ਦੀ ਗਰਲਫ੍ਰੈਂਡ ਨਾਲ ਰਿਸ਼ਤੇ ਵੀ ਅਗਾਂਹ ਵਧਦੇ ਰਹਿੰਦੇ ਹਨ। ਦੇਖਦੇ ਹੀ ਦੇਖਦੇ ਸੱਤ ਸਾਲ ਬੀਤ ਜਾਂਦੇ ਹਨ। ਅਖ਼ੀਰ ਜੋਰਡਨ ਬਹੁਤ ਵੱਡਾ ਸੰਗੀਤਕਾਰ ਬਣ ਜਾਂਦਾ ਹੈ ਤਾਂ ਦੂਜੇ ਪਾਸੇ ਉਸ ਦਾ ਦਿਲ ਵੀ ਟੁੱਟ ਜਾਂਦਾ ਹੈ। ਰਣਬੀਰ ਦਾ ਦਿਲ ਕਿਵੇਂ ਟੁੱਟਦਾ ਹੈ, ਇਹੀ ਫ਼ਿਲਮ ਦਾ ਕਲਾਈਮੈਕਸ ਹੈ। ਇਮਤਿਆਜ਼ ਅਲੀ ਹੁਣ ਤਕ 'ਸੋਚਾ ਨਾ ਥਾ' (2005), 'ਜਬ ਵੀ ਮੈਟ' (2007) ਤੇ 'ਲਵ ਆਜਕਲ' (2009) ਬਣਾ ਚੁੱਕੇ ਹਨ। ਉਨ੍ਹਾਂ ਦੀਆਂ ਪਿਛਲੀਆਂ ਦੋ ਫ਼ਿਲਮਾਂ ਸੁਪਰਹਿੱਟ ਰਹੀਆਂ ਹਨ। ਭਾਵੇਂ ਉਨ੍ਹਾਂ ਦੀ ਪਹਿਲੀ ਫ਼ਿਲਮ ਅਸਫਲ ਰਹੀ ਪਰ ਇਸ ਫ਼ਿਲਮ ਰਾਹੀਂ ਇਹ ਸੰਕੇਤ ਜ਼ਰੂਰ ਮਿਲ ਗਿਆ ਸੀ ਕਿ ਬਾਲੀਵੁੱਡ ਨੂੰ ਬੇਹਤਰੀਨ ਨਿਰਦੇਸ਼ਕ ਮਿਲ ਗਿਆ ਹੈ ਜਿਸ ਨੂੰ ਪ੍ਰੇਮ ਕਹਾਣੀ ਤੇ ਨੌਜਵਾਨਾਂ ਦੇ ਮਨ ਦੀ ਡੂੰਘੀ ਸਮਝ ਹੈ। ਆਪਣੀ ਇਸ ਫ਼ਿਲਮ ਬਾਰੇ ਇਮਤਿਆਜ਼ ਅਲੀ ਦੱਸਦੇ ਹਨ, 'ਸਾਡੀ ਫ਼ਿਲਮ ''ਰੌਕਸਟਾਰ'' ਜਿਥੇ ਉੱਭਰਦੇ ਹੋਏ ਸੰਗੀਤਕਾਰ ਦਾ ਸਫ਼ਰ ਹੈ ਤਾਂ ਦੂਜੇ ਪਾਸੇ ਇਹ ਕਲਾਸਿਕ ਲਵ ਸਟੋਰੀ ਹੈ। ਇਹ ਫ਼ਿਲਮ ਸੰਗੀਤ ਤੇ ਇਸ ਨਾਲ ਜੁੜੇ ਅਜਿਹੇ ਹੀ ਇਨਸਾਨ ਦੀ ਕਹਾਣੀ ਹੈ ਜਿਸ ਨੂੰ ਇਕ ਇਨਸਾਨ ਪਹਿਲਾਂ ਬੁਲੰਦੀ 'ਤੇ ਪਹੁੰਚਾਉਂਦਾ ਹੈ ਤੇ ਫਿਰ ਉਸੇ ਕਾਰਨ ਉਹ ਬੁਲੰਦੀ ਤੋਂ ਹੇਠਾਂ ਆ ਜਾਂਦਾ ਹੈ। ਸ਼੍ਰੀ ਅਸ਼ਟਵਿਨਾਇਕ ਸਿਨੇਵਿਜ਼ਨ ਲਿਮਟਿਡ ਦੇ ਬੈਨਰ ਹੇਠ ਬਣੀ ਤੇ ਇਰੋਜ਼ ਇੰਟਰਨੈਸ਼ਨਲ ਵੱਲੋਂ ਪੇਸ਼ ਇਸ ਫ਼ਿਲਮ ਦੇ ਨਿਰਮਾਤਾ ਢਿਲਿਨ ਮਹਿਤਾ, ਲੇਖਕ-ਨਿਰਦੇਸ਼ਕ ਇਮਤਿਆਜ਼ ਅਲੀ ਤੇ ਸੰਗੀਤਕਾਰ ਏ. ਆਰ. ਰਹਿਮਾਨ ਹਨ।

# ਬਾਲੀਵੁੱਡ ਦਾ ਥੰਮ੍ਹ ਸੀ ਭੂਪੇਨ ਹਜ਼ਾਰਿਕਾ




ਡਾਕਟਰ ਭੂਪੇਨ ਹਜ਼ਾਰਿਕਾ ਦੇ ਬੁੱਧੀਜੀਵੀ, ਸੰਗੀਤਕਾਰ, ਸਰਵੋਤਮ ਗਾਇਕ, ਸੰਵੇਦਨਸ਼ੀਲ ਕਵੀ, ਅਦਾਕਾਰ, ਲੇਖਕ, ਨਿਰਦੇਸ਼ਕ ਤੇ ਸਮਾਜ ਸੇਵਕ ਵਜੋਂ ਪਤਾ ਨਹੀਂ ਕਿੰਨੇ ਹੀ ਰੂਪ ਸਨ। 5 ਨਵੰਬਰ ਨੂੰ ਦੂਜੀ ਦੁਨੀਆ ਵੱਲ ਕੂਚ ਕਰ ਗਏ 'ਭੂਪੇਨ ਦਾ' ਦਾ ਨਾਂ ਹਿੰਦੀ ਸਿਨੇਮਾ ਜਗਤ 'ਚ ਲੋਕ ਸੰਗੀਤ ਲਈ ਸਿਖਰ 'ਤੇ ਰਹੇਗਾ। ਇਸ ਦਾ ਕਾਰਨ ਹੈ ਕਿ ਉਨ੍ਹਾਂ ਨੇ ਆਪਣੇ ਸੰਗੀਤ ਰਾਹੀਂ ਅਸਾਮ ਦੀ ਮਿੱਟੀ ਦੀ ਸੋਂਧੀ ਖ਼ੁਸ਼ਬੂ ਕਾਇਨਾਤ 'ਚ ਘੋਲ ਦਿੱਤੀ। ਭੂਪੇਨ ਹਜ਼ਾਰਿਕਾ ਦੇ ਪਿਤਾ ਖ਼ੁਦ ਸਰਵੋਤਮ ਗਾਇਕ ਸਨ। ਸੁਭਾਵਿਕ ਤੌਰ 'ਤੇ ਬਚਪਨ ਤੋਂ ਹੀ ਉਨ੍ਹਾਂ ਦੇ ਮਨ 'ਚ ਸੰਗੀਤ ਨੇ ਆਪਣਾ ਘਰ ਕਰ ਲਿਆ ਤੇ ਉਹ ਜਯੋਤੀ ਪ੍ਰਸਾਦ ਅਗਰਵਾਲ, ਵਿਸ਼ਨੂੰ ਪ੍ਰਸਾਦ ਸ਼ਰਮਾ ਤੇ ਫਣੀ ਸ਼ਰਮਾ ਵਰਗੇ ਸੰਗੀਤ ਸ਼ਾਸਤਰੀਆਂ ਤੋਂ ਸੰਗੀਤ ਦੀ ਤਾਲੀਮ ਲੈਣ ਲੱਗੇ। ਉਂਜ ਹਜ਼ਾਰਿਕਾ ਨੇ ਬਚਪਨ 'ਚ ਹੀ ਆਪਣਾ ਪਹਿਲਾ ਗੀਤ ਲਿਖਿਆ ਤੇ ਦਸ ਸਾਲ ਦੀ ਉਮਰ 'ਚ ਉਸ ਨੂੰ ਬਾਖ਼ੂਬੀ ਗਾਇਆ ਵੀ। ਅਸਾਮੀ ਭਾਸ਼ਾ ਦੀਆਂ ਫ਼ਿਲਮਾਂ ਨਾਲ ਵੀ ਉਨ੍ਹਾਂ ਦਾ ਰਿਸ਼ਤਾ ਬਚਪਨ 'ਚ ਹੀ ਜੁੜ ਗਿਆ ਸੀ। ਉਨ੍ਹਾਂ ਨੇ ਅਸਾਮੀ ਭਾਸ਼ਾ 'ਚ ਬਣੀ ਦੂਜੀ ਫ਼ਿਲਮ 'ਇੰਦਰਮਾਲਤੀ' ਲਈ 1939 'ਚ ਕੰਮ ਵੀ ਕੀਤਾ ਸੀ। ਸਾਦੀਆ 'ਚ 8 ਸਤੰਬਰ 1926 'ਚ ਟੀਚਰਾਂ ਦੇ ਪਰਿਵਾਰ 'ਚ ਪੈਦਾ ਹੋਏ ਭੂਪੇਨ ਹਜ਼ਾਰਿਕਾ ਨੇ ਸਿਰਫ 13 ਸਾਲ 9 ਮਹੀਨੇ ਦੀ ਉਮਰ 'ਚ ਹੀ ਮੈਟ੍ਰਿਕ ਦੀ ਪ੍ਰੀਖਿਆ ਤੇਜ਼ਪੁਰ ਤੋਂ ਪਾਸ ਕੀਤੀ ਤੇ ਅਗਾਂਹ ਦੀ ਪੜ੍ਹਾਈ ਲਈ ਆਪਣੇ ਮਾਮਾ ਜੀ ਦੇ ਘਰ ਗੁਹਾਟੀ ਆ ਗਏ। ਇਥੋਂ ਦੇ ਕਾਟਨ ਕਾਲਜ 'ਚ ਦਾਖਲਾ ਲਿਆ ਤੇ 1942 'ਚ ਗੁਹਾਟੀ ਦੇ ਕਾਟਨ ਕਾਲਜ ਤੋਂ ਇੰਟਰਮੀਡੀਏਟ ਕੀਤਾ ਤੇ ਫਿਰ ਬਨਾਰਸ ਹਿੰਦੂ ਯੂਨੀਵਰਸਿਟੀ 'ਚ ਦਾਖਲਾ ਲਿਆ। ਉਥੋਂ ਉਨ੍ਹਾਂ ਨੇ 1946 'ਚ ਰਾਜਨੀਤੀ ਵਿਗਿਆਨ 'ਚ ਐਮ.ਏ. ਕੀਤੀ। ਇਸ ਪਿੱਛੋਂ ਉਨ੍ਹਾਂ ਨੇ ਨਿਊਯਾਰਕ ਸਥਿਤ ਕੋਲੰਬੀਆ ਯੂਨੀਵਰਸਿਟੀ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੂੰ ਸ਼ਿਕਾਗੋ ਯੂਨੀਵਰਸਿਟੀ ਤੋਂ ਫੈਲੋਸ਼ਿਪ ਵੀ ਮਿਲੀ। ਅਮਰੀਕਾ 'ਚ ਰਹਿਣ ਦੌਰਾਨ ਹਜ਼ਾਰਿਕਾ ਮੰਨੇ-ਪ੍ਰਮੰਨੇ ਅਸ਼ਵੇਤ ਗਾਇਕ ਪਾਲ ਰੋਬਸਨ ਦੇ ਸੰਪਰਕ 'ਚ ਆਏ ਜਿਨ੍ਹਾਂ ਦੇ ਗੀਤ 'ਓਲਡ ਮੈਨ ਰਿਵਰ' ਨੂੰ ਹਿੰਦੀ 'ਚ 'ਓ ਗੰਗਾ ਬਹਿਤੀ ਹੋ..' ਦਾ ਰੂਪ ਦਿੱਤਾ ਗਿਆ ਜੋ ਖੱਬੇਪੱਖੀ ਕਾਰਕੁਨਾਂ ਦੀਆਂ ਕਈ ਪੀੜ੍ਹੀਆਂ ਲਈ ਇਕ ਤਰ੍ਹਾਂ ਦਾ ਕੌਮੀ ਗਾਨ ਰਿਹਾ।

*ਭੂਪੇਨ ਹਜ਼ਾਰਿਕਾ ਨੂੰ ਕਈ ਸਨਮਾਨਾਂ ਸਮੇਤ 1992 'ਚ ਸਿਨੇਮਾ ਜਗਤ ਦੇ ਸਰਵਉੱਚ ਐਵਾਰਡ 'ਦਾਦਾ ਸਾਹਿਬ ਫਾਲਕੇ ਐਵਾਰਡ' ਨਾਲ ਨਿਵਾਜਿਆ ਗਿਆ ਸੀ।*

ਭੂਪੇਨ ਦਾ ਆਪਣੀ ਗਾਇਕੀ ਦਾ ਸਿਹਰਾ ਆਦਿਵਾਸੀ ਸੰਗੀਤ ਨੂੰ ਦਿੰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਲੋਕ ਸੰਗੀਤ ਸੁਣਦਿਆਂ ਹੀ ਵੱਡੇ ਹੋਏ ਤੇ ਇਸੇ ਦੇ ਜਾਦੂ ਕਾਰਨ ਗਾਇਕੀ ਪ੍ਰਤੀ ਉਨ੍ਹਾਂ ਦਾ ਰੁਝਾਨ ਪੈਦਾ ਹੋਇਆ। ਆਪਣੀ ਮਾਂ ਦੀ ਇਕ ਲੋਰੀ ਦੀ ਵਰਤੋਂ ਉਨ੍ਹਾਂ ਨੇ ਫ਼ਿਲਮ 'ਰੁਦਾਲੀ' 'ਚ ਕੀਤੀ। ਉਨ੍ਹਾਂ ਨੇ ਆਪਣਾ ਪਹਿਲਾ ਗੀਤ ਵਿਸ਼ਵ ਨਿਰਮੋਣੇ ਨੌਜਵਾਨ 1939 'ਚ 12 ਸਾਲ ਦੀ ਉਮਰ 'ਚ ਗਾਇਆ। ਅਸਾਮੀ ਭਾਸ਼ਾ ਤੋਂ ਇਲਾਵਾ ਹਜ਼ਾਰਿਕਾ ਨੇ 1930 ਤੋਂ 1990 ਵਿਚਾਲੇ ਕਈ ਬੰਗਾਲੀ ਤੇ ਹਿੰਦੀ ਫ਼ਿਲਮਾਂ ਲਈ ਗੀਤਕਾਰ, ਸੰਗੀਤਕਾਰ ਤੇ ਗਾਇਕ ਦੇ ਤੌਰ 'ਤੇ ਕੰਮ ਕੀਤਾ।

ਉਨ੍ਹਾਂ ਦੀਆਂ ਲੋਕਪ੍ਰਿਯ ਹਿੰਦੀ ਫ਼ਿਲਮਾਂ 'ਚ ਲੰਬੇ ਸਮੇਂ ਦੀ ਉਨ੍ਹਾਂ ਦੀ ਸਾਥੀ ਕਲਪਨਾ ਲਾਜ਼ਮੀ ਨਾਲ 'ਰੁਦਾਲੀ', 'ਏਕ ਪਲ', 'ਦਰਮਿਆਂ', 'ਦਮਨ' ਤੇ 'ਕਿਉਂ' ਸ਼ਾਮਲ ਹਨ। ਹਜ਼ਾਰਿਕਾ ਨੂੰ 'ਚਮੇਲੀ ਮੇਮਸਾਬ' ਦੇ ਸੰਗੀਤਕਾਰ ਦੇ ਤੌਰ 'ਤੇ 1976 ਦੇ ਸਰਵੋਤਮ ਸੰਗੀਤਕਾਰ ਦੇ ਐਵਾਰਡ ਨਾਲ ਨਿਵਾਜਿਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਆਪਣੀਆਂ ਫ਼ਿਲਮਾਂ 'ਸ਼ਕੁੰਤਲਾ', 'ਪ੍ਰਤੀਧਵਨੀ' ਤੇ 'ਲੋਟੀਘੋਟੀ' ਲਈ ਰਾਸ਼ਟਰਪਤੀ ਐਵਾਰਡ ਵੀ ਦਿੱਤਾ ਗਿਆ। ਅਸਲ 'ਚ ਭੂਪੇਨ ਹਜ਼ਾਰਿਕਾ ਅਜਿਹੇ ਵਿਲੱਖਣ ਕਲਾਕਾਰ ਸਨ ਜੋ ਆਪਣੇ ਗੀਤ ਖ਼ੁਦ ਲਿਖਦੇ ਸਨ, ਉਸ ਨੂੰ ਸੰਗੀਤਬੱਧ ਕਰਦੇ ਸਨ ਤੇ ਉਸ ਨੂੰ ਆਪਣੀ ਆਵਾਜ਼ ਨਾਲ ਅਮਰ ਵੀ ਕਰ ਦਿੰਦੇ ਸਨ। ਉਨ੍ਹਾਂ ਨੂੰ ਦੱਖਣ ਏਸ਼ੀਆ ਦੇ 'ਸਰਵੋਤਮ ਸੰਸਕ੍ਰਿਤਕ ਦੂਤ' ਦਾ ਖ਼ਿਤਾਬ ਵੀ ਹਾਸਲ ਸੀ। ਭੂਪੇਨ ਦਾ ਦੀ ਆਵਾਜ਼ 'ਚ ਉਹ ਵਣਜਾਰਾਪਨ ਮਿਲਦਾ ਹੈ ਜੋ ਉਸਤਾਦਾਂ ਤੋਂ ਲੈ ਕੇ ਆਮ ਲੋਕਾਂ ਨੂੰ ਵੀ ਆਪਣੇ ਕਲਾਵੇ 'ਚ ਲੈ ਲੈਂਦਾ ਹੈ ਤੇ ਆਪਣੀ ਆਵਾਜ਼ ਨੂੰ ਸਭ ਦੀ ਆਵਾਜ਼ ਬਣਾ ਦਿੰਦਾ ਹੈ। ਅੱਜ ਭੂਪੇਨ ਦੇ ਗਾਏ ਕਈ ਪ੍ਰਸਿੱਧ ਗੀਤ ਸਾਡੇ ਵਿਚਾਲੇ ਹਨ। 'ਦਿਲ ਹੂਮ-ਹੂਮ ਕਰੇ..', 'ਓ ਗੰਗਾ..' ਤੇ ਬਿਰਹਾ ਦੇ ਗੀਤਾਂ 'ਚ ਹਜ਼ਾਰਿਕਾ ਨੇ ਆਪਣੀ ਚਿਰਜੀਵੀ ਆਵਾਜ਼ ਦਿੱਤੀ। ਭੂਪੇਨ ਹਜ਼ਾਰਿਕਾ ਨੂੰ ਕਈ ਸਨਮਾਨਾਂ ਸਮੇਤ 1992 'ਚ ਸਿਨੇਮਾ ਜਗਤ ਦੇ ਸਰਵਉੱਚ ਐਵਾਰਡ 'ਦਾਦਾ ਸਾਹਿਬ ਫਾਲਕੇ ਐਵਾਰਡ' ਨਾਲ ਨਿਵਾਜਿਆ ਗਿਆ ਸੀ।


Vista
CCTV TECHNOLOGY
24X7 HIGH END SECURITY SOLUTIION
FOR HOTELS, GAS STATIONS, STORES, HOMES & ANY KIND OF BUSINESS.
(14 YEARS EXPERIENCE IN CCTV BUSINESS)
2 years warranty
DIRECT ACCESS FROM SMART PHONE
We Install anywhere In USA
Buy Online
www.eZchase.com
Special Offers
4 Cameras with 4Ch DVR
Just @ $949.00+TAX
INSTALLATION INCLUDED
Special Offer
Just @
$1799.00+TAX
12 Cameras Installation $ 2499.00+TAX
Call :- SUKHPAL@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

15 & 30 Yr Fixed Rates Are Getting Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**

CA DRE Lic.#01180969, NMLS# 352095

## Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## Hot Listing




4172 Eugene St.
Fremont, CA 94538
3 Bedrooms, 2 Baths,
2 Car Garage
Living Area: 2225 Sq. Ft.
Lot 5500 Sq. Ft.
Offered at $329,000




847 Downing Cir.,
Lincoln, CA 95648
3 Bedrooms,
2.5 Baths,
2 Car Garage
Living Area: 2225 Sq. Ft.
Offered at $180,000



4611 Carmen Way
Union City, CA 94587
4 Bedrooms, 2.5 Baths,
2 Car Garage Living
Area: 2031 Sq. Ft.
Lot 6900 Sq. Ft.
Offered at $449,000



304 Pennyhill drive
San Jose, CA 95127
4 Bedrooms, 3 Baths,
2 Car Garage.
Area 1933 Sq. Ft.
Lot 4500 Sq. Ft
Offered at $450,000



1921 Delafield Way
Sacramento, CA 95835
4 Bedrooms, 3.5 Baths,
3 Car Garage
Area 2734 Sq. Ft.
Lot 6100 Sq. Ft.
Offered at $249,000

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



Jaswinder Gill M.Sc (PAU)
CA DRE# 00966763
Broker/Owner/Notary

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings